22 ਜੁਲਾਈ-ਸਤੰਬਰ,2011

# ਕਹਾਣੀ ਧਾਰਾ




ਮੁੱਲ : 25/-




22 ਜੁਲਾਈ-ਸਤੰਬਰ, 2011

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971





e-mail: kahani_dhara@yahoo.co.in
kahanidhara@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350




ਟਾਇਟਲ ਪੇਂਟਿੰਗ

*Merello*


ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :

Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 10 ਜੁਲਾਈ, 2011)


## ਇਸ ਅੰਕ ਵਿਚ


ਸੰਪਾਦਕੀ-1
ਸਾਹਿਤਕਾਰ ਦੀ ਮਾਨਸਿਕਤਾ/ ਪ੍ਰੇਮ ਪ੍ਰਕਾਸ਼-3
ਚਾਰ ਕਹਾਣੀਆਂ :
ਜਮਾਤਣਾਂ/ ਪਿਆਰਾ ਸਿੰਘ ਭੋਗਲ-8
ਮੈਂ ਆਕੀ ਹਾਂ/ ਸਰੂਪ ਸਿਆਲਵੀ-19
ਕਹਾਣੀ/ ਗੋਵਰਧਨ ਗੱਬੀ-41
ਕਾਲ਼ਾ ਦਿਲ/ਸੁਰਜੀਤ ਬਰਾੜ-48
ਜੀਵਨ ਗਾਥਾ/ ਸੁਮਿਤਰਾ ਮਹਰੋਲ-70
ਇਕ ਕੁਸ਼ਲ ਅਨੁਵਾਦਿਕਾ: ਜਸਵਿੰਦਰ ਕੌਰ ਬਿੰਦਰਾ/
ਬਲਦੇਵ ਸਿੰਘ 'ਬੱਦਨ'-79
ਦਲਿਤ ਯਥਾਰਥ ਦਾ ਬਹੁ ਪਰਤੀ ਰੂਪਾਂਤਰਣ
ਨ੍ਹੇਰੇ ਦੇ ਵਾਸੀ/ ਡਾ. ਗੁਰਮੇਲ ਸਿੰਘ-82
ਦਰਸ਼ਨ ਧੀਰ ਦੇ ਨਾਵਲ ਵਹਿਣ ਦਾ
ਬਿਰਤਾਂਤ ਸ਼ਾਸਤਰ/ ਡਾ. ਮਿਨਾਕਸ਼ੀ ਰਠੌਰ-87
ਸੰਵਾਦ-
ਆਪੋ ਆਪਣੇ ਜਮਨੇਜੇ
ਡਾ. ਸੁਰਜੀਤ ਬਰਾੜ-91, ਪ੍ਰੋ. ਐਚ. ਐਸ. ਡਿੱਪਲ-94
ਪੁਸਤਕ ਰੀਵਿਊ-98



ਪ ਪ ਪ

ਪਰਵਾਜ਼ ਪ੍ਰਕਾਸ਼ਨ ਪੰਜਾਬ


ਉਤਮ, ਮਿਆਰੀ, ਸੁੰਦਰ ਦਿੱਖ ਵਿਚ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਨਵਾਂ ਪ੍ਰਕਾਸ਼ਨ ਘਰ, ਜੋ ਬਹੁਤ ਜਲਦੀ ਪ੍ਰਕਾਸ਼ਨ ਦੇ ਖੇਤਰ ਵਿਚ ਆ ਰਿਹਾ ਹੈ। ਇਹ ਪ੍ਰਕਾਸ਼ਨ ਘਰ ਪੰਜਾਬੀ ਸਾਹਿਤ ਦੀ ਹਰ ਵਿਧਾ ਦੀਆਂ ਪੁਸਤਕਾਂ ਦੇ ਨਾਲ ਨਾਲ ਦੂਜੀਆਂ ਭਾਸ਼ਾਵਾਂ ਦੀਆਂ ਅਨੁਵਾਦ ਪੁਸਤਕਾਂ ਵੀ ਪ੍ਰਕਾਸ਼ਕ ਕਰੇਗਾ।
ਵਧੇਰੇ ਜਾਣਕਾਰੀ ਈ-ਮੇਲ ਰਾਹੀ ਪ੍ਰਾਪਤ ਕਰੋ।

Parwaz ParkashanPunjab

E.mail:parwazparkashan@gmail.com

**ਸੰਪਾਦਕੀ :**

## ਮੰਗੂ ਰਾਮ ਮੁੱਗੋਵਾਲ ; ਡਾ. ਅੰਬੇਡਕਰ ਵਿਵਾਦ : ਚਿੰਤਾ ਦਾ ਵਿਸ਼ਾ




ਕਿਸੇ ਮਸਲੇ ’ਤੇ ਸੰਵਾਦ ਤੋਰਨਾ ਚਿੰਤਨ ਦੀ ਨਿਸ਼ਾਨੀ ਹੁੰਦੀ ਹੈ, ਜਦੋਂ ਕਿਸੇ ਮਸਲੇ ’ਤੇ ਵਿਵਾਦ ਤੁਰ ਪੈਂਦਾ ਹੈ ਤਾਂ ਚਿੰਤਾ ਦਾ ਮਸਲਾ ਬਣ ਜਾਂਦਾ ਹੈ। ਵਿਵਾਦ ਦੀ ਅਗਲੀ ਸਟੇਜ ਫ਼ਸਾਦ ਦੀ ਹੁੰਦੀ ਹੈ। 2010 ਵਿਚ ਬਲਬੀਰ ਮਾਧੋਪੁਰੀ ਨੇ ‘ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ’ ਪੁਸਤਕ ਲਿਖੀ। ਇਸ ਵਿਸ਼ੇ ’ਤੇ ਪਹਿਲਾਂ ਪੰਜਾਬੀ ਵਿਚ ਕੋਈ ਕੰਮ ਨਹੀਂ ਹੋਇਆ। ਸੋ ਲੇਖਕ ਨੇ ਸਮੱਗਰੀ ਫੀਲਡ ਵਿਚੋਂ ਜਾ ਕੇ ਇਕੱਤਰ ਕੀਤੀ। ਉਹ ਇਸ ਕਾਰਜ ਲਈ ਸੂਰਜ ਬੜਤਿਆ ਨਾਲ ਜਲੰਧਰ ਤੇ ਹੁਸਿਆਰਪੁਰ ਆਉਂਦੇ ਰਹੇ। ਸੂਰਜ ਨੇ ਹਿੰਦੀ ਵਿਚ ‘ਆਦਿ ਧਰਮ’ ’ਤੇ ਕਿਤਾਬ ਤਿਆਰ ਕਰਨੀ ਸੀ ਪਰ ਅਜੇ ਤੀਕ ਛਪ ਨਹੀਂ ਸਕੀ। ਇਹ ਵੱਖਰਾ ਮਸਲਾ ਹੈ। ਖ਼ੈਰ ਬਲਬੀਰ ਨੇ ਜਿਨੇ ਕੁ ਸਰੋਤ ਉਪਲੱਬਧ ਹੋਏ ਇਕੱਤਰ ਕੀਤੇ। ਬਿਨਾ ਸ਼ੱਕ ਆਦਿ ਧਰਮ ਲਹਿਰ ਅਤੇ ਮੰਗੂ ਰਾਮ ਬਾਰੇ ਉਹ ਲੋਕ ਹੀ ਜਾਣਦੇ ਸਨ ਜਿਨ੍ਹਾਂ ਦੀ ਦਲਿਤ ਮਸਲਿਆਂ ਅਤੇ ਦਲਿਤ ਲਹਿਰਾਂ ਵਿਚ ਰੁਚੀ ਹੈ। ਪੁਸਤਕ ਤੋਂ ਪਤਾ ਲੱਗਦਾ ਹੈ ਕਿ ਦਲਿਤਾਂ ਨੂੰ ਵੱਖਰੇ ਧਰਮ ’ਚ ਬੰਨ੍ਹਣ ਲਈ ਮੰਗੂ ਰਾਮ ਕਠਿਨ ਸੰਘਰਸ ਕਰਦਾ ਹੈ। ਪੁਸਤਕ ਰਾਹੀਂ ਆਦਿ ਧਰਮ ਬਾਰੇ ਪਹਿਲੀ ਵਾਰ ਕੁਝ ਅਹਿਮ ਡਾਕੂਮੈਂਟ ਵੀ ਸਾਹਮਣੇ ਆਏ ਹਨ। ਇਸ ਕਾਰਜ ਲਈ ਮਾਧੋਪੁਰੀ ਵਧਾਈ ਦੇ ਹੱਕਦਾਰ ਹਨ।

ਸਮੱਗਰੀ ਇਕੱਤਰ ਕਰਨ ਤੋਂ ਬਾਅਦ ਮਸਲਾ ਆਉਂਦਾ ਹੈ ਕਿ ‘ਆਦਿ ਧਰਮ ਲਹਿਰ’ ਬਾਰੇ ਕਿਤਾਬ ਕਿਸ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਤੋਂ ਲਿਖੀ ਜਾਵੇ, ਬਲਬੀਰ ਮੋਹਰੇ ਇਹ ਮਸਲਾ ਸਪੱਸਟ ਸੀ ਕਿ ਮੈਂ ਆਦਿ ਧਰਮ ਤੇ ਮੰਗੂ ਰਾਮ ਨੂੰ ਉਭਾਰਨਾ ਹੈ। ਮੰਗੂ ਰਾਮ ਇਸ ਦਾ ਹੱਕਦਾਰ ਵੀ ਹੈ। ਜਿਸ ਨੇ ਪੰਜਾਬ ਦੇ ਦਲਿਤਾਂ ਨੂੰ ਪਛਾਣ ਦਾ ਮੁੱਦਾ ਦਿੱਤਾ ਅਤੇ ਇਕ ਮੁੱਖ ਧਾਰਾ ਦੇ ਪੈਰਲਰ ਇਕ ਵੱਖਰਾ ਧਰਮ ਖੜਾ ਕੀਤਾ। ਦਲਿਤਾਂ ਦੀ ਪਛਾਣ ਦਾ ਪੰਜਾਬ ਵਿਚ ਇਹ ਪਹਿਲਾਂ ਹੰਭਲਾ ਸੀ। ਲੇਖਕ ਦੇ ਅਚੇਤ ਮਨ ਵਿਚ ਇਹ ਗੱਲ ਪਈ ਹੋਵੇਗੀ ਕਿ ਮੰਗੂ ਰਾਮ ਦਾ ਦਲਿਤਾਂ ਵਿਚ ਵੱਡਾ ਕੱਦ ਤਾਂ ਹੀ ਉਭਰ ਸਕਦਾ ਹੈ ਕਿ ਜੇਕਰ ਅੰਬੇਡਕਰ ਦਾ ਕੱਦ ਛੋਟਾ ਕੀਤਾ ਜਾਵੇ। ਇਸ ਲਈ ਸਰੋਤਾਂ ਦੀ ਲੋੜ ਸੀ ਸੋ ਉਸ ਨੇ ਜਿਹੜੇ ਸਰੋਤ ਉਪਲੱਬਧ ਹੋਏ ਉਨ੍ਹਾਂ ਦੇ ਅਧਾਰ ਤੇ ਅੰਬੇਡਕਰ ਦੀ ਸੋਚ, ਉਨ੍ਹਾਂ ਦੇ ਕੰਮ ਅਤੇ ਵਿਚਾਰਧਾਰਾ ’ਤੇ ਸਵਾਲ ਖੜੇ ਕਰ ਦਿੱਤੇ। ਉਨ੍ਹਾਂ ਆਪਣੀ ਜਾਚੇ ਸਰੋਤਾਂ ਦੇ ਅਧਾਰ ਤੇ ਸਵਾਲ ਪੈਦਾ ਕੀਤੇ ਪਰ ਭਾਸ਼ਾ ਵਿਵਾਦ ਵਾਲੀ ਸੀ ਹਲਾਂਕਿ ਇਹ ਭਾਸ਼ਾ ਸੰਵਾਦ ਤੋਰਨ ਵਾਲੀ ਚਾਹੀਦੀ ਸੀ। ਉਧਰ ਹੁਣੇ ਜਿਹੇ ਬਜ਼ੁਰਗ ਅੰਬੇਡਕਰੀ ਲੇਖਕ ਕੇ. ਸੀ. ਸੁਲੇਖ ਹੁਰਾਂ ਨੇ ਬਲਬੀਰ ਹੁਰਾਂ ਵਲੋਂ ਕੀਤੇ ਸਵਾਲਾਂ ਨੂੰ ਅੰਡਰਲਾਇਨ ਕਰਦਿਆਂ ਤੱਥਾਂ ਅਤੇ ਸਰੋਤਾਂ ਦੇ ਅਧਾਰ ’ਤੇ ਪੁਸਤਕ ‘ਆਦਿ ਧਰਮ, ਮੰਗੂ ਰਾਮ ਅਤੇ ਡਾ. ਅੰਬੇਡਕਰ ਸੱਚ ਕੀ?’ ਲਿਖ ਦਿੱਤੀ। ਮਸਲਾ ਇਥੇ ਵੀ ਸੰਵਾਦ ਤੋਰਨ ਦੀ ਬਜਾਏ ਵਿਵਾਦ ਤੋਰਨ ਦਾ ਬਣਿਆ ਰਿਹਾ। ਜਿਹੜਾ ਕਿ ਫ਼ਸਾਦ ਦੇ ਨੇੜੇ ਪਹੁੰਚ ਸਕਦਾ ਹੈ। ਭਾਸ਼ਾ ਤੇ ਟੋਨ ਉਨ੍ਹਾਂ ਦੀ ਵੀ ਤਿੱਖੀ ਤੇ ਵਿਵਾਦਤ ਰਹੀ। ਸ਼ਰਧਾਲੂ ਹਮੇਸ਼ਾਂ ਵਿਵਾਦ ਤੋਂ ਫ਼ਸਾਦ ਕਰਦੇ ਹਨ। ਸ਼ਰਧਾ ਤੇ ਭਗਤੀ ਚੀਜ ਹੀ ਅਜਿਹੀ ਹੈ। ਦੋਵੇਂ ਇਤਿਹਾਸ ਤੇ ਫ਼ਸਾਨੇ ’ਚ ਨਿਖੇੜਾ ਕਰਨਾ ਵੀ ਭੁੱਲ ਗਏ। ਉਧਰ ਬਲਬੀਰ ਹੁਰੀਂ ਆਪਣੀ ਪੁਸਤਕ ’ਚ ਮੰਗੂ ਰਾਮ ਹੁਰਾਂ ਨੂੰ ਡਾ. ਅੰਬੇਡਕਰ ਤੋਂ ਵੱਡਾ ਸਮਾਜ ਸੁਧਾਰਕ ਤੇ



ਦਲਿਤਾਂ ਦਾ ਨੇਤਾ ਸਿੱਧ ਕਰਦੇ ਲਿਖਦੇ ਹਨ ਕਿ ਜੇ ਅੰਬੇਡਕਰ ਮੰਗੂ ਰਾਮ ਨਾਲ ਸਹਿਯੋਗ ਕਰਦੇ ਤਾਂ ‘ਆਦਿ ਧਰਮ’ ਦੀ ਲਹਿਰ ਨੇ ਬਹੁਤ ਵੱਡੀ ਲਹਿਰ ਬਣ ਕੇ ਜਿਉਂਦੀ ਰਹਿਣਾ ਸੀ। ਏਧਰ ਕੇ. ਸੀ. ਸੁਲੇਖ ਹੁਰਾਂ ਦਾ ਸਾਰਾ ਜੋਰ ਮੰਗੂ ਰਾਮ ਨੂੰ ਅੰਗਰੇਜ਼ਾਂ ਤੇ ਕਾਂਗਰਸ਼ ਦੇ ਹੱਕ ਵਿਚ ਭੁਗਤਣ ਵਾਲਾ ਅੰਬੇਡਕਰ ਦੀ ਲਹਿਰ ਨੂੰ ਸੱਟ ਮਾਰਨ ਵਾਲਾ ਤੇ ਅੰਬੇਡਕਰ ਨੂੰ ਦਲਿਤਾਂ ਦਾ ਵੱਡਾ ਲੀਡਰ ਸਿੱਧ ਕਰਨ ’ਚ ਲੱਗਾ ਰਿਹਾ। ਜੋ ਵਿਵਾਦ ਦਾ ਕਾਰਨ ਬਣਿਆ। ਇਨ੍ਹਾਂ ਦੋਹਾਂ ਦਲਿਤ ਲੀਡਰਾਂ ਦਾ ਕੱਦ ਬਹੁਤ ਵੱਡਾ ਹੈ। ਸੰਕਟ ਇਥੇ ਇਹ ਹੈ ਕਿ ਜਦੋਂ ਲੇਖਕ ਦੂਜੀ ਸ਼ਖ਼ਸੀਅਤ ਨੂੰ ਨੀਵਾਂ ਦਿਖਾਉਂਦਾ ਹੋਇਆ ਵਿਵਾਦ ਵਾਲੀ ਭਾਸ਼ਾ ਵਰਤਦਾ ਹੈ ਤਾਂ ਸੰਕਟ ਖੜਾ ਹੋ ਜਾਂਦਾ ਹੈ। ਸੰਵਾਦ ਦੇ ਅਸੀਂ ਹੱਕ ’ਚ ਹਾਂ ਵਿਵਾਦ ’ਚ ਦੋਵੇਂ ਧਿਰਾਂ ਮਿਹਣੋ-ਮਿਹਣੀ ਅਤੇ ਹਲਕੀ ਸ਼ਬਦਾਵਲੀ ਤੇ ਉਤਰ ਆਉਂਦੀਆਂ ਹਨ ਤਾਂ ਸੰਵਾਦ ਇਕ ਪਾਸੇ ਰਹਿ ਜਾਂਦਾ ਹੈ। ਇਥੇ ਵੀ ਇਹੀ ਕੁਝ ਹੋਇਆ ਹੈ।

ਵਿਵਾਦ ਕਿਨ੍ਹਾਂ ਧਾਰਨਾਵਾਂ ਉੱਤੇ ਹੈ ਇਸ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਮੁੱਦਿਆਂ ਵੱਲ ਕੇਵਲ ਇਸ਼ਾਰੇ ਕਰਾਗੇ। ਏਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਣਾਂ ਵੀ ਜ਼ਰੂਰੀ ਹੈ ਕਿ 1927 ’ਚ ਜਨਮੇ ਕੇ. ਸੀ. ਸੁਲੇਖ ਹੁਰਾਂ ‘ਆਦਿ ਧਰਮ’ ਲਹਿਰ ਤੇ ਅੰਬੇਡਕਰ ਦੀ ਲਹਿਰ ਵਿਚ ਕੰਮ ਵੀ ਕੀਤਾ ਅਤੇ ਉਨ੍ਹਾਂ ਨੂੰ ਨੇੜੇ ਹੋ ਕੇ ਵਿਚਰਨ ਦਾ ਮੌਕਾ ਵੀ ਮਿਲਿਆ। ਸੁਲੇਖ ਹੁਰੀਂ ਮੰਗੂ ਰਾਮ ਦੇ ‘ਗ਼ਦਰੀ’ ਹੋਣ ਤੇ ਸਵਾਲ ਖੜਾ ਕਰਦੇ ਹਨ। ਅੱਗੇ ਉਨ੍ਹਾਂ ਮੁੱਦਿਆਂ ਤੇ ਸਵਾਲ ਖੜਾ ਕਰਦੇ ਹਨ ਕਿ ਜਦੋਂ ਆਦਿ ਧਰਮ ਨਾਲ ਜੁੜੇ ਲੀਡਰਾ ਮਾ. ਗੁਰਬੰਤਾ ਸਿੰਘ ਤੇ ਬੰਤਾ ਰਾਮ ਘੇੜਾ ਆਦਿ ਵਰਗਿਆਂ ਕਾਰਨ ਅੰਬੇਡਕਰ 1946 ਵਿਚ ਜਲੰਧਰ ਕਾਨਫ੍ਰੰਸ ’ਚ ਆ ਨਹੀਂ ਸਕੇ। ਮੰਗੂ ਰਾਮ ਦਾ ਮਰਨ ਵਰਤ ਰੱਖਣਾ, ਪਾਕਿਸਤਾਨ ਦੇ ਪੱਖ ਵਿਚ ਵੋਟ ਦੇਣ-ਨਾ ਦੇਣ ਦਾ ਮਸਲਾ, ਲਾਹੌਰ ਤੋਂ ਮੰਗੂ ਰਾਮ ਦਾ 200 ਕਿਲੋਮੀਟਰ ਤੁਰ ਕੇ ਪਿੰਡ ਪਹੁੰਚਣਾ, ਅੰਬੇਡਕਰ ਵਲੋਂ ਮੰਗੂ ਰਾਮ ਤੇ ਉਨ੍ਹਾਂ ਦੇ ਸਾਥੀਆਂ ਨੂੰ ਪਾਕਿਸਤਾਨ ਦੇ ਹੱਕ ’ਚ ਵੋਟ ਦੇਣ ਲਈ ਕਹਿਣਾ, ਅੰਬੇਡਕਰ ਨੂੰ ਪਾਕਿਸਤਾਨ ਦਾ ਸਮਰਥਕ ਸਿੱਧ ਕਰਨ, ਜੋਗਿੰਦਰ ਨਾਥ ਮੰਡਲ ਬਾਰੇ ਸਪੱਸਟੀਕਰਨ ... ਅੱਗੇ ਉਨ੍ਹਾਂ ਅੰਗ੍ਰਜ਼ਾਂ ਕੋਲੋਂ ਜ਼ਮੀਨ ਦੇ ਮੁਰੱਬੇ ਲੈਣ ਦਾ ਮਸਲਾ ਵੀ ਉਠਾਇਆ। ਫਿਰ ਅੱਗੇ ਐਨ. ਸ਼ਿਵਰਾਜ ਦੀ ਚਿੱਠੀ ਤੇ ਵੀ ਸਵਾਲ ਖੜਾ ਕੀਤਾ ਕਿ ‘ਡਾ. ਬੀ. ਆਰ. ਅੰਬੇਡਕਰ ਨੇ ਪੰਜਾਬ ਦੀ ਅਛੂਤ ਲੀਡਰਸ਼ਪ ਨੂੰ ਸਲਾਹ ਦਿੱਤੀ ਕਿ ਉਹ ਪਾਕਿਸਤਾਨ ਬਣਾਏ ਜਾਣ ਅਤੇ ਉਸ ਨਵੇਂ ਮੁਲਕ ਵਿੱਚ ਆਪਣਾ ਸ਼ੁਮਾਰ ਕਰਨ ਲਈ ਮੁਸਲਿਮ ਲੀਗ ਨੂੰ ਵੋਟ ਦੇਣ।’ ਸੁਲੇਖ ਹੁਰਾਂ ਗਲਤ ਅਨੁਵਾਦ ਕੀਤੇ ਖ਼ਤ ਤੇ ਸਵਾਲ ਕਰਦੇ ਹਨ। ਉਹ ਕਹਿੰਦੇ ਹਨ ਖ਼ਤ ਵਿਚ Vote with the League ਦੇ ਸ਼ਬਦ ਵਰਤੇ ਗਏ ਹਨ .Vote for the League ਜਾਂ Vote for Pakistan ਦੇ ਨਹੀਂ। ਅੰਬੇਡਕਰ ਨੂੰ ਸੰਵਿਧਾਨ ਸਭਾ ’ਚ ਜਾਣ ਲਈ ਪੰਜਾਬ ਦੇ ਦਲਿਤ ਲੀਡਰਾਂ ਨੂੰ ਵੋਟ ਪਾਉਣ ਲਈ ਕਹਿਣਾ ਤੇ ਦਲਿਤ ਲੀਡਰਾਂ ਦਾ ਇਨਕਾਰ ਕਰਨਾ ਦਾ ਮਸਲਾ ਵੀ ਸੁਲੇਖ ਹੁਰਾਂ ਉਭਾਰਿਆ ਹੈ। ਜਿਕਰਯੋਗ ਹੈ ਕਿ ਬੰਗਾਲ ਦੇ ਲੀਡਰ ਜੋਗਿੰਦਰ ਨਾਥ ਮੰਡਲ ਨੇ ਆਪਣੀ ਵੋਟ ਦੇ ਕੇ ਅੰਬੇਡਕਰ ਨੂੰ ਸੰਵਿਧਾਨ ਸਭਾ ’ਚ ਭੇਜਿਆ ਸੀ। ਆਦਿ ਧਰਮ ਨਾਲ ਜੁੜੇ ਲੀਡਰ ਕਾਂਗਰਸ ਦੀ ਝੋਲੀ ਵਿਚ ਕਿਓਂ ਡਿੱਗੇ ਇਹ ਮਸਲਾ ਵੀ ਸੁਲੇਖ ਨੇ ਵਿਚਾਰਿਆ ਹੈ। ਜੇਕਰ ਪੰਜਾਬ ਦੇ ਇਹ ਲੀਡਰ ਅੰਬੇਡਕਰ ਦੀ ਰਾਜਨੀਤਿਕ ਲਾਈਨ ਨਾਲ ਸਹਿਮਤ ਹੁੰਦੇ ਤਾਂ ਨਿਸਚੇ ਹੀ ਪੰਜਾਬ ਵਿਚੋਂ ਦਲਿਤਾਂ ਦੇ ਮੈਂਬਰ ਜਿੱਤ ਕੇ ਪੰਜਾਬ ਅਸੈਂਬਲੀ ਵਿਚ ਜਾਂਦੇ ਤੇ ਅਗਾਂਹ ਉਹ ਆਪਣੇ ਮੈਂਬਰ ਸੰਵਿਧਾਨ ਸਭਾ ਵਿਚ ਭੇਜ ਸਕਦੇ। ਜੇ ਅਜਿਹਾ ਹੋ ਜਾਂਦਾ ਤਾਂ ਪੰਜਾਬ ਦਾ ਰਾਜਨੀਤਿਕ ਨਕਸ਼ਾ ਕੁਝ ਹੋਰ ਹੋਣਾ ਸੀ। ਇਹ ਕੁਝ ਵਿਚਾਰਨ ਯੋਗ ਮੁੱਦੇ ਹਨ। ਜਿਨ੍ਹਾਂ ਤੇ ਸੰਜਮ ਨਾਲ ਸੰਵਾਦ ਚਲਾਉਣ ਦੀ ਲੋੜ ਹੈ। ਅਸੀਂ ਆਸ ਕਰਦੇ ਹਾਂ ਕਿ ਸੰਵਾਦ ਤੋਰਿਆ ਜਾਵੇ ਤਾਂ ਕਿ ਕੁਝ ਸਿੱਟੇ ਉਭਰ ਕੇ ਸਾਹਮਣੇ ਆ ਸਕਣ। ਪਰ ਵਿਵਾਦ ਵਾਲੀ ਭਾਸ਼ਾ ਨਾ ਵਰਤੀ ਜਾਵੇ। ਅਸੀਂ ਪੰਜਾਬ ਦੇ ਬੁੱਧੀਜੀਵੀਆਂ ਨੂੰ ਇਸ ਮਸਲੇ ’ਤੇ ਸੰਵਾਦ ਤੋਰਨ ਲਈ ਸੱਦਾ ਦਿੰਦੇ ਹਾਂ। **- ਭਗਵੰਤ ਰਸੂਲਪੁਰੀ**

# ਸਾਹਿਤਕਾਰ ਦੀ ਮਾਨਸਿਕਤਾ/ ਪ੍ਰੇਮ ਪ੍ਰਕਾਸ਼

**ਇਹ ਲੇਖ ਅਸੀਂ ਸੰਵਾਦ ਤੋਰਨ ਲਈ ਪ੍ਰਕਾਸ਼ਤ ਕਰ ਰਹੇ ਹਾਂ। ਪੰਜਾਬੀ ਦੇ ਬੁੱਧੀਜੀਵੀ, ਚਿੰਤਕ, ਲੇਖਕਾਂ ਤੇ ਪਾਠਕਾਂ ਨੂੰ ਇਸ ਸੰਵਾਦ ਵਿਚ ਹਿੱਸਾ ਲੈਣ ਲਈ ਸੱਦਾ ਦੇ ਰਹੇ ਹਾਂ। ਪ੍ਰੇਮ ਪ੍ਰਕਾਸ਼ ਨੇ ਇਸ ਲੇਖ ਵਿਚ ਜਿਹੜੇ ਮੁੱਦੇ ਉਠਾਏ ਹਨ, ਉਹ ਵਿਚਾਰਨ ਯੋਗ ਅਤੇ ਬਹਿਸ ਤਲਬ ਹਨ। ਸਾਨੂੰ ਤੁਹਾਡੇ ਹੁੰਗਾਰੇ ਦੀ ਉਡੀਕ ਰਹੇਗੀ। -ਸੰਪਾਦਕ**

ਮਾਰਚ 2010 ਨੂੰ ਅੰਮ੍ਰਿਤਸਰ 'ਚ ਹੋਏ 'ਕਥਾ ਉਤਸਵ' 'ਚ ਆਲੋਚਕ ਬਲਦੇਵ ਸਿੰਘ ਧਾਲੀਵਾਲ ਨੇ ਆਪਣਾ ਪੇਪਰ ਪੜ੍ਹਦਿਆਂ ਇਹ ਇਕ ਖਾਸ ਨੁਕਤਾ ਜ਼ਬਾਨੀ ਕਿਹਾ ਕਿ 'ਕਾਲੇ ਦਿਨਾਂ' 'ਚ ਜਿਹੜਾ ਕਥਾ ਸਾਹਿਤ ਰਚਿਆ ਗਿਆ, ਉਹਦੇ ਵਿਚੋਂ ਜਿਹੜਾ ਸਿੱਖ ਲੇਖਕਾਂ ਵੱਲੋਂ ਰਚਿਆ ਗਿਆ, ਉਹਦੇ ਵਿਚੋਂ ਸਿਖ ਮਾਨਸਿਕਤਾ ਤੇ ਹਿੰਦੂ ਲੇਖਕਾਂ ਵੱਲੋਂ ਰਚੇ ਗਏ ਵਿਚੋਂ ਹਿੰਦੂ ਮਾਨਸਿਕਤਾ ਲੁਕੀ ਹੋਈ ਦਿਸਦੀ ਹੈ।

ਮੈਨੂੰ ਇਹ ਨੁਕਤਾ ਬੜਾ ਅਹਿਮ ਤੇ ਬਹਿਸ ਕਰਨ ਵਾਲਾ ਲੱਗਿਆ। ਮੈਂ ਬੜੇ ਚਿਰ ਤੋਂ ਚਾਹੁੰਦਾ ਸੀ ਕਿ ਏਸ ਵਿਸ਼ੇ ਬਾਰੇ ਬਹਿਸ ਛਿੜੇ। ਪਰ ਓਸ ਵੇਲੇ ਮੈਂ ਇਹਦੇ ਬਾਰੇ ਨਾ ਬੋਲ ਸਕਿਆ। ਕਿਉਂਕਿ ਮੈਂ ਓਸ ਸੈਸ਼ਨ ਦੀ ਪ੍ਰਧਾਨਗੀ ਕਰ ਰਿਹਾ ਸੀ ਤੇ ਪ੍ਰਧਾਨਗੀ ਦੀ ਆਪਣੀ ਮਰਯਾਦਾ ਹੁੰਦੀ ਏ ਤੇ ਸਮਾਂ ਪ੍ਰਬੰਧਕਾਂ ਦੇ ਹੱਥ ਹੁੰਦਾ ਏ। ਚੌਥੇ ਕੁ ਦਿਨ ਮੈਂ ਬਲਦੇਵ ਨੂੰ ਫੋਨ ਕਰ ਕੇ ਉਹਦੀ ਗੱਲ ਯਾਦ ਕਰਾਈ ਤੇ ਪੁੱਛਿਆ ਕਿ ਕੀ ਏਸੇ ਤਰ੍ਹਾਂ ਦੀ ਮਾਨਸਿਕਤਾ ਆਲੋਚਕਾਂ ਦੀ ਨਹੀਂ ਹੁੰਦੀ? ਤੇ ਨਾਲੇ ਪਾਠਕਾਂ ਦੀ ਵੀ? ਉਹ ਕਹਿੰਦਾ, ਹੁੰਦੀ ਹੈ। ... ਫੇਰ ਮੈਂ ਸੋਚਦਾ ਰਿਹਾ ਕਿ ਕੀ ਇਹ ਗੱਲ ਸਾਰੇ ਪੰਜਾਬੀ ਸਾਹਿਤ 'ਤੇ ਲਾਗੂ ਕੀਤੀ ਜਾ ਸਕਦੀ ਐ?

ਮੈਨੂੰ ਇਹ ਗੱਲ ਬਹੁਤੀ ਠੀਕ ਨਾ ਲੱਗੀ। ਮੈਂ ਇਹਦੇ ਹੋਰ ਪਹਿਲੂਆਂ ਬਾਰੇ ਸੋਚਦਾ ਰਿਹਾ। ਮੈਨੂੰ ਲੱਗਿਆ ਕਿ ਇਹ ਗੱਲ ਕਿਵੇਂ ਠੀਕ ਹੋ ਸਕਦੀ ਐ ਕਿ ਸਾਰੇ ਰਚਨਾਕਾਰਾਂ ਦੀ ਸੋਚ ਏਨੀ ਕੁ ਸੀਮਾ 'ਚ ਬੱਝੀ ਹੋਵੇ? ਹਰੇਕ ਰਚਨਾਕਾਰ ਦੀ ਸੋਚ ਜਾਂ ਵਿਚਾਰਧਾਰਾ ਦੀਆਂ ਬੁਨਿਆਦਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਹਰੇਕ ਦਾ ਆਪਣਾ-ਆਪਣਾ ਚਿੰਤਨ ਤੇ ਦ੍ਰਿਸ਼ਟੀ ਦਾ ਫੈਲਾਅ ਹੋਵੇਗਾ। ਜੇ ਇੰਜ ਨਾ ਹੋਵੇ ਤਾਂ ਪੰਜਾਬੀ ਸਾਹਿਤ ਇਕ ਵਿਸ਼ੇਸ਼ ਸਮੇਂ ਤੇ ਸੋਚ ਦੀ ਸੀਮਾ ਤੇ ਪੰਜਾਬੀ ਪਾਠਕਾਂ ਤਕ ਹੀ ਰਹਿ ਜਾਵੇ। ਉਹ ਸਾਰੇ ਭਾਰਤ 'ਚ ਨਾ ਫੈਲ ਸਕੇ, ਕੌਮਾਂਤਰੀ ਪੱਧਰ 'ਤੇ ਵਿਚਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਫੇਰ ਪੰਜਾਬੀ ਸਾਹਿਤ ਪੰਜਾਬੀ ਦੀਆਂ ਸਰਹੱਦਾਂ ਵੀ ਟੱਪਣ ਜੋਗਾ ਨਾ ਹੋਇਆ, ਕੌਮਾਂਤਰੀ ਪੱਧਰ 'ਤੇ ਜਾਣਾ ਤਾਂ ਦੂਰ ਰਿਹਾ।... ਮੇਰਾ ਖਿਆਲ ਏ ਕਿ ਰਚਨਾਕਾਰਾਂ ਦੀ ਸਮਰਥਾ ਅਸੀਮ ਹੁੰਦੀ ਏ।

ਇਹੀ ਗੱਲ ਮੈਂ ਸੁਰਜੀਤ ਹਾਂਸ ਨੂੰ ਫੋਨ ਕਰ ਕੇ ਪੁੱਛੀ। ਮੈਂ ਹੈਰਾਨ ਹੋਇਆ ਕਿ ਉਹਦਾ ਵੀ ਇਹੋ ਜਵਾਬ ਸੀ ਕਿ ਲੇਖਕਾਂ ਦੀ ਬਹੁਗਿਣਤੀ 'ਤੇ ਸਿੱਖ ਤੇ ਹਿੰਦੂ ਦੀ ਮਾਨਸਿਕਤਾ ਦਾ ਫਰਕ ਜ਼ਰੂਰ ਹੋਵੇਗਾ। ਏਸ ਤੋਂ ਉੱਪਰ ਉੱਠਣ ਵਾਲੇ ਥੋੜ੍ਹੇ ਹੋਣਗੇ। ... ਮੈਂ ਸੁਰਜੀਤ ਨਾਲ ਬਹਿਸ ਨਹੀਂ ਕੀਤੀ। ਫੋਨ ਬੰਦ ਕਰ ਕੇ ਮੈਂ ਆਪਣੇ ਤੌਰ 'ਤੇ ਈ ਸੋਚਦਾ ਰਿਹਾ। ਮੈਨੂੰ ਲੱਗਿਆ ਕਿ ਏਸ ਤਰ੍ਹਾਂ ਤਾਂ ਸਾਰਾ ਪੰਜਾਬੀ ਸਾਹਿਤ ਖਾਨਿਆਂ 'ਚ ਵੰਡਿਆ ਜਾਵੇਗਾ। ਜਿਵੇ ਜੱਟ ਸਿੱਖਾਂ ਦਾ, ਦੂਜੇ ਸਿੱਖਾਂ ਦਾ, ਮਹਾਜਨਾਂ ਦਾ, ਅਖੌਤੀਆਂ ਛੋਟੀਆਂ ਜਾਤਾਂ ਦਾ ਤੇ ਦਲਿਤਾਂ ਦਾ।

ਫੇਰ ਤਾਂ ਗੁਰਮੁਖੀ ਲਿਪੀ 'ਚ ਰਚਿਆ ਗਿਆ 98 ਪ੍ਰਤੀਸ਼ਤ ਪੰਜਾਬ ਸਾਹਿਤ ਸਿੱਖ ਮਾਨਸਿਕਤਾ ਵਾਲਾ ਹੋਵੇਗਾ ਤੇ ਕੇਵਲ 2 ਪ੍ਰਤੀਸ਼ਤ ਹਿੰਦੂ ਮਾਨਸਿਕਤਾ ਵਾਲਾ। ਸਾਹਿਤਕਾਰਾਂ ਦੇ ਨਾਲ ਪਾਠਕ ਵੀ ਏਸੇ ਅਨੁਪਾਤ ਨਾਲ ਵੰਡੇ ਹੋਏ ਹੋਣਗੇ।... ਫੇਰ ਉਹ ਸਾਹਿਤ ਕਿਹੜਾ ਹੋਵੇਗਾ, ਜਿਹੜਾ ਇਹਨਾਂ ਲੀਕਾਂ ਤੋਂ ਉੱਚਾ ਹੋਵੇ? ਜਿਹੜਾ ਮਾਨਵਵਾਦੀ ਹੋ ਕੇ ਸਾਹਿਤਕ ਪਾਠਕਾਂ ਲਈ ਹੋਵੇਗਾ।... ਮੈਨੂੰ ਲੱਗਿਆ ਕਿ



1980 ਤੋਂ ਜਦ ਖਾਲਿਸਤਾਨ ਦੀ ਲਹਿਰ ਚੱਲਣ 'ਤੇ ਸਾਡੀ ਸੋਚ ਦੀ ਮੁੱਢਲੀ ਚੂਲ ਹੀ ਵਿੰਗੀ ਹੋ ਗਈ ਏ। ਅਸੀਂ ਪਿਛਲੀ ਪੌਣੀ ਸਦੀ ਤੋਂ ਪ੍ਰਤੀਵਾਦੀ ਲਹਿਰ ਦੀ ਵਿਚਾਰਧਾਰਾ ਦੇ ਅਧੀਨ ਏਸ ਮਾਨਸਿਕਤਾ ਵਾਲਾ ਸਾਹਿਤ ਨਹੀਂ ਸੀ ਰਚਦੇ। ਸਾਡੇ 'ਚ ਧਰਮ ਦੀ ਕੋਈ ਲੀਕ ਨਹੀਂ ਸੀ। ਓਸੇ ਵਿਸ਼ਾਲ ਸੋਚ ਕਰ ਕੇ ਟਾਲਸਟਾਈ, ਦਸਤੋਵਸਕੀ, ਚੈਖੋਵ, ਮਾਮ, ਬਲਜ਼ਾਕ ਵਰਗੇ ਕਿੰਨੇ ਈ ਸਾਹਿਤਕਾਰਾਂ ਦੀਆਂ ਰਚਨਾਵਾਂ ਸਾਰੀਆਂ ਸਰਹੱਦਾਂ ਟੱਪ ਕੇ ਸਾਡੇ ਤਕ ਪਹੁੰਚੀਆਂ। ਅਸੀਂ ਅਜਿਹੀਆਂ ਰਚਨਾਵਾਂ ਪਾਗਲਾਂ ਵਾਂਗ ਆਪ ਲੱਭਣ 'ਚ ਲੱਗੇ ਰਹਿੰਦੇ ਰਹੇ।... ਫੇਰ ਇਹ ਵੰਡੀਆਂ ਉੱਭਰ ਆਈਆਂ, ਜਿਹੜੀਆਂ ਪਹਿਲਾਂ ਈ ਸਾਡੇ ਅੰਦਰ ਮੌਜੂਦ ਸਨ। ਪਰ ਇਹਨੂੰ ਹਵਾ ਕਿਸੇ ਸੌੜੀ ਸੋਚ ਦੀ ਸਿਆਸਤ ਨੇ ਦਿੱਤੀ। ਸਾਡੀ ਇਹ ਸੋਚ ਦੇਸ਼ ਦੀ ਅਜ਼ਾਦੀ ਤੋਂ ਬਾਅਦ ਨਹਿਰੂ ਦੇ ਦੌਰ 'ਚ ਧਰਮਨਿਰਪੱਖਤਾ ਤੇ ਸਮਾਜਵਾਦ ਦੇ ਸੰਕਲਪ ਦੇ ਜ਼ੋਰ ਪੈਣ 'ਤੇ ਪੈਦਾ ਹੋਈ ਸੀ।

ਮੈਨੂੰ ਲੱਗਿਆ ਕਿ ਇਹ ਸਵਾਲ ਪੁੱਛਣ 'ਤੇ ਹਰੇਕ ਬੰਦਾ 'ਦਿੱਲੀ ਦੇ ਸਿੱਖ-ਵਿਰੋਧੀ ਦੰਗਿਆਂ' ਤੇ ਪੰਜਾਬ ਦੇ 'ਕਾਲੇ ਦਿਨਾਂ' ਦੇ ਸਮਿਆਂ 'ਚ ਚਲਿਆ ਜਾਂਦਾ ਏ। ਨੇੜੇ ਦੇ ਸਮੇਂ 'ਚ ਲੱਗੇ ਜ਼ਖ਼ਮ ਉਹਦੀ ਸੋਚ ਨੂੰ ਭੁਚਲਾ ਦੇਂਦੇ ਨੇ। ਜੇ ਉਹ ਸੰਪੂਰਨ ਪੰਜਾਬੀ ਸਾਹਿਤ ਤੇ ਕੌਮਾਂਤਰੀ ਮਹਾਨ ਸਾਹਿਤ ਨੂੰ ਦੇਖਣ ਤਾਂ ਸ਼ਾਇਦ ਉਹਨਾਂ ਦੀ ਸੋਚ ਠੀਕ ਹੋ ਜਾਵੇ। ਪੰਜਾਬ 'ਚ ਤੇ ਪੰਜਾਬੀ 'ਚ ਤਾਂ ਮੁਸਲਮਾਨਾਂ ਤੇ ਈਸਾਈਆਂ ਨੇ ਵੀ ਸਾਹਿਤ ਰਚਿਆ ਏ। ਕੀ ਉਹਨਾਂ ਦੇ ਸਾਹਿਤ ਬਾਰੇ ਵੀ ਅਸੀਂ ਇਵੇਂ ਸੋਚਾਂਗੇ?... ਉਂਜ ਅਸੀਂ ਪੰਜਾਬੀ ਕਹਾਣੀ ਨੂੰ ਭਾਰਤੀ ਭਾਸ਼ਾਵਾਂ ਦੀ ਕਹਾਣੀ ਤੋਂ ਵੀ ਉੱਚੀ ਚੁੱਕ ਕੇ ਕੌਮਾਂਤਰੀ ਕਹਾਣੀ ਦੇ ਬਰਾਬਰ ਲਿਆ ਖੜ੍ਹੀ ਕਰਦੇ ਹਾਂ।

ਕੁਝ ਦਿਨਾਂ ਬਾਅਦ ਇਹੋ ਸਵਾਲ ਮੈਂ ਜਸਵੰਤ ਦੀਦ ਨੂੰ ਪੁੱਛਿਆ ਤਾਂ ਉਹਦਾ ਵੀ ਉਹੀ ਜਵਾਬ ਸੀ। ਮੈਂ ਫੇਰ ਪੁੱਛਿਆ ਕਿ ਦੇਸ਼ ਦੀ ਵੰਡ ਵੇਲ਼ੇ ਜਿਹੜਾ ਵੱਢ ਵਢਾਂਗਾ ਹੋਇਆ, ਉਹਦੇ ਬਾਰੇ ਰਚੇ ਸਾਹਿਤ 'ਚ ਵੀ ਇਹੋ ਧਰਮ ਦੀ ਮਾਨਸਿਕਤਾ ਕੰਮ ਕਰਦੀ ਏ? ਉਹ ਵੀ ਹਿੰਦੂ, ਸਿੱਖਾਂ ਤੇ ਮੁਸਲਮਾਨਾਂ 'ਚ ਵੰਡਿਆ ਦਿਸਦਾ ਏ?... ਤਾਂ ਉਹ ਕਹਿੰਦਾ ਕਿ ਇਹ ਗੱਲ ਹੋਰਾਂ 'ਤੇ ਲਾਗੂ ਹੁੰਦੀ ਆ, ਪਰ ਮੰਟੋ 'ਤੇ ਨਹੀਂ। (ਦੀਦ ਨੇ ਦੇਸ਼ ਵੰਡ ਬਾਰੇ ਪੰਜਾਬੀ ਕਹਾਣੀਆਂ ਦੀ ਚੋਣ ਸਾਹਿਤਯ ਅਕਾਦੇਮੀ ਲਈ ਕੀਤੀ ਸੀ।)

ਮੈਂ ਸੋਚਿਆ ਕਿ ਉਦੋਂ ਤਾਂ ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਇਸਮਤ ਚੁਗ਼ਤਾਈ, ਅਹਿਮਦ ਨਦੀਮ ਕਾਸਮੀ, ਅਸ਼ਫਾਕ ਅਹਿਮਦ, ਗ਼ੁਲਾਮ ਅੱਬਾਸ ਆਦਿ ਦੀਆਂ ਮੈਂ ਸੌ ਕਹਾਣੀਆਂ ਦੀ ਗਿਣਤੀ ਕਰ ਸਕਦਾ ਹਾਂ, ਤੁਸੀਂ ਉਹਨਾਂ ਵਿਚੋਂ ਹਿੰਦੂ, ਸਿੱਖ ਜਾਂ ਮੁਸਲਮਾਨ ਮਾਨਸਿਕਤਾ ਵਿਚ ਨਹੀਂ ਵੰਡ ਸਕਦੇ। ਅਜਿਹੀਆਂ ਕਹਾਣੀਆਂ ਉਰਦੂ 'ਚ ਹੀ ਨਹੀਂ, ਅੰਗ੍ਰੇਜ਼ੀ ਤੇ ਹਿੰਦੀ 'ਚ ਵੀ ਲਿਖੀਆਂ ਗਈਆਂ।

ਫੇਰ ਮੈਂ ਉਹਨੂੰ ਮੰਟੋ ਤੇ ਓਸ ਵੇਲੇ ਦੇ ਮਸ਼ਹੂਰ ਫਿਲਮ ਸਟਾਰ ਸ਼ਿਆਮ ਦੀ ਗੱਲ ਸੁਣਾਈ। ਇਹ ਗੱਲ ਮੰਟੋ ਨੇ 'ਸ਼ਿਆਮ' ਦੇ ਵਿਅਕਤੀ ਚਿਤਰ 'ਚ ਲਿਖੀ ਏ।... ਉਹ ਤੇ ਮੰਟੋ ਦੋਵੇਂ ਹਮ-ਪਿਆਲਾ ਦੋਸਤ ਟ੍ਰੇਨ 'ਚ ਬੰਬਈ ਨੂੰ ਜਾ ਰਹੇ ਸਨ। ਰਾਹ 'ਚ ਪਾਕਿਸਤਾਨ ਤੋਂ ਵੱਢੇ ਲੁੱਟੇ ਰਿਫਿਊਜੀ ਟੱਬਰ ਆਪਣੀਆਂ ਦੁੱਖ ਭਰੀਆਂ ਕਹਾਣੀਆਂ ਸੁਣਾਉਂਦੇ ਜਾ ਰਹੇ ਸਨ। ਮੰਟੋ ਨੇ ਦੇਖਿਆ ਕਿ ਉਹਨਾਂ ਦੀਆਂ ਗੱਲਾਂ ਸੁਣ ਕੇ ਸ਼ਿਆਮ ਦੀਆਂ ਅੱਖਾਂ 'ਚ ਲਾਲੀ ਆ ਗਈ ਸੀ। ... ਰਾਹ 'ਚ ਉਹ ਰਿਫਿਊਜੀ ਉੱਤਰ ਗਏ। ਮੰਟੋ ਨੇ ਸ਼ਾਮ ਨੂੰ ਪੁੱਛਿਆ ਕਿ ਕੀ ਤੂੰ ਮੈਨੂੰ ਕਤਲ ਕਰ ਸਕਦਾ ਏਂ? ਤਾਂ ਸ਼ਿਆਮ ਨੇ ਕਿਹਾ ਕਿ ਹੁਣ ਨਹੀਂ। ਉਦੋਂ ਕਰ ਸਕਦਾ ਸੀ, ਜਦ ਮੈਂ ਉਹਨਾਂ ਦੀਆਂ ਗੱਲਾਂ ਸੁਣ ਰਿਹਾ ਸੀ।

ਇਹਦੇ ਬਾਅਦ ਦੋਵੇਂ ਦੇਰ ਤਕ ਚੁੱਪ ਰਹੇ। ਬੰਬਈ ਆਇਆ ਤਾਂ ਸ਼ਿਆਮ ਨੇ ਮੰਟੋ ਤੋਂ ਵਿੱਛੜਨ ਲੱਗਿਆਂ ਜੇਬ 'ਚੋਂ ਨੋਟਾਂ ਦੀ ਥੱਬੀ ਕੱਢੀ। ਅੰਦਾਜ਼ੇ ਨਾਲ ਦੋ ਹਿੱਸਿਆਂ 'ਚ ਵੰਡੀ। ਇਕ ਮੰਟੋ ਨੂੰ ਫੜਾ ਕੇ ਉਹਨੂੰ ਜੱਫੀ ਪਾ ਕੇ ਅੱਡ ਹੋ ਗਿਆ।

ਦਿਲਚਸਪ ਗੱਲ ਏ ਕਿ 1947 ਦੇ ਵੱਢ ਵਢਾਂਗੇ ’ਤੇ ਦੁੱਖ ਮੰਨਦਿਆਂ ਜਿੰਨਾਂ ਸਾਹਿਤ ਚੜ੍ਹਦੇ ਪੰਜਾਬ ਦੇ ਹਿੰਦੂ ਤੇ ਸਿੱਖ ਲੇਖਕਾਂ ਨੇ ਰਚਿਆ ਏ, ਉਹਦਾ ਤਿਹਾਈ ਜਾਂ ਚੌਥਾ ਹਿੱਸਾ ਵੀ ਲਹਿੰਦੇ ਪੰਜਾਬ ਦੇ ਮੁਸਲਮਾਨ ਲੇਖਕਾਂ ਨੇ ਨਹੀਂ ਲਿਖਿਆ। ਉਂਜ ਉਧਰ ਦੇ ਬਹੁਤ ਸਾਰੇ ਦਾਨਿਸ਼ਵਰ, ਸਿਆਸਤਦਾਨ ਤੇ ਸਾਹਿਤਕਾਰ 47 ਦੇ ਕਾਰਿਆਂ ਵੇਲੇ ਹਿੰਦੂ ਸਿੱਖਾਂ ’ਤੇ ਕੀਤੇ ਜ਼ੁਲਮ ’ਤੇ ਦੁੱਖ ਜ਼ਾਹਰ ਕਰਦੇ ਨੇ। ਪਰ ਅਜਿਹੀ ਸੋਚ ਨੂੰ ਕੱਟੜਪੰਥੀ ਇਸਲਾਮੀ ਸੋਚ ਦੀ ਪ੍ਰਵਾਨਗੀ ਪ੍ਰਾਪਤ ਨਹੀਂ। ਏਸੇ ਲਈ ਉਧਰ ਪ੍ਰਗਤੀਵਾਦੀ ਸੋਚ ਵਾਲੇ ਲੋਕ ਤੇ ਸਾਹਿਤਕਾਰ ਆਟੇ ’ਚ ਲੂਣ ਜਿੰਨੇ ਵੀ ਨਹੀਂ। ਵੱਡਾ ਸਾਹਿਤ ਆਮ ਕਰਕੇ 47 ਤੋਂ ਪਹਿਲਾਂ ਵਾਲੇ ਪ੍ਰਗਤੀਵਾਦੀ ਸਾਹਿਤਕਾਰਾਂ ਨੇ ਹੀ ਰਚਿਆ ਏ।

ਇਸਲਾਮੀ ਦੇਸ ਪਾਕਿਸਤਾਨ ਦੀਆਂ ਦੋ ਗੱਲਾਂ ਹੋਰ ਅਜਿਹੀਆਂ ਨੇ, ਜਿਨ੍ਹਾਂ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਏ। ਇਕ ਤਾਂ ਇਹ ਕਿ ਆਮ ਪਾਕਿਸਤਾਨੀ 47 ਦੀ ਵੰਡ ’ਚ ਮਰਨ ਵਾਲੇ ਮੁਸਲਮਾਨਾਂ ਨੂੰ ਸ਼ਹੀਦ ਤੇ ਨਵੇਂ ਵਤਨ ਦੀ ਪ੍ਰਾਪਤੀ ਲਈ ਦਿੱਤੀ ਕੁਰਬਾਨੀ ਮੰਨਦੇ ਨੇ। ਏਸੇ ਅਸੂਲ ਦੀ ਬੁਨਿਆਦ ’ਤੇ ਪਾਕਿਸਤਾਨੀ ਪੰਜਾਬ ਦੇ ਪੰਜਾਬੀ ਸਾਹਿਤਕਾਰਾਂ ਨੇ ਵੀ ਭਾਰਤੀ ਪੰਜਾਬ ’ਚ ਖਾਲਿਸਤਾਨੀ ਲਹਿਰ ਦੀ ਹਿਮਾਇਤ ਕੀਤੀ। ਉਹ ਆਮ ਕਵੀ ਦਰਬਾਰਾਂ ’ਚ ਇਹਦੇ ਹੱਕ ’ਚ ਕਵਿਤਾਵਾਂ ਪੜ੍ਹਦੇ ਰਹੇ। ਜਿਨ੍ਹਾਂ ਦੀ ਦਾਦ ਨਾਅਰਿਆਂ ਦੇ ਸ਼ੋਰ ਨਾਲ ਮਿਲਦੀ ਰਹੀ।

ਦੂਜੀ ਗੱਲ ਇਹ ਕਿ ਜਦੋਂ 1971 ’ਚ ਬੰਗਲਾ ਦੇਸ਼ ਬਣਿਆ ਤਾਂ ਪਾਕਿਸਤਾਨੀ ਲੇਖਕਾਂ ਤੋਂ ਇਹਦੇ ਬਾਰੇ ਕੁਝ ਨਾ ਲਿਖ ਹੋਇਆ। ਸਭ ਗੁੰਗੇ ਹੋ ਗਏ। ਹਾਲਾਂਕਿ ਬੰਗਲਾ ਦੇਸ਼ ’ਚ ਵੀ ਇਨਸਾਨਾਂ ’ਤੇ ਜ਼ੁਲਮ ਹੋਇਆ ਸੀ। ਲਹੂ ਡੁਲ੍ਹਿਆ ਸੀ। ਪਰ ਬੰਗਲਾ ’ਚ ਇਹਦੇ ਬਾਰੇ ਸਾਹਿਤ ਰਚਿਆ ਗਿਆ। ਪਾਕਿਸਤਾਨ ’ਚ ਸਿਰਫ ਕਹਾਣੀਕਾਰ ਇੰਤਜ਼ਾਰ ਹੁਸੈਨ ਨੇ ਇਕ ਛੋਟਾ ਜਿਹਾ ਨਾਵਲ ‘ਸਕੂਤੇ ਢਾਕਾ’(ਢਾਕੇ ਦੀ ਹਾਰ) ਲਿਖਿਆ ਸੀ। ਜਿਸ ਦਾ ਕੋਈ ਜ਼ਿਕਰ ਨਹੀਂ ਕਰਦਾ।

ਤਾਂ ਇਹਦਾ ਮਤਲਬ ਇਹ ਹੋਇਆ ਕਿ ਜੇਤੂ ਲੋਕਾਂ ਦਾ ਸਾਹਿਤ ਹੋਰ ਹੁੰਦਾ ਏ ਤੇ ਹਾਰੇ ਹੋਏ ਲੋਕਾਂ ਦਾ ਹੋਰ। ਪੰਜਾਬ ’ਚ 1980 ਤੋਂ ਬਾਅਦ ਜਿੱਤਣ ਵਾਲੀ ਧਿਰ ਦੀ ਮਾਨਸਿਕਤਾ ਖਿੜੀ ਹੋਈ ਹੁੰਦੀ ਏ। ਉਹ ਹੁੱਬ ਕੇ ਸਾਹਿਤ ਰਚਦੀ ਏ ਤੇ ਹਾਰੇ ਲੋਕਾਂ ਦੀ ਮਾਨਸਿਕਤਾ ਮੁਰਝਾਈ ਹੋਈ ਹੁੰਦੀ ਏ। ਉਹ ਮਿੱਧੀ ਮਾਨਸਿਕਤਾ ’ਚੋਂ ਉੱਭਰਨ ਦੀ ਕੋਸ਼ਿਸ਼ ਕਰਦਾ ਹੋਇਆ ਰੁਦਨ ਦਾ ਜਾਂ ਬੀਤੇ ਜਾਂ ਆਓਣ ਵਾਲੇ ਚੰਗੇ ਸਮੇਂ ਵਾਲੀ ਮਾਨਸਿਕਤਾ ਨਾਲ ਸਾਹਿਤ ਰਚਦਾ ਏ। ... ਜੇ ਏਸ ਗੱਲ ਨੂੰ ਸਹੀ ਮੰਨ ਲਿਆ ਜਾਵੇ ਤਾਂ ਭਾਰਤ ’ਚ ਸਾਰਾ ਪੁਰਾਤਨ ਵੱਡਾ ਸਾਹਿਤ ਤੇ ਮਹਾਂਕਾਵਿ ਸਵਰਨ ਜਾਤਾਂ ਦੇ ਨੇ। ਦਲਿਤਾਂ ਦਾ ਅੱਵਲ ਤਾਂ ਕੋਈ ਪੁਰਾਤਨ ਸਾਹਿਤ ਹੀ ਨਹੀਂ, ਜੇ ਵੀਹਵੀਂ ਸਦੀ ’ਚ ਲਿਖਿਆ ਜਾਣ ਲੱਗ ਪਿਆ ਏ ਤਾਂ ਉਹ ਬਹੁਤ ਘੱਟ ਤੇ ਹੇਠਲੀ ਪੱਧਰ ਦਾ ਕਿਹਾ ਜਾਵੇਗਾ। ਕਿਉਂਕਿ ਉਹਦਾ ਮੁੱਲਾਂਕਣ ਬਹੁਗਿਣਤੀ ਵਾਲੇ ਜੇਤੂਆਂ ਨੇ ਕਰਨਾ ਹੁੰਦਾ ਏ। ਦੂਜੇ ਹਾਰੇ ਲੋਕਾਂ ਦੇ ਸਾਹਿਤ ’ਚ ਰੁਦਨ ਰਸ ਭਾਰੀ ਹੋ ਜਾਂਦਾ ਏ। ਏਸ ਰਸ ਨੂੰ ਹੇਠਲੇ ਦਰਜੇ ਦਾ ਕਿਹਾ ਜਾਂਦਾ ਏ। ... ਇਹਦਾ ਮਤਲਬ ਇਹ ਹੋਇਆ ਕਿ ਦਲਿਤ ਜਦ ਰਾਜ ਸੱਤਾ ਰਾਹੀਂ ਗਿਆਨ ਤੇ ਬੌਧਕ ਸੱਤਾ ਵੀ ਪ੍ਰਾਪਤ ਕਰ ਲੈਣਗੇ ਤਾਂ ਇਹਨਾਂ ਦਾ ਰਚਿਆ ਸਾਹਿਤ ਵੀ ਵੱਡਾ ਹੋ ਜਾਵੇਗਾ। ... ਫੇਰ ਕੀ ਇਹਦਾ ਅਰਥ ਇਹ ਨਹੀਂ ਕੱਢਿਆ ਜਾ ਸਕਦਾ ਕਿ ਸਾਹਿਤ ਦਾ ਮੁੱਲਾਂਕਣ ਵੀ ਬਹੁਗਿਣਤੀ ਵਾਲੇ ਸੱਤਾਧਾਰੀ ਹੀ ਕਰਦੇ ਨੇ। ਘੱਟ ਗਿਣਤੀ ਦੇ ਸਾਹਿਤਕਾਰਾਂ, ਆਲੋਚਕਾਂ ਤੇ ਪਾਠਕਾਂ ਦੀ ਰਾਏ ਦੱਬੀ ਮਿੱਧੀ ਜਾਂਦੀ ਏ।

ਏਸ ਤੋਂ ਅੱਗੇ ਸਵਾਲ ਪੈਦਾ ਹੁੰਦਾ ਏ ਕਿ ਫੇਰ ਸਮਾਂ ਲੰਘ ਕੇ ਜਦ ਸਾਹਿਤ ਦਾ ਪੁਨਰ-ਮੁਲਾਂਕਣ ਹੁੰਦਾ ਏ ਤਾਂ ਕਿਹੜਾ ਸਾਹਿਤ ਵੱਡਾ ਮੰਨਿਆ ਜਾਂਦਾ ਏ? ਮੇਰਾ ਜਵਾਬ ਏ ਕਿ ਉਹੀ, ਜਿਹੜਾ ਧਾਰਮਿਕ, ਵਿਚਾਰਧਾਰਕ ਤੇ ਸਮੇਂ ਤੇ ਦੇਸ਼ ਕਾਲ ਦੀਆਂ ਸਰਹੱਦਾਂ ਨੂੰ ਪਾਰ ਹੁੰਦਾ ਲੱਗੇਗਾ। ਜੀਹਦੇ ਵਿਚ ਸਾਹਿਤਕਾਰ



ਦਾ ਚਿੰਤਨ ਕਾਇਨਾਤੀ ਹੋਵੇਗਾ। ... ਲਹਿਰਾਂ ਜਾਂ ਫਸਾਦਾਂ ਦਾ ਭਾਵੁਕ ਹੋ ਕੇ ਰਚਿਆ ਸਾਹਿਤ ਥੋੜ੍ਹੇ ਚਿਰ ਲਈ ਜਿਉਂਦਾ ਰਹਿੰਦਾ ਏ। ਉਹ ਆਪਣਾ ਯੋਗਦਾਨ ਕੁਝ ਸਮੇਂ ਲਈ ਪਾ ਕੇ ਖੁਰ ਜਾਂਦਾ ਏ।... ਸਾਹਿਤਕਾਰ ਦਾ ਚਿੰਤਨ ਕਾਇਨਾਤੀ ਕਦੋਂ ਹੁੰਦਾ ਏ? ਮੇਰਾ ਖਿਆਲ ਏ ਕਿ ਇਹ ਰਚਨ ਵਾਲੇ ਪਲਾਂ ਦਾ ਹੀ ਹੁੰਦਾ ਏ। ਜਦ ਰਚਨਾਕਾਰ ਵੱਧ ਜਾਗਰੂਕ ਤੇ ਜ਼ਿਮੇਦਾਰ ਹੁੰਦਾ ਏ। ਉਹ ਸਮੇਂ ਦੀ ਰਾਜ ਸੱਤਾ, ਸਾਹਿਤ ’ਚ ਚੱਲਦੀ ਕਿਸੇ ਲਹਿਰ, ਵੱਡੇ ਆਲੋਚਕਾਂ ਤੇ ਪਾਠਕਾਂ ਦੀ ਸੋਚ ਤੋਂ ਵੀ ਪ੍ਰਭਾਵਤ ਹੁੰਦਾ ਏ।... ਪਰ ਰਚਨ ਦੇ ਉਹਨਾਂ ਪਲਾਂ ਦੇ ਲੰਘਣ ਬਾਅਦ ਸਾਹਿਤਕਾਰ ਮੁੜ ਸਧਾਰਣ ਬੰਦਾ ਬਣ ਜਾਂਦਾ ਏ।

ਏਥੇ ਮੇਰੇ ਜ਼ਿਹਨ ’ਚ ਸਾਡੇ ਬਜ਼ੁਰਗ ਸਾਹਿਤਕਾਰ ਸੰਤ ਸਿੰਘ ਸੇਖੋਂ ਦੀ ਯਾਦ ਆਉਂਦੀ ਏ। ਉਹ ਪ੍ਰਗਤੀਵਾਦੀ ਪੰਜਾਬੀ ਸਾਹਿਤ ਦਾ ਝੰਡਾ-ਬਰਦਾਰ ਸੀ। ਉਹਦੇ ਪਿੱਛੇ ਚੱਲਣ ਤੇ ਬੋਲਣ ਵਾਲੇ ਬੇਸ਼ੁਮਾਰ ਪ੍ਰਗਤੀਵਾਦੀ ਸਾਹਿਤਕਾਰ ਸਨ। ਪਰ ਜਦ ਖਾਲਿਸਤਾਨ ਦੀ ਲਹਿਰ ਚੱਲੀ ਤਾਂ ਸੇਖੋਂ ਉਹਦੀ ਹਿਮਾਇਤ ਕਰਨ ਲੱਗ ਪਿਆ। ਬੰਦਾ ਪਰਿਵਰਤਣਸ਼ੀਲ ਹੁੰਦਾ ਏ। ਉਹਦੀ ਸੋਚ ਬਦਲਦੀ ਹੀ ਰਹਿੰਦੀ ਏ। ਜਦ ਆਲ ਇੰਡੀਆ ਰੇਡਿਓ ਸਟੇਸ਼ਨ, ਜਲੰਧਰ ਦੇ ਹਾਲ ’ਚ ਹੋਈ ਮੀਟਿੰਗ ਤੋਂ ਬਾਅਦ ਮੈਂ ਸੇਖੋਂ ਤੋਂ ਉਹਦੇ ਪ੍ਰਗਤੀਵਾਦ ਦੇ ਕਿਤੇ ਤੁਰ ਜਾਣ ਬਾਰੇ ਪੁੱਛਿਆ ਤਾਂ ਉਹਨੇ ਕਿਹਾ,“ਛੋਟੇ ਦੇਸ਼ਾਂ ’ਚ ਛੇਤੀ ਇਨਕਲਾਬ ਆਉਂਦਾ ਹੁੰਦੈ।”... ਏਸ ਤਰ੍ਹਾਂ ਬੰਦਾ ਆਦੀ ਸੋਚ ਨੂੰ ਠੀਕ ਸਿੱਧ ਕਰਨ ਲਈ ਦਲੀਲ ਘੜ ਲੈਂਦਾ ਏ।... ਫੇਰ ਇਕ ਵਾਰੀ ਜਸਵੰਤ ਦੀਦ ਟੀ. ਵੀ. ਲਈ ਸੇਖੋਂ ਦੀ ਇੰਟਰਵਿਊ ਕਰਨ ਲਈ ਮੈਨੂੰ ਸੇਖੋਂ ਦੇ ਪਿੰਡ ਦਾਖਾ ਨਾਲ ਲੈ ਗਿਆ। ਸੇਖੋਂ ਨੇ ਇੰਟਰਵਿਊ ਤੋਂ ਪਹਿਲਾਂ, ਇੰਟਰਵਿਊ ਦੇ ਦੌਰਾਨ ਤੇ ਇੰਟਰਵਿਊ ਤੋਂ ਬਾਅਦ ਮੇਰੇ ਖੁਰਚਵੇਂ ਪੁੱਛੇ ਸਵਾਲਾਂ ਦੇ ਜਵਾਬ ਬਹੁਤ ਸਫਾਈ ਤੇ ਈਮਾਨਦਾਰੀ ਨਾਲ ਦਿੱਤੇ। ਅਸੀਂ ਮੁੜੇ ਤਾਂ ਸੇਖੋਂ ਸਾਡੇ ਨਾਲ ਈ ਗੱਡੀ ’ਚ ਲੁਧਿਆਣੇ ਤਕ ਆਇਆ। ਰਾਹ ’ਚ ਉਹਨੇ ਮੈਨੂੰ ਕਿਹਾ,“ਦੇਖ ਪ੍ਰੇਮ,“ ਤੈਨੂੰ ਸੱਚ ਦੱਸਾਂ, ਅਸਲ ’ਚ ਮੈਂ ਲੇਖਕ ਲੂਖਕ ਬਣਨਾ ਨਹੀਂ ਸੀ ਚਾਹੁੰਦਾ। ਮੈਂ ਤਾਂ ਡਾਕੂ ਬਨਣਾ ਚਾਹੁੰਦਾ ਸੀ। ਮੇਰਾ ਆਦਰਸ਼ ਧਰਮੀ ਡਾਕੂ ਸੀ, ਜਿਊਣੇ ਮੌੜ ਵਰਗਾ। ਜਿਹੜਾ ਅਮੀਰਾਂ ਨੂੰ ਲੁੱਟੇ ਤੇ ਗਰੀਬਾਂ ’ਚ ਵੰਡੇ।... ਵੱਡਾ ਹੋ ਕੇ ਮੈਨੂੰ ਪਤਾ ਲੱਗਿਆ ਕਿ ਮੈਂ ਅਸਲ ’ਚ ਰਾਜ ਸੱਤਾ ਚਾਹੁੰਦਾਂ। ਜੀਹਦੇ ਨਾਲ ਈ ਰਾਜ ਤੇ ਧਨ ਦੀ ਸੱਤਾ ਵੀ ਆਉਂਦੀ ਐ। .... ਅਸਲ ’ਚ ਮੈਨੂੰ ਹੇਰਵਾ ਰਣਜੀਤ ਸਿੰਘ ਦੇ ਬਾਅਦ ਸਿੱਖਾਂ ਦੇ ਰਾਜ ਦੇ ਜਾਣ ਦਾ ਐ। ਮੈਂ ਓਸ ਰਾਜ ਦੀ ਮੁੜ ਸਥਾਪਤੀ ਚਾਹੁੰਦਾ ਹਾਂ। ... ਇਕ ਹੋਰ ਸੱਚੀ ਗੱਲ ਦੱਸਾਂ... ਮੈਂ ਤਾਂ ਸਿੱਖ ਰਾਜ ਨਾਲੋਂ ਵੀ ਵੱਧ ਜੱਟਾਂ ਦਾ ਰਾਜ ਚਾਹੁੰਦਾ ਹਾਂ। ਇਹ ਸਿੱਖਾਂ, ਖਾਸ ਤੌਰ ’ਤੇ ਜੱਟਾਂ ਦੀ ਹਉਮੈ ਦੀ ਲੋੜ ਐ।”

ਇਹਦਾ ਅਰਥ ਇਹ ਵੀ ਨਿੱਕਲ ਆਉਂਦਾ ਏ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖ ਰਾਜ ਵੀ ਨਹੀਂ, ਸਿਰਫ ਜੱਟ ਸਿੱਖ ਰਾਜ ਸੀ। ਜਿਹੜੇ ਘੱਟ ਗਿਣਤੀ ਦੇ ਧਾੜਵੀ ਸਨ। ਉਹ ਬਹੁਗਿਣਤੀ ਦੇ ਮੁਸਲਮਾਨਾਂ ਜਾਂ ਹਿੰਦੂਆਂ ਦਾ ਰਾਜ ਨਹੀਂ ਸੀ। ਇਹ ਤਾਂ ਇਤਿਹਾਸਕਾਰਾਂ ਦੇ ਸੋਚਣ ਦਾ ਮਸਲਾ ਏ। ਪਰ ਅਸੀਂ ਤਾਂ ਚਿਰਜੀਵੀ ਸਾਹਿਤ ਰਚਨ ਵਾਲੇ ਪ੍ਰਬੁੱਧ ਰਚਨਾਕਾਰਾਂ ਬਾਰੇ ਗੱਲ ਕਰਦੇ ਹਾਂ। ਜਿਸ ਦੀਆਂ ਲਿਖਤਾਂ ਦਾ ਅਸਰ ਆਮ ਬੰਦੇ ਤਕ ਵੀ ਜਾਂਦਾ ਏ। ਆਮ ਜਿਹਾ ਦੁੱਕੀ ਦੀ ਹੈਸੀਅਤ ਵਾਲਾ ਸਿੱਖ ਵੀ ਖਾਲਸਾ ਰਾਜ ਨੂੰ ਆਪਣੇ ਨਾਲ ਜੋੜ ਕੇ ਦੇਖਦਾ ਏ।

ਮੈਨੂੰ 1943 ਦੀ ਗੱਲ ਯਾਦ ਆਉਂਦੀ ਏ। ਉਦੋਂ ਮੈਂ ਨਾਭਾ ਰਿਆਸਤ ਦੇ ਪਿੰਡ ਭਾਦਸੋਂ ’ਚ ਪ੍ਰਾਇਮਰੀ ਸਕੂਲ ’ਚ ਪੜ੍ਹਦਾ ਸੀ। ਮੇਰੇ ਫੁੱਫੜ ਜੀ ਦਾ ਲਿਹਾਜੀ ਗੁੱਜਰ ਮੁਹੰਮਦ ਗੌਸ ਤਾਂਗੇ ਵਾਲਾ ਮੈਨੂੰ ਤੇ ਮੇਰੀ ਭੂਆ ਦੇ ਪੁੱਤ ਨੂੰ ਸੈਰ ਕਰਾਓਣ ਨਾਭੇ ਲੈ ਜਾਂਦਾ। ਇਕ ਵਾਰ ਉਹ ਘੋੜੇ ਦੇ ਕਿਸੇ ਸਾਜ਼ ਦੀ ਮੁਰੰਮਤ ਕਰਾਓਣ ਲਈ ਸਾਨੂੰ ਮੁਸਲਮਾਨ ਮੋਚੀ ਦੀ ਹੱਟੀ ’ਤੇ ਬਹਾ ਕੇ ਆਪ ਬਜ਼ਾਰ ਚਲਿਆ ਗਿਆ। ਮੋਚੀ ਕਿਸੇ ਨਾਲ ਗੱਲਾਂ ਕਰਦਾ ਹੁੱਬ ਕੇ ਬੋਲਿਆ,“ਆਖਰ ਨੂੰ ਤਾਂ ਅਸੀਂ ਤਿੰਨ ਸੌ ਸਾਲ ਰਾਜ ਕੀਤੈ

ਹਿੰਦੋਸਤਾਨ 'ਤੇ।"... ਉਹਦੀ ਇਹ ਗੱਲ ਮੈਨੂੰ ਹੁਣ ਤਾਈਂ ਚੁਭਦੀ ਏ। ਸ਼ਾਇਦ ਸੇਖੋਂ ਨੇ ਅਜਿਹੀ ਹੀ ਚੋਭ ਤੋਂ ਬਚਣ ਲਈ ਆਪਣਾ ਰਿਸ਼ਤਾ ਸਿੱਖ ਰਾਜ ਨਾਲ ਜੋੜ ਲਿਆ ਹੋਵੇ। ਜਾਂ ਸਾਰੇ ਜੱਟਾਂ ਦੇ ਅਵਚੇਤਨ 'ਚ ਇਹੀ ਗੱਲ ਹੋਵੇ। ਪੰਜਾਬ 'ਚ ਵਸਦੇ ਹਿੰਦੂ ਰਾਜਪੂਤ ਵੀ ਪਿਦਰਮ ਸੁਲਤਾਨ ਬੂਦ (ਸਾਡੇ ਬਾਪ ਦਾਦਾ ਰਾਜਾ ਸਨ) ਦੇ ਆਸਰੇ ਹਉਮੈ ਦੀ ਤਸੱਲੀ ਕਰਦੇ ਨੇ। .... ਭਾਰਤ ਦੇ ਹੋਰ ਹਿੰਦੂਆਂ ਨੇ ਆਪਣੇ ਆਪ ਨੂੰ ਬਚਾਓਣ ਲਈ ਇਹ ਖੋਖਲਾ ਜਿਹਾ ਨਵਾਂ ਚਿੰਤਨ ਘੜਿਆ ਹੋਇਆ ਏ ਕਿ ਸਾਡੇ 'ਤੇ ਕੋਈ ਰਾਜ ਕਰ ਕੇ ਸਾਡੇ ਸਰੀਰ ਨੂੰ ਤਾਂ ਦਾਸ ਬਣਾ ਸਕਦਾ ਏ, ਪਰ ਸਾਡੀ ਆਤਮਾ ਨੂੰ ਤਾਂ ਨਹੀਂ!

ਖੈਰ ਸੇਖੋਂ ਆਪਣੀ ਏਸ ਤੰਗ ਦ੍ਰਿਸ਼ਟੀ ਦੀਆਂ ਗੱਲਾਂ ਨਾਲ ਏਨਾ ਛੋਟਾ ਨਹੀਂ ਹੁੰਦਾ, ਜਿੰਨਾ ਵੱਡਾ ਉਹਨੂੰ ਉਹਦੀ ਕਹਾਣੀ 'ਪੇਮੀ ਦੇ ਨਿਆਣੇ' ਨੇ ਬਣਾ ਦਿੱਤਾ ਏ। ਉਰਦੂ ਦਾ ਇਕ ਕਹਾਣੀਕਾਰ ਗ਼ੁਲਾਮ ਅੱਬਾਸ ਆਪਣੀ ਸਿਰਫ ਇਕ ਕਹਾਣੀ 'ਆਨੰਦੀ' ਦੇ ਸਿਰ 'ਤੇ ਅਮਰ ਏ। ਉਹਦੀ ਕਹਾਣੀ ਏਸ ਕਹਾਣੀ ਦੀ ਹਿੰਦੀ 'ਚ ਫਿਲਮ 'ਮੰਡੀ' ਬਣੀ ਸੀ। ਓਸ ਕਹਾਣੀ 'ਤੇ ਲੇਖਕ ਵਜੋਂ ਕਿਸੇ ਵੀ ਜਾਤ ਬਰਾਦਰੀ, ਰੰਗ ਨਸਲ ਜਾਂ ਦੇਸ ਦੇ ਬੰਦੇ ਦਾ ਨਾਂ ਲਿਖਣ ਨਾਲ ਕੋਈ ਫਰਕ ਨਹੀਂ ਪੈਂਦਾ।

ਏਸ ਤੋਂ ਹਟਵੀਂ ਉਦਾਹਰਨ ਕੁਲਵੰਤ ਸਿੰਘ ਵਿਰਕ ਦੀ ਏ। ਉਹ ਬਹੁਤ ਜ਼ਹੀਨ ਤੇ ਸੰਵੇਦਨਸ਼ੀਲ ਬੰਦਾ ਤੇ ਕਹਾਣੀਕਾਰ ਸੀ। ਉਹ ਨਿਜੀ ਤੌਰ 'ਤੇ ਬਹੁਤ ਖੁਲ੍ਹੇ ਵਿਚਾਰਾਂ ਵਾਲਾ ਸੀ। ਉਹ ਮੇਰੇ ਨਾਲ ਗੱਲਾਂ ਕਰਦਾ ਖੱਤਰੀਆਂ ਦੀ ਵਡਿਆਈ ਕਰਦਾ ਸੀ। ਸਿੱਖਾਂ ਨੂੰ ਉਹ ਹਿੰਦੂ ਰੁੱਖ ਦੇ 'ਟਾਹਣੀਆਂ ਪੱਤੇ' ਕਹਿੰਦਾ ਹੁੰਦਾ ਸੀ। ਪਰ ਮੈਨੂੰ ਇਹ ਜਾਣ ਕੇ ਹੈਰਾਨੀ ਹੁੰਦੀ ਏ ਕਿ ਉਹਦੀਆਂ ਕਹਾਣੀਆਂ 'ਚ ਇਕ ਵੀ ਪਾਤਰ ਗੈਰ-ਸਿੱਖ ਜੱਟ ਨਹੀਂ। ਉਹ ਦੂਜੇ ਧਰਮਾਂ ਦੇ ਕਿਸਾਨ ਜੱਟਾਂ ਦੇ ਦੁੱਖਾਂ ਤਕਲੀਫਾਂ ਦੀ ਗੱਲ ਨਹੀਂ ਕਰਦਾ, ਸਿਰਫ ਜੱਟ-ਸਿੱਖ ਦੇ ਕਸ਼ਟ ਹੀ ਉਹਨੂੰ ਤੰਗ ਕਰਦੇ ਨੇ। ਉਹਦੇ ਜੱਟ ਪਾਤਰਾਂ 'ਚ ਇਕ ਵੀ ਮੁਸਲਮਾਨ ਜਾਂ ਹਿੰਦੂ ਜੱਟ ਨਹੀਂ। ਸਭ ਜੱਟ ਸਿੱਖ ਨੇ।.... ਪਰ ਉਹਨੇ ਕਈ ਕਹਾਣੀਆਂ ਏਨੀਆਂ ਵਧੀਆ ਲਿਖੀਆਂ ਨੇ ਕਿ ਉਤਲੀ ਗੱਲ ਵਿਅਰਥ ਜਿਹੀ ਲੱਗਦੀ ਏ। ਵਿਰਕ ਦੀਆਂ ਕਹਾਣੀਆਂ ਸਮਾਂ, ਧਰਮ ਤੇ ਦੇਸ਼ ਦੀਆਂ ਸਰਹੱਦਾਂ ਪਾਰ ਕਰਨ ਜੋਗੀਆਂ ਨੇ। ਜਿਨ੍ਹਾਂ 'ਚੋਂ ਆਮ ਉਦਾਹਰਣ ਉਹਦੀ ਕਹਾਣੀ 'ਰਸ ਭਰੀਆਂ' ਦੀ ਦਿੱਤੀ ਜਾਂਦੀ ਏ। ਜਿਸ 'ਚ ਧਰਮ ਤੇ ਜਾਤ ਦੀ ਕੋਈ ਗੁੰਜਾਇਸ਼ ਨਹੀਂ ਏ।

ਅਜਿਹੀਆਂ ਕਹਾਣੀਆਂ ਦਾ ਕਿਸੇ ਨੂੰ ਨਹੀਂ ਪਤਾ ਕਿ ਉਹ ਕਿਵੇਂ ਲਿਖੀਆਂ ਜਾਂਦੀਆਂ ਨੇ? ਵਿਰਕ ਇਹਨੂੰ 'ਅੰਨ੍ਹੇ ਦੇ ਪੈਰ ਹੇਠ ਆਇਆ ਬਟੇਰਾ' ਕਹਿੰਦਾ ਹੁੰਦਾ ਸੀ। ਮੈਂ ਇਹਨੂੰ ਕੋਈ ਰਹੱਸ ਹੀ ਮੰਨਦਾ ਹਾਂ। ਮੈਨੂੰ ਤਾਂ ਆਪਣੀ ਨਵੀਂ ਕਹਾਣੀ ਦੇ ਚੰਗੀ ਮਾੜੀ ਹੋਣ ਦਾ ਪਤਾ ਕੁਝ ਸਿਆਣੇ ਬੰਦਿਆਂ ਦੇ ਕਹਿਣ 'ਤੇ ਈ ਲੱਗਦਾ ਏ।

ਏਥੇ ਇਕ ਹੋਰ ਗੱਲ ਸੋਚਣ ਵਾਲੀ ਏ ਕਿ ਅੱਤ ਦਾ ਜ਼ੁਲਮ ਸਾਡੀ ਸੋਚ ਨੂੰ ਸਾਵੀ ਨਹੀਂ ਰਹਿਣ ਦੇਂਦਾ। ਦਿੱਲੀ 'ਚ ਸਭ ਤੋਂ ਵੱਧ ਵਧੀਆ ਸਿੱਖ ਸਾਹਿਤਕਾਰ ਰਹਿੰਦੇ ਨੇ, ਪਰ ਉਹਨਾਂ ਨੇ ਫਸਾਦਾਂ ਬਾਰੇ ਕੋਈ ਵਧੀਆ ਰਚਨਾ ਨਹੀਂ ਕੀਤੀ। ਇਵੇਂ ਖਾਲਿਸਤਾਨੀ ਲਹਿਰ ਕਿੱਡੀ ਹੀ ਵੱਡੀ ਤੇ ਕੌਮਾਂਤਰੀ ਕਿਉਂ ਨਾ ਹੋਵੇ, ਪਰ ਇਹਦੇ ਹੱਕ 'ਚ ਭੁਗਤਣ ਵਾਲਾ ਕੋਈ ਵਧੀਆ ਸਾਹਿਤ ਨਹੀਂ ਜਚਿਆ ਗਿਆ। ਜਦਕਿ ਨਕਸਲੀ ਲਹਿਰ ਤਿੰਨ ਸਾਲ ਚੱਲ ਕੇ ਵੀ ਕਿੰਨਾ ਸਾਰੇ ਸਾਹਿਤ ਦੀ ਰਚਨਾ ਕਰਵਾ ਗਈ। ਕੀ ਇਥੇ ਮਾਨਵਵਾਦੀ ਹੋਣ ਵਾਲਾ ਕੋਈ ਨੁਕਤਾ ਤੇ ਨਹੀਂ? ਜਾਂ ਦੇਸ਼, ਕਾਲ ਤੇ ਸੌੜੇ ਵਿਸ਼ਵਾਸਾਂ ਦੀਆਂ ਸਰਹੱਦਾਂ ਟੱਪਣ ਜਾਂ ਨਾ ਟੱਪ ਹੋਣ ਵਰਗੀ ਗੱਲ ਤੇ ਨਹੀਂ?

**ਪਤਾ 593, ਮੋਤਾ ਸਿੰਘ ਨਗਰ, ਜਲੰਧਰ, ਮੁਬਾਇਲ-94632 20319**



## ਕਹਾਣੀ / **ਜਮਾਤਣਾਂ** / ਪਿਆਰਾ ਸਿੰਘ ਭੋਗਲ

"ਤੇਰੇ ਸਹੁਰਿਆਂ ਦਾ ਕੋਈ ਸੁਨੇਹਾ ਆਇਐ ਚਿਤਰਾ?"

ਸਰਲਾ ਨੇ ਚਿਤਰਾ ਨੂੰ ਉਸਦੇ ਕੰਨ ਵਿੱਚ ਪੁੱਛਿਆ। ਚਿਤਰਾ ਇਕ ਦਮ ਖਿਝ ਗਈ। ਹੁਣੇ ਆ ਕੇ ਬੈਠੀ ਆਂ। ਇਹਨੂੰ ਸਵਾਲ ਪੁੱਛਣ ਦੀ ਕਾਹਲ ਪੈ ਗਈ। ਕਾਲੀ ਜੀਭ ਵਾਲੀ। ਚੰਦਰੇ ਸਵਾਲ ਪੁੱਛਦੀ ਹੈ। ਸੜਿਆਂ ਨੂੰ ਸਾੜਦੀ ਹੈ। ਤਦੇ ਤਾਂ ਦੋ ਦਿਨ ਇਹਨੂੰ ਆਪਣਾ ਮੂੰਹ ਨਹੀਂ ਸੀ ਦਿਖਾਇਆ। ਪਤਾ ਸੀ, ਜਾਂਦਿਆਂ ਹੀ ਇਹ ਸਵਾਲ ਕੱਢ ਮਾਰੇਗੀ।

"ਮੇਰੀ ਪਿਆਰੀ ਚਿਤਰਾ! ਬੋਲੀ ਨਹੀਂ?" ਸਰਲਾ ਨੇ ਐਤਕੀਂ ਜ਼ਰਾ ਉੱਚੀ ਆਵਾਜ਼ ਨਾਲ ਆਪਣਾ ਸਵਾਲ ਦੁਹਰਾਇਆ।

"ਕਿਹੜੇ ਸਹੁਰੇ? ਤੇ ਕਿਹੜਾ ਸੁਨੇਹਾ? ਬੇਕਦਰਿਆਂ ਦੀ ਦੁਨੀਆਂ ਵਿੱਚ ਜੰਮ ਪਏ ਆਂ। ਏਸ ਕਹਾਣੀ ਦਾ ਭੋਗ ਪਾ। ਕੁਝ ਨਾ ਪੁੱਛ।"

ਸਰਲਾ ਚੁੱਪ ਕਰ ਗਈ। ਨੀਵੀਂ ਪਾ ਲਈ।

ਚਿਤਰਾ ਨੇ ਵੀ ਨੀਵੀਂ ਪਾਈ ਹੋਈ ਸੀ।

ਪਰ ਦੋਨਾਂ ਦੇ ਮਨਾਂ ਵਿੱਚ ਖ਼ਾਮੋਸ਼ੀ ਨਹੀਂ ਸੀ।

ਅੱਜ ਦਾ ਹੀ ਦਿਨ ਸੀ। ਸ਼ੁੱਕਰਵਾਰ। ਚਿਤਰਾ ਆਉਂਦੀ ਹੀ ਬੋਲੀ ਸੀ। "ਸਰਲਾ! ਇਥੋਂ ਵਿਹਲੇ ਹੋ ਕੇ ਆਪਾਂ 'ਟੰਡਨ ਵਸਤਰ ਭੰਡਾਰ" ਜਾਣਾ ਹੈ। ਤਿਆਰ ਸੂਟ ਖਰੀਦਣਾ ਐ। ਤੇਰੀ ਸਲਾਹ ਨਾਲ।"

"ਕੀ ਗੱਲ ਐ ਮੇਰੀ ਜਾਨ?"

"ਯਾਰ! ਡੈਡੀ ਕਹਿੰਦੇ ਐ, ਕੋਈ ਲੋਕ ਆ ਰਹੇ ਐ, ਚੰਡੀਗੜ੍ਹੋਂ ਮੈਨੂੰ ਦੇਖਣ ਐਤਵਾਰ ਨੂੰ। ਮੈਂ ਸੋਚਿਆ ਕੋਈ ਨਵੇਂ ਢੰਗ ਦਾ ਸਜਦਾ ਫਬਦਾ ਸੂਟ ਈ ਲੈ ਲਵਾਂ। ਸ਼ਕਲ ਸੂਰਤ ਤਾਂ ਜ਼ਰਾ ਚੰਗੀ ਲੱਗੇ।"

"ਸ਼ਕਲ ਸੂਰਤ ਨੂੰ ਅੱਗੇ ਕੀ ਕਸਰ ਐ? ਗੋਰਾ ਰੰਗ, ਪਤਲਾ ਸਰੀਰ, ਲੰਮਾਂ ਕੱਦ। ਦੇਖਣ ਵਾਲਿਆਂ ਨੇ ਹੋਰ ਕੀ ਦੇਖਣਾ ਐ?"

ਚਿਤਰਾ ਖੁਸ਼ ਹੋ ਗਈ। ਉਹ ਸੱਚ ਮੁੱਚ ਸੋਹਣੀ ਹੈ। ਸਰਲਾ ਨੇ ਜਿਹੜੇ ਤਿੰਨ ਗੁਣ ਗਿਣਾਏ ਸਨ, ਉਹ ਉਸ ਵਿੱਚ ਸੱਚ ਮੁੱਚ ਸਨ। ਤਾਂ ਵੀ ਉਹ ਮਨ ਹੀ ਮਨ ਵਿੱਚ ਆਪਣੇ ਬਾਰੇ ਸੋਚਦੀ ਸੋਚਦੀ ਕਈ ਵਾਰ ਘਬਰਾ ਜਾਂਦੀ ਹੈ। ਉਸ ਦਿਨ ਸਰਲਾ ਦੀ ਪਸੰਦ ਦਾ ਸੂਟ ਲੈ ਲਿਆ।

"ਦੇਖ! ਇਸ ਸੂਟ ਨਾਲ ਤੇਰਾ ਰੰਗ ਜ਼ਿਆਦਾ ਨਿਖਰਿਆ ਨਿਖਰਿਆ ਲੱਗਦਾ ਹੈ। ਤੂੰ ਬੁਝੇ ਬੁਝੇ ਰੰਗ ਨਾ ਖਰੀਦਿਆਂ ਕਰ। ਚਮਕਦਾਰ ਰੰਗ ਖਰੀਦਿਆ ਕਰ। ਜੁਆਨ ਕੁੜੀ ਐਂ। ਮਾਈਆਂ ਵਾਲੇ ਕੱਪੜੇ ਪਾ ਲੈਂਦੀ ਐਂ।" ਸਰਲਾ ਨੇ ਸਿਆਣੀਆਂ ਤੀਵੀਆਂ ਵਾਂਗ ਉਸ ਨੂੰ ਮੱਤ ਦਿੱਤੀ ਸੀ। ਸਰਲਾ ਵੀ ਸੋਹਣੀ ਹੈ, ਪਰ ਕੱਦ ਬਹੁਤਾ ਛੋਟਾ ਹੈ। ਪਤਲੀ ਹੈ, ਪਰ ਬਹੁਤੀ ਹੀ ਦੁਬਲੀ ਹੈ। ਪਰ ਕੱਪੜੇ ਸੱਚ ਮੁੱਚ ਬਹੁਤ ਫੱਬਦੇ ਪਾਉਂਦੀ ਹੈ। ਉਸਦਾ ਪਹਿਨਿਆ ਸੂਟ ਦੇਖਕੇ ਚਿਤਰਾ ਨੂੰ ਅਕਸਰ ਈਰਖਾ ਆਉਂਦੀ ਹੈ, ਇਹ ਕਿੰਨੇ ਸੋਹਣੇ ਕੱਪੜੇ ਚੁਣਦੀ ਹੈ? ਮੇਰੀ ਮੱਤ ਨੂੰ ਕੀ ਹੋਇਆ ਹੈ?

ਚੰਡੀਗੜ੍ਹ ਵਾਲਾ ਪਰਿਵਾਰ ਆਇਆ। ਮੁੰਡਾ। ਉਸਦੇ ਮਾਂ-ਪਿਉ। ਭੈਣ। ਖੂਬ ਹੱਸ ਹੱਸ ਗੱਲਾਂ ਹੋਈਆਂ। ਚਾਹ ਪੀਤੀ ਗਈ। ਸਾਂਝੀਆਂ ਵਾਕਫੀਅਤਾਂ ਵੀ ਲੱਭ ਪਈਆਂ।

"ਅੱਛਾ ਜੀ। ਜਾ ਕੇ ਤੁਹਾਨੂੰ ਸੁਨੇਹਾ ਭੇਜਾਂਗੇ। ਫੇਰ ਤੁਸੀਂ ਆਇਉ ਚੰਡੀਗੜ੍ਹ।"

ਸੋਮ ਗਿਆ, ਮੰਗਲ ਗਿਆ, ਬੁੱਧ ਤੇ ਵੀਰ ਵੀ ਗਏ। ਸ਼ੁੱਕਰਵਾਰ ਆ ਗਿਆ। ਮਾਂ ਪਿਉ ਵੀ ਸੁਨੇਹਾ

ਉਡੀਕਦੇ ਰਹੇ। ਚਿਤਰਾ ਵੀ। ਚੰਡੀਗੜ੍ਹ ਕਿਤੇ ਵਲਾਇਤ ਹੈ? ਸੁਨੇਹਾ ਕਿਤੇ ਕਬੂਤਰ ਨੇ ਲੈ ਕੇ ਆਉਣਾ ਹੈ, ਜਿਹੜਾ ਜੰਗਲ ਵਿੱਚ ਰਾਹ ਭੁੱਲ ਗਿਆ ਹੋਣੈ। ਘਰ ਘਰ ਟੈਲੀਫੂਨ ਹਨ। ਉਨ੍ਹਾਂ ਨੇ ਟੈਲੀਫੂਨ ਕਰਕੇ ਹੀ ਦੱਸਿਆ ਸੀ, ਸਾਹਨੀ ਸਾਹਿਬ! ਅਸੀਂ ਐਤਵਾਰ ਨੂੰ ਆ ਰਹੇ ਆਂ। ਐਤਕੀਂ ਜੇ ਫੂਨ ਨਹੀਂ ਸੀ ਕਰਨਾ, ਖ਼ਤ ਵੀ ਹੁਣ ਤੱਕ ਪਹੁੰਚ ਸਕਦਾ ਸੀ। ਦੂਜੇ ਦਿਨ ਤਾਂ ਚੰਡੀਗੜ੍ਹੋਂ ਖ਼ਤ ਆ ਪਹੁੰਚਦਾ ਹੈ। ਕੋਰੀਅਰ ਰਾਹੀਂ ਤਾਂ ਸਵੇਰ ਦਾ ਸੁਨੇਹਾ ਸ਼ਾਮ ਨੂੰ ਆ ਜਾਂਦਾ ਹੈ। ਭੈੜਿਆਂ ਦੀ ਬਦਨੀਤ ਹੋਣੀ ਹੈ। ਨਾਂਹ ਨਹੀਂ ਕੀਤੀ। ਚੁੱਪ ਕਰ ਗਏ। ਪਰ ਮੇਰੀ ਤਾਂ ਬੇਇੱਜ਼ਤੀ ਹੋ ਗਈ। ਬੇਗਾਨਿਆਂ ਵਿਚ ਤਾਂ ਬੇਇਜ਼ਤੀ ਹੋਈ ਹੀ ਹੈ, ਆਪਣੇ ਟੱਬਰ ਵਿੱਚ ਵੀ ਮਿੱਟੀ ਪਲੀਦ ਹੋ ਗਈ। ਮੇਰੇ ਮਾਂ ਪਿਉ, ਭੈਣ-ਭਰਾ ਬੋਲਦੇ ਨਹੀਂ, ਪਰ ਮਨ ਵਿੱਚ ਇਹੋ ਸੋਚਦੇ ਹੋਣੇ ਐ-ਇਹ ਚਿਤਰਾ ਪਸੰਦ ਨਹੀਂ ਆਈ ਉਨ੍ਹਾਂ ਨੂੰ। ਧੀ ਪੁੱਤ ਜਿਹੋ ਜਿਹਾ ਐ, ਅਸੀਂ ਉਹੋ ਜਿਹਾ ਹੀ ਦਿਖਾ ਸਕਦੇ ਆਂ। ਇਹਨੂੰ ਹੋਰ ਕਿਹਦੇ ਨਾਲ ਬਦਲ ਲਈਏ? ਅਗਲੇ ਕਿਸੇ ਹੋਰ ਨੂੰ ਦੇਖਣ ਤੁਰ ਗਏ ਹੋਣਗੇ। ਕੁੜੀ ਨੇ ਸਾਡੀ ਸਾਰਿਆਂ ਦੀ ਹੇਠੀ ਕਰਾ ਦਿੱਤੀ।

ਉੱਧਰ ਸਰਲਾ ਦਾ ਵੀ ਮਨ ਆਪਣੇ ਆਪ ਨਾਲ ਗੱਲੀਂ ਲੱਗਾ ਹੋਇਆ ਸੀ।

ਇਹਨੂੰ ਚਿਤਰਾ ਨੂੰ ਤਾਂ ਆਸ਼ਾ ਸੀ ਹੀ। ਮੈਨੂੰ ਵੀ ਆਸ਼ਾ ਸੀ। ਜੇ ਇਹ ਪਸੰਦ ਹੋ ਗਈ, ਤਾਂ ਕਲ੍ਹ ਨੂੰ ਮੈਂ ਵੀ ਪਸੰਦ ਹੋ ਜਾਊਂ। ਇਹਦਾ ਵਿਆਹ ਹੋਊ। ਇਹਦੇ ਵਿਆਹ ਤੇ ਅੰਗ-ਸਾਕ ਆਉਣਗੇ। ਮੁੰਡੇ ਵਾਲੇ ਵੀ। ਕੁੜੀ ਵਾਲੇ ਵੀ। ਮੈਂ ਤਾਂ ਮੇਰੇ ਮਾਂ ਪਿਉ ਵੀ ਵਿਆਹ ਤੇ ਜਾਵਾਂਗੇ। ਇਹੋ ਜਿਹੇ ਮੌਕਿਆਂ ਤੇ ਹੋਰ ਰਿਸ਼ਤੇ ਵੀ ਤੈਅ ਹੋ ਜਾਂਦੇ ਐ। ਕਮਲਜੀਤ ਕੌਰ ਹਰਜੀਤ ਕੌਰ ਦੇ ਵਿਆਹ ਵਿੱਚ, ਇੱਦਾਂ ਹੀ ਪਸੰਦ ਹੋਈ ਸੀ। 16 ਜਨਵਰੀ ਨੂੰ ਹਰਜੀਤ ਕੌਰ ਦੀ ਡੋਲੀ ਤੁਰੀ। 16 ਫਰਵਰੀ ਨੂੰ ਕਮਲਜੀਤ ਵੀ ਤੁਰ ਗਈ। ਦੋਵੇਂ ਪਟਿਆਲੇ ਚਲੀਆਂ ਗਈਆਂ। ਦੋਵੇਂ ਰਾਘੋ ਮਾਜਰੇ ਜਾ ਵਸੀਆਂ। ਪਰ ਇਹ ਚਿਤਰਾਂ ਤਾਂ ਦਿਲ ਢਾਹੀ ਬੈਠੀ ਹੈ। ਬਿਲਕੁਲ ਨਿਰਾਸ਼ ਤੇ ਨਾਰਾਜ਼। ਸੋਮਵਾਰ ਤੇ ਮੰਗਲਵਾਰ ਬੜੀ ਖੁਸ਼ ਖੁਸ਼ ਮਿਲੀ ਸੀ। ਪਰ ਇਹ ਵੀ ਸੱਚੀ ਹੈ। ਅਗਲਿਆਂ ਨੂੰ ਹੁਣ ਤੱਕ 'ਹਾਂ' ਭੇਜਣੀ ਚਾਹੀਦੀ ਸੀ। ਅੱਵਲ ਤਾਂ ਉਸੇ ਵੇਲੇ 'ਹਾਂ' ਕਰਕੇ ਜਾਂਦੇ। ਕਹਿ ਕੇ ਜਾਂਦੇ, ਚੰਗਾ ਜੀ, ਸਾਨੂੰ ਚਿਤਰਾ ਪਸੰਦ ਹੈ। ਤੁਸੀਂ ਸਾਡਾ ਘਰ ਬਾਰ ਦੇਖਣ ਫਲਾਣੇ ਦਿਨ ਆ ਜਾਇਉ।

ਸਾਡੇ ਕੁੜੀਆਂ ਦੇ ਲੇਖ ਠੰਢੇ ਹੀ ਲਗਦੇ ਐ। ਗੰਭੀਰ ਠੀਕ ਹੀ ਕਹਿੰਦੀ ਸੀ। ਜਿਨ੍ਹਾਂ ਦਿਨਾਂ ਵਿੱਚ ਅਸੀਂ ਨਿੰਮੀਆਂ ਜੰਮੀਆਂ ਹੋਊਂਗੀਆਂ, ਆਕਾਸ਼ ਵਿੱਚ ਸੁਲੱਖਣਾ ਤਾਰਾ ਡੁੱਬਿਆ ਹੋਇਆ ਹੋਣਾ ਐ। ਤਾਂ ਹੀ ਸਾਡੇ ਵਿੱਚੋਂ ਕਿਸੇ ਦਾ ਸੰਯੋਗ ਨਹੀਂ ਰਲਦਾ ਪਿਆ ਹੈ। ਡੁੱਬੇ ਤਾਰੇ ਵਾਲਿਆਂ ਦੇ ਭਾਗ ਠੰਢੇ ਹੀ ਹੁੰਦੇ ਐ।

ਪਹਿਲਾਂ ਉਨ੍ਹਾਂ ਸਾਰੀਆਂ ਨੇ ਗੌਰਮਿੰਟ ਕਾਲਜ ਫਾਰ ਵਿਮਿਨ ਤੋਂ ਬੀ. ਏ. ਕੀਤੀ। ਫੇਰ ਬੀ. ਐਡ. ਕੀਤੀ। ਦੋ ਸਾਲ ਨੌਕਰੀ ਲੱਭਦੀਆਂ ਰਹੀਆਂ। ਗੈਰ ਸਰਕਾਰੀ ਸਕੂਲਾਂ ਵਿੱਚ ਨੌਕਰੀਆਂ ਕੀਤੀਆਂ। ਚੰਗੀ ਕਿਸਮਤ ਨੂੰ ਐਮ. ਐਡ. ਵਿੱਚ ਸੀਟਾਂ ਮਿਲ ਗਈਆਂ। ਹੁਣ ਤਾਂ ਐਮ. ਐਡ. ਵੀ ਹੋਣ ਵਾਲੀ ਐ। ਸਾਲ ਨੂੰ ਇਹ ਵੀ ਡਿਗਰੀ ਮਿਲ ਜਾਣੀ ਐ। ਪਰ ਪੱਚੀ ਪੱਚੀ ਸਾਲਾਂ ਦੀਆਂ ਹੋਣ ਲੱਗੀਆਂ ਆਂ। ਅਜੇ ਤੱਕ ਵਿਆਹ ਵਾਲੀ ਸੀਟ ਨਹੀਂ ਮਿਲਦੀ ਪਈ।

"ਮੁੰਡਿਆ ਨੂੰ ਕੁੱਕੜਾਂ ਨੇ ਚੁੱਗ ਲਿਆ ਹੈ?" ਲਲਿਤਾ ਨੇ ਠੀਕ ਹੀ ਕਿਹਾ ਸੀ।

ਅਚਾਨਕ ਰਮਣੀਕ ਆ ਪਰਗਟ ਹੋਈ। ਚਿਤਰਾ ਉਸਨੂੰ ਦੇਖ ਕੇ ਜਿਵੇਂ ਦੇਖਦੀ ਹੀ ਰਹਿ ਗਈ।

"ਕੀ ਗੱਲ ਐ, ਬਹੁਤ ਘੂਰ ਘੂਰ ਦੇਖਦੀ ਐ?" ਰਮਣੀਕ ਨੇ ਹੈਰਾਨੀ ਨਾਲ ਪੁੱਛਿਆ। ਉਂਞ ਰਮਣੀਕ ਨੂੰ ਪਤਾ ਹੈ, ਇਹ ਉਸਨੂੰ ਟਿਕਟਿਕੀ ਬੰਨ੍ਹ ਕੇ ਕਿਉਂ ਦੇਖਦੀ ਹੈ? ਅੱਜ ਪਹਿਲੀ ਵਾਰ ਤਾਂ ਚਿਤਰਾ ਨੇ ਉਸਨੂੰ ਇਉਂ ਘੂਰਿਆ ਨਹੀਂ। ਬਹੁਤ ਵਾਰ ਘੂਰਦੀ ਹੈ। ਚੁੱਪ ਬੈਠੀ ਉਸ ਵੱਲ ਦੇਖੀ ਜਾਏਗੀ, ਦੇਖੀ ਜਾਏਗੀ। ਰਮਣੀਕ ਇਹ ਪੁੱਛਣ ਦੀ ਥਾਂ ਕਿ ਤੂੰ ਮੈਨੂੰ ਕਿਉਂ ਤਾੜ ਤਾੜ ਦੇਖਦੀ ਹੈ, ਇਹ ਪੁੱਛ ਲੈਂਦੀ ਹੈ-

"ਚੁਪ ਚੁੱਪ ਬੈਠੇ ਹੋ, ਜ਼ਰੂਰ ਕੋਈ ਬਾਤ ਹੈ।"



ਚਿਤਰਾ ਨੇ ਕਿਹਾ, "ਤੂੰ ਪਹਾੜਾਂ ਤੋਂ ਉੱਤਰ ਆਈ ਐ?"

"ਮੈਡਮ! ਪਹਾੜਾਂ ਉੱਤੇ ਚੜ੍ਹ ਕੇ ਕੋਈ ਨਹੀਂ ਰਹਿ ਸਕਦਾ। ਸਭ ਨੂੰ ਉਤਰਨਾ ਵੀ ਪੈਂਦਾ ਹੈ।"

"ਕਾਲਜ ਵਿੱਚ ਛੁੱਟੀਆਂ ਤਾਂ ਸਿਰਫ ਦਸ ਸਨ, ਤੂੰ ਤਾਂ ਵੀਹ ਦਿਨ ਉੱਥੇ ਬੈਠੀ ਰਹੀ।"

"ਚਿਤਰਾ! ਚੰਗਾ ਈ ਐ, ਠੰਡੀ ਥਾਂ ਵੀਹ ਦਿਨ ਕੱਟ ਆਈ। ਇੱਥੇ ਤਾਂ ਗਰਮੀ ਨੇ ਆਪਾਂ ਦੀ ਮੱਤ ਮਾਰੀ ਹੋਈ ਐ। ਨਾਂ ਮੀਂਹ ਪੈਂਦਾ ਐ, ਨਾ ਮੌਸਮ ਠੰਡਾ ਹੁੰਦਾ ਐ।" ਰੇਖਾ ਬੋਲੀ।

"ਠੰਡੀ ਥਾਂ ਰਹਿ ਕੇ ਰੰਗ ਹੋਰ ਗੋਰਾ ਕਰਵਾ ਆਈ ਹੈ" ਚਿਤਰਾ ਨੇ ਰਮਣੀਕ ਦੇ ਚਿਹਰੇ ਨੂੰ ਪਹਿਲਾਂ ਵਾਂਗ ਹੀ ਘੂਰਦਿਆਂ ਮਨ ਈ ਮਨ ਵਿੱਚ ਆਖਿਆ।

ਰਮਣੀਕ ਦਾ ਰੰਗ ਗੋਰਾ ਈ ਨਹੀਂ, ਗੁਲਾਬੀ ਗੁਲਾਬੀ ਵੀ ਹੈ। ਪ੍ਰੋ. ਸ੍ਰੀਮਤੀ ਮਿੱਢਾ ਨੇ ਤਾਂ ਇਕ ਦਿਨ ਜਮਾਤ ਵਿੱਚ ਈ ਕਹਿ ਦਿੱਤਾ ਸੀ-"ਤੁਸੀਂ ਕੁੜੀਆਂ ਰਮਣੀਕ ਤੋਂ ਚਿਹਰਾ ਸਵਾਰਨਾ ਸਿਖੋ। ਦੇਖੋ! ਇਹ ਆਪਣੀ ਸਕਿਨ ਦੀ ਸੰਭਾਲ ਦਾ ਕਿੱਨਾ ਧਿਆਨ ਰੱਖਦੀ ਹੈ।"

ਰਮਣੀਕ ਨੇ ਮੈਟਰਿਕ ਪਾਸ ਕਰਕੇ ਪਹਿਲਾਂ ਕਾਲਜ ਵਿਚ ਦਾਖਲਾ ਨਹੀਂ ਸੀ ਲਿਆ। ਮਾਂ ਬਿਮਾਰ ਸੀ। ਪਿਤਾ ਜੀ ਨੌਕਰੀ ਤੇ ਜਾਂਦੇ ਸੀ। ਭਰਾ ਨੂੰ ਇੰਜਨੀਅਰਿੰਗ ਕਾਲਜ ਵਿਚ ਦਾਖਲਾ ਮਿਲ ਗਿਆ ਸੀ। ਘਰ ਵਿੱਚ ਮਾਂ ਨੂੰ ਸੰਭਾਲਣ ਵਾਲਾ ਕੋਈ ਨਹੀਂ ਸੀ। ਰਮਣੀਕ ਨੇ ਸਾਲ ਭਰ ਮਾਂ ਨੂੰ ਸੰਭਾਲਿਆ, ਤੇ ਨਾਲ ਹੀ ਕੁੜੀਆਂ ਦੇ ਪਾਲੀਟੈਕਨਿਕ ਵਿੱਚ ਸ਼ਾਮ ਦੀ ਸ਼ਿਫ਼ਟ ਵਿੱਚ "ਸਕਿਨ ਤੇ ਹੇਅਰ-ਕੇਅਰ' ਦਾ ਡਿਪਲੋਮਾ ਕਰ ਲਿਆ ਸੀ। ਅਗਲੇ ਸਾਲ ਮਾਂ ਨੂੰ ਠੀਕ ਦੇਖਕੇ ਕਾਲਜ ਪਹੁੰਚ ਗਈ ਸੀ। ਕੀ ਉਹ ਸੱਚ ਮੁੱਚ ਆਪਣਾ ਫੇਸ਼ੀਅਲ ਕਰਦੀ ਸੀ, ਇਸ ਬਾਰੇ ਕਿਸੇ ਕੁੜੀ ਨਾਲ ਉਹ ਗਲ ਨਹੀਂ ਕਰਦੀ ਸੀ। ਸਹੇਲੀਆਂ ਗਲ ਛੇੜਦੀਆਂ, ਤਾਂ ਉਹ ਮੁਸਕਰਾਂਉਂਦੀ ਰਹਿੰਦੀ। ਤਾਂ ਵੀ ਚਿਹਰੇ ਦੇ ਰੂਪ ਰੰਗ ਵਲੋਂ ਉਹ ਸੱਚ ਮੁੱਚ ਦਿਲਕਸ਼ ਸੀ।

ਪਰ ਚਿਤਰਾ ਉਸਨੂੰ ਆਪਣੇ ਨਾਲੋਂ ਵੱਧ ਸੋਹਣੀ ਮੰਨਣ ਲਈ ਤਿਆਰ ਨਹੀਂ ਸੀ।

"ਹੈ ਕੀ ਗਿੱਠੀ ਜਿਹੀ।" ਚਿਤਰਾ ਮਨ ਹੀ ਮਨ ਵਿੱਚ ਖਿਝਦੀ।

ਉਸਦਾ ਕੱਦ ਸਰਲਾ ਜਿੰਨਾ ਛੋਟਾ ਨਹੀਂ ਸੀ, ਪਰ ਸਰਲਾ ਤਾਂ ਚਿਤਰਾ ਦੀ ਸਹੇਲੀ ਸੀ। ਪਰ ਕੀ ਰਮਣੀਕ ਉਸ ਦੀ ਦੁਸ਼ਮਣ ਸੀ? ਨਹੀਂ। ਜਮਾਤ ਤਾਂ ਵੱਡੀ ਸੀ। ਪਰ ਉਨ੍ਹਾਂ ਗਿਆਰਾਂ ਦਾ ਇਕ ਜੁੱਟ ਸੀ। ਸ੍ਰੀਮਤੀ ਮਿੱਢਾ ਦੇ ਕਹਿਣ ਮੁਤਾਬਕ ਉਨ੍ਹਾਂ ਨੇ ਗਿਆਰਾਂ ਮੈਂਬਰੀ ਟੀਮ ਬਣਾਈ ਹੋਈ ਸੀ। ਜਮਾਤ ਵਿੱਚ ਇਕ ਪਾਸੇ ਦੇ ਚਾਰ ਬੈਂਚਾ ਉੱਤੇ ਰਲ ਕੇ ਬੈਠਦੀਆਂ। ਪਹਿਲੇ ਬੈਂਚ ਉੱਤੇ ਚਿੱਤਰਾ, ਚਾਂਦ ਰਾਣੀ ਤੇ ਸਰਲਾ। ਦੂਜੇ ਉੱਤੇ ਰਮਣੀਕ, ਰੁਪਿੰਦਰ ਤੇ ਰੇਖਾ ਤੇ ਤੀਜੇ ਉੱਤੇ ਲਲਿਤਾ, ਗੰਭੀਰ ਤੇ ਜੁਗਿੰਦਰ। ਚੌਥੇ ਉੱਤੇ ਬਾਕੀ ਸਹੇਲੀਆਂ।

ਰਮਣੀਕ ਦੀ ਮਾਸੀ ਧਰਮਪੁਰ ਰਹਿੰਦੀ ਹੈ। ਸ਼ਿਮਲੇ ਦੇ ਰਾਹ ਵਿੱਚ। ਮਾਸੜ ਜੰਗਲਾਤ ਅਫਸਰ ਹੈ। 30 ਸਾਲ ਤੋਂ ਨੌਕਰੀ ਹਿਮਾਚਲ ਵਿੱਚ ਹੀ ਕੀਤੀ ਹੈ। ਸਾਰਾ ਮਹਿਕਮਾ ਜਾਣਦਾ ਹੈ। ਮਾਸੀ ਨੇ ਭੈਣ ਨੂੰ ਕਿਹਾ ਸੀ, ਇਹਨੂੰ ਰਮਣੀਕ ਨੂੰ ਸਾਡੇ ਪਾਸ ਭੇਜੋ। ਕਿਸੇ ਵਾਕਿਫ਼ ਟੱਬਰ ਵਿੱਚ ਇਹਦੇ ਲਈ ਮੁੰਡਾ ਲੱਭੀਏ। ਮਾਸੀ ਨੇ ਆਪਣੀ ਧੀ ਦੋ ਸਾਲ ਪਹਿਲਾਂ ਸ਼ਿਮਲੇ ਦੇ ਵਾਕਿਫ਼ ਟੱਬਰ ਵਿੱਚ ਵਿਆਹ ਲਈ ਸੀ, ਉਹ ਆਪਣੇ ਘਰ ਖੁਸ਼ੀ ਖੁਸ਼ੀ ਵੱਸਦੀ ਹੈ। ਉਹ ਆਪ ਤਾਂ ਰਾਵਲਪਿੰਡੀ ਜ਼ਿਲ੍ਹੇ ਤੋਂ 1947 ਵਿੱਚ ਆਏ ਸਨ, ਪਰ ਕੁੜਮ ਲੱਭ ਪਏ, ਸ਼ਿਮਲੇ ਦੇ ਪੁਰਾਣੇ ਅਰੋੜਾ ਟੱਬਰਾਂ ਵਿਚੋਂ। ਰਮਣੀਕ ਲਈ ਵੀ ਕੋਈ ਮੁੰਡਾ ਇੱਥੇ ਲੱਭ ਲੈਣਾ ਹੈ। ਦੋਵੇਂ ਭੈਣਾਂ ਇਕ ਦੂਜੇ ਨੂੰ ਮਿਲਿਆ ਵਰਤਿਆ ਕਰਨਗੀਆਂ। ਮਾਸੀ ਸੁਖਵੰਤੀ ਦੀ ਦਲੀਲ ਸੀ।

"ਇਹਦੇ ਰਿਸ਼ਤੇ ਨਾਤੇ ਦੀ ਗਲ ਕਿਤੇ ਚੱਲੀ ਹੋਣੀ ਹੈ, ਤਾਂ ਹੀ ਇੱਨੇ ਦਿਨ ਧਰਮਪੁਰ ਬੈਠੀ ਰਹੀ।" ਚਿਤਰਾ ਤੇ ਸਰਲਾ ਸੋਚਦੀਆਂ ਹਨ। ਪਰ ਰਮਣੀਕ ਨੇ ਨਾਂ ਜਾਣ ਤੋਂ ਪਹਿਲਾਂ ਆਪਣੇ ਰਿਸ਼ਤੇ ਦੀ ਗਲ

ਕੀਤੀ, ਨਾਂ ਵਾਪਸ ਆ ਕੇ ਗਲ ਛੇੜੀ।

ਟੋਲੀ ਦੀਆਂ ਹੋਰ ਕੁੜੀਆਂ ਵੀ ਨਹੀਂ ਕਰਦੀਆਂ। ਪਰ ਚਾਂਦ ਰਾਣੀ ਗਲ ਛੇੜੇ ਬਿਨਾਂ ਨਹੀਂ ਰਹਿ ਸਕਦੀ। ਗਲ ਵੀ ਸਭ ਤੋਂ ਪਹਿਲਾਂ ਚਿਤਰਾ ਦੇ ਰਿਸ਼ਤੇ ਦੀ ਹੀ ਕਰਦੀ ਹੈ। ਇਕ ਕਾਰਨ ਤਾਂ ਇਹ ਹੈ ਕਿ ਚਿਤਰਾ, ਕੱਦ ਵਿੱਚ ਰੇਖਾ ਨੂੰ ਛੱਡਕੇ, ਸਭ ਸਹੇਲੀਆਂ ਨਾਲੋਂ ਵੱਡੀ ਹੈ। ਪੜ੍ਹਾਈ ਵਿੱਚ ਸਿਰਕੱਢ ਹੈ। ਪੜ੍ਹਾਈ ਵਿੱਚ ਰੁਪਿੰਦਰ, ਰੇਖਾ, ਰਮਣੀਕ, ਜੁਗਿੰਦਰ, ਲਲਿਤਾ ਤੇ ਸਰਲਾ ਵੀ ਉਸਦਾ ਮੁਕਾਬਲਾ ਕਰਦੀਆਂ ਹਨ, ਪਰ ਉਹ ਚੁੱਪ ਕੀਤੀਆਂ ਹਨ। ਚਿਤਰਾ ਖੁਲ੍ਹ ਕੇ ਗਲ ਕਰਦੀ ਹੈ। ਪ੍ਰਾਧਿਆਪਕਾਂ ਨਾਲ ਵੀ। ਜਮਾਤਣਾਂ ਨਾਲ ਵੀ। ਇਸ ਮਾਮਲੇ ਵਿਚ ਚਾਂਦ ਰਾਣੀ ਤੇ ਚਿਤਰਾ ਟੋਲੀ ਦੀਆਂ ਨੇਤਾ ਹਨ।

"ਚਾਂਦ ਰਾਣੀ ਤਾਂ ਸਾਡੇ ਸਾਰਿਆਂ ਨਾਲੋਂ ਵੱਧ ਤਜਰਬੇਕਾਰ ਵੀ ਹੈ।" ਰੇਖਾ ਹੱਸ ਕੇ ਕਹਿੰਦੀ ਹੈ।

"ਪਰ ਮੈਡਮ ਨਾਲ ਚੰਗੀ ਨਹੀਂ ਹੋਈ।" ਰੇਖਾ ਕਹਿੰਦੀ ਹੈ। "ਪਤੀ ਚੰਗਾ ਨਹੀਂ ਨਿਕਲਿਆ। ਬੇਕਦਰਾ ਮਰਦ। ਚਾਂਦ ਰਾਣੀ ਦੀ ਕਦਰ ਨਹੀਂ ਪਾਈ। ਏਨੀ ਪੜ੍ਹੀ ਲਿਖੀ ਤੇ ਮਿੱਠ ਬੋਲੜੀ ਚਾਂਦ ਰਾਣੀ।"

"ਇਹਦੇ ਮਾਂ ਪਿਓ ਨੇ ਰਿਸ਼ਤਾ ਕਰਨ ਵੇਲੇ ਠੀਕ ਪੁੱਛ-ਪੜਤਾਲ ਨਹੀਂ ਕੀਤੀ ਹੋਣੀ। ਭੈੜੇ ਬੰਦੇ ਨਾਲ ਕੁੜੀ ਵਿਆਹ ਛੱਡੀ।"

ਚਾਂਦ ਰਾਣੀ ਬਾਕੀ ਮਿੱਤਰ ਮੰਡਲੀ ਨਾਲੋਂ ਉਮਰ ਵਿੱਚ ਵੱਡੀ ਹੈ। ਸਹੇਲੀਆਂ ਉਸ ਦੀ ਉਮਰ ਨਹੀਂ ਪੁੱਛਦੀਆਂ। ਤਾਂ ਵੀ ਜਦੋਂ ਬੀ. ਐਡ ਵਿੱਚ ਇਨ੍ਹਾਂ ਨਾਲ ਰਲੀ, ਤਾਂ ਦੇਖ ਕੇ ਹੈਰਾਨ ਹੋਈਆਂ ਸਨ, ਇਹਨੂੰ ਵੱਡੀ ਉਮਰ ਵਿੱਚ ਪੜ੍ਹਨ ਦੀ ਕੀ ਮਜਬੂਰੀ ਪੈ ਗਈ? ਪਰ ਚਾਂਦ ਰਾਣੀ ਰੋਂਦੂ ਨਹੀਂ। ਸਜ ਫਬ ਕੇ ਰਹਿੰਦੀ ਹੈ, ਤੇ ਕੁੜੀਆਂ ਵਿੱਚ ਕੁੜੀ ਬਣੀ ਰਹਿੰਦੀ ਹੈ।

ਆਪ ਹੀ ਇਕ ਵਾਰ ਸਹੇਲੀਆਂ ਨੂੰ ਦੱਸ ਦਿੱਤਾ ਸੀ, "ਮੈਂ ਸੱਤ ਸਾਲ ਵਿਆਹੀ ਰਹੀ, ਬੜਾ ਸਬਰ ਰੱਖਿਆ। ਸੋਚਿਆ, ਕਿਸੇ ਤਰ੍ਹਾਂ ਰਿਸ਼ਤਾ ਨਿਭ ਜਾਏ, ਪਰ ਬੰਦਾ ਸੁਧਰਿਆ ਨਾ।"

"ਤੁਹਾਡੇ ਪਤੀ ਕੀ ਕਰਦੇ ਸਨ?" ਕੁੜੀਆਂ ਨੇ ਝਿਜਕਦਿਆਂ ਝਿਜਕਦਿਆਂ ਪੁੱਛਿਆ ਸੀ।

"ਫਾਈਨੈਂਸ ਕੰਪਨੀ ਚਲਾਉਂਦੇ ਹਨ। ਸ਼ਹਿਰ ਦੀ ਸਭ ਤੋਂ ਪੁਰਾਣੀ ਫਾਈਨੈਂਸ ਕੰਪਨੀ। ਹੁਣ ਤਾਂ ਬੈਂਕ ਦਾ ਦਰਜਾ ਮਿਲ ਗਿਆ ਹੈ ਕੰਪਨੀ ਨੂੰ। ਕੰਪਨੀ ਵਿੱਚ ਸ਼ੁਰੂ ਸ਼ੁਰੂ ਕਲਰਕ ਭਰਤੀ ਹੋਈ ਸੀ ਰਖਸ਼ਾ ਦੇਵੀ। ਦੋ ਬੱਚਿਆਂ ਦੀ ਵਿਧਵਾ ਮਾਂ। ਉਸ ਨਾਲ ਦਿਲ ਮਿਲ ਗਿਆ ਸਾਡੇ ਬਾਬੂ ਜੀ ਦਾ। ਮੇਰੇ ਨਾਲ ਵਿਆਹ ਕਰਵਾ ਕੇ ਵੀ ਰਖਸ਼ਾ ਦੇਵੀ ਨਹੀਂ ਛੱਡੀ। ਗਲ ਗਲ ਵਿੱਚ ਮੇਰਾ ਉਸ ਨਾਲ ਟਾਕਰਾ ਕਰਿਆ ਕਰਨ। ਮੈਂ ਮਨ ਹੀ ਮਨ ਵਿੱਚ ਕਹਿਣਾ, ਬੰਦਿਆਂ ਰੱਬ ਦਿਆ! ਜੇ ਉਹਨੂੰ ਰਾਮ ਗਊ ਨੂੰ ਨਹੀਂ ਵੀ ਛੱਡਣਾ, ਤਾਂ ਘੱਟ ਤੋਂ ਘੱਟ ਮੇਰੇ ਪਾਸ ਤਾਂ ਉਹਦਾ ਰਾਗ ਨਾ ਛੇੜਿਆ ਕਰ। ਪਰ ਮੇਰਾ ਪਤੀ ਮੇਰੇ ਪਾਸ ਆ ਕੇ ਵੀ ਮਨੋ ਮਨੀਂ ਰਖਸ਼ਾ ਦੀ ਬਗਲ ਵਿੱਚ ਬੈਠਾ ਰਹਿੰਦਾ। ਹਾਰ ਕੇ ਛੱਡ ਆਈ।"

"ਮੈਡਮ ਜੀ! ਤੁਹਾਡਾ ਜਜਰਬਾ ਦੱਸਦਾ ਐ, ਵਿਆਹ ਕਰਾਉਣਾ ਬੜਾ ਖਤਰਨਾਕ ਕੰਮ ਐ। ਕੀ ਪਤਾ ਐ, ਬਗਾਨਾ ਪੁੱਤ ਕਿਹੋ ਜਿਹਾ ਨਿਕਲੇ?" ਰਮਣੀਕ ਨੇ ਚਾਂਦ ਰਾਣੀ ਦੀ ਵਿਥਿਆ ਸੁਣ ਕੇ ਕਿਹਾ ਸੀ।

"ਤਾਂ ਵੀ ਕੁੜੀਓ! ਵਿਆਹ ਜ਼ਰੂਰ ਕਰਾਉ। ਇਹ ਮਥਰਾ ਦੇ ਪੇੜੇ ਐ। ਖਾ ਕੇ ਵੀ ਤ੍ਰਿਪਤੀ ਨਹੀਂ ਹੁੰਦੀ। ਪਰ ਨਾ ਖਾਧੇ ਬਿਨਾ ਵੀ ਨਹੀਂ ਰਹਿਆ ਜਾਣਾ। ਸੋ ਵਿਆਹ ਜ਼ਰੂਰ ਕਰਾਉ,

ਚਾਂਦ ਰਾਣੀ ਸਹੇਲੀਆਂ ਦੇ ਵਿਆਹ ਦੀ ਚਿੰਤਾ ਕਰਦੀ ਰਹਿੰਦੀ ਹੈ। ਖਾਸ ਤੌਰ ਤੇ ਚਿਤਰਾ ਦੇ ਵਿਆਹ ਦੀ।

ਜਨਵਰੀ ਵਿੱਚ ਇਕ ਦਿਨ ਰੁਪਿੰਦਰ ਸਵੇਰੇ ਸਵੇਰੇ ਕਾਲਜ ਆਈ, ਤਾਂ ਸਰਲਾ ਨੇ ਉਸ ਦੀਆਂ ਕਿਤਾਬਾਂ ਦੇ ਨਾਲ ਫੜਿਆ ਕਾਰਡ ਦੇਖਿਆ, ਜਿਸ ਉੱਤੇ ਅੰਗਰੇਜ਼ੀ ਵਿਚ ਛਪੇ ਹੋਏ ਅੱਖਰ "ਵੈਡਿੰਗ ਕਾਰਡ' ਦੂਰੋਂ ਹੀ ਸੁਨਹਿਰੀ ਲਿਸ਼ਕ ਰਹੇ ਸਨ। ਸਰਲਾ ਨੇ ਚਿਤਰਾ ਦੇ ਕੰਨ ਵਿੱਚ ਆਖਿਆ, "ਰੁਪਿੰਦਰ ਦੇ



ਵਿਆਹ ਦੀ ਤਾਰੀਖ ਤੈਅ ਹੋ ਗਈ ਐ। ਆਪਾਂ ਸੱਭ ਨੂੰ ਦਾਅਵਤ ਦੇਣ ਲਈ ਕਾਰਡ ਚੁੱਕੀ ਫਿਰਦੀ ਐ।"

"ਨੀਂ ਕਦੋਂ ਦਾ?" ਚਿਤਰਾ ਉਤਸਾਹ ਨਾਲ ਬੋਲੀ, ਤੇ ਨਾਲ ਹੀ ਚਿਤਰਾ ਨੇ ਸਾਹਮਣਿਉਂ ਆਉਂਦੀ ਗੰਭੀਰ ਨੂੰ ਕਿਹਾ।

"ਤੈਨੂੰ ਪਤਾ ਐ, ਰੁਪਿੰਦਰ ਦਾ ਵਿਆਹ ਐ?"

"ਬੜੀ ਤੇਜ਼ ਕਿਸਮਤ ਵਾਲੀ ਨਿਕਲੀ ਐ?" ਗੰਭੀਰ ਬੋਲੀ। ਉਸਨੇ ਇਕ ਇਕ ਕਰਕੇ ਸਾਰੀਆਂ ਸਾਥਣਾਂ ਨੂੰ ਖਬਰ ਦਿੱਤੀ। ਪਹਿਲਾ ਪੀਰੀਅਡ ਲੱਗਣ ਵਾਲਾ ਸੀ। ਰੁਪਿੰਦਰ ਕਾਹਲੇ ਕਦਮੀਂ ਕਮਰੇ ਵਿੱਚ ਜਾ ਵੜੀ। ਪਿੱਛੇ ਪਿੱਛੇ ਬਾਕੀ ਵੀ। ਹੁਣ ਉਸ ਦੇ ਹੱਥ ਦਾ ਕਾਰਡ ਨਜ਼ਰ ਨਹੀਂ ਆ ਰਿਹਾ ਸੀ। ਪਰ ਗੰਭੀਰ ਵਾਰ ਵਾਰ ਰੁਪਿੰਦਰ ਵੱਲ ਦੇਖਦੀ। ਰੁਪਿੰਦਰ ਦਾ ਰੰਗ ਤਾਂ ਕਣਕ ਵੰਨਾ ਈ ਐ, ਪਰ ਉਹ ਬਹੁਤੀ ਸੋਹਣੀ ਨਹੀਂ। ਪਰ ਲਾਇਕ ਬਹੁਤ ਐ, ਤੇ ਆਤਮ ਵਿਸ਼ਵਾਸ਼ੀ ਵੀ। ਮਾਂ ਤੇ ਪਿਉ ਦੋਵੇਂ ਸਰਕਾਰੀ ਸਕੂਲਾਂ ਦੇ ਸੀਨੀਅਰ ਅਧਿਆਪਕ ਹਨ। ਸ਼ਹਿਰ ਵਿੱਚ ਕੋਠੀ ਬਣਾਈ ਹੋਈ ਹੈ। ਦੋ ਹੀ ਬੱਚੇ ਹਨ। ਇੱਕ ਪੁੱਤਰ ਤੇ ਦੂਜੀ ਧੀ।

"ਮਾਂ ਪਿਉ ਦੀ ਬਥੇਰੀ ਵਾਕਫ਼ੀਅਤ ਐ। ਕੋਈ ਮੁੰਡਾ ਮਿਲ ਗਿਆ ਹੋਣੈ।" ਗੰਭੀਰ ਈ ਨਹੀਂ, ਬਾਕੀ ਵੀ ਸੋਚਦੀਆਂ ਹਨ। "ਪਰ ਪਤਾ ਤਾਂ ਲੱਗੇ, ਕੌਣ ਹੈ ਇਹਦਾ ਬਨਣ ਵਾਲਾ ਪਤੀ?"

ਅਗਲੇ ਦੋ ਪੀਰੀਅਡ ਵੀ ਲੱਗੇ ਹੋਏ ਸਨ। ਕੋਈ ਭੇਤ ਨਾ ਖੁਲ੍ਹਿਆ। ਪਰ ਬਾਕੀਆਂ ਦੀਆਂ ਪੁੱਛਦੀਆਂ ਨਜ਼ਰਾਂ ਬਾਰੇ ਰੁਪਿੰਦਰ ਚੇਤੰਨ ਐ। ਫਿਰ ਵੀ ਉਸ ਨੇ ਹੱਥ ਵਿੱਚ ਲਿਆਂਦੇ ਕਾਰਡ ਦੀ ਗੱਲ ਨਹੀਂ ਕੀਤੀ। ਪੂਰੀ ਟੋਲੀ ਇਕ ਕਮਰੇ ਤੋਂ ਦੂਜੇ ਕਮਰੇ ਵਿਚ ਤੇ ਦੂਜੇ ਤੋਂ ਤੀਜੇ ਵਿਚ ਚਲੀ ਗਈ।

ਚੌਥਾ ਪੀਰੀਅਡ ਵਿਹਲਾ ਸੀ, ਪਰ ਪੀਰੀਅਡ ਮੁਕਦੇ ਸਾਰ ਪ੍ਰੋ. ਰਾਮ ਸਿੰਘ ਕਮਰੇ ਵਿੱਚ ਆ ਖੜੇ ਹੋਏ। "ਛੇਵੇਂ ਦੀ ਥਾਂ ਮੈਂ ਅੱਜ ਚੌਥੇ ਪੀਰੀਅਡ ਵਿੱਚ ਤੁਹਾਨੂੰ ਪੜ੍ਹਾਉਣ ਐ", ਪ੍ਰੋ. ਰਾਮ ਸਿੰਘ ਨੇ ਕਿਹਾ ਤੇ ਆਪਣੀ ਆਦਤ ਮੁਤਾਬਕ ਕਮਰੇ ਵਿਚ ਪ੍ਰਵੇਸ਼ ਕਰਦੇ ਸਾਰ ਆਪਣਾ ਲੈੱਕਚਰ ਸ਼ੁਰੂ ਕਰ ਲਿਆ। ਹਾਜ਼ਰੀ ਵੀ ਨਹੀਂ ਲਾਈ।

ਹੁਣ ਤੱਕ ਸਰਲਾ ਦਾ ਸਬਰ ਜਵਾਬ ਦੇ ਚੁੱਕਾ ਸੀ। ਚਿਤਰਾ ਦਾ ਵੀ। ਗੰਭੀਰ ਤੇ ਰੇਖਾ ਦਾ ਵੀ। ਭੇਤ ਪਤਾ ਕੀਤੇ ਬਿਨਾਂ ਉਹ ਅਗਲਾ ਪੀਰੀਅਡ ਲਾਉਣ ਲਈ ਤਿਆਰ ਨਹੀਂ ਸਨ। ਰਾਮ ਸਿੰਘ ਅਜੇ ਕਮਰੇ ਵਿੱਚੋਂ ਬਾਹਰ ਨਹੀਂ ਗਏ ਸਨ ਕਿ ਸਰਲਾ ਉੱਠ ਕੇ ਰੁਪਿੰਦਰ ਦੇ ਬੈਂਚ ਉੱਤੇ ਜਾ ਘੁਸੜੀ।

" ਰੂਪੀ ਮੁਬਾਰਕਾਂ! ਤੇਰੇ ਵਿਆਹ ਦੀਆਂ। ਕਾਰਡ ਤਾਂ ਦਿਖਾ।"

"ਕਾਰਡ ਦੇਖ ਲੈ। ਪਰ ਵਿਆਹ ਮੇਰਾ ਨਹੀਂ। ਮੇਰੇ ਵੀਰ ਜੀ ਦਾ ਹੈ। ਤੁਹਾਨੂੰ ਸਭ ਨੂੰ ਸੱਦਾ ਦੇਣ ਆਈ ਆਂ।" ਰੁਪਿੰਦਰ ਬੋਲੀ। ਉਸਨੇ ਫਾਈਲ ਵਿੱਚੋਂ ਕਾਰਡ ਕੱਢ ਕੇ ਸਰਲਾ ਵਲ ਵਧਾਇਆ।

ਸੁਣਕੇ ਸਰਲਾ ਦਾ ਜੋਸ਼ ਠੰਡਾ ਹੋ ਗਿਆ।

"ਇਹਦਾ ਆਪਣਾ ਵਿਆਹ ਨਹੀਂ? ਮੈਂ ਐਵੇਂ ਹੀ ਕਮਲੀ ਹੋਈ ਰਹੀ।"

"ਪਰ ਚੰਗਾ ਈ ਐ, ਇਹਦਾ ਆਪਣਾ ਵਿਆਹ ਨਹੀਂ। ਇਹ ਸਾਡੇ ਨਾਲੋਂ ਕਿਸ ਗਲੋਂ ਬਹੁਤੀ ਚੰਗੀ ਐ, ਜੋ ਇਹ ਸਾਡੇ ਸਾਰਿਆਂ ਨਾਲੋਂ ਬਾਜ਼ੀ ਲੈ ਜਾਏ?" ਸਰਲਾ ਨੇ ਮਨ ਹੀ ਮਨ ਵਿੱਚ ਕਿਹਾ।

ਉਹ ਸਾਰੀਆਂ ਈ ਰੁਪਿੰਦਰ ਦੇ ਭਰਾ ਭੁਪਿੰਦਰ ਸਿੰਘ ਦੇ ਵਿਆਹ ਦੀ ਰੀਸੈਪਸ਼ਨ ਉੱਤੇ ਗਈਆਂ।

"ਇਹ ਭੁਪਿੰਦਰ ਸਹੁੰ ਰੁਪਿੰਦਰ ਨਾਲੋਂ ਜ਼ਿਆਦਾ ਸੋਹਣਾ ਐ।" ਚਿਤਰਾ ਬੋਲੀ।

"ਤੇ ਉਹਦੀ ਵਹੁਟੀ?"

"ਉਹ ਤਾਂ ਰੁਪਿੰਦਰ ਵਰਗੀ ਈ ਐ। ਦੇਖਦੀ ਨਹੀਂ, ਨੈਣ-ਨਕਸ਼ ਰੁਪਿੰਦਰ ਵਾਂਗ ਮੋਟੇ ਠੁੱਲੇ ਐ।"

ਉਨ੍ਹਾਂ ਨੇ ਰੁਪਿੰਦਰ ਦੀ ਮਾਂ ਨੂੰ ਪਿੰਡੋਂ ਆਈ ਇਕ ਰਿਸ਼ਤੇਦਾਰ ਮਾਈ ਨਾਲ ਗੱਲ ਕਰਦਿਆਂ ਸੁਣਿਆ।

ਮਾਈ ਨੇ ਪੁੱਛਿਆ ਸੀ।

"ਧਰਮ ਕੌਰੇ ! ਸੁੱਖ ਨਾਲ ਧੀ ਰਾਣੀ ਵੀ ਵਿਆਹੁਣ ਵਾਲੀ ਐ। ਇਹਦੇ ਲਈ ਨਹੀਂ ਮੁੰਡਾ ਦੇਖਿਆ?"

"ਚਾਚੀ ! ਹੁਣ ਸਿਆਣੇ ਮਾਂ ਪਿਉ ਧੀਆਂ ਪੁੱਤਾਂ ਦੇ ਵਿਆਹਾਂ ਦੀ ਕਾਹਲੀ ਨਹੀਂ ਕਰਦੇ। ਪਹਿਲੀ ਕਾਹਲੀ ਹੁੰਦੀ ਐ, ਧੀ ਪੁੱਤ ਪੜ੍ਹ ਜਾਣ। ਦੂਜੀ ਕਾਹਲੀ ਹੁੰਦੀ ਐ, ਕੰਮ ਕਾਰ ਤੇ ਲੱਗ ਜਾਣ। ਰੁਪਿੰਦਰ ਤਾਂ ਅਜੇ ਪੜ੍ਹਦੀ ਪਈ ਐ।" ਧਰਮ ਕੌਰ ਨੇ ਦੱਸਿਆ।

ਇਹ ਗੱਲ ਰੁਪਿੰਦਰ ਨੇ ਸਹੇਲੀਆਂ ਨੂੰ ਦੱਸੀ ਸੀ ਕਿ ਮੇਰੀ ਭਾਬੀ ਲੁਧਿਆਣੇ ਦੇ ਗੁਰੂ ਨਾਨਕ ਸਕੂਲ ਵਿਚ ਪੱਕੀ ਨੌਕਰੀ ਤੇ ਲੱਗੀ ਹੋਈ ਹੈ। ਕਮੇਟੀ ਦੇ ਪ੍ਰਧਾਨ ਮੇਰੇ ਭਰਾ ਦੇ ਸਹੁਰਾ ਸਾਹਿਬ ਹੈਨ। ਉਨ੍ਹਾਂ ਨੇ ਆਪਣੇ ਸਕੂਲ ਵਿੱਚ ਭਰਾ ਨੂੰ ਵੀ ਨੌਕਰੀ ਤੇ ਲਾ ਲੈਣਾ ਹੈ। ਇਹ ਉਹ ਜਾਣਦੀਆਂ ਈ ਸਨ, ਰੁਪਿੰਦਰ ਦਾ ਭਰਾ ਬੀ. ਐਸ-ਸੀ. , ਬੀ. ਐਡ. ਸੀ, ਤੇ ਉਸਨੂੰ ਬੀ. ਐਡ ਕਰਦੇ ਸਾਰ ਹੀ ਅਧਿਆਪਕ ਦੀ ਆਰਜ਼ੀ ਨੌਕਰੀ ਮਿਲ ਗਈ ਸੀ। ਹੁਣ ਉਹ ਲੁਧਿਆਣੇ ਪੱਕੀ ਨੌਕਰੀ ਤੇ ਜਾ ਲੱਗੇਗਾ।

"ਪਰ ਭੁਪਿੰਦਰ ਨਾਲ ਵਹੁਟੀ ਸਜਦੀ ਨਹੀਂ", ਚਿਤਰਾ ਨੇ ਚਾਂਦ ਰਾਣੀ ਦੇ ਕੰਨ ਵਿੱਚ ਆਖਿਆ।

"ਕੁੜੀਏ ! ਸਿਆਣੇ ਕਹਿੰਦੇ ਐ, ਚੰਮ ਪਿਆਰਾ ਨਹੀਂ ਹੁੰਦਾ, ਕੰਮ ਪਿਆਰਾ ਹੁੰਦਾ ਐ। ਅੱਜ ਕਲ੍ਹ ਨੌਕਰੀ ਤਾਂ ਮਿਲਦੀ ਨਹੀਂ। ਮਾਪਿਆ ਨੇ ਸੋਚਿਆ ਹੋਣੈ, ਨੂੰਹ ਪਹਿਲਾਂ ਹੀ ਪੱਕੀ ਨੌਕਰੀ ਤੇ ਲੱਗੀ ਹੋਈ ਐ। ਨੂੰਹ ਦਾ ਪਿਓ ਮੁੰਡੇ ਨੂੰ ਵੀ ਪੱਕੀ ਨੌਕਰੀ ਦੇ ਦੇਊ। ਦੋਵੇਂ ਕਮਾਉਣਗੇ। ਖਾਣਗੇ। ਨੂੰਹ ਜ਼ਰਾ ਕਸੋਹਣੀ ਹੋਈ ਤਾਂ ਕੀ ਹੋਇਆ। ਹਰ ਮਹੀਨੇ ਅੱਠ ਦੱਸ ਹਜ਼ਾਰ ਰੁਪਿਆ ਤਾਂ ਲਿਆਇਆ ਕਰੇਗੀ।"

ਅਗਲੇ ਦਿਨ ਕਾਲਜ ਗਈਆਂ ਤਾਂ ਜਾਂਦਿਆਂ ਹੀ ਸੁਮਿੱਤਰਾ ਉੱਪਲ ਨਜ਼ਰ ਆਈ। ਉਸਨੇ ਪਲੇਨ ਮੈਰੂਨ ਕਮੀਜ਼, ਸਫੈਦ ਸਲਵਾਰ ਤੇ ਮੈਰੂਨ ਸਫੈਦ ਧਾਰੀਆਂ ਵਾਲੀ ਚੁੰਨੀ ਪਹਿਲੀ ਹੋਈ ਸੀ। ਬੁਲ੍ਹਾਂ ਉੱਤੇ ਮੈਰੂਨ ਲਿਪ ਸਟਿਕ ਲਾਈ ਹੋਈ ਸੀ। ਲਿਪ ਸਟਿਕ ਤਾਂ ਉਹ ਪਹਿਲਾਂ ਵੀ ਵਰਤਦੀ ਸੀ, ਪਰ ਅੱਜ ਵਧੇਰੇ ਗੂੜ੍ਹੀ ਸੀ, ਤੇ ਕੱਪੜਿਆ ਸਮੇਤ ਬੁਲ੍ਹਾਂ ਦੀ ਸੁਰਖੀ ਉਸਦੇ ਲੰਮੂਤਰੇ ਚਿਹਰੇ ਤੇ ਲੰਮੇ ਪਤਲੇ ਤਨ ਉੱਤੇ ਫਬ ਰਹੀ ਸੀ।

"ਵਿਆਹ ਅਸੀਂ ਖਾ ਕੇ ਆਈਆਂ ਆਂ, ਵਿਆਹ ਵਾਲੀ ਇਹ ਬਣੀ ਫਿਰਦੀ ਐ।" ਚਿਤਰਾ ਬੋਲੀ।

"ਦੁਖੀ ਕਰੂਗੀ ਦੇਖਣ ਵਾਲਿਆਂ ਨੂੰ।" ਸਰਲਾ ਨੇ ਕਿਹਾ।

ਸੁਮਿੱਤਰਾ ਐਮ. ਐਡ. ਦੀ ਜਮਾਤ ਵਿੱਚ ਨਹੀਂ, ਬੀ. ਐੱਡ. ਵਿੱਚ ਹੈ, ਪਰ ਇਸ ਸਾਰੀ ਟੋਲੀ ਦੀ ਅੱਖ ਦੀ ਰੜਕ ਬਣੀ ਹੋਈ ਹੈ। ਜਮਾਤਾਂ ਦੇ ਸ਼ੁਰੂ ਵਿੱਚ ਟੈਲੈਂਟ ਹੰਟਿੰਗ ਮੁਕਾਬਲੇ ਹੋਏ, ਤਾਂ ਰੇਖਾ ਨੇ ਲਾਈਟ ਮਿਊਜ਼ਿਕ ਦਾ ਮੁਕਾਬਲਾ ਲੜਿਆ, ਤੇ ਚਿਤਰਾ ਨੇ ਭਾਸ਼ਣ ਪ੍ਰਤਿਯੋਗਤਾ ਦਾ। ਉਹ ਦੋਵੇਂ ਬੀ. ਐੱਡ ਦੀ ਜਮਾਤ ਵਿੱਚ ਕਾਲਜ ਦੀਆਂ ਟੀਮਾਂ ਦੀਆਂ ਮੈਂਬਰ ਰਹਿ ਚੁੱਕੀਆਂ ਸਨ। ਰੇਖਾ ਤਾਂ ਸਕੂਲ ਵਿੱਚ ਸੰਗੀਤ ਪੜ੍ਹਾਉਂਦੀ ਆਈ ਸੀ। ਪਰ ਜਦੋਂ ਨਤੀਜੇ ਨਿਕਲੇ, ਤਾਂ ਦੋਵੇਂ ਪਹਿਲੇ ਸਥਾਨ ਤੇ ਤਾਂ ਕੀ, ਦੂਜੇ ਸਥਾਨ ਉੱਤੇ ਵੀ ਨਾ ਆਈਆਂ। ਕਈ ਦਿਨ ਸੜੀਆਂ ਭੁਜੀਆਂ ਰਹੀਆਂ। ਸੰਗੀਤ ਦਾ ਮੁਕਾਬਲਾ ਸੁਮਿੱਤਰਾ ਨੇ ਜਿੱਤਿਆ ਸੀ, ਭਾਸ਼ਣ ਪ੍ਰਤਿਯੋਗਤਾ ਐਮ. ਐੱਡ. ਵਿੱਚ ਪੜ੍ਹਦੇ ਹਰੀ ਰਾਮ ਨੇ।

"ਔਹ ਦੇਖੋ, ਹਰੀ ਰਾਮ ਭੱਜਿਆ ਜਾ ਰਿਹਾ ਐ ਸੁਮਿੱਤਰਾ ਦੇ ਪਿੱਛੇ ਪਿੱਛੇ।" ਅਚਾਨਕ ਚਿਤਰਾ ਬੋਲੀ।

"ਕਿੱਥੇ?"

"ਔਹ ਲਾਇਬ੍ਰੇਰੀ ਦੇ ਬਾਹਰ ਦੇ ਵਰਾਂਡੇ ਵਿੱਚ।"

ਸੁਮਿੱਤਰਾ ਜਾਂਦੀ ਜਾਂਦੀ ਰੁਕ ਗਈ ਸੀ, ਤੇ ਚਿੱਟੇ ਚਿੱਟੇ ਦੰਦ ਕਢਕੇ ਹੱਸ ਰਹੀ ਸੀ, ਤੇ ਹਰੀ ਰਾਮ ਦੀ ਕਿਸੇ ਗੱਲ ਦਾ ਜਵਾਬ ਦੇ ਰਹੀ ਨਜ਼ਰ ਆ ਰਹੀ ਸੀ।

ਇਨ੍ਹਾਂ ਦੀ ਅੱਖ ਵਿਚ ਸੁਮਿੱਤਰਾ ਦੇ ਬਹੁਤਾ ਰੜਕਣ ਦਾ ਇਕ ਕਾਰਨ ਇਹ ਵੀ ਸੀ ਕਿ ਉਸਨੇ ਇਨ੍ਹਾਂ



ਦਾ ਜਮਾਤੀ ਹਰੀ ਰਾਮ ਆਪਣੀ ਰਾਮ ਕਾਰ ਵਿੱਚ ਵਲਿਆ ਹੋਇਆ ਸੀ।

ਉਂਝ ਹਰੀ ਰਾਮ ਇਨ੍ਹਾਂ ਵਿਚੋਂ ਕਿਸੇ ਨੂੰ ਪਸੰਦ ਨਹੀਂ ਸੀ। ਉਹ ਮੰਚ ਉੱਤੇ ਜਿੰਨਾ ਸੋਹਣਾ ਬੋਲਦਾ ਸੀ, ਆਮ ਗੱਲ ਬਾਤ ਵਿੱਚ ਓਨਾ ਹੀ ਕੁਚੱਜਾ ਸੀ। ਜਿਹੜੀ ਗੱਲ ਨਹੀਂ ਕਰਨੀ, ਉਹ ਫੌਰਨ ਮੂੰਹ ਤੋਂ ਕੱਢ ਮਾਰਦਾ। ਕੁੜੀਆਂ ਨਾਲ ਗੱਲਾਂ ਕਰਨ ਦਾ ਬਹੁਤ ਸ਼ੌਕੀਨ ਸੀ, ਪਰ ਜਿਸ ਨਾਲ ਵੀ ਗੱਲ ਕਰਦਾ, ਆਪਣੇ ਕੁੱਚਜ ਨਾਲ ਉਸਨੂੰ ਨਾਰਾਜ਼ ਕਰ ਲੈਂਦਾ। ਕੁੜੀਆਂ ਉਸ ਤੋਂ ਬਚਦੀਆਂ।

ਨੌਹਰੀਆਂ ਮੁਹੱਲੇ ਵਿੱਚ ਉਸ ਦੀ ਮਾਸੀ ਰਹਿੰਦੀ ਸੀ। ਜਮਾਤ ਵਿੱਚ ਉਸ ਨੇ ਸੁਣ ਰੱਖਿਆ ਸੀ, ਚਾਂਦ ਰਾਣੀ ਦੇ ਸਹੁਰੇ ਨੌਹਰੀਆਂ ਮੁਹੱਲੇ ਵਿੱਚ ਸਨ। ਮਾਸੀ ਨੂੰ ਮਿਲਣ ਗਿਆ, ਤਾਂ ਜਾਣ ਬੁੱਝ ਕੇ ਚਾਂਦ ਰਾਣੀ ਦਾ ਸਹੁਰਾ ਟੱਬਰ ਲੱਭ ਲਿਆ। ਚਾਂਦ ਰਾਣੀ ਦੇ ਦੇਵਰ ਨੂੰ ਜਾ ਮਿਲਿਆ। ਦੇਵਰ ਰਾਮ ਲਾਲ ਨੇ ਕਿਹਾ, "ਐਵੇਂ ਸਾਡੇ ਭਰਾ ਨੂੰ ਬਦਨਾਮ ਕਰਦੀ ਐ। ਉਸਦਾ ਆਪਣਾ ਚਰਿੱਤਰ ਈ ਠੀਕ ਨਹੀਂ।" ਸਿਆਣਾ ਹੁੰਦਾ, ਤਾਂ ਚੁੱਪ ਰਹਿੰਦਾ। ਪਰ ਉਹ ਚੁੱਪ ਰਹਿਣਾ ਸਿਖਿਆ ਈ ਨਹੀਂ ਸੀ। ਪਾਟੇ ਢੋਲ ਵਾਂਗ ਦੇਵਰ ਤੋਂ ਸੁਣੀ ਗਲ ਚਾਂਦ ਰਾਣੀ ਅਤੇ ਉਸ ਦੀਆਂ ਸਹੇਲੀਆਂ ਸਾਹਮਣੇ ਦੁਹਰਾ ਦਿੱਤੀ।

"ਵੀਰ ਜੀ ! ਤੁਸੀਂ ਏਨੇ ਪੜ੍ਹੇ ਲਿਖੇ ਹੋ, ਤੁਸੀਂ ਏਨੀ ਵੀ ਤਮੀਜ਼ ਨਹੀਂ ਰਖਦੇ ਕਿ ਕਿਹੜੀ ਗੱਲ ਕਰਨੀ ਚਾਹੀਦੀ ਐ, ਕਿਹੜੀ ਨਹੀਂ?" ਚਿਤਰਾ ਹਰੀ ਰਾਮ ਉੱਤੇ ਖਿਝ ਕੇ ਬੋਲੀ ਸੀ।

ਚਾਂਦ ਰਾਣੀ ਚੁੱਪ ਦੀ ਚੁੱਪ ਰਹਿ ਗਈ ਸੀ। ਕਈ ਦਿਨ ਨੀਵੀਂ ਪਾਈ ਘੁੰਮਦੀ ਰਹੀ। ਸਹੇਲੀਆਂ ਨੇ ਬਹੁਤਾ ਬੁਲਾਇਆ, ਤਾਂ ਅੱਖਾਂ ਭਰ ਕੇ ਬੋਲੀ ਸੀ-

"ਹਿੰਦੋਸਤਾਨ ਵਿੱਚ ਸੀਤਾ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਸਿਰਫ ਔਰਤ ਈ ਅਪਰਾਧਣ ਐ। ਸਾਡੀ ਪੜ੍ਹਾਈ ਵੀ ਸਾਡੀ ਕੀ ਮੱਦਦ ਕਰੇਗੀ? ਅੱਗੋਂ ਪੜ੍ਹੇ ਲਿਖੇ ਲੋਕ ਵੀ, ਹਰੀ ਰਾਮ ਵਰਗੇ ਹੋਣਗੇ, ਜਾਂ ਮੇਰੇ ਪਤੀ ਤੇ ਦੇਵਰ ਵਰਗੇ।"

ਪਰ ਹਰੀ ਰਾਮ ਵਾਰ ਵਾਰ ਭਾਸ਼ਣ ਪ੍ਰਤਿਯੋਗਤਾਵਾਂ ਜਿੱਤ ਰਿਹਾ ਸੀ ਤੇ ਕਾਲਜ ਵਿੱਚ ਟਰਾਫੀਆਂ ਲਿਆ ਰਿਹਾ ਸੀ। ਕਾਲਜ ਦੇ ਨੋਟਿਸ ਬੋਰਡ ਉੱਤੇ ਟਰਾਫੀਆਂ ਲੈਂਦੇ ਹਰੀ ਰਾਮ ਦੇ ਫੋਟੋਗਰਾਫ਼ ਲੱਗੇ ਹੀ ਰਹਿੰਦੇ। ਇਨ੍ਹਾਂ ਫੋਟੋ ਗਰਾਫ਼ਾਂ ਵਿੱਚ ਸੁਮਿੱਤਰਾ ਦੀਆਂ ਫੋਟੋਆਂ ਵੀ ਲੱਗੀਆਂ ਹੁੰਦੀਆਂ।

ਉਹ ਦੂਰ ਵਰਾਂਡੇ ਵਿੱਚ ਖੜੇ ਅਜੇ ਵੀ ਹੱਸ ਹੱਸ ਗੱਲੰ ਕਰਦੇ ਨਜ਼ਰ ਆ ਰਹੇ ਸਨ।

" ਲੱਗਦਾ ਐ, ਸੁਮਿੱਤਰਾ ਵੀ ਹਰੀ ਰਾਮ ਵਾਂਗ ਗੱਲਬਾਤ ਵਿੱਚ ਕੁਚੱਜੀ ਈ ਐ।"

"ਸੁਣ ਚਿੱਤਰਾ ਇਕ ਗੱਲ ਤਾਂ ਮੰਨਣੀ ਪਏਗੀ। ਸੁਮਿੱਤਰਾ ਨੂੰ ਕੱਪੜਿਆ ਦੀ ਚੋਣ ਕਰਨ ਤੇ ਠੀਕ ਢੰਗ ਨਾਲ ਪਹਿਨਣ ਦੀ ਜਾਚ ਐ।" ਸਰਲਾ ਨੇ ਕਿਹਾ। ਸਰਲਾ ਨੂੰ ਅੱਜ ਉਸਦਾ ਮੈਰੂਨ ਜੰਪਰ ਤੇ ਚਿੱਟੀ ਸਲਵਾਰ ਵਾਲਾ ਕੰਬੀਨੇਸ਼ਨ ਸੂਟ ਬਹੁਤਾ ਹੀ ਚੰਗਾ ਲੱਗਾ ਸੀ। ਉਹ ਅੱਗੇ ਵੀ ਦੇਖਦੀ ਰਹੀ ਸੀ, ਸੁਮਿੱਤਰਾ ਕੱਪੜੇ ਸਜਦੇ ਫਬਦੇ ਪਹਿਨਦੀ ਹੈ।

"ਤੂੰ ਅਜੇ ਤੱਕ ਉਸਦੇ ਕੱਪੜਿਆਂ ਵਿੱਚ ਈ ਵੜੀ ਹੋਈ ਐਂ।" ਚਿੱਤਰਾ ਨੇ ਕਿਹਾ।

"ਮੇਰੀ ਜਾਨ ! ਬੰਦਾ ਪਹਿਲਾਂ ਕੱਪੜੇ ਈ ਦੇਖਦਾ ਐ। ਅਕਲ ਦਾ ਪਤਾ ਤਾਂ ਪਿਛੋਂ ਈ ਲੱਗਦਾ ਐ।"

ਚਿੱਤਰਾ ਨੂੰ ਚੰਡੀਗੜ੍ਹ ਵਾਲਾ ਟੱਬਰ ਇਕ ਵਾਰ ਫੇਰ ਯਾਦ ਆ ਗਿਆ। ਸਰਲਾ ਦੀ ਸਲਾਹ ਉੱਤੇ ਖਰੀਦਿਆਂ ਤੇ ਪਹਿਨਿਆ ਆਪਣਾ ਸੂਟ ਵੀ ਯਾਦ ਆ ਗਿਆ। ਇਹ ਵੀ ਯਾਦ ਆਇਆ, ਮੈਂ ਉਹ ਸੂਟ ਪਹਿਨ ਕੇ ਆਪ ਵੀ ਮਹਿਸੂਸ ਕੀਤਾ ਸੀ, ਕੱਪੜੇ ਨਰ ਨਾਰੀ ਦੀ ਸ਼ਖ਼ਸੀਅਤ ਬਦਲ ਦਿੰਦੇ ਹਨ। ਪਰ ਉਸ ਸੂਟ ਨਾਲ ਵੀ ਚੰਡੀਗੜ੍ਹੀਆਂ ਵਲੋਂ ਮੈਂ ਚੁਣੀ ਨਾ ਗਈ। ਮੇਰਾ ਕੀ ਦੋਸ਼ ਸੀ? ਰੁਪਿੰਦਰ ਦੀ ਕੱਲ੍ਹ ਦੇਖੀ ਭਰਜਾਈ ਯਾਦ ਆਈ, ਜੋ ਸੋਹਣੀ ਨਹੀਂ, ਪਰ ਸੋਹਣੇ ਸੁਣੱਖੇ ਭੁਪਿੰਦਰ ਦੀ ਸੱਜ ਵਿਆਹੀ ਬਹੂ ਬਣਕੇ ਬੈਠੀ ਸੀ। ਇਹ ਦੁਨੀਆਂ ਕੀ ਚਾਹੁੰਦੀ ਐ?

ਪਹਿਲੇ ਤਿੰਨ ਪੀਰੀਅਡ ਮਸੀਂ ਪੜ੍ਹੇ ਗਏ। ਚੌਥਾ ਪੀਰੀਅਡ ਖਾਲੀ ਸੀ। ਕਮਰੇ ਤੋਂ ਬਾਹਰ ਆ ਕੇ ਘਾਹ ਦੇ ਮੈਦਾਨ ਵੱਲ ਭੱਜੀਆਂ, ਜਿੱਥੇ ਖਾਲੀ ਪੀਰੀਅਡ ਵਿੱਚ ਅਕਸਰ ਬੈਠਦੀਆਂ ਸਨ।

"ਨਹੀਂ ਨੀਂ! ਉੱਧਰ ਨਹੀਂ। ਕੈਨਟੀਨ ਚੱਲੋ। ਚਾਹ ਦਾ ਕੱਪ ਕੱਪ ਪੀਵੀਏ। ਮੇਰਾ ਮਨ ਬਹੁਤ ਅੱਕਿਆ ਤੇ ਖਿਝਿਆ ਹੋਇਆ ਹੈ।" ਚਿੱਤਰਾ ਬੋਲੀ। ਉਸਨੂੰ ਕਮਰੇ ਵਿੱਚੋਂ ਨਿਕਲਦਿਆਂ ਸੁਮਿੱਤਰਾ ਫੇਰ ਨਜ਼ਰ ਆ ਗਈ ਸੀ। ਇਹ ਵੀ ਦੇਖ ਲਿਆ ਸੀ, ਹਰੀ ਰਾਮ ਉਸ ਵੱਲ ਦੇਖ ਕੇ ਮੁਸਕਰਾਇਆ ਸੀ।

"ਤੈਨੂੰ ਕਲ੍ਹ ਦਾ ਦੇਖਿਆ ਵਿਆਹ ਨਹੀਂ ਭੁੱਲ ਰਿਹਾ ਹੋਣੈ।" ਰਮਣੀਕ ਬੋਲੀ।

"ਤੈਨੂੰ ਭੁੱਲ ਗਿਆ ਐ?" ਚਿਤਰਾ ਬੋਲੀ।

"ਮੈਨੂੰ ਰੁਪਿੰਦਰ ਦੀ ਭਾਬੀ ਯਾਦ ਆ ਰਹੀ ਐ।" ਸਰਲਾ ਕਹਿਣ ਲੱਗੀ।

"ਭੁਪਿੰਦਰ ਸਹੁੰ ਨਹੀਂ ਯਾਦ ਆ ਰਿਹਾ? ਸੱਚ ਦੱਸਿਓ।" ਚਿਤਰਾ ਹੱਸ ਕੇ ਬੋਲੀ।

"ਜ਼ਰੂਰ ਯਾਦ ਆ ਰਿਹਾ ਹੋਣੈ, ਭਾਵੇਂ ਕਿਸੇ ਨੇ ਮੂੰਹ ਤੋਂ ਦੱਸਣਾ ਨਹੀਂ।" ਰੇਖਾ ਬੋਲੀ।

ਦੁਪਹਿਰ ਤੋਂ ਬਾਅਦ ਘਰਾਂ ਲਈ ਤੁਰਨ ਲੱਗੀਆਂ, ਤਾਂ ਲਲਿਤਾ ਰੋਜ਼ ਤੋਂ ਉਲਟ, ਆਪਣਾ ਸਕੂਟਰ ਲੈਣ ਲਈ ਸਕੂਟਰ ਸਟੈਂਡ ਵੱਲ ਨਹੀਂ ਤੁਰੀ। ਰਮਣੀਕ ਤੇ ਸਰਲਾ ਦੋਨਾਂ ਨੇ ਹੈਰਾਨੀ ਨਾਲ ਪੁੱਛਿਆ-

"ਤੂੰ ਅੱਜ ਆਪਣਾ ਕਨੈਟਿਕ ਨਹੀਂ ਲੈ ਕੇ ਆਈ?"

"ਨਹੀਂ! ਅੱਜ ਮੈਂ ਰਿਕਸ਼ਾ ਕਰਕੇ ਆਈ ਸੀ।"

"ਤੂੰ ਅੱਜ ਚਾਂਦ ਰਾਣੀ ਨਾਲ ਚਲੀ ਜਾ।" ਚਾਂਦ ਰਾਣੀ ਦਾ ਘਰ ਗਰੀਨ ਮਾਡਲ ਟਾਊਨ ਵਿੱਚ ਸੀ। ਲਲਿਤਾ ਮਾਡਲ ਟਾਊਨ ਰਹਿੰਦੀ ਸੀ।

"ਨਹੀਂ। ਮੇਰੀ ਫਰੈਂਡ ਨੇ ਮੈਨੂੰ ਲਿਜਾਣ ਲਈ ਆਉਣਾ ਐ।"

"ਅਸੀਂ ਤੇਰੇ ਸਾਥ ਲਈ ਰੁਕਦੀਆਂ ਆ।" ਰਮਣੀਕ ਤੇ ਸਰਲਾ ਦੋਵੇਂ ਸਕੂਟਰ ਸਟੈਂਡ ਤੋਂ ਸਕੂਟਰ ਲਈ ਖੜ੍ਹੀਆਂ ਸਨ। ਚਿਤਰਾ ਆਪਣਾ ਸੰਨੀ ਲੈ ਕੇ ਤੁਰ ਗਈ ਸੀ। ਰੁਪਿੰਦਰ ਦਾ ਰਿਕਸ਼ਾ ਆ ਗਿਆ ਸੀ। ਰੇਖਾ, ਗੰਭੀਰ, ਵੀਰੀ ਤੇ ਕਿਰਪਾਲ ਲੋਕਲ ਬੱਸ ਲੈਣ ਲਈ ਬਾਹਰਲੀ ਸੜਕ ਉੱਤੇ ਚਲੀਆਂ ਗਈਆਂ ਸਨ।

ਚਿੱਟੀ ਮਾਰੂਤੀ ਕਾਰ ਆ ਕੇ ਰੁਕੀ। ਵਿਚੋਂ ਸਲੀਵਲੈੱਸ ਕਮੀਜ਼ ਤੇ ਜੀਨ ਦੀ ਪੈਂਟ ਪਾਈ ਪਤਲੀ ਤੇ ਆਮ ਨਾਲੋਂ ਵੱਧ ਲੰਮੀ ਕੁੜੀ, ਕੱਟੇ ਵਾਲ ਝਟਕਦੀ ਹੋਈ, ਬਾਹਰ ਨਿਕਲੀ।

"ਇਹ ਮੇਰੀ ਫਰੈਂਡ ਪਰਵੀਨ ਐ। ਚੰਡੀਗੜੋਂ ਐਮ. ਏ. ਅੰਗਰੇਜ਼ੀ ਕਰਕੇ ਆਈ ਐ।" ਲਲਿਤਾ ਨੇ ਰਮਣੀਕ ਤੇ ਸਰਲਾ ਨੂੰ ਦੱਸਿਆ।

"ਯਾਰ!! ਮੈਂ ਤਾਂ ਚੰਡੀਗੜੋਂ ਆ ਕੇ ਬੋਰ ਹੋ ਗਈ ਆ। ਖੁਸ਼ਕਿਸਮਤ ਓਂ ਜੋ ਕਾਲਜ ਆਉਂਦੀਆਂ ਓ, ਤੇ ਖੁਸ਼ ਗੱਪੀਆਂ ਮਾਰਦੀਆਂ ਓ।" ਪਰਵੀਨ ਨੇ ਤਿੰਨਾਂ ਨਾਲ ਹੱਥ ਮਿਲਾਉਂਦਿਆਂ ਕਿਹਾ। ਫੇਰ ਪਰਵੀਨ ਨੇ ਲਲਿਤਾ ਨੂੰ ਪੁੱਛਿਆ, "ਤੇਰੀਆਂ ਇਨ੍ਹਾਂ ਫਰੈਂਡਜ਼ ਨੇ ਨਹੀਂ "ਮੈਨਬਰੋ" ਜਾਣਾ?" ਮੈਨਬਰੋ ਸ਼ਹਿਰ ਵਿੱਚ ਨਵਾਂ ਖੁਲ੍ਹਿਆ ਬਹੁ ਮੰਤਵੀ ਡੀਪਾਰਟਮੈਂਟਲ ਸਟੋਰ ਸੀ, ਜਿੱਥੇ ਇਕ ਹੀ ਛੱਤ ਹੇਠ ਮਤਲਬ ਦੀ ਹਰ ਚੀਜ਼ ਮਿਲ ਜਾਂਦੀ ਸੀ।

"ਤੁਸੀਂ ਮੈਨਬਰੋ ਤੋਂ ਕੀ ਲੈਣ ਜਾਣਾ ਐ?" ਰਮਣੀਕ ਨੇ ਉਤਸੁਕਤਾ ਨਾਲ ਪੁੱਛਿਆ।

"ਵੈਲਨਟਾਈਨ ਡੇ ਆ ਰਿਹਾ ਐ। ਵੈਲਨਟਾਈਨ ਡੇ ਦੇ ਕਾਰਡ ਉਥੋਂ ਹੀ ਮਿਲਣੇ ਐ।" ਪਰਵੀਨ ਕਾਰ ਦੀ ਚਾਬੀ ਦਾ ਛੱਲਾ ਉਂਗਲੀ ਵਿੱਚ ਘੁਮਾਉਂਦੀ ਹੋਈ ਬੋਲੀ।

"ਕਾਰਡ ਕਿਹਦੇ ਲਈ ਖਰੀਦਣੇ ਐ? ਸਾਡਾ ਲਵਰ ਤਾਂ ਕੋਈ ਹੈ ਨਹੀਂ।" ਰਮਣੀਕ ਬੋਲੀ, "ਕਿਉਂ ਬਈ ਸਰਲਾ?" ਇਹ ਕਹਿੰਦਿਆਂ ਰਮਣੀਕ ਉਦਾਸ ਨਹੀਂ ਸੀ। ਉਸਦਾ ਗੁਲਾਬੀ ਚਿਹਰਾ ਹੋਰ ਵੀ ਖਿੜਿਆ ਹੋਇਆ ਸੀ।



"ਬਿਲਕੁਲ ਸੱਚ ਐ।" ਸਰਲਾ ਨੇ ਵੀ ਕਿਹਾ। ਲਲਿਤਾ ਪਰਵੀਨ ਦੀ ਕਾਰ ਵਿੱਚ ਬੈਠ ਕੇ ਤੁਰ ਗਈ। ਪਿਛੋਂ ਸਰਲਾ ਰਮਣੀਕ ਨੂੰ ਬੋਲੀ, "ਇਹ ਆਪਣੀ ਸਹੇਲੀ ਲਲਿਤਾ ਤਾਂ ਛੁਪੀ ਰੁਸਤਮ ਨਿਕਲੀ। ਇਹਦਾ ਕੋਈ ਲਵਰ ਹੋਣੈ।"

"ਯਾਰ! ਜੇ ਹੋਵੇ, ਤਾਂ ਕੀ ਬੁਰੀ ਗੱਲ ਐ?" ਅਗਲੇ ਦਿਨ ਲਲਿਤਾ ਕਾਲਜ ਨਹੀਂ ਆਈ। ਪਰ ਸਰਲਾ ਨੂੰ ਵੈਲਨਟਾਈਨ ਡੇ ਦੇ ਕਾਰਡ ਨਹੀਂ ਭੁੱਲੇ ਸਨ। ਕਾਲਜ ਪਹੁੰਚਦੀ ਚਿਤਰਾ ਘੇਰ ਲਈ।

"ਕੱਲ੍ਹ ਲਲਿਤਾ ਆਪਣੇ ਪ੍ਰੇਮੀ ਲਈ ਕਾਰਡ ਖਰੀਦਣ ਗਈ ਸੀ। ਵੈਲਟਨਾਈਨ ਡੇ ਉੱਤੇ ਦੇਣ ਲਈ।"

"ਕੌਣ ਐ ਉਹਦਾ ਪ੍ਰੇਮੀ?" ਚਿਤਰਾ ਸੁਭਾਵਕ ਹੀ ਬੋਲੀ।

ਪਿਛੋਂ ਸਾਰੀ ਟੋਲੀ ਨੇ ਵੈਲਟਨਾਈਨ ਡੇ ਦੀ ਚਰਚਾ ਛੇੜ ਲਈ।

"ਕੁੜੀਓ! ਕਿਉਂ ਤਰਸੇਵੇ ਨਾਲ ਤੜਫੀਏ? ਕਿਉਂ ਨਾ ਆਪਾਂ ਇਕ ਦੂਜੇ ਨੂੰ ਕਾਰਡ ਪੇਸ਼ ਕਰੀਏ? ਆਪਾਂ ਵੀ ਇਕ ਦੂਜੇ ਦੀਆਂ ਮਿੱਤਰ ਈ ਆਂ।" ਚਾਂਦ ਰਾਣੀ ਆਪਣੇ ਖੁਸ਼ ਰਹਿਣੇ ਸੁਭਾਅ ਦੇ ਮੁਤਾਬਕ ਬੋਲੀ।

ਉਹ ਸਾਰੀਆਂ ਇਕੱਠੀਆਂ ਹੋ ਕੇ 'ਮੈਨਬਰੋ' ਗਈਆਂ। ਕਾਰਡ ਤਾਂ ਖਰੀਦੇ ਈ, ਸ਼ਿੰਗਾਰ ਦਾ ਸ਼ਾਮਾਨ ਵੀ ਅੱਜ ਉਚੇਚੇ ਤੌਰ ਤੇ ਪੜਤਾਲਿਆ। ਹਰ ਕਿਸੇ ਨੇ ਸ਼ਿੰਗਾਰ ਦੀਆਂ ਆਪਣੀ ਪਸੰਦ ਦੀਆਂ ਵਸਤੂਆਂ ਖਰੀਦੀਆਂ।

ਰੇਖਾ ਨੇ ਪਹਿਲਾਂ ਬਾਕੀਆਂ ਦੇ ਬਰਾਬਰ ਇਕ ਹੀ ਕਾਰਡ ਖਰੀਦਿਆ ਸੀ। ਫੇਰ, ਜਦੋਂ ਬਾਕੀ ਸਾਰੀਆਂ ਸ਼ਿੰਗਾਰ ਦਾ ਸਾਮਾਨ ਚੁਣ ਰਹੀਆਂ ਹਨ, ਤਾਂ ਰੇਖਾ ਚੁੱਪ ਕੀਤੀ ਕਾਰਡ ਵਿਭਾਗ ਵੱਲ ਇਕ ਵਾਰ ਫੇਰ ਗਈ। ਇਕ ਕਾਰਡ ਹੋਰ ਖਰੀਦਿਆ।

"ਰੇਖਾ ਇਕ ਹੋਰ ਕਾਰਡ ਖਰੀਦ ਰਹੀ ਹੈ।" ਚਿਤਰਾ ਚਾਂਦ ਰਾਣੀ ਨੂੰ ਬੋਲੀ, "ਜ਼ਰੂਰ ਉਸ ਦਾ ਵੀ ਕੋਈ ਪ੍ਰੇਮੀ ਹੋਣੈ।"

"ਜੇ ਹੈ, ਤਾਂ ਖੁਸ਼ ਕਿਸਮਤ ਐ।" ਨੇੜੇ ਖੜੀ ਰਮਣੀਕ ਬੋਲੀ।

ਯੂਨੀਵਰਸਟੀ ਇਮਤਿਹਾਨ ਹੋ ਗਏ। ਟੀਚਿੰਗ ਪ੍ਰੈਕਟਿਸ ਲੱਗ ਗਈ। ਚਿਤਰਾ, ਰਮਣੀਕ, ਲਲਿਤਾ ਤੇ ਰੁਪਿੰਦਰ ਪਹਿਲੇ ਸਕੂਲਾਂ ਵਿੱਚ ਜਾ ਲੱਗੀਆਂ। ਬਾਕੀਆਂ ਨੇ ਵੀ ਸਕੂਲਾਂ ਦੀਆਂ ਘੱਟ ਤਨਖਾਹ ਵਾਲੀਆਂ ਆਰਜ਼ੀ ਆਸਾਮੀਆਂ ਹਾਸਲ ਕਰਲ ਲਈ ਯਤਨ ਕੀਤੇ, ਪਰ ਕਿਉਂਕਿ ਸਕੂਲ ਗਰਮੀ ਦੀਆਂ ਛੁੱਟੀਆਂ ਲਈ ਬੰਦ ਹੋਣ ਵਾਲੇ ਸਨ, ਇਸ ਲਈ ਸਕੂਲ ਪ੍ਰਬੰਧਕ ਖਾਲੀ ਆਸਾਮੀਆਂ ਦੀਆਂ ਥੋੜੀਆਂ ਤਨਖਾਹਾਂ ਵੀ ਬਚਾ ਰਹੇ ਸਨ। ਕਹਿ ਦਿੱਤਾ, ਛੁੱਟੀਆਂ ਤੋਂ ਬਾਅਦ ਪਤਾ ਕਰਿਓ।

ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋ ਗਈਆਂ।

ਜ਼ਿੰਦਗੀ ਪਹਾੜ ਜਿੱਡੀ ਭਾਰੀ ਲੱਗਣ ਲੱਗੀ। ਨਾ ਨਹਾ ਧੋ ਕੇ ਸਾਫ਼ ਕੱਪੜੇ ਪਹਿਨੇ ਜਾਂਦੇ, ਨਾ ਕਿਸੇ ਸਹੇਲੀ ਨਾਲ ਹੱਸ ਹੱਸ ਗੱਲ ਕਰਨ ਦਾ ਮੌਕਾ ਮਿਲਦਾ। ਆਪਣਾ ਆਪ ਹੀ ਕੁਹਜਾ ਲੱਗਦਾ। ਫੁੱਲਾਂ ਉੱਤੇ ਤਿਤਲੀਆਂ ਵਾਂਗ ਉੱਡਣਾ ਚਾਹੁਣ ਵਾਲੀਆਂ ਪੜ੍ਹੀਆਂ ਲਿਖੀਆਂ ਮੁਟਿਆਰਾਂ ਅੱਕੀਆਂ ਥੱਕੀਆਂ ਰਹਿੰਦੀਆਂ। ਫੋਨ ਸਾਹਮਣੇ ਪਏ ਹੁੰਦੇ, ਪਰ ਕਿਸੇ ਸਹੇਲੀ ਨੂੰ ਫੋਨ ਕਰਨ ਦੀ ਹਿੰਮਤ ਨਾ ਪੈਂਦੀ। ਕਿਹੜੀ ਨਵੀਂ ਖਬਰ ਦੇਈਏ ? ਕਿਹੜੀ ਸੁਹਾਵਣੀ ਯਾਦ ਸਾਂਝੀ ਕਰੀਏ?

ਪਰ ਇਕ ਦਿਨ ਸੁਹਾਵਣੀ ਖਬਰ ਆ ਗਈ। ਖ਼ਬਰ ਸਭ ਤੋਂ ਪਹਿਲਾਂ ਚਿਤਰਾ ਨੂੰ ਈ ਮਿਲੀ। ਮਿਲੀ ਵੀ ਉੱਧਰੋਂ, ਜਿੱਧਰੋਂ ਉਸਨੂੰ ਆਸ਼ਾ ਨਹੀਂ ਸੀ।

"ਚਿੱਤਰਾ ਦੀਦੀ! ਖੁਸ਼ ਖਬਰੀ ਐ।" ਸਰਲਾ ਫੋਨ ਉੱਤੇ ਬੋਲੀ ਸੀ।

ਧੜਕਦੇ ਦਿਲ ਨਾਲ ਚਿਤਰਾ ਨੇ ਪੁੱਛਿਆ ਸੀ, "ਕੀ ਖ਼ਬਰ ਐ, ਸਰਲਾ!"

"ਖ਼ਬਰ ਐ... ਖ਼ਬਰ ਐ... ਮੈਨੂੰ ਸੰਗ ਆਉਂਦੀ ਐ... ਦੀਦੀ...।"

"ਨੀਂ ਦੱਸ, ਕੀ ਖ਼ਬਰ ਐ? ਥਥਲਾਉਣ ਕਿਉਂ ਲੱਗ ਪਈ ਐਂ?"

ਚਿਤਰਾ ਕੁਝ ਕੁਝ ਸਮਝ ਗਈ ਸੀ, ਕੀ ਖ਼ਬਰ ਹੋ ਸਕਦੀ ਐ? ਪਰ ਉਹ ਖ਼ਬਰ ਸਰਲਾ ਦੇ ਮੂੰਹੋਂ ਹੀ ਸੁਣਨਾ ਚਾਹੁੰਦੀ ਸੀ।

"ਚਿਤਰਾ ਦੀਦੀ ਜੀ! ਮੇਰਾ ਵਿਆਹ ਐ, 21 ਤਾਰੀਖ ਦਾ।"

"ਕਦੋਂ ਫੈਸਲਾ ਹੋਇਆ? ਕੌਣ ਲੋਕ ਐ? ਕਦੋਂ ਆਏ?"

"ਐਤਵਾਰ ਆਏ ਸੀ। ਚੰਡੀਗੜ੍ਹੋਂ। ਲੜਕਾ ਇੰਜਨੀਅਰ ਐ, ਪੰਜਾਬ ਟਰੈਕੱਟਰਜ਼ ਕੰਪਨੀ ਵਿੱਚ। ਝੱਟ ਮੰਗਣੀ, ਪੱਟ ਵਿਆਹ ਦਾ ਫੈਸਲਾ ਹੋ ਗਿਆ। ਤੁਸੀਂ ਜ਼ਰੂਰ ਆਉਣਾ ਐ, ਬਾਕੀ ਸਭ ਸਹੇਲੀਆਂ ਨੂੰ ਨਾਲ ਲੈ ਕੇ। ਮੈਂ ਸਭ ਨੂੰ ਫੋਨ ਕਰਨ ਲੱਗੀ ਆਂ। ਸਭ ਤੋਂ ਪਹਿਲਾਂ ਤੁਹਾਨੂੰ ਈ ਖਬਰ ਦਿੱਤੀ ਐ। ਵਾਅਦਾ ਕਰੋ। ਜ਼ਰੂਰ ਆਉਗੇ। ਬਾਕੀਆਂ ਨੂੰ ਵੀ ਕਹੋਗੇ, ਆਉਣ ਲਈ।"

ਚਿਤਰਾ ਨੇ ਵਧਾਈਆਂ ਵੀ ਦਿੱਤੀਆਂ, ਆਉਣ ਦਾ ਵਾਅਦਾ ਵੀ ਕੀਤਾ। ਸਭ ਸਹੇਲੀਆਂ ਨੂੰ ਲਿਆਉਣ ਦਾ ਵਾਅਦਾ ਵੀ ਕੀਤਾ, ਪਰ ਉਸ ਦਾ ਆਪਣਾ ਮਨ ਸੜ ਗਿਆ। ਉਸਨੂੰ ਚੰਡੀਗੜ੍ਹ ਤੋਂ ਆਇਆ ਆਪਣੇ ਵਾਲਾ ਟੱਬਰ ਯਾਦ ਆ ਗਿਆ। ਇਹਨੂੰ ਸਰਲਾ ਨੂੰ ਕੀ ਸੁਰਖਾਬ ਦੇ ਪਰ ਲੱਗੇ ਹੋਏ ਐ? ਇਹ ਫੌਰਨ ਚੁਣੀ ਗਈ। ਮੈਂ ਰਹਿ ਗਈ। ਲੇਖ ਸਭ ਦੇ ਠੰਡੇ ਨਹੀਂ। ਮੇਰੇ ਲੇਖ ਹੀ ਠੰਡੇ ਐ।

ਉਸਨੂੰ ਸਰਲਾ ਦਾ ਉਸ ਨੂੰ ਦੀਦੀ ਅਤੇ ਦੀਦੀ ਜੀ ਕਹਿਣਾ ਬਹੁਤ ਚੁੱਭਿਆ। ਕੀ ਮੈਂ ਉਮਰੋਂ ਬਹੁਤੀ ਹੀ ਵੱਡੀ ਹੋ ਗਈ ਆਂ? ਇਹ ਸਰਲਾ ਬਹੁਤੀ ਹੀ ਛੋਟੀ ਐ? ਲੱਗਦੀ ਦੀਦੀ ਦੀ?

ਪਰ ਉਹ ਸਰਲਾ ਦੇ ਵਿਆਹ ਤੇ ਖੂਬ ਪਹਿਨ-ਪੱਚਰ ਕੇ ਪਹੁੰਚੀ। ਬਾਕੀ ਸਹੇਲੀਆਂ ਵੀ। ਸ਼ੁਕਰ ਕੀਤਾ, ਘਰੋਂ ਨਿਕਲਣ ਤੇ ਇੱਕਠੀਆਂ ਹੋਣ ਦਾ ਮੌਕਾ ਮਿਲਿਆ ਸੀ। ਸਭ ਨੇ ਤਾਂਘ ਨਾਲ ਇਕ ਦੂਜੇ ਨਾਲ ਹੱਥ ਮਿਲਾਏ। ਕਈ ਸੀਨੇ ਨਾਲ ਸੀਨਾ ਜੋੜ ਕੇ ਮਿਲੀਆਂ। ਜਦੋਂ ਰਮਣੀਕ ਨੇ ਚਿਤਰਾ ਨੂੰ ਦੋਹਾਂ ਬਾਹਾਂ ਵਿੱਚ ਵਲਿਆ ਤਾਂ ਚਿਤਰਾ ਨੇ ਰਮਣੀਕ ਦੀਆਂ ਗੁਲਾਬੀ ਗੁਲਾਬੀ ਗੱਲਾਂ ਚੁੰਮੀਆਂ। ਇਕ ਵਾਰ ਨਹੀਂ ਕਈ ਵਾਰ।

"ਕੀ ਗੱਲ ਐ, ਮੈਡਮ ਚਿਤਰਾ। ਅੱਜ ਬੜਾ ਪਿਆਰ ਆ ਰਿਹੈ ਐ।" ਰਮਣੀਕ ਹੱਸ ਕੇ ਬੋਲੀ।

"ਹਾਂ, ਪਿਆਰ ਆ ਰਿਹਾ ਐ। ਬਹੁਤ ਪਿਆਰ ਆ ਰਿਹਾ ਐ।" ਚਿਤਰਾ ਖਿੜੀ ਖਿੜੀ ਬੋਲੀ।

ਗੰਭੀਰ ਆਈ, ਤਾਂ ਰਮਣੀਕ ਨੇ ਪੁੱਛਿਆ, "ਤੂੰ ਇਕੱਲੀ ਪਹੁੰਚੀ ਹੈਂ। ਤੇਰੀ ਸਾਥਣ ਰੇਖਾ ਨਹੀਂ ਆਈ?" ਗੰਭੀਰ ਤੇ ਰੇਖਾ ਇਕੋ ਮਹੱਲੇ ਅਰਬਨ ਅਸਟੇਟ ਨੰਬਰ ਇਕ ਵਿੱਚ ਰਹਿੰਦੀਆਂ ਸਨ।

"ਰੇਖਾ ਉਡਾਰੀ ਮਾਰ ਗਈ।"

"ਉਡਾਰੀ ਮਾਰ ਗਈ?... ਕਿੱਥੇ??"

"ਆਗਰੇ।"

"ਆਗਰੇ?... ਆਗਰੇ ਤਾਂ ਉਹ ਪੱਤਝੜ ਦੀਆਂ ਛੁੱਟੀਆਂ ਵਿੱਚ ਵੀ ਗਈ ਸੀ। ਹੁਣ ਕਿਉਂ ਗਈ ਐ?"

"ਪੱਕੇ ਤੌਰ ਤੇ ਜਾ ਵੱਸੀ ਐ।"

ਆਏ ਪ੍ਰਾਹੁਣਿਆਂ ਵਿੱਚ ਘੁਸਰ ਮੁਸਰ ਸ਼ੁਰੂ ਹੋਈ ਕਿ ਸ਼ਾਇਦ ਬਾਰਾਤ ਆ ਗਈ ਐ। ਪਰ ਰਮਣੀਕ ਦੇ ਮਨ ਵਿੱਚ ਪ੍ਰਸ਼ਨ ਸਿਰ ਚੁੱਕੀ ਖੜਾ ਸੀ।

"ਗੰਭੀਰ ਬੁਝਾਰਤਾਂ ਕਿਉਂ ਪਾਉਂਦੀ ਐਂ? ਰੇਖਾ ਆਗਰੇ ਕਿਉਂ ਗਈ ਐ?"

"ਘਰੋਂ ਦੌੜ ਕੇ ਵਿਆਹ ਕਰਵਾ ਲਿਆ ਹੈ, ਚਾਚੇ ਦੇ ਜੁਆਈ ਦੇ ਦੇਵਰ ਨਾਲ। ਚਚੇਰੀ ਭੈਣ ਨੇ



ਆਪਣੇ ਹੱਥੀਂ ਲਾਵਾਂ ਪੜ੍ਹਵਾਂ ਦਿੱਤੀਆਂ। ਤੈਨੂੰ ਸ਼ਾਇਦ ਪਤਾ ਨਹੀਂ ਐ, ਉਸਦੇ ਸਕੇ ਚਾਚੇ ਦੀ ਧੀ ਆਗਰੇ ਵਿਆਹੀ ਹੋਈ ਐ। ਉੱਥੇ ਉਸਦੇ ਸਹੁਰੇ ਟੱਬਰ ਦਾ ਇਲੈਕਟਰੌਨਿਕ ਗੁਡਜ਼ ਦਾ ਸ਼ੋਅ ਰੂਮ ਐ।"

ਬਾਰਾਤ ਸੱਚ ਮੁੱਚ ਆ ਗਈ। ਮਿਲਣੀ ਹੋਈ। ਗੇਟ ਉੱਤੇ ਕੁੜੀਆਂ ਨੇ ਲਾੜੇ ਤੋਂ ਫੀਤਾ ਕਟਵਾਇਆ। ਲਾੜੇ ਲਾੜੀ ਨੇ ਜੈ ਮਾਲਾ ਪਹਿਨਾਈ। ਨਾਸ਼ਤਾ ਖਾਧਾ ਗਿਆ। ਰਮਣੀਕ, ਗੰਭੀਰ, ਚਿੱਤਰਾ, ਚਾਂਦ ਰਾਣੀ ਤੇ ਹੋਰ ਕੁੜੀਆਂ ਸਭ ਰਸਮਾਂ ਵਿੱਚ ਸ਼ਾਮਲ ਹੋਈਆਂ। ਹੱਸਣ ਵਾਲੀ ਗੱਲ ਉੱਤੇ ਹਸਦੀਆਂ ਰਹੀਆਂ। ਤਾੜੀ ਮਾਰਨ ਵਾਲੇ ਮੌਕੇ ਉੱਤੇ ਤਾੜੀਆਂ ਮਾਰੀਆਂ। ਨੌਜਵਾਨਾਂ ਦੀਆਂ ਦੇਖਦੀਆਂ ਅੱਖਾਂ ਦਾ ਅੱਖਾਂ ਰਾਹੀਂ ਹੁੰਘਾਰਾ ਭਰਦੀਆਂ ਰਹੀਆਂ।

ਪਰ ਸਭ ਦਾ ਅੱਧੇ ਨਾਲੋਂ ਬਹੁਤਾ ਧਿਆਨ ਰੇਖਾ ਵੱਲ ਤੇ ਰੇਖਾ ਦੇ ਵਿਆਹ ਬਾਰੇ ਹੁਣੇ ਸੁਣੀ ਖ਼ਬਰ ਵੱਲ ਸੀ। ਰਸਮਾਂ ਵਿੱਚ ਹਿੱਸਾ ਲੈਂਦਿਆਂ ਲੈਂਦਿਆਂ ਵੀ ਰਮਣੀਕ ਨੇ ਹੀ ਨਹੀਂ, ਚਿਤਰਾ ਨੇ ਵੀ ਅਤੇ ਬਾਕੀਆਂ ਨੇ ਵੀ ਆਗਰੇ ਹੋਏ ਵਿਆਹ ਬਾਰੇ ਵੇਰਵੇ ਪਤਾ ਕਰ ਲਏ ਸਨ।

ਆਖਰ ਇਹ ਮਾਮੂਲੀ ਘਟਨਾ ਨਹੀਂ ਸੀ। ਉਨ੍ਹਾਂ ਦੀ ਜ਼ਿੰਦਗੀ ਦੀ ਕਈ ਸਾਲਾਂ ਵਿੱਚ ਵਾਪਰੀ ਇਹ ਸਭ ਤੋਂ ਅਸਚਰਜ ਘਟਨਾ ਸੀ।

ਗੰਭੀਰ ਨੇ ਉਨ੍ਹਾਂ ਨੂੰ ਦੱਸਿਆ, "ਘਰ ਅਤੇ ਦੁਕਾਨ ਦੇ ਵੰਡ ਵੰਡਾਰੇ ਦੇ ਸਿਲਸਿਲੇ ਵਿਚ ਦੋ ਸਾਲ ਪਹਿਲਾਂ ਰੇਖਾ ਦੇ ਪਿਤਾ ਤੇ ਉਸਦੇ ਚਾਚੇ ਦਾ ਬੋਲ ਬੁਲਾਰਾ ਹੋ ਗਿਆ ਸੀ। ਦੋਵੇਂ ਟੱਬਰ ਉਦੋਂ ਦੇ ਚੰਗੀ ਤਰ੍ਹਾਂ ਬੋਲਦੇ ਨਹੀਂ। ਪਰ ਰੇਖਾ ਤੇ ਉਸਦੀ ਚਚੇਰੀ ਭੈਣ ਸੁਰੇਖਾ ਬਚਪਨ ਦੀਆਂ ਸਹੇਲੀਆਂ ਹੈਨ। ਉਨ੍ਹਾਂ ਨੇ ਬੋਲ ਚਾਲ ਨਹੀਂ ਛੱਡੀ। ਅਕਤੂਬਰ ਵਿੱਚ ਮਾਪਿਆਂ ਦੀ ਮਨਜ਼ੂਰੀ ਨਾਲ ਈ ਉਹ ਛੁੱਟੀਆਂ ਕੱਟਣ ਆਗਰੇ ਚਲੀ ਗਈ ਸੀ। ਹੁਣ ਸੁਰੇਖਾ ਨੇ ਆਪਣੇ ਦੇਵਰ ਨਾਲ ਰੇਖਾ ਵਿਆਹ ਲਈ।"

"ਪਰ ਘਰੋਂ ਦੌੜ ਕੇ ਵਿਆਹ ਕਿਉਂ ਕੀਤਾ ਗਿਆ?" ਸਭ ਦਾ ਸਵਾਲ ਸੀ। "ਇਸ਼ਕ ਦਾ ਮਾਮਲਾ ਹੋਣੈ। ਮਾਪਿਆਂ ਤੇ ਭਰਾ ਦੀ ਗੈਰ ਹਾਜ਼ਰੀ ਵਿੱਚ ਵਿਆਹ ਕਰਾ ਕੇ ਰੇਖਾ ਨੇ ਉਨ੍ਹਾਂ ਦੀ ਬੇਇੱਜ਼ਤੀ ਨਹੀਂ ਕਰਵਾ ਦਿੱਤੀ ਐ?"

"ਤੁਸੀਂ ਹੋਰ ਗੱਲਾਂ ਛੱਡੋ। ਰੇਖਾਂ ਦੀ ਚਿੱਠੀ ਸੁਣੋ। ਮੈਨੂੰ ਰੇਖਾ ਦੀ ਮਾਤਾ ਜੀ ਪਾਸੋਂ ਚਿੱਠੀ ਲੈ ਕੇ ਪੜ੍ਹਨ ਦਾ ਮੌਕਾ ਮਿਲਿਆ ਐ।" ਗੰਭੀਰ ਨੇ ਦੱਸਿਆ।

"ਕੀ ਲਿਖਿਆ ਐ ਚਿੱਠੀ ਵਿੱਚ?"

"ਮੈਂ ਸੁਰੇਖਾ ਦੀਦੀ ਦੇ ਦੇਵਰ ਪ੍ਰਬੋਧ ਚੰਦਰ ਨਾਲ ਬਾਕਾਇਦਾ ਵੈਦਿਕ ਰੀਤੀ ਨਾਲ ਵਿਆਹ ਕਰਵਾ ਲਿਆ ਐ। ਮੈਂ ਤੁਹਾਡੇ ਘਰ ਤੁਹਾਡੇ ਪਾਸ ਈ ਰਹਿੰਦੀ ਸੀ। ਪਰ ਤੁਸੀਂ ਮੈਨੂੰ ਭੁੱਲੇ ਹੋਏ ਸੀ। ਤੁਹਾਡਾ ਸਾਰਾ ਧਿਆਨ ਨਵੀਂ ਖੋਲ੍ਹੀ ਦੁਕਾਨ ਨੂੰ ਕਾਮਯਾਬ ਬਣਾਉਣ ਤੇ ਬਹੁਤਾ ਧਨ ਕਮਾਉਣ ਵੱਲ ਲੱਗਾ ਹੋਇਆ ਸੀ। ਭਾਰਤੀ ਮਾਪੇ ਧੀਆਂ ਨੂੰ ਪੜ੍ਹਨੇ ਪਾ ਕੇ, ਤੇ ਇਹ ਸੋਚ ਕੇ ਕਿ ਕੁੜੀਆਂ ਰੁੱਝੀਆਂ ਹੋਈਆਂ ਹੈਨ, ਉਨ੍ਹਾਂ ਵੱਲ ਬੇਧਿਆਨ ਹੋ ਜਾਂਦੇ ਐ। ਉਨ੍ਹਾਂ ਨੂੰ ਇਹ ਗੱਲ ਚੇਤੇ ਈ ਨਹੀਂ ਰਹਿੰਦੀ ਕਿ ਧੀਆਂ ਜੁਆਨ ਹੈਨ, ਤੇ ਖ਼ਾਹਸਾਂ ਉਨ੍ਹਾਂ ਨੂੰ ਬੇਚੈਨ ਕਰ ਰਹੀਆਂ ਹੈਨ। ਮੇਰਾ ਜੀਅ ਕਰਦਾ ਸੀ, ਵਿਆਹ ਕਰਾਉਣ ਨੂੰ। ਸੁਰੇਖਾ ਦੀਦੀ ਦਾ ਦੇਵਰ ਪ੍ਰਬੋਧ ਮੈਨੂੰ ਬਹੁਤ ਪਸੰਦ ਸੀ। ਉਸੇ ਦਿਨ ਤੋਂ ਪਸੰਦ ਸੀ, ਜਦੋਂ ਭਰਾ ਦੇ ਵਿਆਹ ਉੱਤੇ ਉਹ ਆਪਣੇ ਸ਼ਹਿਰ ਆਇਆ ਸੀ। ਉਸਨੂੰ ਮੈਂ ਪਸੰਦ ਸੀ। ਸੋ ਅਸੀਂ ਵਿਆਹ ਕਰਾ ਲਿਆ ਐ। ਮੈਂ ਕੋਈ ਪਾਪ ਨਹੀਂ ਕੀਤਾ। ਮੈਂ ਤੁਹਾਡੀ ਪਹਿਲਾਂ ਵਾਲੀ ਈ ਨੇਕ ਚਲਣ ਧੀ ਆਂ। ਚਾਚੇ ਨਾਲ ਤੁਹਾਡੀ ਨਾਰਾਜ਼ਗੀ ਕਾਰਨ ਤੁਸੀਂ ਖੁਸ਼ੀ ਨਾਲ ਇਹ ਵਿਆਹ ਕਰਨਾ ਮਨਜ਼ੂਰ ਨਹੀਂ ਸੀ ਕਰਨਾ। ਇਸ ਲਈ ਮੈਨੂੰ ਘਰੋਂ ਦੂਰ ਆ ਕੇ ਆਪ ਵਿਆਹ ਕਰਾਉਣਾ ਪਿਆ। ਮੈਨੂੰ ਮੁਆਫ਼ ਕਰਿਉ। ਆਪਣੀ ਪਿਆਰੀ ਧੀ ਨੂੰ ਮੁਆਫ਼ ਕਰਿਉ। ਸੁਰੇਖਾ ਦੀਦੀ ਤੇ ਚਾਚਾ ਜੀ ਨੂੰ ਵੀ ਦੋਸ਼ ਨਾ ਦਿਉ। ਸੁਰੇਖਾ ਦੀਦੀ ਨੇ ਮੇਰੀ ਸਿਆਣਪ ਭਰੀ ਮੱਦਦ ਹੀ ਕੀਤੀ ਐ, ਤੇ ਤੁਹਾਡਾ ਭਾਰ ਹੌਲਾ ਕੀਤਾ ਐ।" **ਪਤਾ: 628, ਗਰੀਨ ਮਾਡਲ ਟਾਊਨ, ਜਲੰਧਰ। 0181-2442611**

## ਕਹਾਣੀ / ਮੈਂ ਆਕੀ ਹਾਂ / ਸਰੂਪ ਸਿਆਲਵੀ

1.

ਰਾਮ ਪ੍ਰਸ਼ਾਦ, ਪੁਰੋਹਿਤ ਦੇ ਪੈਰਾਂ ਨੇ ਤੇਜ਼ੀ ਫੜ ਲਈ ਸੀ। ਉਹ ਖੁਸ਼ ਹੁੰਦਾ ਵੀ ਕਿਉਂ ਨਾ? ਉਸਨੇ ਹਰਪਾਲ ਦੇ ਘਰ ਮੁੰਡਾ ਜੰਮਣ ਦੇ ਕਈ ਉਪਾਅ ਕੀਤੇ ਸਨ। ਉਸ ਘਰ ਮੁੰਡਾ ਜੰਮਿਆ ਸੀ ਤੇ ਗੀਤ ਗਾਏ ਜਾ ਰਹੇ ਸਨ। ਪਰ ਘਰ ਦਾ ਵੱਡਾ ਗੇਟ ਵੜਨ ਲੱਗਿਆ ਪਰੋਹਿਤ ਦੇ ਪੈਰ ਥਾਏਂ ਠਹਿਰ ਗਏ ਸਨ। ਇਹ ਮੁੰਡਾ ਜੰਮਣ ਦੇ ਗੀਤਾਂ ਦੀ ਆਵਾਜ਼ ਤਾਂ ਹਰਪਾਲ ਦੇ ਦਰ ਨਾਲ ਦੇ ਸੁੱਖੇ ਦੇ ਘਰੋਂ ਆ ਰਹੀ ਸੀ।

ਪੁਰੋਹਿਤ ਦਾ ਧਿਆਨ ਉਧਰ ਈ ਲੱਗਿਆ ਹੋਇਆ ਸੀ। ਕੁਲਦੀਪਕ ਨੂੰ ਜੰਮਣ-ਘੁੱਟੀ ਪਿਲਾਈ ਜਾ ਰਹੀ ਸੀ। – 'ਬੀਰਾ ਬੇ ਲਾਗੀ ਦੇਣ ਵਧਾਈਆਂ"

ਪੁਰੋਹਿਤ ਫੇਰ ਸੋਚੀਂ ਪੈ ਗਿਆ ਸੀ। ਭਾਵੇਂ ਉਹ ਪੱਤਰੀ ਖੋਲ੍ਹ ਕੇ, ਸੁਖੇ ਦੇ ਘਰ ਵੀ ਮੁੰਡਾ ਜੰਮਣ ਦੀ ਪੁੱਛਿਆ ਦਿੰਦਾ ਰਿਹਾ ਸੀ। ਪਰ ਹਵਨ ਯੱਗ, ਪੁੰਨਵਨ ਸੰਸਕਾਰ ਹਰਪਾਲ ਦੇ ਘਰ ਹੁੰਦੇ ਰਹੇ ਤੇ ਸੁੱਖੇ ਦੇ ਘਰ ਕਿਵੇਂ ਵਰ ਆ ਗਿਆ ਸੀ। ਉਹ ਹਰਪਾਲ ਤੇ ਸੁੱਖੇ ਦੇ ਦਰਾਂ ਅੱਗੇ ਖੁਲ੍ਹੇ ਨਵੇਂ ਜਨਰਲ ਸਟੋਰ ਵਿਚ ਦੁਬਕ ਕੇ ਬਹਿ ਗਿਆ ਤੇ ਵਿਚਾਰ ਕਰਨ ਲੱਗਿਆ। ਜੇ ਹਰਪਾਲ ਦੇ ਘਰ ਵੀ ਮੁੰਡਾ ਜੰਮ ਪਵੇ ਤਾਂ ਉਹਦੀ ਤਾਂ ਪਿੰਡ ਦੇ ਨਾਲ ਨਾਲ ਇਲਾਕੇ ਵਿਚ ਵੀ ਬੱਲੇ ਬੱਲੇ ਹੋ ਜਾਵੇ ਕਿ ਪਰੋਹਿਤ ਦੀ ਦਿੱਤੀ ਪੁਛਿਆ ਸੌ ਪ੍ਰਤੀਸਤ ਸੱਚ ਹੁੰਦੀ ਹੈ। ਪਰ ਜੇ ਕੁੜੀ ਜੰਮ ਪਈ ... ਨਹੀਂ ਨਹੀਂ ਏਦਾਂ ਨਹੀਂ ਹੋ ਸਕਦਾ। ਉਹਦਾ ਅੰਤਹਕਰਣ ਪਲ ਪਲ ਹਰਪਾਲ ਦੇ ਘਰ ਮੁੰਡਾ ਜੰਮਣ ਦਾ ਯਕੀਨ ਦੁਆਉਂਦਾ ਸੀ।

ਹਰਪਾਲ ਤੇ ਸੁਖੇ ਦੀਆਂ ਪਤਨੀਆਂ ਦੇ ਇਕੋ ਮਹੀਨੇ ਗਰਭ ਠਹਿਰਿਆ ਸੀ। ਹਰਪਾਲ ਦੀ ਪਤਨੀ, ਬਚਨੀ ਦੀ ਕੁਖੋਂ ਪਹਿਲਾਂ ਹੀ ਪੰਜ ਕੁੜੀਆਂ ਜਨਮ ਲੈ ਚੁੱਕੀਆਂ ਸਨ। ਜਿਨ੍ਹਾਂ ਵਿਚੋਂ ਦੋ ਤਿਉਂਦੀਆਂ ਸਨ। ਇਸ ਕਰਕੇ ਹਰਪਾਲ ਦੀ ਮਾਂ, ਮੰਗੋ ਬਹੁਤ ਚਿੰਤਾਤੁਰ ਤੇ ਡਰੀ ਹੋਈ ਸੀ ਕਿ ਬਚਨੀ ਦੇ ਕਿਤੇ ਫੇਰ ਕੁੜੀ ਨਾ ਜੰਮ ਪਵੇ। ਉਹਨੇ ਪਰੋਹਿਤ ਰਾਮ ਪ੍ਰਸਾਦ ਦੇ ਜਾ ਪੈਰ ਫੜੇ। ਪੁਰੋਹਿਤ ਨੇ ਉਹਨੂੰ ਕਿਹਾ ਸੀ ਕਿ ਉਹ ਘਬਰਾਏ ਨਾ ਉਹ ਉਹਦੀ ਨੂੰਹ ਦੇ ਬੱਚਾ ਪੇਟ ਪੈਣ ਤੋਂ ਪਹਿਲਾਂ ਹੀ ਉਪਾਅ ਸ਼ੁਰੂ ਕਰ ਦਵੇਗਾ।

ਪੁਰੋਹਿਤ ਨੇ ਕੁਝ ਮੰਤਰ ਪੜ੍ਹੇ ਤੇ ਪੱਤਰੀ ਵਿਚੋਂ ਪੜ੍ਹਕੇ ਉਪਦੇਸ਼ ਦੇਣ ਲੱਗਿਆ, "ਮਨੂ ਸਿਮਰਤੀ ਵਿਚ ਲਿਖਿਆ ਹੈ ਕਿ ਮਾਸਕ ਧਰਮ ਤੋਂ ਚੌਥੇ ਦਿਨ ਤੋਂ ਬਾਅਦ ਛੇਵੀਂ, ਅੱਠਵੀਂ, ਦਸਵੀਂ, ਬਾਰਵੀਂ, ਚੌਦਵੀਂ ਤੇ ਸੋਹਲਵੀ ਰਾਤ ਨੂੰ ਸਹਿਵਾਸ ਕਰਨ ਨਾਲ ਪੁੱਤਰ ਦੀ ਪ੍ਰਾਪਤੀ ਹੁੰਦੀ ਹੈ।"

"ਮਾਸਕ ਧਰਮ ਮਾਹਵਾਰੀ ਤੇ ਆਹ ਸਹਿਵਾਸ ਵੀ ਮੈਂ ਸਮਝ ਗਿਆ ਪਰ ਜੇ ਉਸ ਰਾਤ ਘਰ ਆਲੀ ਦਾ ਮੂਡ ਈ ਨਾ ਹੋਵੇ, ਫੇਰ ਕੀ ਜਬਰਦਸਤੀ ਕਰਾਂ?" ਕੋਲ ਖੜੀ ਬਚਨੀ ਮੂੰਹ ਤੇ ਚੁੰਨੀ ਰੱਖਕੇ, ਹੱਸਦੀ ਅੰਦਰ ਨੂੰ ਚਲੀ ਗਈ ਸੀ।

"ਹਟ ਜਾ ਹਟ ਜਾ ਵਿਗੜਿਆ ਜੱਟਾ! ਪਰੋਹਿਤ ਨੂੰ ਕੀਤੀਆਂ ਮਸਕਰੀਆਂ ਮਹਿੰਗੀਆਂ ਪੈ ਜਾਂਦੀਆਂ ਐ। ਉਹ ਅੰਦਰੋਂ ਦਾਨਿਆਂ ਦੀ ਪਰਾਤ ਭਰੀ ਆਉਂਦੀ ਐ ਤੇਰੀ ਮਾਂ ਮੰਗੋ, ਤੂੰ ਰਤਾ ਪਰ੍ਹਾਂ ਹੋ, ਮੈਂ ਉਹਨੂੰ ਸਭ ਕੁਝ ਸਮਝਾ ਦੇਣੈ।"

ਦੋਵਾਂ ਦੇ ਦਰਵਾਜ਼ੇ ਨਾਲ ਨਾਲ ਹੋਣ ਕਰਕੇ, ਹਰਪਾਲ ਤੇ ਸੁੱਖੇ ਦੀਆਂ ਮਾਵਾਂ ਮੰਗੋ ਤੇ ਤੰਗੋ ਜੇ ਇਕ ਦਾ ਨਿਆਣਾ ਦੂਜੀ ਦੇ ਨਿਆਣੇ ਨੂੰ ਕੁੱਟ ਦਿੰਦਾ ਜਾਂ ਜੇ ਇਕ ਜਣੀ ਘਰ ਦਾ ਕੂੜਾ ਦੂਸਰੀ ਦੇ ਦਰਵਾਜੇ ਅੱਗੇ ਸੁੱਟ ਦਿੰਦੀ ਤਾਂ ਉਹ ਲੜਦੀਆਂ ਵੀ ਡਟ ਕੇ ਸਨ। ਪਰ ਕਿਸੇ ਦੇ ਘਰ ਸੁਖ ਦੁਖ ਵਿਚ ਇੱਕਠੀਆਂ ਹੋਈਆਂ ਫੇਰ ਮੇਲ ਮਿਲਾਪ ਕਰ ਲੈਂਦੀਆਂ ਸਨ। ਉਹ ਵਿਆਹ ਸ਼ਾਦੀ ਵਿਚ ਲੋਕ ਗੀਤ ਗਾਉਂਣ ਲਈ ਪਿੰਡ ਵਿਚ ਹੀ ਨਹੀਂ, ਰਿਸ਼ਤੇਦਾਰੀਆਂ ਵਿਚ ਵੀ ਮੰਨੀਆਂ ਪ੍ਰਮੰਨੀਆਂ ਸਨ। ਹੁਣ ਉਨ੍ਹਾਂ ਦੋਹਾਂ ਦੀਆਂ ਨੂੰਹਾਂ



ਉਮੈਦਵਾਰੀ ਤੇ ਹੋਣ ਕਰਕੇ ਦੋਵੇਂ ਜਣੀਆਂ 'ਕੱਠੀਆਂ ਹੋ ਕੇ, ਮੁੰਡਾ ਜੰਮਣ ਦੇ ਗੀਤਾਂ ਦੀ ਝੜੀ ਲਾ ਦਿੰਦੀਆਂ ਜਿਵੇਂ ਉਹ ਲੋਕ ਗੀਤ ਗਾ ਗਾ ਕੇ ਹੀ ਆਪਣੀ ਆਪਣੀ ਨੂੰਹ ਦੇ ਮੁੰਡਾ ਜਮਾ ਦੇਣਗੀਆਂ।

ਪੁਰੋਹਿਤ, ਰਾਮ ਪ੍ਰਸ਼ਾਦ ਵੀ ਮੰਗੋ ਤੇ ਤੰਗੋ ਦੇ ਘਰ ਵਾਰੀ ਵਾਰੀ ਚੱਕਰ ਮਾਰਦਾ ਰਹਿੰਦਾ ਤੇ ਪੁੰਸਵਨ ਸੰਸਕਾਰ ਕਰਵਾਉਣ ਲਈ ਜੋਰ ਪਾਉਂਦਾ। ਉਹ ਉਹਨਾਂ ਨੂੰ ਪ੍ਰਭਾਵਿਤ ਕਰਨ ਲਈ 'ਪੁੰਸਵਨ ਸੰਸਕਾਰ ਦੇ ਅਰਥ ਦੱਸਦਾ, "ਅਥਰਵਵੇਦ ਵਿਚ 'ਪੁੰਸਵਨ' ਸ਼ਬਦ ਦੇ ਅਰਥ 'ਪੁੱਤਰ ਨੂੰ ਜਨਮ ਦੇਣਾ ਲਿਖੇ ਹਨ। ਉਹ ਕਰਮ ਜਿਸਦੇ ਅਨੁਸ਼ਠਾਨ ਨਾਲ ਪੁਸ਼ਾਨ (ਪੁਰਸ਼) ਸੰਤਾਨ ਦਾ ਜਨਮ ਹੋਵੇ 'ਪੁੰਸ਼ਵਨ ਸੰਸਕਾਰ' ਅਖਵਾਉਂਦਾ ਹੈ।"

"ਪੁੰਸ਼ਵਨ ਸੰਸਕਾਰ ਗਰਭ ਦੇ ਕਿਹੜੇ ਮਹੀਨੇ ਕਰਵਾਇਆ ਜਾਵੇ?" ਉਹ ਆਪੇ ਪ੍ਰਸ਼ਨ ਕਰਕੇ ਆਪੇ ਜਵਾਬ ਦਿੰਦਾ, "ਪੁੰਸ਼ਵਨ ਸੰਸਕਾਰ ਹੋਣਾ ਚਾਹੀਦਾ ਹੈ। ਯਗਵਲਕਰ ਤੇ ਸੰਖ ਅਨੁਸਾਰ ਗਰਭ ਦੇ ਹਿੱਲਣ ਤੋਂ ਪਹਿਲਾਂ 'ਪੁੰਸਵਨ ਸੰਸਕਾਰ' ਫ਼ਲਦਾਇਕ ਸਿੱਧ ਹੁੰਦਾ ਹੈ।"

ਉਹ ਉਹਨਾਂ ਦੀਆਂ ਨੂੰਹਾਂ ਨੂੰ ਮੁਖਾਤਿਬ ਹੁੰਦਾ, "ਗਰਭਵਤੀ ਇਸਤਰੀ ਨੂੰ ਖੁਸ਼ ਰਹਿਣਾ ਚਾਹੀਦਾ ਹੈ। ਸਾਤਵਿਕ ਭੋਜਨ ਕਰਨਾ ਤੇ ਮਹਾਂਪੁਰਖਾਂ ਦੀਆਂ ਸਾਖੀਆਂ ਸੁਣਨੀਆਂ ਚਾਹੀਦੀਆਂ ਹਨ ਤੇ ਸੂਰਵੀਰਾਂ ਦੀਆਂ ਫੋਟੋਆਂ ਆਪਣੇ ਸੌਣ ਵਾਲੇ ਕਮਰੇ ਵਿਚ ਲਾਉਣੀਆਂ ਚਾਹੀਦੀਆਂ ਹਨ।"

ਤੰਗੋ ਨੇ ਤਾਂ ਪੁਰੋਹਿਤ ਦੀਆਂ ਗੱਲਾਂ ਵੱਲ ਬਹੁਤਾ ਧਿਆਨ ਨਾ ਦਿੱਤਾ। "ਹਾਂ ਹਾਂ" ਕਰਦੀ ਰਹੀ ਕਿਉਂਕਿ ਉਹਦੀ ਨੂੰਹ ਕੋਲ ਪਹਿਲਾਂ ਕੇਵਲ ਇਕ ਕੁੜੀ ਸੀ ਤੇ ਦੂਸਰਾ ਬੱਚਾ ਹੋਣਾ ਸੀ ਪਰ ਮੰਗੋ ਦੀ ਨੂੰਹ ਦੇ ਤਾਂ ਪੰਜ ਕੁੜੀਆਂ ਜੰਮ ਚੁੱਕੀਆਂ ਸਨ ਜਿਨ੍ਹਾਂ ਵਿਚੋਂ ਤਿੰਨ ਨੂੰ ਉਹਨੇ ਜੰਮਦਿਆਂ ਹੀ ਮਾਰ ਦਿੱਤਾ ਸੀ ਜਦਕਿ ਦੋ ਕੁੜੀਆਂ ਉਹਦੀ ਨੂੰਹ ਨੇ ਰੋ ਧੋ ਕੇ ਬਚਾ ਲਈਆਂ ਸਨ। ਉਹ ਡਰਦੀ ਸੀ ਕਿ 'ਉਹੀ ਗੱਲ ਨਾ ਹੋ ਜਾਵੇ' ਕਿਤੇ ਫੇਰ ਕੁੜੀ ਜੰਮ ਪਵੇ। ਉਹਨੇ ਨੂੰਹ ਤੋਂ ਪਤਾ ਕੀਤਾ 'ਉਹਨੂੰ ਤੀਸਰਾ ਮਹੀਨਾ ਚੱਲ ਰਿਹਾ ਸੀ ਤੇ ਅਜੇ ਗਰਭ ਵੀ ਹਿਲਣ ਨਹੀਂ ਸੀ ਲੱਗਿਆ' ਇਸ ਲਈ ਮੰਗੋ ਮਹਿੰਗੇ ਤੋਂ ਮਹਿੰਗਾ ਸੰਸਕਾਰ ਕਰਵਾਉਣ ਲਈ ਤਿਆਰ ਹੋ ਗਈ ਤਾਂ ਜੋ ਉਹਨਾਂ ਵਲੋਂ 'ਮੁੰਡਾ ਪੈਦਾ ਹੋਣ' ਦੀ ਕੋਸ਼ਿਸ਼ ਵਿਚ ਕੋਈ ਕਸਰ ਬਾਕੀ ਨਾ ਰਹਿ ਜਾਵੇ।

ਜਦ ਪਰੋਹਿਤ 'ਪੁੰਸ਼ਵਨ ਸੰਸਕਾਰ' ਸੰਪੂਰਨ ਕਰਕੇ ਮੰਗੋਂ ਦੀ ਨੂੰਹ ਬਚਨੀ ਨੂੰ ਉਪਦੇਸ਼ ਦੇਣ ਲੱਗੇ ਤਾਂ ਮੰਗੋ ਅੱਤ ਨਿਮਰਤਾ ਨਾਲ ਬੋਲੀ, "ਪੁਰੋਹਿਤ ਜੀ... ਪਹਿਲਾਂ 'ਪੂੰਛ ਬੰਨ੍ਹ ਸੰਸਕਾਰ' ਪੂਰਾ ਕਰ ਲਓ... ਬੰਨ੍ਹ ਦਿਓ ਜਿਹੜੇ ਵੀ ਪਸ਼ੂ ਦੀ ਪੂਛ ਬੰਨ੍ਹਣੀ ਹੈ, ਬਾਕੀ ਗੱਲ ਬਾਤ ਬਾਅਦ ਵਿਚ ਹੁੰਦੀ ਰਹੇਗੀ।" ਪੁਰੋਹਿਤ ਝੱਟ ਸਮਝ ਗਿਆ, ਉਹਨੇ ਹਵਨ ਵਿਚੋਂ ਇਕ ਰੱਸੀ ਪ੍ਰਗਟ ਕੀਤੀ ਤੇ ਮੰਗੋ ਨੂੰ ਫੜਾ ਕੇ ਕਹਿਣ ਲੱਗਿਆ, "ਲੈ ਜਿਹੜੇ ਮਰਜੀ ਪਸ਼ੂ ਦੀ ਪੂਛ ਨੂੰ ਬੰਨ੍ਹ ਦੇ ਪਰ ਉਹ ਪਸ਼ੂ ਥੁਆਨੂੰ ਮੁੰਡਾ ਜੰਮਣ 'ਤੇ ਦਾਨ ਕਰਨਾ ਪਵੇਗਾ।" ਲੈ ਪੁਰੋਹਿਤ ਜੀ ਥੁਆਡੇ ਤੇ ਕੋਈ ਬੇਇਤਬਾਰੀ ਐ... ਤੁਸੀਂ ਸਗੋਂ ਮੰਤਰਾਂ ਦਾ ਜਾਪ ਕਰਦੇ ਹੋਏ ਜਿਹੜੇ ਵੀ ਮਰਜੀ ਪਸ਼ੂ ਦੀ ਪੂਛ ਨੂੰ ਰੱਸੀ ਬੰਨ੍ਹ ਦਿਓ।" ਮੰਗੋ ਦੀ , "ਪੁੱਤਰ ਪੁੱਤਰ' ਕੁਰਲਾਉਂਦੀ ਰੂਹ ਨੇ ਪੁਰੋਹਿਤ ਜੀ ਨੂੰ ਪੂਰੀ ਖੁਲ੍ਹ ਦੇ ਦਿੱਤੀ ਸੀ। ਉਹਦੀ ਗੱਲ ਸੁਣਕੇ ਪੁਰੋਹਿਤ ਹੋਰ ਵੀ ਖੁਸ਼ ਹੋ ਗਿਆ ਤੇ ਮੰਤਰਾਂ ਦਾ ਜਾਪ ਕਰਦਾ ਹੋਇਆ ਪਸ਼ੂਆਂ ਦੇ ਸ਼ੈਡ ਵਿਚ ਘੁੰਮਣ ਲੱਗਿਆ। ਅੰਤ ਤਿੰਨ ਮਹੀਨੇ ਦੀ ਗੱਭਣ ਤੇ ਦੂਜੇ ਸੂਏ ਵਾਲੀ ਮੱਝ ਦੇ ਪਿਛੇ ਜਾ ਕੇ ਉਹਦੇ ਮੰਤਰ ਸੰਪੂਰਨ ਹੋਏ ਤੇ ਉਹਨੇ ਉਸ ਝੋਟੀ ਦੀ ਪੂਛ ਨੂੰ ਰੱਸੀ ਬੰਨ੍ਹ ਦਿੱਤੀ।

ਮੰਗੋ ਦਾ ਪੁੱਤਰ ਹਰਪਾਲ ਸਭ ਕੁਝ ਦੇਖਦਿਆਂ ਵਿਚੋਂ ਵਿਚ ਵਿਸ਼ ਘੋਲੀ ਗਿਆ ਪਰ ਬੋਲਿਆ ਕੁਝ ਨਹੀਂ। ਕਿਉਂਕਿ ਉਹਦੇ ਪਿਓ ਦੇ ਸ਼ਰਾਬੀ ਤੇ ਜੂਏਬਾਜ ਹੋਣ ਕਰਕੇ ਉਹਦੇ ਦਾਦੇ ਨੇ ਉਹਦੇ ਪਿਓ ਦੇ ਨਾਂ ਜ਼ਮੀਨ ਨਹੀਂ ਸੀ ਲੁਆਈ ਸਗੋਂ ਆਪਣੀ ਨੂੰਹ ਮੰਗੋ ਦੇ ਨਾਂ ਲੁਆਈ ਸੀ। ਘਰ ਵਿਚ ਜਿਸ ਦੇ ਨਾਂ ਜ਼ਮੀਨ ਉਸੇ ਦੀ ਚੌਧਰ ਚਲਦੀ ਹੈ। ਪਰ ਮੰਗੋ ਤਾਂ ਪੋਤੇ ਦਾ ਮੂੰਹ ਦੇਖਣ ਲਈ, ਮੱਝ ਤਾਂ ਕੀ ਜ਼ਮੀਨ ਵੇਚਣ ਨੂੰ ਵੀ

ਤਿਆਰ ਸੀ। ਜੇ ਜ਼ਮੀਨ ਵੇਚ ਕੇ ਪੁੱਤਰ ਮਿਲ ਜਾਵੇ। ਉਹ ਗਾਉਂਦੀ ਹੁੰਦੀ ਸੀ-'ਹੱਟੀ ਪਰ 'ਤੇ ਇਕ ਪੁੱਤ ਲਿਆ ਦੇ'

ਪੌਣੇ ਸੱਤ ਫੁੱਟ ਉਚਾ ਕੱਦ, ਸੱਤ ਫੁੱਟ ਦਾ ਸਿਰ ਤੋਂ ਉੱਚਾ ਖੁੰਡਾ ਚੁੱਕੀ, ਬਖਤੌਰ ਸਿੰਘ ਪਿੰਡ ਵਿਚ ਘੁੰਮਦਾ ਘੁੰਮਦਾ ਕਦੇ ਕਦੇ ਮੰਗੋ ਤੇ ਤੰਗੋ ਦੇ ਘਰ ਪੁਰੋਹਿਤ ਰਾਮ ਪ੍ਰਕਾਸ਼ ਨਾਲ ਗਿਆਨ ਗੋਸ਼ਟੀ ਕਰਨ ਲਈ ਆਣ ਬਹਿੰਦਾ ਸੀ। ਪੁਰੋਹਿਤ, ਬਾਬੇ ਬਖਤੌਰੇ ਨੂੰ ਪੁਆਧੀ ਅਖਾੜਿਆ ਵਿਚ ਕਥਾ ਵਾਰਤਾ ਕਰਦਾ ਰਹਿਣ ਕਰਕੇ 'ਗਿਆਨੀ ਜੀ' ਕਹਿਕੇ ਬੁਲਾਉਂਦਾ ਹੁੰਦਾ ਸੀ। ਇਕ ਦਿਨ ਪੁਰੋਹਿਤ ਤੇ ਬਖਤੌਰ ਸਿੰਘ, ਮੰਗੋ ਦੇ ਘਰ ਮੰਜੇ ਤੇ ਬੈਠੇ ਸਨ। ਘਰ ਦਾ ਕੋਈ ਜੀਅ ਨੇੜੇ ਤੇੜੇ ਨਾ ਹੋਣ ਕਰਕੇ ਪੁਰੋਹਿਤ ਬੋਲਿਆ, "ਗਿਆਨੀ ਜੀ ਤੁਸੀਂ ਵੀ ਖਾੜੇ ਲਾ ਕੇ ਲੋਕਾਂ ਦੀਆਂ ਜੇਬਾਂ ਹੀ ਢਿੱਲੀਆਂ ਨਹੀਂ ਕਰਵਾਉਂਦੇ ਰਹੇ ਸਗੋਂ ਕਈ ਜੱਟ ਤਾਂ ਜ਼ਮੀਨ ਵੇਚਕੇ ਵੀ ਖਾੜਿਆ ਮਗਰ ਘੁੰਮਣ ਲੱਗ ਪੈਂਦੇ ਸੀ।"

"ਨਹੀਂ ਪੁਰੋਹਿਤ ਜੀ, ਥੁਆਡੀ ਗੱਲ ਪੂਰੀ ਠੀਕ ਨਹੀਂ... ਜਤ ਸਤ ਰੱਖਣ ਵਾਲੇ ਤਿਆਗੀ ਪੁਰੋਹਿਤ ਪੰਡਤ ਵੀ ਹੁੰਦੇ ਐ... ਖਾੜਾ ਲਾਉਣ ਵਾਲੇ ਵੀ ਹੋਏ ਐ ਤੇ ਹੁਣ ਵੀ ਹੈਗੇ ਐ। ਪੁਆਧੀ ਖਾੜਾ ਪਰੰਪਰਾ ਦੇ ਬਾਨੀ ਭਗਤ ਆਸਾ ਰਾਮ ਸੁਹਾਣੇ ਵਾਲੇ ਨਾ ਤਾਂ ਖਾੜੇ ਵਿਚ ਨਚਾਰਾ ਨੂੰ ਨਚਾਉਂਦੇ ਸੀ ਤੇ ਨਾ ਹੀ ਰੁਪਈਆ ਫੜਦੇ ਸੀ। ਉਹ ਪਿੰਡ ਤੋਂ ਖਾਣਾ ਬਣਾਉਣ ਲਈ ਰਸਦਾ ਲੈਂਦੇ ਸਨ ਤੇ ਪੰਚਾਇਤ ਤੋਂ ਸਾਜੀਆਂ ਨੂੰ ਇਕ ਇਕ ਰੁਪਈਆਂ ਦਿਵਾਉਂਦੇ ਸਨ, ਆਪ ਕੁਝ ਵੀ ਨਹੀਂ ਸਨ ਲੈਂਦੇ।

"ਬਸ ਬਸ ਗਿਆਨੀ ਬਖਤੌਰ ਸਿਆ... ਜਿਵੇਂ ਤੁਸੀਂ ਨਚਾਰਾ ਦੇ ਘੱਗਰੇ ਪੁਆ ਕੇ ਜੱਟਾਂ ਨੂੰ ਲੁੱਟਦੇ ਰਹੇ ਐ... ਅਸੀਂ ਵੀ ਇਸੇ ਤਰ੍ਹਾਂ ਦੇ ਘੱਗਰੇ ਪੁਆ ਕੇ ਜੱਟਾਂ ਨੂੰ ਲੁੱਟਦੇ ਰਹੇ ਐ... ਅਸੀਂ ਵੀ ਇਸੇ ਤਰ੍ਹਾਂ ਜੱਟਾਂ ਨੂੰ ਜਾਲ਼ ਵਿਚ ਫਸਾਇਆ ਹੋਇਆ। ਹੁਣ ਮੁੰਡਾ-ਕੁੜੀ ਜੰਮਣਾ ਕੁਦਰਤ ਦੇ ਵਸ ਐ ਪਰ ਜੇ ਮੰਗੋ ਦੀ ਨੂੰਹ ਦੇ ਮੁੰਡਾ ਜੰਮ ਪਿਆ, ਤਾਂ ਸੱਠ, ਪੈਂਹਠ ਹਜ਼ਾਰ ਦੀ ਮੱਝ ਜੱਟ ਦੀ ਖੁਰਲੀ ਦੀ ਥਾਂ ਪੁਰੋਹਿਤ ਦੀ ਖੁਰਲੀ 'ਤੇ ਖੜੀ ਹੋਵੇਗੀ।"

"ਪੁਰੋਹਿਤ ਜੀ ਮੱਝ ਈ ਨਹੀਂ ਹੋਰ ਵੀ ਬਥੇਰਾ ਦਾਨ, ਪੁੰਨ ਤੁਸੀਂ ਲੈ ਈ ਲੈਣਾ।" ਦੋਵੇਂ ਹਸਦੇ ਹਸਦੇ ਚਾਹ ਲੈ ਕੇ ਆਈ ਮੰਗੋ ਹੱਥੋਂ ਚਾਹ ਦੇ ਗਿਲਾਸ ਫੜਕੇ ਪੀਣ ਲੱਗ ਪਏ।

ਜਿਓਂ ਜਿਓਂ ਮੱਝ ਦੇ ਸੂਣ ਦਾ ਸਮਾਂ ਨੇੜੇ ਆਉਂਦਾ ਗਿਆ, ਪੁਰੋਹਿਤ ਗੱਲਾਂ ਗੱਲਾਂ ਵਿਚ ਕਦੇ ਕਿਸੇ ਤੋਂ ਕਦੇ ਕਿਸੇ ਤੋਂ ਮੱਝ ਦਾ ਮੁੱਲ ਪੁਉਂਦਾ ਰਹਿੰਦਾ।

ਪਰ ਹੁਣ ਮੰਗੋ ਤੇ ਤੰਗੋ ਦੇ ਦਰਾਂ ਮੂਹਰੇ, ਜਨਰਲ ਸਟੋਰ ਵਿਚ ਹਰਪਾਲ ਦੇ ਘਰੋਂ ਸੱਠ, ਪੈਂਹਠ ਹਜ਼ਾਰ ਦੀ ਮੱਝ ਖੋਲ੍ਹ ਕੇ ਲਿਜਾਣ ਦੀ ਆਸ ਲਾਈ ਬੈਠੇ ਪੁਰੋਹਿਤ ਨੇ ਮੰਗੋ ਦੀ ਦਿਲ ਵਿਨ੍ਹਵੀਂ ਲੇਰ ਸੁਣੀ। ਮੰਗੋ ਨੇ ਨਵ-ਜੰਮੀ ਕੁੜੀ ਨੂੰ ਮਾਰਨ ਦਾ ਮਨ ਬਣਾ ਲਿਆ ਸੀ ਪਰ ਉਹ ਉਲਟਾ ਨੰਨ੍ਹੀ ਮੁੰਨ੍ਹੀ ਨੂੰ ਹੀ ਘੱਟ ਉਮਰ ਲਿਖਵਾ ਕੇ ਲਿਆਉਣ ਦਾ ਦੋਸ਼ੀ ਠਹਿਰਾ ਰਹੀ ਸੀ।

ਨਵ ਜੰਮੀ ਕੁੜੀ ਨੂੰ ਮਾਰਨ ਦੀ ਤਿਆਰੀ ਕਰਦੀ ਮੰਗੋ ਨੂੰ ਹਰਪਾਲ ਨੇ ਟੋਕਿਆ ਵੀ ਕਿ ਉਹ ਗੀਤ ਜਿਹੇ ਨਾ ਗਾਈ ਜਾਵੇ, ਲੋਕਾਂ ਨੂੰ ਪਤਾ ਲੱਗ ਜਾਣਾ... ਸਭ ਕੁਝ ਚੁੱਪ ਚਾਪ ਕਰੀ ਚੱਲੇ। ਪਰ ਉਹਦਾ ਮਨ ਭਰਿਆ ਹੋਇਆ ਸੀ, ਉਹ ਕੀਰਨੇ ਜਿਹੇ ਪਾਈ ਜਾ ਰਹੀ ਸੀ। ਨਾਲ ਨਾਲ ਪੱਟਾਂ ਤੇ ਹੱਥ ਮਾਰ ਕੇ ਪਿੱਟੀ ਜਾ ਰਹੀ ਸੀ। ਪਹਿਲਾਂ ਵੀ ਮੰਗੋ ਨੇ ਉਹਦੀ ਨੂੰਹ ਬਚਨੀ ਦੀ ਕੁੱਖੋਂ ਜੰਮੀਆਂ ਪੰਜ ਕੁੜੀਆਂ ਵਿਚੋਂ ਆਨੀਂ ਬਹਾਨੀਂ ਤਿੰਨ ਕੁੜੀਆਂ ਮਾਰ ਦਿੱਤੀਆਂ ਸਨ। ਜਦ ਕਿ ਦੋ ਕੁੜੀਆਂ ਨੂੰ ਬਚਨੀ ਨੇ ਰੋਣ ਪਿੱਟਣ ਪਾ ਕੇ ਬਚਾ ਲਿਆ ਸੀ। ਹੁਣ ਫੇਰ ਮੰਗੋ ਇਹ ਦੇਖ ਰਹੀ ਸੀ ਕਿ ਕਦ ਉਹਦੀ ਨੂੰਹ ਖੁਰੇ ਵਿਚ ਜਾਵੇ ਤੇ ਉਹ ਵੱਡੀਆਂ ਕੁੜੀਆਂ ਤੋਂ ਅੱਖ ਬਚਾ ਕੇ ਨਵ ਜੰਮੀ ਕੁੜੀ ਦੇ ਗਲ ਗੂਠਾ ਦੇ ਕੇ ਮਾਰ ਦੇਵੇ ਤੇ ਨੂੰਹ ਆਈ ਨੂੰ ਕਹੇ ਕਿ ਕੁੜੀ ਆਪੇ ਹਟਕੋਰੇ ਲੈ ਕੇ ਮਰ ਗਈ, ਉਹਨੇ ਤਾਂ ਮੂੰਹ ਵਿਚ ਪਾਣੀ ਪਾਉਣ ਦਾ ਮੌਕਾ ਵੀ ਨਹੀਂ ਦਿੱਤਾ।



ਪਰ ਜਿਵੇਂ ਸਿਆਣੇ ਕਹਿੰਦੇ ਨੇ ਕਿ ਮਾਰਨ ਵਾਲੇ ਨਾਲੋਂ ਬਚਾਉਣ ਵਾਲਾ ਜ਼ੋਰਾਵਰ ਹੁੰਦਾ ਹੈ... ਐਨ ਮੌਕੇ ਤੇ ਬਚਨੀ ਦਾ ਭਰਾ ਬਚਨਾ ਤੇ ਉਹਦੀ ਭਰਜਾਈ, ਭੂਰੋ ਉਹਦੇ ਪੇਕਿਆ ਤੋਂ ਆਣ ਬਹੁੜੇ ਸਨ। ਬਚਨੀ ਆਪਣੇ ਭਰਾ ਬਚਨੇ ਦੇ ਗਲ ਲੱਗਕੇ ਰੋਣ ਲੱਗ ਪਈ ਸੀ। ਪਰ ਮੰਗੋ ਬਚਨੀ ਦੇ ਗਲ ਪੈ ਗਈ ਸੀ ਕਿ ਉਹਨੇ ਆਪਣੇ ਭਰਾ, ਭਰਜਾਈ ਨੂੰ ਫੂਨ ਕਰਕੇ ਬੁਲਾਇਆ ਤੇ ਉਹ ਬਚਨੇ ਨੂੰ ਵੀ ਮਿਹਣੇ ਤਾਅਨੇ ਮਾਰਨ ਲੱਗੀ ਸੀ, "ਤੇਰੀ ਭੈਣ ਤਾਂ ਹਰ ਵਾਰ ਪੱਥਰ ਜੰਮਦੀ ਐ... ਤੇ ਮੈਂ ਕੁੜੀਆਂ ਘਰ ਰੱਖ ਕੇ ਵਾੜਾ ਨਹੀਂ ਭਰਨਾ, ਮੈਂ ਥੁਆਤੋਂ ਨੀ ਡਰਦੀ, ਮੈਂ ਕੁੜੀ ਨੂੰ ਮਾਰ ਦੇ ਦੱਬਣਾ ਈ ਦੱਬਣਾ ਐ।" ਇਹ ਆਖਦਿਆਂ ਉਹ ਕੁੜੀ ਨੂੰ ਗਲ ਗੂਠਾ ਦੇ ਕੇ ਮਾਰਨ ਹੀ ਲੱਗੀ ਸੀ ਕਿ ਬਚਨੇ ਨੇ ਕੁੜੀ ਉਹਦੇ ਹੱਥਾਂ ਵਿਚੋਂ ਖੋਹ ਲਈ ਅਤੇ ਬਚਨੀ ਦੀ ਗੋਦੀ ਵਿਚ ਦੇ ਕੇ ਆਖਣ ਲੱਗਿਆ, "ਭੈਣੇ ਆਹ ਕੁੜੀ ਸਾਡੇ ਭਾਗਾਂ ਦੀ ਬਚ ਗਈ। ਤੂੰ ਇਹ ਬਾਲੜੀ ਸਾਡੀ ਝੋਲੀ ਪਾ ਦੇ, ਸਾਡੇ ਘਰ ਕੋਈ ਔਲਾਦ ਨਹੀਂ... ਅਸੀਂ ਪਾਲ ਪੋਸ ਲਵਾਂਗੇ।" ਬਚਨੀ ਨੇ ਝੱਟ ਕੁੜੀ ਭਰਾ ਭਰਜਾਈ ਦੇ ਪੱਲੇ ਪਾ ਦਿੱਤੀ। ਮੰਗੋ ਦਾ ਗੁੱਸਾ ਅਜੇ ਉਤਰਿਆ ਨਹੀਂ ਸੀ ਉਹ ਬਚਨੇ 'ਤੇ ਉਹਦੀ ਭੈਣ ਦੇ ਕੁੜੀਆਂ ਜੰਮਣ ਦਾ ਗੁੱਸਾ ਕੱਢਣ ਲੱਗ ਪਈ, "ਨਾ ਜੇ ਕੁੜੀਆਂ ਦਾ ਏਨਾ ਈ ਚਾਅ ਐ... ਤਾਂ ਵੱਡੀਆਂ ਨੂੰ ਵੀ ਲੈ ਜਾਓ... ਅਸੀਂ ਕਿਆ ਕਰਾਉਣਾ ਏਨੀ ਹੇੜ ਤੋਂ... ਆਪਣੀ ਭੈਣ ਨੂੰ ਵੀ ਲੈ ਜਾ... ਜਦ ਇਸਦੇ ਪੱਥਰ ਈ ਜੰਮਣੇ ਨੇ ਹਰ ਵਾਰੀ... ਲੋਕੀਂ ਸਾਡਾ ਮਜ਼ਾਕ ਉਡਾਉਂਦੇ ਐ... 'ਬਈ ਥੁਆਡੇ 'ਤੇ ਪੰਜ ਲੱਖ ਦੀ ਇਕ ਹੋਰ ਡਿਗਰੀ ਹੋ ਗਈ ਧੀ ਦਾ ਜੰਮਣਾ ਘਰ ਤੇ ਵੱਡਾ ਸਰਾਪ ਮੰਨਿਆ ਜਾਂਦਾ ਐ। "ਅੱਛਿਆ ਫੇਰ ਤੁਸੀਂ ਇਹਦਾ ਕੀ ਨਾਂ ਰੱਖੋਗੇ?"

"ਇਸਦਾ ਨਾਂ ਅੱਕੀ ਰੱਖਣਾ... ਅਸੀਂ ਤਾਂ ਭਾਈ ਕੁੜੀਆਂ ਤੋਂ ਬਹੁਤ ਅੱਕੇ ਪਏ ਆ।"

ਹਰਪਾਲ ਦੇ ਘਰ ਕੁੜੀ ਜੰਮਣ ਦਾ ਪਤਾ ਲੱਗਣ 'ਤੇ ਪੁਰੋਹਿਤ ਨੇ ਮੰਗੋ ਦੇ ਘਰ ਜਾਣਾ ਯੋਗ ਨਹੀਂ ਸਮਝਿਆ। ਪਾਸਾ ਵੱਟਣਾ ਹੀ ਠੀਕ ਸਮਝਿਆ। ਪਰ ਉਹ ਏਨਾ ਭੋਲਾ ਵੀ ਨਹੀਂ ਸੀ ਕਿ ਨਿਰਾਸ਼ ਹੋ ਕੇ ਘਰ ਚਲਿਆ ਜਾਂਦਾ। ਉਹਦੀ ਦਿੱਤੀ ਹੋਈ ਪੁੱਛਿਆ ਸੁੱਖੇ ਦੇ ਘਰ ਤਾਂ ਪੂਰੀ ਹੋਈ ਸੀ। ਸੁੱਖੇ ਦੇ ਘਰ ਪੈਂਦੇ ਗਿੱਧੇ ਨਾਲ ਉਹਦਾ ਵਿਹੜਾ ਗਿੱਠ ਗਿਠ ਨੀਵਾਂ ਹੋ ਗਿਆ ਸੀ। ਦਾਰੂ ਨਾਲ ਗੁੱਟ ਹੋਏ ਉਨ੍ਹਾਂ ਨੇ ਬੱਕਰੇ ਬੁਲਾਏ। ਹੌਲੀ ਹੌਲੀ ਸ਼ਰਾਬੀ ਸੁੱਖੇ ਦੇ ਘਰੋਂ ਜਾਣ ਲੱਗ ਪਏ ਸਨ। ਤੀਵੀਆਂ ਲੱਡੂਆਂ ਦੇ ਲਿਫ਼ਾਫੇ ਚੁੱਕੀਂ ਪਹਿਲਾਂ ਹੀ ਜਾ ਚੁੱਕੀਆਂ ਸਨ। ਤਾਜਾ ਤਾਜਾ ਮੁੰਡਾ ਜੰਮਿਆ... ਪੁਰੋਹਿਤ ਨੇ ਵੀ ਅੱਜ ਹੀ ਮੌਕਾ ਸੰਭਾਲਣਾ ਠੀਕ ਸਮਝਿਆ। ਉਹਨੇ ਸੁਖੇ ਦੇ ਘਰ ਜਾ ਦਸਤਕ ਦਿੱਤੀ। ਤੇ ਪੱਤਰੀ ਖੋਲ ਕੇ ਬੈਠ ਗਿਆ। ਉਹ ਗ੍ਰੰਥਾਂ ਵਿਚੋਂ ਪੱਤਰੀ ਵਿਚ ਦਰਜ ਕੀਤਾ, ਪੁੱਤਰ ਜੰਮਣ ਦਾ ਮਹੱਤਵ ਦੱਸਣ ਲੱਗਿਆ, "ਪੁੱਤਰ ਦੇ ਸ਼ਾਬਦਿਕ ਅਰਥ ਹਨ ਜੋ ਪੂ-ਨਰਕ ਤੋਂ ਪਾਰ ਉਤਾਰੇ।" ਵਿਸ਼ਨੂੰ ਅਤੇ ਮਨੂੰ ਸਿਮਰਤੀ ਅਨੁਸਾਰ ਪੁੱਤ ਨਾਮ ਦਾ ਨਰਕ ਹੈ, ਪੁੱਤਰ ਹੀ ਆਪਣੇ ਪਿਤਾ ਨੂੰ 'ਪੁੱਤਰ' ਨਾਮ ਦੇ ਨਰਕ ਤੋਂ ਬਚਾਉਂਦਾ ਹੈ। ਇਸ ਲਈ ਬ੍ਰਹਮਾ ਨੇ ਖੁਦ ਇਸ ਨਰਕ ਦਾ 'ਪੁੱਤਰ' ਨਾਮ ਰੱਖਿਆ ਹੈ। ਵਿਸ਼ਨੂੰ ਵਸ਼ਿਸਟ ਅਤੇ ਅੱਤਰੇ ਸਿਮਰਤੀ ਵਿਚ ਲਿਖਿਆ ਹੈ, ਪੁੱਤਰ ਦਾ ਜਨਮ ਹੋਣ ਤੇ ਜੀਵਤ ਪੁੱਤਰ ਦਾ ਮੂੰਹ ਦੇਖਣ ਮਾਤਰ ਨਾਲ ਹੀ ਪਿਤਾ, ਪਿਤਰਾ ਦੇ ਰਿਣ ਤੋਂ ਮੁਕਤ ਹੋ ਜਾਂਦਾ ਹੈ। ਅਤੇ ਉਸ ਦਿਨ ਸੁੱਧ ਹੋ ਜਾਂਦਾ ਹੈ। ਕਿਉਂਕਿ ਪੁੱਤਰ ਪਿਤਾ ਨੂੰ ਨਰਕ ਤੋਂ ਬਚਾਉਂਦਾ ਹੈ। ਪੁਰੋਹਿਤ ਨੇ ਸੌਖੇ ਸ਼ਬਦਾਂ ਵਿਚ ਦੱਸਿਆ 'ਪੁੱਤਰ ਹੀਣ ਵਿਅਕਤੀ ਕਿਸੇ ਵੀ ਕੀਮਤ ਤੇ ਸਵਰਗ ਦੀ ਪ੍ਰਾਪਤੀ ਨਹੀਂ ਕਰ ਸਕਦਾ। ਪੁੱਤਰ ਵਾਲੇ ਮਨੁਖਾਂ ਨੂੰ ਅਨੰਦ ਕਾਲ ਤੱਕ ਸਵਰਗ ਲੋਕ ਮਿਲਦਾ ਹੈ ਤੇ ਪੁੱਤਰ ਹੀਣ ਵਿਅਕਤੀ ਕਿਸੇ ਵੀ ਕੀਮਤ 'ਤੇ ਸਵਰਗ ਦੀ ਪ੍ਰਾਪਤੀ ਨਹੀਂ ਕਰ ਸਕਦਾ।" ਪੁਰੋਹਿਤ ਜੀ ਦੀਆਂ ਗੱਲਾਂ ਸੁਣਦਿਆਂ ਪਹਿਲਾਂ ਹੀ ਨਸ਼ੇ ਕਾਰਨ ਸਰੂਰ ਵਿਚ ਆਏ ਹੋਏ ਸੁੱਖੇ ਕੋਲੋਂ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ।

ਫਿਰ ਪੁਰੋਹਿਤ ਨੇ ਸੁੱਖੇ ਦੀ ਘਰਵਾਲੀ ਨੂੰ ਖੁਸ਼ ਕਰਨ ਲਈ ਕਿਹਾ, "ਸਤਪਥ ਬ੍ਰਾਹਮਣ ਵਿਚ ਲਿਖਿਆ ਏ ਨਪੁੱਤੀ ਇਸਤਰੀ ਨਹਿਸ਼ ਹੈ, ਨਾਸ਼ ਜਾਂ ਮਹਾਂਦੁਖ ਹੈ।' ਵਿਸ਼ਣੂ ਸਿਮਰਤੀ ਅਨੁਸਾਰ ਵਿਆਹ ਦੇ ਦੋ ਉਦੇਸ਼

ਮੰਨੇ ਗਏ ਹਨ-ਪਹਿਲਾਂ ਇਹ ਕਿ ਪਤਨੀ ਆਪਣੇ ਪਤੀ ਨੂੰ ਧਾਰਮਿਕ ਕਾਰਜਾਂ ਯੋਗ ਬਣਾਉਂਦੀ ਹੈ। ਦੂਸਰਾ ਉਹ ਪੁੱਤਰ ਦੀ ਉਤਪਤੀ ਕਰਦੀ ਹੈ। ਕਿਉਂਕਿ ਪੁੱਤਰ ਹੀ ਪਿਤਾ ਨੂੰ ਨਰਕ ਤੋਂ ਬਚਾਉਂਦਾ ਹੈ। ਅੱਜ ਸੁੱਖੇ ਦੀ ਪਤਨੀ ਪੂਰੇ ਪੁੱਤਰ ਪੈਦਾ ਕਰਕੇ ਆਪਣੇ ਵਿਆਹ ਦੇ ਦੋਵੇਂ ਮੁਖ ਉਦੇਸਾਂ ਨੂੰ ਪੂਰੇ ਕਰਕੇ ਸਵਰਗ ਲੋਕ ਦੀ ਹੱਕਦਾਰ ਬਣ ਗਈ ਹੈ।" ਫਿਰ ਖੁਸ਼ ਹੁੰਦੀ ਤੰਗੋ ਬੁੜ੍ਹੀ ਨੂੰ ਪੁਰੋਹਿਤ ਕਹਿਣ ਲੱਗਾ, "ਠੀਕ ਐ... ਠੀਕ ਐ... ਤੰਗੋ ਬੁੜ੍ਹੀ ਠੀਕ ਐ।" ਪੁਰੋਹਿਤ ਜੀ ਨੇ ਮੁਸਕਰਾਂਦਿਆਂ ਕਿਹਾ, "ਥੁਆਡੇ ਘਰ ਨੂੰ 'ਤਖਤਾਂ ਕਾ ਬਾਰਸ' ਮਿਲ ਗਿਆ... ਤੈਨੂੰ ਪੋਤਾ ਮਿਲ ਗਿਆ, ਮਾਂ ਪਿਓ ਨੂੰ ਪੁੱਤਰ ਭੂਆ ਨੂੰ ਭਤੀਜਾ ਤੇ ਭੈਣ ਨੂੰ ਵੀਰ ਮਿਲ ਗਿਆ। ਤੁਸੀਂ ਸਾਰੇ ਖੁਸ਼ ਓ... ਪਰ ਥੁਆਨੂੰ ਇਹ ਵੀ ਪਤਾ ਬਈ ਇਸ ਪੁੱਤਰ ਦੀ ਪ੍ਰਾਪਤੀ ਵਿਚ ਪੁਰੋਹਿਤ ਜੀ ਦਾ ਕੀ ਯੋਗਦਾਨ ਹੈ? ਤੇ ਉਸਨੂੰ ਕੀ ਮਿਲਿਆ?"

ਜਦ ਸਾਰੇ ਘਰ ਦੇ ਜੀਆ ਉਹਦੇ ਵੱਲ ਪ੍ਰਸ਼ਨ ਸੂਚਕ ਨਜ਼ਰਾਂ ਨਾਲ ਦੇਖਣ ਲਗ ਪਏ... ਤਾਂ ਪੁਰੋਹਿਤ ਜੀ ਨੇ ਦੱਸਣਾ ਸ਼ੁਰੂ ਕੀਤਾ, "ਤੁਸੀਂ ਤਾਂ ਮੇਰੇ ਬਹੁਤ ਕਹਿਣ 'ਤੇ ਵੀ ਪੁੰਸਵਨ ਸੰਸਕਾਰ' ਕਰਵਾਇਆ ਨਹੀਂ ਸੀ। ਪਰ ਮੰਗੋ ਨੇ ਪੁੰਸ਼ਵਨ ਸੰਸਕਾਰ, ਹਵਨ, ਅਨੁਸ਼ਠਾਨ ਕਰਵਾਇਆ ਸੀ ਤੇ ਹਵਨ ਵਿਚੋਂ ਪ੍ਰਗਟ ਹੋਈ ਰੱਸੀ ਸਭ ਤੋਂ ਵੱਧ ਦੁੱਧ ਦੇਣ ਵਾਲੀ ਮੱਝ ਦੀ ਪੂੰਛ ਨੂੰ ਬੰਨ੍ਹੀ ਸੀ ਤੇ ਇਹ ਮੱਝ ਉਹਦੀ ਨੂੰਹ ਦੇ ਮੁੰਡਾ ਜੰਮਣ 'ਤੇ ਦਾਨ ਕਰਨੀ ਸੀ। ਪਰ ਕਰਨੀ ਭਗਵਾਨ ਦੀ ਉਹਨਾਂ ਦੇ ਘਰ ਤੇ ਪਰੇਤ ਦਾ ਸਾਇਆ ਹੋਣ ਕਰਕੇ ਮੁੰਡਾ ਸਹੀ ਸਲਾਮਤ ਪੈਦਾ ਨਹੀਂ ਸੀ ਹੋਣਾ। ਮੈਨੂੰ ਸੁਪਨੇ ਵਿਚ ਇਹ ਇਲਹਾਮ ਹੋਇਆ ਸੀ। ਤਾਂ ਮੈਂ ਜਦੋਂ ਰਾਤ ਨੂੰ ਉਠਕੇ ਹਵਨ ਕੀਤਾ... ਪਾਠ ਕੀਤਾ ਤੇ ਮੁੰਡਾ ਮੰਗੋ ਦੀ ਨੂੰਹ ਬਚਨੀ ਦੇ ਉਦਰ ਵਿਚੋਂ ਤੇਰੀ ਨੂੰਹ ਪੂਰੋ ਦੇ ਪੇਟ ਵਿਚ ਪ੍ਰਵੇਸ਼ ਕਰਵਾ ਦਿੱਤਾ ਤੇ ਕੁੜੀ ਤੇਰੀ ਨੂੰਹ ਦੇ ਉਦਰ ਵਿਚੋਂ ਮੰਗੋ ਦੀ ਨੂੰਹ ਦੇ ਉਦਰ ਵਿਚ ਪ੍ਰਵੇਸ਼ ਕਰਵਾ ਦਿੱਤਾ। ਉਦਰ ਪ੍ਰੀਵਰਤਨ ਦੀਆਂ ਅਜਿਹੀਆਂ ਕਿੰਨੀਆਂ ਹੀ ਕਹਾਣੀਆਂ ਵੇਦਾਂ ਤੇ ਗ੍ਰੰਥਾਂ ਵਿਚੋਂ ਤੁਸੀਂ ਸੁਣੀਆਂ ਹੋਣਗੀਆਂ।

ਪੁਰੋਹਿਤ ਜੀ ਨੇ ਰਤਾ ਤੇਜੀ ਵਿਚ ਆਉਂਦਿਆਂ ਕਿਹਾ, "ਹੁਣ ਤੁਸੀਂ ਬੈਠੋ ਨਾ... ਜਾ ਕੇ ਦੇਖੋ... ਮੰਗੋ ਦੀ ਮੱਝ ਦੀ ਪੂਛ ਨੂੰ ਬੰਨ੍ਹੀ ਹੋਈ ਰੱਸੀ... ਖੁਲ੍ਹ ਕੇ ਥੁਆਡੀ ਕਿਹੜੀ ਮੱਝ ਦੀ ਪੂਛ ਨੂੰ ਬੰਨ੍ਹੀ ਹੋਈ ਹੈ?" ਉਹਨਾਂ ਨੇ ਜਾ ਕੇ ਦੇਖਿਆ ਕਿ ਕਲ੍ਹ ਹੀ ਸੂਈ ਮੱਝ ਜਿਸਨੇ ਕੱਟਾ ਦਿੱਤਾ ਸੀ, ਦੀ ਪੂਛ ਨੂੰ ਰੱਸੀ ਬੰਨ੍ਹੀ ਹੋਈ ਸੀ। ਪੁਰੋਹਿਤ ਜੀ ਨੇ ਕਿਹਾ, 'ਇਸ ਮੱਝ ਨੂੰ ਹੁਣ ਤੁਸੀਂ ਦਾਨ ਕਰ ਦੇਣਾ, ਰੱਖਣਾ ਨੀ ਹੈਗਾ।"

ਪਰਿਵਾਰ ਸੋਚਾਂ ਵਿਚ ਪੈ ਗਿਆ ਸੀ। ਪੈਂਹਟ ਸੱਤਰ ਹਜ਼ਾਰ ਦੀ ਮੱਝ ਪੁਰੋਹਿਤ ਜੀ ਨੂੰ ਦਾਨ ਕਰਨੀ ਕਿਹੜਾ ਸੌਖਾ ਕੰਮ ਸੀ। ਪਰ ਜੇ ਨਾ ਦਾਨ ਕਰਦੇ ਕੱਲ੍ਹ ਨੂੰ ਮੁੰਡੇ ਨੂੰ ਕੁਝ ਹੋ ਜਾਂਦਾ... ਫਿਰ ਵੀ ਇਹੀ ਗੱਲ ਅੱਗੇ ਆਉਣੀ ਸੀ। ਕਿ ਜੇ ਮੱਝ ਦਾਨ ਕਰ ਦਿੰਦੇ, ਮੁੰਡਾ ਤਾਂ ਸਹੀ ਸਲਾਮਤ ਰਹਿੰਦਾ। ਪਰਵਾਰ ਨੇ ਸੋਚ ਵਿਚਾਰ ਕਰਕੇ, ਮੱਝ ਪੁਰੋਹਿਤ ਨੂੰ ਦਾਨ ਕਰਨ ਦਾ ਫੈਸਲਾ ਸੁਣਾ ਦਿੱਤਾ। ਪੁਰੋਹਿਤ ਨੇ ਸੋਚਿਆ ਕਿ ਕਿਸੇ ਦੇ ਕਹਿਣ ਸੁਣਨ ਤੇ ਪਰਵਾਰ ਮੱਝ ਨੂੰ ਦਾਨ ਕਰਨ ਦਾ ਆਪਣਾ ਕੀਤਾ ਫੈਸਲਾ ਫੇਰ ਨਾ ਬਦਲ ਲਵੇ। ਇਸ ਲਈ ਉਸਨੇ ਤੜਕੇ ਜਦ ਮੰਦਰ ਵਿਚ ਆਰਤੀ ਹੋਵੇਗੀ... ਮੱਝ ਨੂੰ ਮੰਦਰ ਵਿਚ ਲਿਆਉਣ ਲਈ ਆਖ ਦਿੱਤਾ ਸੀ।

ਸੁੱਖਾ ਘਰਦਿਆਂ ਨਾਲ ਚਲਾਕੀ ਕਰ ਗਿਆ ਸੀ। ਉਹ ਤੜਕੇ ਨੂੰ ਰੱਸੀ ਸੂਈ ਹੋਈ ਮੱਝ ਦੀ ਪੂਛ ਨਾਲੋਂ ਖੋਲ ਕੇ ਉਹ ਰੱਸੀ ਲੰਢੀ ਮੱਝ ਦੀ ਪੂਛ ਨੂੰ ਬੰਨ੍ਹਕੇ ਉਹ ਮੱਝ ਪੁਰੋਹਿਤ ਜੀ ਦੀ ਖੁਰਲੀ 'ਤੇ ਬੰਨ੍ਹ ਆਇਆ ਸੀ। ਤੇ ਤਾਜੀ ਸੂਈ ਮੱਝ ਨੂੰ ਟਰੈਕਟਰ ਟਰਾਲੀ ਤੇ ਚੜ੍ਹਾ ਕੇ, ਪੰਜ ਤਰੀਕ ਨੂੰ ਲਗਦੀ ਕੁਰਾਲੀ ਦੀ ਪਸ਼ੂਆ ਦੀ ਮੰਡੀ 'ਚ ਵੇਚਣ ਲਈ ਲੈ ਗਿਆ ਸੀ।

ਪੁਰੋਹਿਤ ਨੇ ਦੇਖਿਆ ਹਰਪਾਲ ਉਹਦੇ ਨਾਲ ਠੱਗੀ ਮਾਰ ਗਿਆ ਸੀ। ਉਸਨੇ ਤਾਜੀ ਸੂਈ ਮੱਝ ਦੀ ਪੂਛ ਨੂੰ ਰੱਸੀ ਬੰਨ੍ਹੀ ਸੀ ਪਰ ਉਹ ਲੰਡੀ ਤੋਕੜ ਮੱਝ ਦੀ ਪੂਛ ਨੂੰ ਰੱਸੀ ਬੰਨ੍ਹ ਕੇ ਉਹਦੀ ਖੁਰਲੀ 'ਤੇ ਬੰਨ੍ਹ ਗਿਆ।



ਪੁਰੋਹਿਤ ਨੇ ਦੂਰ ਦੀ ਸੋਚੀ ਜੱਟ ਦਾ ਕੀ ਪਤਾ? ਕਿਸੇ ਦਾ ਚੁੱਕਿਆ ਹੋਇਆ ਦਿਨ ਚੜ੍ਹਦੇ ਤੋਂ ਪਹਿਲਾਂ ਲੰਡੀ ਮੱਝ ਵੀ ਉਹਦੇ ਕਿੱਲੇ ਤੋਂ ਖੋਲ੍ਹ ਲੈ ਜਾਵੇ ਤੇ ਕਿਸੇ ਕੱਟੇ ਜਾਂ ਕੁੱਤੀ ਦੀ ਪੂਛ ਨੂੰ ਰੱਸੀ ਬੰਨ੍ਹ ਕੇ ਉਹਦੇ ਕਿੱਲੇ 'ਤੇ ਬੰਨ੍ਹ ਜਾਵੇ। ਜੇ ਇੰਜ ਹੋ ਗਿਆ, ਉਹਦੀ ਤਾਂ ਪੁਰੋਤਗਿਰੀ ਦਾ ਜਨਾਜ਼ਾ ਨਿਕਲ ਜਾਵੇਗਾ। ਸੋ ਪੁਰੋਹਿਤ ਨੇ ਵੀ ਮੱਝ ਪਸ਼ੂਆਂ ਦੀ ਮੰਡੀ 'ਤੇ ਵੇਚਣ ਲਈ ਕੁਰਾਲੀ ਨੂੰ ਹੱਕ ਲਈ।

ਮੱਝ ਹੱਕੀਂ ਲਈ ਜਾਂਦੇ ਪੁਰੋਹਿਤ ਨੇ ਆਪਣੇ ਆਪ ਨੂੰ ਸ਼ਾਬਾਸ ਦਿੱਤੀ, 'ਓਏ ਜੱਟ ਸਾਨੂੰ ਕੀ ਸਮਝਦੇ ਐ, ਅਸੀਂ ਵੀ ਪੰਜਾਬ ਦੇ ਜੱਟਾਂ ਨਾਲ ਪੀੜ੍ਹੀ ਦਰ ਪੀੜ੍ਹੀ ਵਾਹ ਪੈਂਦਾ ਰਹਿਣ ਕਰਕੇ ਜੱਟ-ਬਾਹਮਣ ਬਣ ਗਏ ਆ। ਜ਼ਮੀਨ ਵੀ ਇਹਨਾਂ ਦੇ ਜਾਗੀਰਦਾਰ ਪੁਰਖਿਆ ਨੇ ਸਾਡੇ ਪੂਰਵਜਾਂ ਨੂੰ ਮੰਦਰ ਦੇ ਨਾਂ 'ਤੇ ਦਾਨ ਵਿਚ ਦਿੱਤੀ ਹੋਈ ਐ। ਤੇ ਖੇਤੀ ਵੀ ਜਜ਼ਮਾਨਾਂ ਤੋਂ ਈ ਕਰਵਾਉਂਦੇ ਆ। ਕਿਸੇ ਦੇ ਮੁੰਡਾ ਨੀਂ ਹੁੰਦਾ ਤੇ ਕਿਸੇ ਦੇ ਮੁੰਡੇ-ਕੁੜੀ ਦਾ ਵਿਆਹ ਨੀ ਹੁੰਦਾ। ਉਪਾਅ ਵੀ ਅਸੀਂ ਓ ਕਰਨੇ ਹੁੰਦੇ ਐ। ਤੇ ਉਹ ਆਪੇ ਈ ਸਾਡੀ ਜ਼ਮੀਨ ਵਿਚ ਵਾਹੀ ਬਿਜਾਈ ਤੇ ਵਢਾਈ ਕਰਦੇ ਰਹਿੰਦੇ ਐ ਤੇ ਦਾਣਾ ਫੱਕਾ ਤੂੜੀ ਪਰਾਲੀ ਆਦਿ ਆਪੇ ਟਰੈਕਟਰ ਟਰਾਲੀ 'ਤੇ ਲੱਦ ਕੇ ਸਾਡੇ ਘਰ ਸੁੱਟ ਜਾਂਦੇ ਐ।"

ਪਸ਼ੂਆਂ ਦੀ ਮੰਡੀ ਵਿਚ ਸੁੱਖਾ ਤੇ ਪੁਰੋਹਿਤ ਦੋਵੇਂ ਇਕ, ਦੂਸਰੇ ਤੋਂ ਚੋਰੀ ਮੱਝ ਵੇਚਣ ਆਏ ਹੋਣ ਕਰਕੇ ਇਕ ਦੂਸਰੇ ਤੋਂ ਅੱਖ ਚੁਰਾਉਂਦੇ ਰਹੇ। ਪੁਰੋਹਿਤ ਦੀ ਮੱਝ ਦਾ ਕੋਈ ਵੀ ਗਾਹਕ ਪੱਚੀ ਹਜ਼ਾਰ ਤੋਂ ਨਹੀਂ ਸੀ ਵਧ ਰਿਹਾ। ਹਰ ਇਕ ਹਸ ਕੇ ਕਹਿੰਦਾ, "ਪੁਰੋਹਿਤ ਜੀ ਥੁਆਨੂੰ ਵੀ ਤਾਂ ਮੱਝ ਦਾਨ ਵਿਚ ਮਿਲੀ ਹੋਈ ਐ।" ਪੁਰੋਹਿਤ ਅੱਕ ਗਿਆ ਸੀ। ਉਹਨੂੰ ਮੰਡੀ ਵਿਚ ਮੱਥੇ 'ਤੇ ਤਿਲਕ ਲਾ ਕੇ ਨਹੀਂ ਸੀ ਜਾਣਾ ਚਾਹੀਦਾ। ਉਹਨੇ ਸੋਚਿਆ 'ਵੱਟਿਆ ਸੋ ਖੱਟਿਆ' ਤੇ ਪੱਚੀ ਹਜਾਰ ਦੀ ਮੱਝ ਵੇਚਕੇ ਪੈਸੇ ਬੋਝੇ ਪਾਏ।

ਬਾਹਰਲੇ ਵਪਾਰੀਆਂ ਦੇ ਨਾ ਆਉਣ ਕਰਕੇ ਮੰਡੀ ਤੇ ਮੰਦਾ ਚੱਲ ਰਿਹਾ ਸੀ। ਕੋਈ ਵੀ ਗਾਹਕ ਸੁੱਖੇ ਦੀ ਮੱਝ ਦਾ ਪੰਜਾਹ ਹਜ਼ਾਰ ਤੋਂ ਵੱਧ ਨਹੀਂ ਸੀ ਦੇ ਰਿਹਾ। ਸੁਖੇ ਨੂੰ ਇਹ ਸੋਚਦਿਆਂ ਮੱਝ ਪੰਜਾਹ ਹਜ਼ਾਰ ਦੀ ਵੇਚ ਦਿੱਤੀ ਕਿ ਜੇ ਮੱਝ ਨੂੰ ਕਲ ਨੂੰ ਬਿਮਾਰ ਠਮਾਰ ਹੋ ਗਈ ਤਾਂ ਲੋਕਾਂ ਨੇ ਇਹੀ ਕਹਿਣਾ ਕਿ ਪੁਰੋਹਿਤ ਨੂੰ ਦਾਨ ਕੀਤੀ ਮੱਝ ਬਦਲਣੀ ਨਹੀਂ ਸੀ ਚਾਹੀਦੀ ਤਾਂ ਹੀ ਤਾਂ ਬਚੀ ਨਹੀਂ।

ਵਾਪਸ ਘਰ ਨੂੰ ਮੁੜਦਿਆਂ ਹਰਪਾਲ ਨੇ ਖਸੀਆਨੀ ਹਾਸੀ ਹਸਦਿਆਂ, ਮੰਡੀ ਵਿਚ ਘੁੰਮਦੇ ਪੁਰੋਹਿਤ ਜੀ ਨੂੰ, ਨਮਸਕਾਰ ਕਰਕੇ ਟਰੈਕਟਰ 'ਤੇ ਆਪਣੇ ਕੋਲ ਬਿਠਾ ਲਿਆ ਸੀ। ਟਰੈਕਟਰ ਤੇ ਬੈਠੇ ਜਾਂਦੇ ਸੁੱਖਾ ਤੇ ਪੁਰੋਹਿਤ ਦੋਵੇਂ ਸੋਚ ਰਹੇ ਸਨ ਕਿ ਉਹ ਪੱਚੀ, ਪੱਚੀ ਹਜ਼ਾਰ ਕਮਾ ਲਿਆਏ ਹਨ। ਸੁੱਖਾ ਜੇ ਲੰਡੀ ਮੱਝ ਮੰਡੀ ਤੇ ਵੇਚਦਾ ਤਾਂ ਪੱਚੀ ਹਜ਼ਾਰ ਦੀ ਵਿਕਣੀ ਸੀ, ਉਹ ਆਪਣੀ ਚਲਾਕੀ ਨਾਲ ਲੰਡੀ ਮੱਝ ਪੁਰੋਹਿਤ ਨੂੰ ਦੇ ਕੇ ਤਾਜੀ ਮੱਝ ਮੰਡੀ ਤੇ ਪੰਜਾਹ ਹਜ਼ਾਰ ਦੀ ਵੇਚ ਕੇ ਪੱਚੀ ਹਜ਼ਾਰ ਵੱਧ ਕਮਾ ਲਿਆਇਆ ਸੀ। ਤੇ ਪੁਰੋਹਿਤ ਸੋਚਦਾ ਕਿ ਉਹਨੇ ਲੰਡੀ ਮੱਝ ਵੇਚਕੇ ਪੱਚੀ ਹਜ਼ਾਰ ਕਮਾਇਆ ਹੀ ਕਮਾਇਆ ਹੈ। ਆਪਣੇ ਕੋਲੋਂ ਕੁਝ ਖਰਚਿਆਂ ਤਾਂ ਨਹੀਂ।

ਦੂਜੇ ਦਿਨ ਪੁਰੋਹਿਤ ਜੀ ਨੂੰ ਦਾਨ ਦਿੱਤੀ ਪੂਛ ਵਾਲੀ ਮੱਝ ਰਾਤੋ ਰਾਤ ਪੂਛ ਕੱਟੀ, ਲੰਡੀ ਮੱਝ ਬਣਨ ਦੀ ਕਹਾਣੀ ਪਿੰਡ ਦੇ ਹਰ ਬੰਦੇ ਦੀ ਜ਼ੁਬਾਨ 'ਤੇ ਸੀ। ਪੁਰੋਹਿਤ ਜੀ ਪਿੰਡ ਦੀ ਸੱਥ ਵਿਚ ਘਿਰ ਗਏ ਸਨ। ਅਮਲੀ ਅਮਰੇ ਨੇ ਪੁੱਛ ਲਿਆ ਸੀ," ਭਲਾ ਪੁਰੋਹਿਤ ਜੀ ਥੁਆਨੂੰ ਦਾਨ ਵਿਚ ਦਿਤੀ ਮੱਝ... ਰਾਤੋ ਰਾਤ ਪੂਛ ਕੱਟੀ ਕਿਵੇਂ ਬਣ ਗਈ?" ਪੁਰੋਹਿਤ ਜੀ ਗੁੱਸੇ ਵਿਚ ਬੋਲੇ, "ਅਮਲੀਆ... ਜੇ ਪੂਛ ਵਾਲੀ ਮੱਝ ਦੀ ਥਾਂ ਲੰਡੀ ਮੱਝ ਬਣ ਗਈ ਤਾਂ ਦੇਖ ਲਈ... ਮੁੰਡਾ ਵੀ ਤੇਰੇ ਵਰਗਾ ਲੰਡਾ, ਚਿੜਾ ਅਮਲੀ ਓ ਹੋਵੇਗਾ। ਗਿਆਨੀ ਬਖਤੌਰ ਸਿੰਘ ਦੱਸੀਂ ਰਤਾ... ਰਿਸ਼ੀਆਂ ਬ੍ਰਾਹਮਣਾਂ ਦੇ ਦੋਖੀਆਂ ਨੂੰ ਕੀ ਕੀ ਸਜ਼ਾ ਮਿਲਦੀ ਰਹੀ ਐ?"

ਬਖਤੌਰ ਸਿੰਘ ਨੇ ਜੀ ਨੂੰ ਕੌੜ੍ਹਿਆ ਨੂੰ ਪੁੱਛਿਆ ਸੀ, "ਪੁਰੋਹਿਤ ਜੀ ਤੁਸੀਂ ਕਿਵੇਂ ਦਿੱਬ ਦ੍ਰਿਸ਼ਟੀ ਨਾਲ

ਬੁਝ ਲਿਆ ਕਿ ਉਹਨੂੰ ਦਾ ਮੁੰਡਾ ਅਮਰੇ ਅਮਲੀ ਵਰਗਾ ਸ਼ਰਾਬੀ ਕਬਾਬੀ ਤੇ ਨਸ਼ਈ ਹੋਵੇਗਾ?"

'ਗਿਆਨੀ ਬਖਤੌਰ ਸਿੰਘ ਤੈਨੂੰ ਮੈਂ ਸੱਚੀ ਗੱਲ ਦੱਸ ਦਿੰਦਾ ਹਾਂ। ਉਹ ਜੇ ਦਿਬ ਦ੍ਰਿਸ਼ਟੀ ਨਹੀਂ ਇਹ ਸਮਝਦਾਰੀ ਤਾਂ ਹੈ ਅਸੀਂ ਦੇਖ ਹੀ ਰਹੇ ਹਾਂ ਕਿ ਪਿੰਡ ਵਿਚੋਂ ਨਸ਼ਿਆ ਪੱਤਿਆਂ, ਚੋਰੀ ਚਕਾਰੀ ਤੋਂ ਕਿੰਨੇ ਕੁ ਮੁੰਡੇ ਬਚੇ ਹੋਏ ਐ... ਉਹ ਉਂਗਲੀਆਂ 'ਤੇ ਗਿਣਨ ਜੋਗੇ ਹੀ ਹਨ। ਤੇ ਫੇਰ ਜਿਹੋ ਜਿਹਾ ਉਹਦਾ ਪਿਓ ਉਹ ਵੀ ਉਹੋ ਜਿਹਾ ਹੀ ਹੋਊ। ਬਾਕੀ ਮੁੰਡਾ ਬਦਲ ਵੀ ਸਕਦਾ... ਉਹ ਉਪਾਅ ਵੀ ਤਾਂ ਅਸੀਂ ਓ ਕਰਨੇ ਐ, ਬਖਤੌਰ ਸਿਆ ਗੱਲ ਨੂੰ ਸਮਝਿਆ ਕਰ. ਬੰਦੇ ਨੂੰ ਗੱਲ ਬਣਾਉਣੀ ਆਉਣੀ ਚਾਹੀਦੀ ਐ।"

ਪੂਛ ਵਾਲੀ ਮੱਝ ਦੀ ਥਾਂ, ਲੰਡੀ ਮੱਝ ਦਾਨ ਕਰਨ ਦੀ ਗੱਲ ਤਾਂ ਪਿੰਡ ਵਾਲਿਆਂ ਨੂੰ ਹੌਲੀ ਹੌਲੀ ਭੁੱਲਦੀ ਜਾ ਰਹੀ ਸੀ ਪਰ ਐਨਾ ਦਾਨ ਪੁੰਨ ਉਪਾਅ ਕਰਨ ਤੇ ਵੀ ਮੰਗੋ ਦੀ ਨੂੰਹ ਦੇ ਕੁੜੀ ਜੰਮਣ ਦੀ ਗੱਲ ਮੰਗੋ ਦੇ ਦਿਲ ਵਿਚ ਵੱਡਾ ਜ਼ਖ਼ਮ ਕਰ ਗਈ ਸੀ। ਉਹਦੇ ਦਿਲ ਵਿਚੋਂ ਨਿਕਲਦੀ ਨਹੀਂ ਸੀ।

ਇਕ ਦਿਨ ਪੁਰੋਹਿਤ ਜੀ ਨੂੰ ਘਰ ਬੁਲਾ ਕੇ, ਮੰਗੋ ਖਾਸੀ ਔਖੀ ਭਾਰੀ ਹੋਣ ਲੱਗ ਪਈ ਸੀ, "ਪੁਰੋਹਿਤ ਜੀ, ਏਨੇ ਉਪਾਅ ਕਰਨ ਪੁੰਸ਼ਵਨ ਸੰਸਕਾਰ ਕਰਨ ਤੇ ਵੀ ਮੇਰੀ ਨੂੰਹ ਦੀ ਕੁੱਖੋਂ ਮੁੰਡਾ ਪੈਦਾ ਕਿਉਂ ਨੀ ਹੋਇਆ? ਰਤਾ ਪੱਤਰੀ ਖੋਲ੍ਹ ਕੇ ਦੇਖੋ ਤਾਂ ਸਹੀ।" ਪੱਤਰੀ ਖੋਲ੍ਹ ਕੇ ਵਰਕੇ ਤੇ ਵਰਕਾ ਥੱਲਦਿਆਂ ਪੁਰੋਹਿਤ ਜੀ ਤੈਸ਼ ਵਿਚ ਆ ਗਏ ਸਨ, "ਉਦੋਂ ਤਾਂ ਤੈਂ ਆਪਣੇ ਦਿਓਰ ਦੀਦਾਰ ਸਿੰਘ ਦਾ ਵਿਆਹ ਨੀ ਹੋਣ ਦਿੱਤਾ... ਤੈਂ ਉਹਨੂੰ ਆਪਣੇ ਨਾਲ ਚਮੇੜ ਕੇ ਰੱਖਿਆ ਜਦ ਉਹਦੇ ਕੋਈ ਪੁੱਤਰ ਹੀ ਨਹੀਂ ਹੋਇਆ ਔਤਰਾ ਪੂ-ਨਰਕ ਤੋਂ ਕਿਵੇਂ ਤਰਦਾ ਹੁਣ ਉਹ ਪ੍ਰੇਤ ਯੋਨੀ ਵਿਚ ਪਿਆ, ਭੂਤਾਂ, ਪ੍ਰੇਤਾਂ ਨੂੰ ਨਾਲ ਲਈ ਘੁੰਮਦਾ ਪਰਵਾਰ ਦਾ ਨੁਕਸਾਨ ਕਰੀ ਜਾ ਰਿਹਾ, ਤੇਰੀ ਪੋਤੀ ਅੱਕੀ ਤੇ ਵੀ ਪਰੇਤ ਦੀ ਕਰੋਪੀ ਹੈ, ਇਹ ਕੁੜੀ ਪਰਵਾਰ ਵਾਸਤੇ ਅਸ਼ੁੱਭ ਹੀ ਰਹੇਗੀ।" ਮੰਗੋ ਨੇ ਪੁਰੋਹਿਤ ਦੇ ਪੈਰ ਫੜ ਲਏ ਸਨ, "ਪੁਰੋਹਿਤ ਜੀ, ਕੋਈ ਉਪਾਅ ਕਰੋ... ਮੇਰੇ ਪਰਵਾਰ ਨੂੰ ਬਰਬਾਦ ਹੋਣ ਤੋਂ ਬਚਾਓ।"

ਪਰ ਅੱਕੀ ਨੂੰ ਨਾਨਕੇ ਲੈ ਕੇ ਜਾਣ ਵਾਲਾ, ਬਚਨੀ ਦਾ ਭਰਾ ਬਚਨਾ ਕਹਿੰਦਾ ਸੀ ਕਿ ਕੁੜੀ ਨੇ ਉਹਨਾਂ ਨੂੰ ਚੰਗਾ ਫ਼ਲ ਦਿੱਤਾ ਹੈ। ਉਹਦੇ ਜਾਣ ਤੇ ਉਹਦੀ ਪਤਨੀ ਭੂਰੋ ਦੇ ਘਰ ਦੋ ਦੋ ਸਾਲ ਦੀ ਵਿੱਥ ਤੇ ਦੋ ਪੁੱਤਰਾਂ ਨੇ ਜਨਮ ਲਿਆ। ਜਦ ਉਹ ਅੱਕੀ ਨੂੰ ਚਾਰ ਸਾਲ ਦੀ ਹੋਣ ਤੇ ਸਕੂਲ ਦਾਖਲ ਕਰਵਾਉਣ ਲਈ ਲੈ ਗਏ ਤਾਂ ਉਹਦਾ ਨਾਂ ਉਹਨਾਂ ਲਈ ਭਾਗਸ਼ਾਲੀ ਹੋਣ ਕਰਕੇ, ਭਾਗਭਰੀ ਲਿਖਵਾ ਦਿਤਾ। ਤਾਂ ਮੰਗੋ ਸੁੱਖੋ ਦੇ ਸਹੁਰੇ ਜਾ ਕੇ ਬਚਨੇ ਨਾਲ ਲੜ ਪਈ, "ਅੱਕੀ ਦੇ ਜਾਣ ਤੋਂ ਬਾਅਦ ਸਾਡੀ ਬਹੂ ਦੇ ਤਾਂ ਫੇਰ ਉਪਰੋਥਲੀ ਦੋ ਕੁੜੀਆਂ ਈ ਜੰਮੀਆਂ ਜੇ ਮੈਂ ਜੰਮਦੀਆਂ ਨੂੰ ਨਾ ਮਾਰਦੀ, ਤੇਰੀ ਭੈਣ ਬਚਨੀ ਨੇ ਤਾਂ ਕੁੜੀਆਂ ਜੰਮ ਜੰਮ ਕੇ ਬੱਕਰੀਆਂ ਵਾਂਗ ਵਾੜਾ ਈ ਭਰ ਦੇਣਾ ਤਾਂ। ਸਾਡੇ ਲਈ ਇਹ ਕਾਹਦੀ ਭਾਗ ਭਰੀ ਹੋਈ, ਇਹਦਾ ਨਾਂ ਅੱਕੀ ਓ ਲਿਖਵਾਓ, ਹੋਰ ਕੋਈ ਨਹੀਂ।"

ਅੱਠਵੀਂ ਜਮਾਤ ਪਾਸ ਕਰਕੇ ਅੱਕੀ ਨਾਨਕਿਆਂ ਤੋਂ ਲੜਕੇ ਘਰ ਆ ਗਈ ਸੀ। ਉਹਦੇ ਵੱਡੇ ਮਾਮੇ ਦਾ ਮੁੰਡਾ ਜਦ ਉਹ ਘਰ ਵਿਚ 'ਕੱਲੀ ਹੁੰਦੀ ਉਸ ਨਾਲ ਜਬਰਦਸਤੀ ਕਰਨ ਲੱਗ ਪਿਆ ਸੀ। ਨਾਨਕਿਆਂ ਵਿਚ ਉਹਦੀ ਗੱਲ ਕਿਸੇ ਨੇ ਬਹੁਤੀ ਗਉਲੀ ਨਾ, ਉਹਨੂੰ ਜਾਪਦਾ ਕਿ ਉਹਦੇ ਛੋਟੇ ਮਾਮੇ ਬਚਨੇ ਦੇ ਘਰ ਵੀ ਦੋ ਮੁੰਡੇ ਹੋ ਜਾਣ ਕਰਕੇ ਉਹਨਾਂ ਨੂੰ ਵੀ ਉਹਦੀ ਬਹੁਤੀ ਲੋੜ ਨਹੀਂ ਸੀ।

ਘਰ ਆਈ ਨੂੰ ਮੰਗੋ ਵੀ ਉਹਨੂੰ ਕੁੱਟਣ ਨੂੰ ਜਾਂਦੀ ਸੀ। ਮੌਕੇ 'ਤੇ ਪੁੱਜੇ ਬਖਤੌਰ ਸਿੰਘ ਨੇ ਅੱਕੀ ਨੂੰ ਪਲੋਸ ਕੇ ਗੋਦੀ ਵਿਚ ਲੈ ਲਿਆ ਸੀ। ਤੇ ਮੰਗੋ ਨੂੰ ਕੁੜੀ ਨੂੰ ਮਾਰਨ ਤੋਂ ਰੋਕਿਆ ਸੀ। ਉਹਨੂੰ ਭੂੰਨ ਵੱਟਾ ਹੋਈ ਖੜੀ ਕੁੜੀ ਤੇ ਡਾਹਢਾ ਤਰਸ ਆ ਰਿਹਾ ਸੀ। ਬਖਤੌਰ ਸਿੰਘ ਨੇ ਕਿਹਾ, "ਇਹ ਤਾਂ ਮੇਰੀ ਪੋਤੀ ਮੇਲੋ ਵਰਗੀ ਓ ਐ।" ਤੇ ਉਹਨੂੰ ਸਕੂਲ ਵਿਚ ਪੜ੍ਹਾਉਂਦੇ ਉਹਦੇ ਪੁੱਤਰ ਮਾਸਟਰ ਮਹਿੰਦਰ ਸਿੰਘ ਨੂੰ ਕਹਿਕੇ ਅੱਕੀ ਨੂੰ ਵੀ ਮੇਲੋ ਦੇ ਨਾਲ ਹੀ ਨੌਵੀਂ ਜਮਾਤ ਵਿਚ ਦਾਖਲ ਕਰਵਾ ਦਿੱਤਾ ਸੀ। ਉਸੇ ਸਕੂਲ ਵਿਚ ਗਿਆਰਵੀ ਵਿਚ ਪੜ੍ਹਦਾ



ਮਲਵਿੰਦਰ ਦਾ ਭਰਾ ਪਰਦੀਪ ਸਕੂਲੋਂ ਪੜ੍ਹਕੇ ਆਇਆ ਅੱਕੀ ਤੇ ਮਲੀ ਨੂੰ ਹੋਮ ਵਰਕ ਕਰਵਾ ਦਿੰਦਾ ਸੀ। ਹੋਮ ਵਰਕ ਕਰਕੇ ਹੀ ਅੱਕੀ ਆਪਣੇ ਘਰ ਨੂੰ ਜਾਂਦੀ ਸੀ।

ਅੱਕੀ ਦਾ ਧਿਆਨ ਕੇਵਲ ਪੜ੍ਹਾਈ ਵਿਚ ਸੀ। ਉਹ ਪੜ੍ਹਾਈ ਵਿਚ ਸਾਰੀ ਜਮਾਤ ਤੋਂ ਅੱਗੇ ਸੀ ਪਰ ਉਸਦੇ ਘਰ ਦੇ ਉਹਦੀ ਪੜ੍ਹਾਈ ਵੱਲ ਕੋਈ ਧਿਆਨ ਨਹੀਂ ਸਨ ਦਿੰਦੇ। ਉਹ ਮਲ੍ਹੀ ਨਾਲ ਹੀ ਉਹਦੇ ਪਿਤਾ ਤੋਂ ਲਏ ਪੈਸਿਆਂ ਵਿਚੋਂ ਹੀ ਕਪੜੇ ਤੇ ਕਿਤਾਬਾਂ ਖਰੀਦ ਲੈਂਦੀ ਸੀ। ਮਲੀ ਆਪਣੀ ਫੀਸ ਨਾਲ ਹਰ ਮਹੀਨੇ ਉਹਦੀ ਫੀਸ ਵੀ ਦੇ ਦਿੰਦੀ ਸੀ। ਦਸਵੀਂ ਜਮਾਤ ਦੀ ਪ੍ਰੀਖਿਆ ਦੇ ਫਾਰਮ ਭਰਵਾਉਣ ਲੱਗਿਆ ਉਨ੍ਹਾਂ ਦੀ ਕਲਾਸ ਦੇ ਇੰਚਾਰਜ ਨੇ ਕਿਹਾ ਸੀ ਕਿ ਜਿਹੜੇ ਵਿਦਿਆਰਥੀ ਆਪਣਾ ਨਾਂ ਬਦਲਨਾ ਚਾਹੁੰਦੇ ਹਨ ਜਾਂ ਆਪਣੇ ਨਾਂ ਨਾਲ ਆਪਣਾ ਗੋਤ ਜਾਂ ਪਿੰਡ ਦਾ ਨਾਂ ਲਿਖਣਾ ਚਾਹੁੰਦੇ ਹਨ ਉਹ ਲਿਖ ਸਕਦੇ ਹਨ। ਕਿਉਂਕਿ ਉਹਨਾਂ ਦੀ ਮਿਡਲ ਕਲਾਸ ਬੋਰਡ ਦੀ ਨਹੀਂ ਸੀ ਤੇ ਉਹਨਾਂ ਦਾ ਮੈਟਰਿਕ ਦੇ ਸਰਟੀਫਿਕੇਟ ਵਿਚ ਲਿਖਿਆ ਨਾਂ ਹੀ ਅੱਗੇ ਚਲੇਗਾ।

ਕਲਾਸ ਇੰਚਾਰਜ ਨੇ ਵਿਸ਼ੇਸ਼ ਤੌਰ ਤੇ ਅੱਕੀ ਨੂੰ ਆਪਣਾ ਨਾਂ ਬਦਲਣ ਲਈ ਜ਼ੋਰ ਪਾਇਆ, ਪਰ ਅੱਕੀ ਅਤਿਅੰਤ ਭੈੜੇ ਹਾਲਾਤਾਂ ਵਿਚ ਜੰਮੀ ਪਲੀ ਹੋਣ ਕਰਕੇ ਆਪਣੀ ਉਮਰ ਤੋਂ ਵੱਧ ਸਿਆਣੀ ਹੋ ਗਈ ਸੀ। ਉਹਨੇ ਕਿਹਾ, "ਮੇਰੀ ਦਾਦੀ ਨੇ ਮੇਰੀ ਮਾਂ ਦੇ ਕੁੜੀਆਂ ਪੈਦਾ ਹੋਣ ਤੋਂ ਅੱਕਿਆ ਹੋਇਆ, ਮੇਰਾ ਨਾਂ 'ਅੱਕੀ' ਰੱਖਿਆ ਸੀ। ਮੈਂ ਇਹ ਨਾਂ ਬਦਲਨਾ ਨਹੀਂ। ਪਰ ਮੈਂ ਹੁਣ ਉਹਨਾਂ ਤੋਂ ਆਕੀ ਹਾਂ। ਮੈਂ ਆਪਣੀਆਂ ਭੈਣਾਂ ਵਾਂਗ ਉਹਨਾਂ ਦੇ ਕਹਿਣ ਤੇ ਅਜੋੜ ਵਿਆਹ ਨਹੀਂ ਕਰਵਾਵਾਂਗੀ।"

ਤੇ ਅੱਕੀ ਆਪਣੇ ਬੈਗ ਵਿਚੋਂ ਕਾਪੀ ਟੋਲਣ ਲੱਗ ਪਈ। ਜਦ ਉਹਦੀ ਦਾਦੀ ਮੰਗੋ ਗੀਤ ਗਾਉਂਦੀ ਸੀ ਤਾਂ ਉਹ ਕਾਪੀ ਚੁੱਕਕੇ ਦਾਦੀ ਨੂੰ ਗੀਤ ਲਿਖਵਾਉਣ ਲਈ ਕਹਿੰਦੀ ਸੀ ਪਰ ਦਾਦੀ, ਉਹਨੂੰ ਥੱਪੜ ਚੁੱਕ ਕੇ ਡਰਾ ਦਿੰਦੀ ਸੀ। ਪਰ ਜਦ ਉਹ ਕਾਪੀ ਦੇ ਕੇ ਵੱਡੀ ਭੈਣ ਨੂੰ ਗੀਤ ਲਿਖਣ ਲਈ ਭੇਜਦੀ ਤਾਂ ਦਾਦੀ ਝੱਟ ਲਿਖਵਾ ਦਿੰਦੀ ਸੀ। ਇਸ ਤਰ੍ਹਾਂ ਉਹਨੇ ਦਾਦੀ ਦੇ ਗਾਏ ਗੀਤਾਂ ਦੀ ਕਾਪੀ ਭਰ ਲਈ ਸੀ।

ਉਹਨੇ ਕਲਾਸ ਵਿਚ ਕਾਪੀ ਵਿਚੋਂ ਉਹ ਗੀਤ ਗਾ ਕੇ ਸੁਣਾਇਆ ਜਿਹੜਾ ਗੀਤ ਉਹਦੀ ਦਾਦੀ ਉਹਦੀ ਵੱਡੀ ਭੈਣ ਦਾ ਦਿਲ ਸਮਝਾਉਣ ਲਈ ਉਹਨੂੰ ਗਾ ਕੇ ਸੁਣਾਇਆ ਕਰਦੀ ਸੀ... ਜਿਸਦਾ ਉਨ੍ਹਾਂ ਨੇ ਵੱਡੀ ਉਮਰ ਦੇ ਬੰਦੇ ਨਾਲ ਵਿਆਹ ਕਰ ਦਿੱਤਾ ਸੀ। ਛੋਟੀ ਪੇਕੇ ਘਰ ਆ ਕੇ ਲੜਦੀ ਕਿ ਉਹਨੂੰ ਵਰ ਨਸ਼ੇ ਪੱਤੇ ਕਰਨ ਵਾਲਾ ਟੋਲ ਦਿੱਤਾ ਸੀ। ਅੱਕੀ ਨੇ ਅੰਤ ਦੁਖੀ ਮਨ ਨਾਲ ਦੱਸਿਆ ਕਿ ਧੀ ਨੂੰ ਵਿਆਹੁਣ ਤੋਂ ਬਾਅਦ ਉਹਦਾ ਪੇਕੇ ਘਰ ਵਿਚ ਕੋਈ ਸਥਾਨ ਨਹੀਂ ਰਹਿੰਦਾ।

ਕਲਾਸ ਵਿਚ ਮਾਹੌਲ ਕਾਫੀ ਸੋਗਮਈ ਬਣ ਗਿਆ ਸੀ। 'ਇੰਚਾਰਜ ਸਰ ਨੇ ਉਹਦੇ ਦਾਖਲਾ ਫਾਰਮ ਤੇ ਉਹਦਾ ਨਾਂ ਅਕਵਿੰਦਰ ਕੌਰ ਆਕੀ' ਭਰ ਦਿੱਤਾ ਸੀ। ਤੇ ਉਹ ਮਲੀ ਤੇ ਨਾਲ ਮਿਲਕੇ ਮੈਟਰਿਕ ਦੀ ਪ੍ਰੀਖਿਆ ਦੀ ਤਿਆਰੀ ਕਰਨ ਲੱਗ ਪਈ ਸੀ।

ਮਲੀ ਤੇ ਪਿੰਟੂ ਡੈਡੀ ਮਾਸਟਰ ਮਹਿੰਦਰ ਸਿੰਘ ਨੂੰ ਚੰਡੀਗੜ੍ਹ ਜਾਂ ਮੁਹਾਲੀ ਸ਼ਹਿਰ ਵਿਚ ਕੋਠੀ ਬਣਾਉਣ ਲਈ ਜ਼ਿੱਦ ਕਰਦੇ ਰਹਿੰਦੇ ਸਨ ਕਿਉਂਕਿ ਉਹਨਾਂ ਦੇ ਕਈ ਕਲਾਸਫੈਲੋ'ਜ਼ ਦੇ ਮਾਪਿਆਂ ਨੇ ਸ਼ਹਿਰਾਂ ਵਿਚ ਕੋਠੀਆਂ ਬਣਾ ਲਈਆਂ ਸਨ। ਪਰ ਉਨ੍ਹਾਂ ਨੂੰ ਚੰਡੀਗੜ੍ਹ ਜਾਂ ਮੁਹਾਲੀ ਜਾਣ ਦੀ ਲੋੜ ਨਹੀਂ ਸੀ ਪਈ ਸਗੋਂ ਐਸ. ਏ. ਐਸ. ਨਗਰ, ਮੁਹਾਲੀ ਦਾ ਵਿਸਥਾਰ ਕਰਕੇ ਬਣਾਈ 'ਮੁੱਲਾਪੁਰ ਮੈਟਰੋਸਿਟੀ' ਵਿਚ ਉਹਨਾਂ ਦੇ ਪਿੰਡ ਘੜੋਜੀਆਂ ਦਾ ਸੜਕ ਤੋਂ ਉਪਰਲਾ ਪਾਸਾ ਵੀ ਆ ਗਿਆ ਸੀ। ਮਾਸਟਰ ਮਹਿੰਦਰ ਸਿੰਘ ਦੀ ਸੜਕ ਤੋਂ ਉਪਰਲੇ ਪਾਸੇ ਆਉਂਦੀ ਪੰਜ ਕਿੱਲੇ ਜ਼ਮੀਨ ਅਕਵਾਇਰ ਕਰ ਲਈ ਗਈ ਸੀ। ਉਹਨਾਂ ਦਾ ਘਰ ਵੀ ਪਿੰਡ ਵਿਚ ਸੜਕ ਤੋਂ ਉਪਰਲੇ ਪਾਸੇ ਈ ਸੀ। ਭਾਵੇਂ ਪਿੰਡ ਵਿਚਲੇ ਘਰਾਂ ਨੂੰ ਜਿਉਂ ਜਾਂ ਤਿਓਂ ਰੱਖਿਆ ਗਿਆ ਸੀ ਪਰ ਮਾਸਟਰ ਮਹਿੰਦਰ ਸਿੰਘ ਦਾ ਘਰ ਪਿੰਡੋਂ ਬਾਹਰਲੀ ਸੜਕ 'ਤੇ ਆ ਜਾਣ ਕਰਕੇ ਉਹਨਾਂ ਨੇ

ਆਪਣਾ ਘਰ ਢਾਹ ਕੇ ਨਾਲ ਦੀਆਂ ਕੋਠੀਆਂ ਦੇ ਨਕਸ਼ੇ ਅਨੁਸਾਰ ਤਿੰਨ ਮੰਜਿਲਾ ਕੋਠੀ ਉਸਾਰ ਲਈ ਸੀ।

ਸੜਕ ਤੋਂ ਹੇਠਲੇ ਪਾਸੇ ਵਾਲੀ ਜ਼ਮੀਨ ਅਜੇ ਅਕਵਾਇਰ ਨਾ ਕੀਤੀ ਜਾਣ ਕਰਕੇ ਮਾਸਟਰ ਮਹਿੰਦਰ ਸਿੰਘ ਹੁਰਾਂ ਦੀ ਪੰਜ ਕਿਲੇ ਜ਼ਮੀਨ ਉਸ ਵਿਚ ਬਣਿਆ ਦਾਦੇ ਜਗਦੀਸ਼ ਸਿੰਘ ਦਾ ਫਾਰਮ ਹਾਉਸ, ਹਰਪਾਲ , ਸੁੱਖੇ ਤੇ ਪੁਰੋਹਿਤ ਦੇ ਘਰ ਤੇ ਜ਼ਮੀਨ ਵੀ ਅਜੇ ਮੈਟਰੋਸਿਟੀ ਦੇ ਨਕਸ਼ੇ ਤੋਂ ਬਾਹਰ ਹੀ ਸਨ।

ਇੰਡੋਂ ਗਲੋਬਲ ਗਰੁੱਪ ਆਫ ਕਾਲਜਿਜ', ਪਿੰਡ ਅਭੀਪੁਰ ਵਿਚ ਮਿੰਟੂ ਐਮ. ਬੀ. ਬੀ. ਐਸ. ਕਰਕੇ ਐਮ. ਡੀ. ਕਰ ਰਿਹਾ ਸੀ।ਅਤੇ ਮਲੀ ਦਾ ਐਮ. ਬੀ. ਬੀ. ਐਸ. ਦਾ ਇਕ ਵਰੇ ਦਾ ਕੋਰਸ ਰਹਿੰਦਾ ਸੀ।ਮਲੀ ਹੀ ਅਕਵਿੰਦਰ ਆਕੀ ਦੀ ਪੜ੍ਹਾਈ ਅਤੇ 'ਜੀ ਐਨ. ਐਮ.' ਦੇ ਕੋਰਸ ਦਾ ਖਰਚ ਦਿੰਦੀ ਰਹੀ ਸੀ।ਹੁਣ ਮਲੀ ਡੈਡੀ ਨੂੰ ਕਹਿੰਦੀ ਰਹਿੰਦੀ, "ਡੈਡੀ ਪੰਜ ਕਿਲੇ ਜ਼ਮੀਨ ਦੇ ਕਿੰਨੇ ਕਰੋੜ ਤਾਂ ਥੁਆਨੂੰ ਮਿਲੇ ਐ ਤਾਂ ਕੀ ਹੋਇਆ ਜੋ ਵਿਚੋਂ ਖਰਚ ਲੈ ਕੇ ਵਿਚਾਰੀ ਅਕਵਿੰਦਰ ਪੜ੍ਹ ਲਿਖ ਕੇ ਆਪਣੇ ਪੈਰਾਂ ਤੇ ਖੜੀ ਹੋ ਜਾਵੇਗੀ।" ਮਾਸਟਰ ਮਹਿੰਦਰ ਸਿੰਘ ਹੱਸ ਛੱਡਦਾ।

ਹੁਣ ਉਹ ਇੰਗਲੈਂਡ ਤੋਂ ਬੀ. ਐਸ ਸੀ ਨਰਸਿੰਗ ਦਾ ਕੋਰਸ ਕਰਕੇ ਵਾਪਸ ਆ ਗਈ ਸੀ।ਮਲ੍ਹੀ ਦਬਵੀਂ ਜ਼ਬਾਨ ਵਿਚ ਦੱਸਦੀ ਰਹਿੰਦੀ ਕਿ ਅਕਵਿੰਦਰ ਆਕੀ ਨੇ ਇਥੇ ਹੀ ਵਿਆਹ ਕਰਵਾ ਕੇ ਮੁੜ ਬਦੇਸ਼ ਜਾਣਾ ਹੈ।

ਅਕਵਿੰਦਰ ਆਕੀ ਨੇ ਘਰ ਵਿਚ ਰਹਿਣ ਲਈ ਆਪਣਾ ਅਲੱਗ ਕਮਰਾ ਤੇ ਵਾਸ਼ ਰੂਮ ਆਦਿ ਬਣਾ ਲਏ ਸਨ।ਪਰ ਮੰਗੋ, ਤੇ ਉਹਦੇ ਘਰਦੇ ਦਾਦੀ ਪੁਰਾਣੇ ਖਿਆਲਾਂ ਦੇ ਹੋਣ ਕਰਕੇ ਉਸ ਤੋਂ ਸ਼ਹਿਰ ਦੇ ਹਸਪਤਾਲ ਵਿਚ ਜਾ ਕੇ ਸਟਾਫ ਨਰਸ ਦੀ ਨੌਕਰੀ ਕਰਨ ਤੋਂ ਬਹੁਤ ਖਿਲਾਫ ਸਨ।ਉਂਜ ਉਹ ਘਰ ਦੇ ਖਰਚ ਲਈ ਪੈਸੇ ਵੀ ਉਸ ਤੋਂ ਲਈ ਜਾਂਦੇ ਸਨ।

2.

ਬਖਤੌਰ ਸਿੰਘ ਵੀ ਅੱਕੀ ਤੇ ਪਿੰਡ ਦੀਆਂ ਹੋਰ ਕੁੜੀਆਂ ਤੋਂ ਨੌਕਰੀ ਕਰਵਾਉਣ ਦੇ ਖ਼ਿਲਾਫ਼ ਬੋਲਦਾ ਰਹਿੰਦਾ ਸੀ।

'ਪ੍ਰੇਮੀ ਜੋੜੇ ਨੂੰ ਮਾਰ ਕੇ ਲਾਸ਼ਾਂ ਦਰਖ਼ਤ 'ਤੇ ਲਟਕਾ ਦਿੱਤੀਆਂ, ਦੋਵੇਂ ਇਕ ਗੋਤਰ ਦੇ ਸਨ।ਅਖਬਾਰ ਪੜ੍ਹ ਕੇ ਪ੍ਰਤੀਕਰਮ ਪ੍ਰਗਟ ਕਰ ਰਿਹਾ ਸੀ, "ਉਂਜ ਆਹ ਕੀਤਾ ਨਾ ਮੇਰੀ ਮਰਜ਼ੀ ਦਾ ਕੰਮ ਆ... ਜੋ ਮੈਂ ਹੁੰਦਾ ਦੋਹਾਂ ਦੀ ਚਮੜੀ ਉਧੇੜ ਕੇ ਪੁੱਠੇ ਲਟਕਾਉਂਦਾ।" ਪਿੰਡ ਦੀ ਧਰਮਸ਼ਾਲਾ ਵਿਚ ਬੈਠੇ ਬਜ਼ੁਰਗਾਂ ਦੇ 'ਹਾਂਅ' ਵਿਚ ਹਿੱਲਦੇ ਸਿਰ ਉਸ ਨਾਲ ਸਹਿਮਤੀ ਪ੍ਰਗਟ ਕਰਦੇ ਜਾਪਦੇ।ਉਹ ਹੋਰ ਜੋਸ਼ ਵਿਚ ਆ ਕੇ ਬੋਲਦਾ, "ਪੜ੍ਹ ਲਿਖ ਕੇ ਨੌਕਰੀਆਂ ਕਰਦੀਆਂ ਘਰਦਿਆਂ ਤੋਂ ਬਾਗੀ ਹੋਈਆਂ ਇਨ੍ਹਾਂ ਕੁੜੀਆਂ ਨੇ ਮਨ ਮਰਜ਼ੀ ਨਾਲ ਈ ਵਿਆਹ ਕਰਵਾਉਣੇ ਹੋਏ, ਜਦ ਇਹ ਘਰਦਿਆਂ ਦੇ ਰੋਕਣ ਤੋਂ ਰੁਕਦੀਆਂ ਨੀ ਹੈਗੀਆਂ ਫੇਰ ਮਾਪੇ ਇਹਨਾਂ ਦਾ ਕਤਲ ਕਰਕੇ ਬਹਾਦਰੀ ਦਿਖਾਉਂਦੇ ਐ।"

ਉਹ ਇਹਨਾਂ ਨੂੰ ਬਚਪਨ ਤੋਂ ਲੈ ਕੇ ਬੁਢਾਪੇ ਤੱਕ, ਸਖ਼ਤ ਕੰਟਰੋਲ ਵਿਚ ਰੱਖਣ ਲਈ ਪੁਰੋਹਿਤ ਜੀ ਦੀ ਦੱਸੀ, ਹੋਈ ਉਕਤੀ ਦੁਹਰਾਉਂਦੇ।

ਪੁਰੋਹਿਤ ਜੀ ਵਿਖਿਆਨ ਕਰਦੇ, "ਮਨੂ ਅਨੁਸਾਰ ਇਸਤਰੀ ਨੂੰ ਬਚਪਨ ਵਿਚ ਜਵਾਨੀ ਵਿਚ ਤੇ ਬੁਢਾਪੇ ਵਿਚ ਵੀ ਆਪਣੀ ਇੱਛਾ ਨਾਲ ਕੋਈ ਕੰਮ ਨਹੀਂ ਕਰਨਾ ਚਾਹੀਦਾ। ਪਿਤਾ, ਪਤੀ ਤੇ ਪੁੱਤਰ ਦੀ ਅਗਿਆ ਨਾਲ ਹੀ ਕੋਈ ਕੰਮ ਕਰਨਾ ਚਾਹੀਦਾ ਹੈ।ਇਸਤਰੀ ਬਚਪਨ ਤੇ ਜਵਾਨੀ 'ਚ ਪਿਤਾ ਦੇ, ਬੁਢਾਪੇ ਵਿਚ ਪਤੀ ਦੇ ਅਤੇ ਪਤੀ ਦੀ ਮੌਤ ਉਪਰੰਤ ਪੁੱਤਰ ਦੇ ਅਧੀਨ ਰਹੇ।ਸੁਤੰਤਰ ਕਦੇ ਨਾ ਰਹੇ।"

ਪਰਦੀਪ ਦੇਖਦਾ ਕੁਝ ਦਿਨਾਂ ਤੋਂ ਉਹਦੇ ਬਾਬੇ ਨੂੰ ਪਤਾ ਨਹੀਂ ਕੀ ਝੱਲ ਚੜ੍ਹਦਾ ਜਾ ਰਿਹਾ ਸੀ।ਉਹ ਤਲਵਾਰ ਚੁੱਕ ਕੇ ਬਜਾਰ ਵਿਚ ਨੂੰ ਨਿਕਲਦਾ ਉਹਦੀਆਂ ਅੱਖਾਂ ਚੜ੍ਹੀਆਂ ਹੋਈਆਂ ਹੁੰਦੀਆਂ... ਉਹ ਅਬਾ



ਤਬਾ ਬੋਲਦਾ, "ਪਤਾ ਨਹੀਂ ਕਿਉਂ ਇਸ ਉਮਰ ਵਿਚ ਮੇਰੀ ਤਲਵਾਰ ਖੂਨ ਮੰਗਦੀ ਐ।" ਉਹ ਪਰਿਵਾਰ ਵਿਚ ਬਹਿਕੇ ਖਾਣਾ ਵੀ ਨਾ ਖਾਂਦਾ। ਪਰਿਵਾਰ ਦੇ ਜੀਆਂ ਵੱਲ ਘੂਰ ਘੂਰ ਕੇ ਦੇਖੀ ਜਾਂਦਾ। ਇਸ ਲਈ ਘਰਦਿਆਂ ਨੇ ਉਹਨੂੰ ਤੀਜੀ ਮੰਜ਼ਿਲ 'ਤੇ ਦੋ ਕਮਰਿਆਂ ਦਾ ਫਲੈਟ ਰਹਿਣ ਲਈ ਦੇ ਦਿੱਤਾ ਸੀ। ਪਿੰਟੂ ਰੋਟੀ ਵੀ ਉਹਨੂੰ ਉਪਰ ਹੀ ਦੇ ਆਉਂਦਾ ਤੇ ਰਾਤ ਨੂੰ ਸੌਣ ਲੱਗੇ ਉਹ ਉਹਦੇ ਫਲੈਟ ਦੀਆਂ ਪੌੜੀਆਂ ਦੇ ਦਰਵਾਜ਼ੇ ਦੀ ਬਾਹਰ ਤੋਂ ਕੁੰਡੀ ਲਾ ਦਿੰਦੇ ਸਨ।

ਇਕ ਦਿਨ ਸੰਝ ਨੂੰ ਜਦ ਪਿੰਟੂ ਬਾਬੇ ਨੂੰ ਚੁਬਾਰੇ ਵਿਚ ਰੋਟੀ ਦੇਣ ਗਿਆ ਤਾਂ ਉਹ ਜਿਵੇਂ ਮਨ ਖ਼ੁਸ਼ ਕਰਨ ਲਈ ਬਹਾਦਰੀ ਦਿਖਾਉਂਦਿਆਂ ਫੜ੍ਹਾਂ ਮਾਰਨ ਲੱਗ ਪਿਆ, "ਪੁੱਤਰਾ, ਇਹ ਭੇਤ ਮੈਂ ਕਿਸੇ ਨੂੰ ਦਿੱਤਾ ਨੀ ਹੈਗਾ, ਤੂੰ ਵੀ ਅੱਗੇ ਕਿਸੇ ਨੂੰ ਨਾ ਦੇਈਂ। ਆਹ ਹੁਣ ਜਿਹੜੀ ਆਪਣੇ ਪਿੰਡ ਦੀ ਜ਼ਮੀਨ 'ਮੁੱਲਾਂਪੁਰ ਮੈਟਰੋਸਿਟੀ' ਵਿਚ ਆ ਗਈ ਐ, ਤੇ ਪਲਾਟ ਕੱਟੇ ਗਏ ਐ, ਜਿਵੇਂ ਆਪਣੇ ਗੁਆਂਢੀ ਗਿਆਨੇ ਦੇ ਕਮੀਣਾਂ ਦੀ ਕੁੜੀ ਕੰਮੋ ਦਾ ਕੰਕਾਲ ਨਿਕਲ ਆਇਆ, ਕੁੜੀ ਚਾਰ ਮਹੀਨੇ ਦੀ ਗਰਭਵਤੀ ਸੀ।ਅਖ਼ਬਾਰਾਂ , ਟੀ. ਵੀ. ਚੈਨਲਾਂ ਤੇ ਹਾਹਾਕਾਰ ਮੱਚ ਗਈ, ਜਿਵੇਂ ਉਹਨਾਂ ਕੋਲ ਇਹੋ ਖਬਰ ਦਿਖਾਉਣ ਲਈ ਰਹਿ ਗਈ ਹੋਵੇ। ਪੁਲਿਸ ਨੇ ਮਰਨ ਕਿਨਾਰੇ ਪਏ ਗਿਆਨੇ ਦੇ ਦੋਵੇਂ ਮੁੰਡਿਆਂ ਤੇਜੇ ਤੇ ਗੇਬੇ ਨੂੰ ਫੜਕੇ ਅੰਦਰ ਡੱਕ ਦਿੱਤਾ। ਪੁੱਤਰਾ, ਇਸੇ ਤਰ੍ਹਾਂ ਮੈਥੋਂ ਵੀ ਸਾਡੇ ਪੁਸਤਾਂ ਤੋਂ ਚਲੇ ਆ ਰਹੇ ਸੀਰੀ ਦੀ ਕੁੜੀ ਸੇਮੋ ਦੀ ਚੜ੍ਹਦੀ ਜਵਾਨੀ ਦੇਖੀ ਨਹੀਂ ਸੀ ਜਾਂਦੀ।ਇਕ ਦਿਨ ਇੱਖ ਵਿਚੋਂ ਘਾਹ ਖੋਤਦੀ ਮੇਰੇ ਧੱਕੇ ਚੜ੍ਹ ਗਈ।ਉਹਦੇ ਹੱਥ ਵਿਚ ਗੰਨੇ ਦਾ ਟੋਟਾ ਆ ਗਿਆ।ਮੇਰੀ ਤਾਂ ਉਹਨੇ ਮਾਰ ਮਾਰ ਕੇ ਹੋਸ਼ ਭੁਲਾ ਦਿੱਤੀ।ਮੈਂ ਭੱਜੀ ਜਾਂਦੀ, ਇੱਖ ਦੇ ਬੂਝੇ ਵਿਚ ਅੜੀ ਹੋਈ ਦੇ ਪੱਟ ਵਿਚ ਦਾਤੀ ਖੋਭ ਦਿੱਤੀ।ਮੈਂ ਜ਼ਖ਼ਮੀ ਹੋਈ ਕੁੜੀ , ਉਹਦਾ ਮੂੰਹ ਬੰਨ੍ਹ ਕੇ ਢਾਹ ਲਈ। ਕੁੜੀ ਅਧਮੋਈ ਕਰਕੇ ਇਖ ਵਿਚ ਟੋਆ ਪੁੱਟਕੇ ਦੱਬ ਦਿੱਤੀ। ਤੇ ਰੌਲਾ ਪਾ 'ਤਾ, 'ਕੁੜੀ ਕਾਰ ਵਾਲਿਆਂ ਨਾਲ ਭੱਜ ਗਈ।ਕੁੜੀ ਦੇ ਗਰੀਬ ਮਾਪੇ ਰਿਸ਼ਤੇਦਾਰੀਆਂ ਵਿਚ ਘੁੰਮ ਫਿਰ ਕੇ ਬਹਿ ਗਏ।"

"ਪੁੱਤਰਾਂ ਕੀ ਦੱਸਾਂ ਉਸ ਖੇਤ ਵਿਚ ਕੱਟੇ ਪਲਾਟਾਂ ਵਿਚ ਮੈਂ ਨਿੱਤ ਜਾ ਕੇ ਦੇਖਦਾ, ਕੁੜੀ ਦੀ ਕਬਰ ਨੀਂਹ ਵਿਚ ਆਉਣ ਤੋਂ ਬਚ ਗਈ। ਤੇ ਵੱਡੇ ਕਮਰੇ ਦੇ ਵਿਚਕਾਰ ਆ ਗਈ। ਜਦ ਕਮਰੇ ਦੀਆਂ ਨੀਹਾਂ ਭਰਕੇ ਕੰਧਾਂ ਉਸਰਨ ਲਗੀਆਂ ਤਾਂ ਮੇਰੀ ਜਾਨ ਵਿਚ ਜਾਨ ਆਈ।ਪੁੱਤਰਾਂ, ਮੈਂ ਖ਼ੁਸ਼ੀ ਵਿਚ ਵਾਹਿਗੁਰੂ ਦੇ ਸ਼ੁਕਰਾਨੇ ਵੱਜੋਂ ਬੀੜ੍ਹ ਵਿਚਲੇ ਗੁਰਦੁਆਰੇ ਵਿਚ ਅਖੰਡ ਪਾਠ ਕਰਵਾ ਕੇ ਚੁਪਕੀ ਚੁਪਕੀ ਭੋਗ ਪੁਆ ਆਇਆ।ਘਰ ਆ ਕੇ ਪਰਸ਼ਾਦ ਵੰਡਿਆ ਤੇ ਪੁਰੋਹਿਤ ਨੂੰ ਕੱਪੜੇ ਦਾਨ ਕਰ ਦਿੱਤੇ।"

ਪਿੰਟੂ ਨੂੰ ਇਸ ਗੱਲ ਦਾ ਭੇਤ ਦਿੰਦਾ ਬਾਬਾ ਬਖਤੌਰਾ ਬਹੁਤ ਬੁਰਾ ਲਗ ਰਿਹਾ ਸੀ। ਪਿੰਟੂ ਗੁੱਸੇ ਵਿਚ ਅੱਗ ਬਬੂਲਾ ਹੁੰਦਿਆਂ ਬੋਲਿਆ, "ਮੈਂ ਵੀ ਤੈਨੂੰ ਸੀਰੀ ਦੀ ਸੁੱਖੋ ਦਾ ਰੇਪ ਕਰਕੇ ਉਹਨੂੰ ਕਤਲ ਕਰਨ ਦੇ ਕੇਸ ਵਿਚ ਗਿਆਨੇ ਦੇ ਮੁੰਡਿਆਂ ਵਾਂਗ ਫਸਾ ਦੇਣੈ, ਤੇ ਫੇਰ ਉਸੇ ਗੁਰਦੁਆਰੇ ਵਿਚ ਅਖੰਡ ਪਾਠ ਕਰਵਾ ਕੇ ਆਵਾਂਗਾ।"

ਬਖਤੌਰ ਸਿੰਘ ਆਪਣੇ ਮਨ ਵਿਚ ਸੋਚ ਰਿਹਾ ਸੀ, "ਅਜਿਹੀਆਂ ਲੁੱਚੀਆਂ ਗੱਲਾਂ ਕਰਨ ਤੇ ਤਾਂ ਪਰ੍ਹੇ ਵਿਚ ਉਨ੍ਹਾਂ ਕੋਲ ਬੈਠੇ ਮੁੰਡੇ ਖੁੰਡੇ ਲੱਜਤ ਲੈਂਦੇ ਐ।ਪਰ ਇਹ ਪਿੰਟੂ ਕਿਸ ਮਿੱਟੀ ਦਾ ਬਣਿਆ ਹੋਇਆ, ਜੱਟਾਂ ਦੇ ਮੁੰਡਿਆਂ ਵਾਲੀ ਤਾਂ ਇਹਦੇ ਵਿਚ ਕੋਈ ਗੱਲ ਈ ਨਹੀਂ।" ਉਹ ਅਤਿਅੰਤ ਉਦਾਸ ਹੋ ਕੇ ਪਿੰਟੂ ਨੂੰ ਕਹਿਣ ਲੱਗਿਆ, "ਓ ਮੇਰੇ ਪਿਓ ਨੇ ਮੈਨੂੰ ਘਰੋਂ ਕੱਢ ਦਿੱਤਾ, ਤੇ ਤੇਰਾ ਪਿਓ ਮੈਨੂੰ ਘਰ ਵਿਚ ਸੰਭਾਲਦਾ ਨੀ ਹੈਗਾ।ਹੋਰ ਮੇਰਾ ਦੁਨੀਆਂ ਵਿਚ ਕੌਣ ਐ? ਓ ਜੇ ਮੇਰੇ ਵਿਚ ਈ ਖੋਟ ਐ ਤੂੰ ਤਾਂ ਬੋਲਣ ਲੱਗਿਆ ਕੁਝ ਸੋਚ ਲੈਂਦਾ, ਓ ਮੈਂ ਤੈਨੂੰ ਨਿੱਕੇ ਜਹੇ ਬਲੂੰਗੜੇ ਜਿਹੇ ਨੂੰ ਮੋਢੇ ਤੇ ਬਿਠਾ ਕੇ ਘਨੇੜੀ ਚੁੱਕ ਚੁੱਕ ਕੇ ਪਾਲਿਆ, ਹੁਣ ਤੂੰ ਈ ਮੈਨੂੰ ਇੱਦਾਂ ਕਰਨ ਲੱਗ ਪਿਆ।ਤੂੰ ਮੈਨੂੰ ਜਾਣਦਾ ਨੀ ਹੈਗਾ, ਮੈਂ ਵੀ ਬੜਾ ਬੰਦਾ ਆ ਮੈਂ ਤੈਨੂੰ ਜਾਂ ਆਪਣੇ ਆਪ ਨੂੰ ਕੁਝ ਕਰ ਨਾ ਲਵਾਂ।ਜਾ ਦੁਸ਼ਟਾ ਮੇਰੀਆਂ ਨਜ਼ਰਾਂ ਤੋਂ ਦੂਰ ਹੋ ਜਾ।" ਤੇ ਬਖਤੌਰ ਸਿੰਘ ਜਾਰੋ

ਜਾਰ ਰੋਣ ਈ ਤਾਂ ਲੱਗ ਪਿਆ ਸੀ।

ਪਿੰਟੂ ਨੂੰ ਸਮਝ ਨਾ ਲੱਗਦੀ ਕਿ ਉਹਦੇ ਬਾਬੇ ਬਖਤੌਰ ਸਿੰਘ ਦਾ ਸੁਭਾ ਏਨਾ ਗੁਸੈਲ ਕਿਉਂ ਐ? ਉਹ ਦੂਸਰੇ ਦਿਨ ਪੜਦਾਦੇ ਜਗਦੀਸ਼ ਸਿੰਘ ਦੇ ਫਾਰਮ ਹਾਊਸ ਵਿਚ ਜਾ ਪਹੁੰਚਿਆ ਤੇ ਪੁੱਛਣ ਲੱਗਿਆ, "ਦਾਦਾ ਜੀ ਐਂ ਦੱਸੋ ਕਿ ਤੁਸੀਂ ਬਾਬੇ ਬਖਤੌਰ ਸਿੰਘ ਨੂੰ ਫਾਰਮ ਹਾਊਸ ਵਿਚ ਕਿਉਂ ਨੀ ਵੜਨ ਦਿੰਦੇ? ਥੁਆਡੀ ਉਮਰ ਹੁਣ ਸੌ ਸਾਲ ਤੋਂ ਉੱਤੇ ਹੋ ਗਈ ਐ। ਤੁਸੀਂ ਦਵਿੰਦਰ ਦਾ ਪਿਓ ਸ਼ੇਰਾ ਵੀ ਤਾਂ ਸ਼ੀਰੀ ਰਲਾਇਆ ਹੋਇਆ ਈ ਐ, ਉਹੀ ਕੰਮ ਬਾਬੇ ਤੋਂ ਨੀ ਕਰਵਾ ਸਕਦੇ?"

"ਪਿੰਟੂ ਤੈਨੂੰ ਕਿਆ ਦੱਸਾਂ, ਸਾਡੇ ਨਾਲ ਪੁਸ਼ਤਾਂ ਤੋਂ ਸ਼ੀਰੀ ਰਲਦੇ ਆਉਂਦੇ ਪਰਵਾਰ ਵਿਚੋਂ ਸ਼ੇਰਾ ਸ਼ੀਰੀ ਤਾਂ ਸੌ ਗੁਣਾ ਚੰਗਾ ਆ, ਬਖਤੌਰ ਦਾ ਕਿਆ ਇਤਬਾਰ ਐ, ਖੇਤ ਵਿਚੋਂ ਸਾਗ ਤੋੜਨ, ਸ਼ਬਜੀ ਲੈਣ ਕੱਲਮ ਕੱਲ੍ਹੀ ਤੀਵੀਂ , ਕੁੜੀ ਕੱਤਰੀ ਨੇ ਵੀ ਆਉਣਾ ਹੁੰਦਾ। ਇਹਨੇ ਸ਼ੁਰੂ ਤੋਂ ਈ ਚੰਗੇ ਕੰਮ ਨੀ ਕੀਤੇ।"

ਸੀਰੀ ਨੂੰ ਵੀ ਖੇਤ ਵਿਚ ਦਾਰੂ ਕੱਢਣ ਲਾ ਲਿਆ ਸੀ, ਇਹ ਮਹੀਨਾ ਮਹੀਨਾ ਖਾੜੇ ਆਲਿਆਂ ਨਾਲ ਘੁੰਮੀ ਜਾਂਦਾ, ਮੈਨੂੰ ਪਤਾ ਲਗਦਾ ਰਹਿੰਦਾ, ਇਹ ਖਾੜਿਆਂ ਵਿਚ ਕੁੜੀਆਂ ਵਾਲੇ ਕਪੜੇ ਪਾ ਕੇ ਨਚਾਰਾਂ ਨਾਲ ਨੱਚਣ ਲੱਗ ਪਿਆ, ਖਾੜਿਆਂ ਵਿਚ ਨੱਚਣਾ ਤਾਂ ਨੀਵੀਂ ਜਾਤੀ ਦੇ ਮੁੰਡਿਆਂ ਦਾ ਕੰਮ ਐ, ਇਹ ਕੋਈ ਇੱਜ਼ਤਦਾਰ ਬੰਦਿਆਂ ਦਾ ਕੰਮ ਐ? ਮੈਂ ਇਹਨੂੰ ਜ਼ਮੀਨ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਤੇ ਇਹਨੂੰ ਸੁਨੇਹਾ ਭਿਜਵਾ ਦਿੱਤਾ, ਜੇ ਘਰ ਵੜਿਆ, ਟੋਟੇ ਕਰ ਦੂੰਗਾ।"

ਪਿੰਟੂ ਸੰਝ ਨੂੰ ਬਾਬੇ ਬਖਤੌਰ ਨੂੰ ਰੋਟੀ ਦੇਣ ਗਿਆ, ਫਿਰ ਪੁੱਛਣ ਲੱਗਿਆ, "ਬਾਬੇ ਪਿੰਡ ਦੇ ਲੋਕ ਤੇਰੀਆਂ ਸ਼ਿਫਤਾ ਕਰਦੇ ਐ, ਤੂੰ ਏਨਾ ਚੰਗਾ ਬੰਦਾ ਐ, ਫੇਰ ਤੈਨੂੰ ਦਾਦੇ ਦੀਸੇ ਨੇ ਜ਼ਮੀਨ ਜਾਇਦਾਦ ਤੋਂ ਬੇਦਖਲ ਕਿਉਂ ਕਰ ਦਿੱਤਾ।"

ਬਾਬੇ ਨੇ ਗੜ੍ਹਕੇ ਨਾਲ ਬੋਲਣਾ ਸ਼ੁਰੂ ਕੀਤਾ, "ਪੁੱਤ ਸਰਦਾਰਾਂ ਦੇ ਖਾਣ ਬੱਕਰੇ ਤੇ ਪੀਣ ਸ਼ਰਾਬਾਂ ਲੋਕ ਬੋਲੀ ਸੁਣੀ ਐ, ਫੇਰ ਜੱਟਾਂ ਦੇ ਪੁੱਤ ਨੀ ਦਾਰੂ ਕੱਢਕੇ ਪੀਣਗੇ, ਹੋਰ ਬਾਹਮਣਾ ਠਿੱਠਰਾਂ ਦੇ ਪੀਣਗੇ। ਖਾਸੀ ਦੇਰ ਤਾਂ ਬਾਪੂ ਨੂੰ ਪਤਾ ਈ ਨਾ ਲੱਗਿਆ, ਮੈਂ ਰਾਤ ਨੂੰ ਉੱਠ ਕੇ ਨਾਲ ਦੇ ਪਿੰਡਾਂ ਵਿਚ ਖਾੜਾ ਦੇਖਣ ਚਲਿਆ ਜਾਣਾ, ਉਹਨਾਂ ਦਿਨਾਂ ਵਿਚ ਇਕੋ ਪਿੰਡ ਖਾੜਾ ਕਈ ਕਈ ਮਹੀਨੇ ਲਗਦਾ ਰਹਿੰਦਾ ਸੀ। ਫੇਰ ਦੂਜੇ ਪਿੰਡ ਅੱਗੇ ਤੋਂ ਅੱਗੇ ਖਾੜਾ ਜਾਈ ਜਾਂਦਾ। ਦੋ, ਤਿੰਨ ਪਿੰਡਾਂ ਵਿਚ ਤਾਂ ਤੀਵੀਆਂ ਈ ਕਈ ਦਿਨਾਂ ਦੀ ਰਸਦ 'ਕੱਠੀ ਕਰਕੇ ਖਾੜੇ ਵਾਲਿਆ ਨੂੰ ਦਿੰਦੀਆਂ ਸਨ। ਉਹਨੀਂ ਦਿਨੀਂ ਮਨ ਪ੍ਰਚਾਵੇ ਦੇ ਸਾਧਨ ਹੈ ਨਹੀਂ ਸਨ, ਲੋਕੀਂ ਛੇ ਛੇ ਮਹੀਨੇ ਜਾਂ ਤਾਂ ਵਿਆਹ ਵਿਚ ਨੱਚੀਆਂ ਮੇਲਣਾਂ ਦੀਆਂ ਜਾਂ ਫੇਰ ਖਾੜੇ ਵਿਚ ਨਚਦੇ ਨਚਾਰਾਂ ਦੀਆਂ ਗੱਲਾਂ ਕਰੀਂ ਜਾਂਦੇ। ਮੈਂ ਹੀ ਨਹੀਂ ਖਾੜੇ ਵਾਲਿਆਂ ਮਗਰ ਜ਼ਮੀਨਾਂ ਵੇਚਕੇ ਦੁਨੀਆਂ ਈ ਪਾਗਲ ਹੋਈ ਫਿਰਦੀ ਸੀ। "

ਰੁਕ ਕੇ ਉਹ ਫਿਰ ਬੋਲਿਆ, " ਜਦ ਮੈਂ ਮਹੀਨਾ ਮਹੀਨਾ ਘਰ ਨਾ ਮੁੜਨਾ ਤਾਂ ਬਾਪੂ ਲੋਕਾਂ ਕੋਲ ਕਹਿੰਦਾ ਫਿਰੇ, ਬਈ ਜੋ ਮੈਂ ਇਹਦੇ ਨਾਂ ਜ਼ਮੀਨ ਲੁਆ ਵੀ ਦਿੱਤੀ, ਕੱਲ੍ਹ ਨੂੰ ਜ਼ਮੀਨ ਵੇਚ ਕੇ ਖਾੜੇ ਵਾਲਿਆਂ ਨੂੰ ਖਿਲਾ ਦਊਗਾ।"

ਬਾਪੂ ਨੇ ਮੈਨੂੰ ਜ਼ਮੀਨ ਜਾਇਦਾਦ ਤੋਂ ਹੀ ਨਹੀਂ ਘਰ ਘਾਟ ਤੋਂ ਵੀ ਬੇਦਖ਼ਲ ਕਰ ਦਿੱਤਾ। ਲੈ ਬਈ ਪੁੱਤਰਾਂ, ਮੈਂ ਤੈਨੂੰ ਅਣ ਸੁਣਦੇ ਨੂੰ ਸੁਣਾਉਂਦਾ ਆ, ਤੇਰੀ ਦਾਦੀ ਦੀ ਗੋਦੀ ਤੇਰਾ ਪਿਓ ਅਜੇ ਨਿੱਕਾ ਜਿਹਾ ਤਾਂ ਬਲੂੰਗੜਾ ਜਿਹਾ ਮੈਂ ਹਮੇਸ਼ਾ ਹਮੇਸ਼ਾ ਲਈ ਘਰ ਤਿਆਗ ਕੇ ਖਾੜੇ ਆਲਿਆਂ ਨਾਲ ਰਲ ਗਿਆ। ਖਾੜੇ ਵਿਚ ਮਸ਼ਾਲ ਫੜਕੇ ਨਚਾਰਾਂ ਤੋਂ ਅੱਗੇ ਰਹਿਣਾ। ਉਦੋਂ ਅਜੋਕੇ ਸਮੇਂ ਵਾਂਗ ਬਿਜਲੀ ਦੀਆਂ ਲਾਈਟਾਂ ਨਹੀਂ ਸਨ ਲੱਗੀਆਂ ਹੁੰਦੀਆਂ। ਬੋਤਲ ਵਿਚ ਮਿੱਟੀ ਦਾ ਤੇਲ ਪਾ ਕੇ ਉਸ ਦੇ ਵਿਚ ਸੂਤ ਦੇ ਧਾਗੇ ਦੀ ਬੱਤੀ ਵੱਟ ਕੇ ਪਾਈ ਹੁੰਦੀ ਸੀ। ਬੱਤੀ ਦੇ ਬੋਤਲ ਤੋਂ ਬਾਹਰਲੇ ਸਿਰੇ ਨੂੰ ਅੱਗ ਲਾ ਕੇ ਮਸ਼ਾਲ ਬਣਾਈ ਜਾਂਦੀ ਸੀ।



ਮਸ਼ਾਲਚੀ ਨੇ ਨੱਚਦਿਆਂ ਨਚਾਰਾਂ ਨਾਲ ਅੱਗੇ ਪਿੱਛੇ ਐਧਰ ਉਧਰ, ਨਚਾਰਾਂ ਨੂੰ ਮਸ਼ਾਲ ਦੇ ਚਾਨਣ ਵਿਚ ਰੱਖਣਾ ਹੁੰਦਾ ਸੀ, ਤਾਂ ਜੋ ਨਚਾਰ ਲੋਕਾਂ ਨੂੰ ਦਿਖਦੇ ਰਹਿਣ। ਮਸ਼ਾਲਚੀ ਸਰੀਰ ਤੋਂ ਤਕੜੇ ਤੇ ਫੁਰਤੀਲੇ ਬੰਦੇ ਨੂੰ ਹੀ ਬਣਾਇਆ ਜਾਂਦਾ ਸੀ। ਇਸਦੇ ਨਾਲ ਨਾਲ ਮੈਂ ਕਥਾ ਵਾਚਕ ਨੂੰ ਦਮ ਦੁਆਉਣ ਲਈ ਕਥਾ ਵੀ ਅੱਗੇ ਤੋਰਨ ਲੱਗ ਪਿਆ ਸਾਂ।"

"ਅੱਛਾ ਬਾਬਾ ਤੂੰ ਖਾੜ੍ਹੇ ਵੀ ਲਾਉਂਦਾ ਰਿਹਾ?"

"ਝੂਠ ਨੀ ਬੋਲਦਾ, ਵਿਚ ਨੂੰ ਖਾੜੇ ਆਲਿਆ ਨਾਲ ਵੀ ਮੇਰਾ ਲੜਾਈ, ਝਗੜਾ ਹੋ ਗਿਆ ਤਾਂ, ਫੇਰ ਮੈਂ ਚੋਰਾਂ ਡਾਕੂਆਂ ਨਾਲ ਵੀ ਰਲਿਆ ਰਿਹਾ। ਪਿੰਟੂ ਤੈਨੂੰ ਕਿਆ ਦੱਸਾਂ ਮੇਰੀ ਘਰਵਾਲੀ ਘੰਮੋ ਗੋਰੀ ਚਿੱਟੀ ਚੰਗੀ ਕੱਦ ਕਾਠੀ ਵਾਲੀ ਤੀਵੀਂ ਸੀ। ਮੈਨੂੰ ਸੂਹ ਮਿਲੀ ਬਈ ਬਾਪੂ ਮੈਨੂੰ ਘਰੋਂ ਕੱਢਕੇ, ਮੇਰੀ ਤੀਵੀਂ 'ਤੇ ਕਾਠੀ ਪਾਈ ਫਿਰਦੈ। ਮੈਂ ਬੋਘੇ ਡਾਕੂ ਨੂੰ ਲੈ ਕੇ ਤੜਕੇ ਈ ਪਿੰਡ ਪਹੁੰਚ ਗਿਆ। ਘੰਮੋ ਘੁੰਮ ਘੁੰਮ ਮਧਾਣੀ ਨਾਲ ਚਾਟੀ ਵਿਚ ਦੁੱਧ ਰਿੜਕੇ। ਜੇ ਸਾਡੇ ਕੋਲ ਹਥਿਆਰ ਨਾ ਹੁੰਦੇ ਤਾਂ ਘੰਮੋ ਮੈਨੂੰ ਘਰ ਮੁੜਿਆ ਸਮਝ ਪਤਾ ਨਹੀਂ ਕਿੰਨਾ ਪਿਆਰ ਕਰਦੀ। ਪਰ ਸਾਡੇ ਕੋਲ ਹਥਿਆਰ ਦੇਖਕੇ ਉਹ ਡਰ ਗਈ। ਉਸਨੂੰ ਮਿਨਤਾ ਕਰਦਿਆਂ ਦੇਖ ਮੇਰੇ ਸਾਹਮਣੇ ਹੱਲਿਆ ਵੇਲੇ ਦੀ ਤੇਰੀ ਅੰਮਾਂ ਵਰਗੀ ਗੋਰੀ ਚਿੱਟੀ ਗਦਰਾਏ ਜਿਸਮ ਵਾਲੀ ਮਿਨਤਾ ਕਰਦੀ ਉਹ ਮੁਸਲਮਾਨ ਔਰਤ ਆ ਖੜੀ ਜਿਹੜੀ ਕਹਿੰਦੀ ਸੀ ਮੇਰੇ ਨਾਲ ਜੋ ਮਰਜੀ ਕਰ ਲਓ ਪਰ ਹਾੜਾ ਵੇ ਰੱਬਾ ਮੈਨੂੰ ਕਤਲ ਨਾ ਕਰਿਓ... ਪਰ ਅਸੀਂ ਕਈ ਜਣਿਆ ਨੇ ਉਹਨੂੰ ਮਧੋਲਿਆ ਵੀ ਤੇ ਮੈਂ ਪਿਛੇ ਨੂੰ ਜਾ ਕੇ ਤਲਵਾਰ ਮਾਰ ਕੇ ਉਹਦੀ ਗਰਦਨ ਲਾਹ ਕੇ ਔਹ ਮਾਰੀ। ਪਿੰਟੂ ਅਸੀਂ ਤੇਰੀ ਅੰਮਾਂ ਨਾਲ ਵੀ ਏਦਾਂ ਈ ਕੀਤਾ। ਉਸਦੇ ਕੋਲੋਂ ਲੱਸੀ ਪੀਤੀ ਤੇ ਮਖਣੀ ਨਾਲ ਦੋ ਦੋ ਰੋਟੀਆਂ ਖਾਧੀਆਂ। ਉਸਨੂੰ ਮੰਜੇ ਤੇ ਸੁੱਟਕੇ ਵਾਰੀ ਵਾਰੀ ਖੇਹ ਖਾਧੀ ਫੇਰ ਭਾਈ ਮੈਂ ਉਹਦੀ ਗਰਦਨ 'ਤੇ ਤਲਵਾਰ ਦਾ ਵਾਰ ਕਰ ਦਿੱਤਾ।"

ਫਿਰ ਅਸੀਂ ਖੇਤ ਵਿਚ ਨੂੰ ਬਾਪੂ ਦਾ ਫਾਹਾ ਵੱਢਣ ਲਈ ਭੱਜੇ। ਅੱਗੇ ਕੀ ਦੇਖਦੇ ਆ. ਖੇਤਾਂ ਵਿਚ ਕੀੜੀਆਂ ਵਾਂਗ ਦੇਸ਼ੀ ਦਾਰੂ ਢੂੰਡਦੀ ਪੁਲਿਸ ਘੁੰਮੇ। ਅਸੀਂ ਸਾਹਮਣੇ ਆਏ ਇੱਖ ਵਿਚ ਹਥਿਆਰ ਸੁੱਟ ਕੇ, ਇੱਖਾਂ ਦੇ ਵਿਚ ਵਿਚ ਨੂੰ ਪਲਿਸ ਦੀਆਂ ਨਜ਼ਰਾਂ ਤੋਂ ਬਚਦੇ ਸੜਕ ਜਾ ਚੜ੍ਹੇ। ਤੇਰੀ ਅੰਮਾਂ ਦੇ ਕੀਤੇ ਕਤਲ ਦੀ ਪਿੰਡ ਵਿਚ ਹਾਹਾਕਾਰ ਮਚ ਗਈ ਸੀ। ਦੇਸੀ ਦਾਰੂ ਢੂੰਡਦੀ ਪੁਲਿਸ ਨੂੰ ਪਾਲੇ, ਤੇਜੇ ਕਿਆਂ ਦੇ ਇੱਖ ਵਿਚੋਂ ਤਾਜੇ ਕੀਤੇ ਕਤਲ ਵਿਚ ਵਰਤੇ ਗਏ ਹਥਿਆਰ ਮਿਲ ਗਏ ਸਨ। ਤੇ ਪੁਲਿਸ ਪਾਲੇ ਤੇ ਤੇਜੇ ਦੋਵੇਂ ਭਰਾਵਾਂ ਨੂੰ ਹਥਕੜੀ ਲਾ ਕੇ ਲੈ ਗਈ ਸੀ। ਤੇਰਾ ਦਾਦਾ ਦੀਸ਼ਾ ਤੇ ਸ਼ੀਰੀ ਸ਼ੇਰਾ ਦੋਵੇਂ ਮੌਕੇ ਦੇ ਗਵਾਹ ਬਣ ਗਏ ਸਨ।"

"ਓ ਬਾਬੇ ਤੈਨੂੰ ਅਬਲਾ ਅੰਮਾਂ ਦਾ ਕਤਲ ਕਰਦੇ ਨੂੰ ਸ਼ਰਮ ਨੀ ਆਈ। ਪਿੰਟੂ ਨੇ ਡਾਢੇ ਰੋਹ ਵਿਚ ਆਉਂਦਿਆਂ ਪੁੱਛਿਆ।

"ਪੁੱਤਰਾਂ ਮੇਰੇ ਸਿਰ 'ਤੇ ਤਾਂ ਹੁਣ ਵੀ ਉਹੀ ਭੂਤ ਸਵਾਰ ਹੋਇਆ ਵਿਆ... ਜੀ ਕਰਦਾ ਜਿਹੜੀਆਂ ਕੁੜੀਆਂ ਆਪਣਏ ਸ਼ਰੀਕੇ 'ਚ ਮਾਪਿਆਂ ਦੇ ਕਹਿਣੇ ਤੋਂ ਬਾਹਰ ਹੋ ਕੇ ਵਿਆਹ ਕਰਵਾਉਂਦੀਆਂ ...ਵੱਢ ਕੇ ਢੇਰ ਲਾ ਦਵਾਂ ਜਿਵੇਂ ਹੱਲਿਆਂ ਵੇਲੇ ਲਾਏ ਸੀ।"

"ਪਰ ਬਾਬੇ ਹੱਲਿਆਂ ਵੇਲੇ ਵੱਢੀਆਂ ਔਰਤਾਂ ਤੇ ਪਿਆਰ ਵਿਆਹ ਕਰਵਾਉਣ ਵਾਲੀਆਂ ਕੁੜੀਆਂ ਦਾ ਕਸੂਰ ਕੀ ਏ?"

"ਨਾ ਅਜੇ ਕਸੂਰ ਹੈ ਈ ਨੀ... ਕੁੜੀਆਂ ਚਾਰ ਜਮਾਤਾਂ ਪੜ੍ਹ ਕੇ, ਨੌਕਰੀ ਲੱਗ ਕੇ ਮਾਪਿਆਂ ਨੂੰ ਤਾਂ ਸਮਝਦੀਆਂ ਈ ਕੁਝ ਨਹੀਂ, ਓਏ ਪੁੱਤਰਾਂ ਮੈਨੂੰ ਤਾਂ ਥੁਆਡੇ ਘਰ ਆਉਂਦੀ, ਉਹ ਅੱਕੀ ਕੁੜੀ ਵੀ ਜ਼ਹਿਰ ਦਿਖਾਈ ਦਿੰਦੀ ਐ, ਉਹਦੀ ਅੰਮਾਂ ਮੰਗੋ ਨੇ ਮੇਰੇ ਕੋਲ ਰੋ ਰੋ ਕੇ ਦੱਸਿਆ ਬਈ ਉਸ ਕਲਜੋਗਣ ਨੇ ਤਾਂ ਆਪਣਾ ਪਿਉ ਵੀ ਨੀ ਬਖਸ਼ਿਆ... ਪਿਓ ਤੇ ਵੀ ਹੱਥ ਚੁੱਕਿਆ।"

ਅਕਵਿੰਦਰ ਆਕੀ ਨੇ ਪਿੱਟੂ ਹੋਰਾਂ ਦੇ ਘਰ ਆ ਕੇ ਸਾਰੀ ਗੱਲ ਦੱਸ ਦਿੱਤੀ ਸੀ ਕਿ ਉਹਦਾ ਪਿਓ, ਉਹਦੀ ਮਾਂ ਨੂੰ 'ਉਹਦੇ ਕੁੜੀਆਂ ਜੰਮਣ ਕਰਕੇ ਤੇ ਪੁੱਤਰ ਪੈਦਾ ਨਾ ਕਰਨ ਕਰਕੇ, ਗਾਲਾਂ ਕੱਢਦਾ ਰਹਿੰਦਾ ਸੀ ਤੇ ਕੁੱਟਦਾ ਰਹਿੰਦਾ ਸੀ। ਇਕ ਦਿਨ ਉਹਨੂੰ ਗੁੱਸਾ ਆ ਗਿਆ ਤੇ ਉਨ੍ਹੇ ਜਾ ਕੇ ਆਪਣੇ ਪਿਓ ਦੀਆਂ ਕੁੱਟਦੇ ਦੀਆਂ ਦੋਵੇਂ ਬਾਹਵਾਂ ਫੜ ਲਈਆਂ ਤੇ ਕੜਕ ਕੇ ਬੋਲੀ, "ਡੈਡੀ ਐ ਦੱਸ ਕੁੜੀਆਂ ਪੈਦਾ ਕਰਨ ਵਿਚ ਮਾਂ ਦਾ ਕੀ ਕਸੂਰ ਐ ਕੀ ਉਹ ਜਾਣ ਬੁਝ ਕੇ ਕੁੜੀਆਂ ਜੰਮਦੀ ਏ, ਜੇ ਅੱਜ ਤੋਂ ਬਾਅਦ ਉਹਨੂੰ ਹੱਥ ਲਾਇਆ ਮੈਥੋਂ ਬੁਰਾ ਕੋਈ ਨਹੀਂ ਹੋਵੇਗਾ।" ਉਸ ਦਿਨ ਤੋਂ ਬਾਅਦ ਉਹਦੇ ਪਿਓ ਨੇ ਉਹਦੀ ਮਾਂ ਨੂੰ ਕੁੱਟਣਾ ਛੱਡ ਦਿੱਤਾ, ਪਰ ਗਾਲਾਂ ਕੱਢਣ ਤੋਂ ਨਹੀਂ ਹੱਟਿਆ ਸੀ। ਉਹ ਉਹਦਾ ਕੁੱਟਦੇ ਦਾ ਹੱਥ ਤਾਂ ਫੜ ਸਕਦੀ ਸੀ ਪਰ ਗਾਲਾਂ ਕੱਢਦੇ ਦੀ ਜੀਭ ਤਾਂ ਨਹੀਂ ਫੜ ਸਕਦੀ ਸੀ।

ਅਕਵਿੰਦਰ ਆਕੀ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਘਰ ਦਾ ਕਲਾ ਕਲੇਸ਼ ਘਟਿਆ ਨਹੀਂ ਸਗੋ ਵਧ ਗਿਆ ਸੀ ਕਿਉਂਕਿ ਜਦ ਉਹਦਾ ਪਿਓ ਉਹਦੀ ਮਾਂ ਨੂੰ ਗਾਲ੍ਹਾਂ ਕੱਢਣ ਲਗਦਾ ਉਹਦੀ ਅੰਮਾ ਮੰਗੋ ਉਹਨੂੰ ਗਾਲਾਂ ਕੱਢਣ ਲੱਗ ਪੈਂਦੀ, "ਨੀ ਤੈਂ ਤਾਂ ਜਮਾਉਣ ਵਾਲਾ ਨੀ ਬਖਸ਼ਿਆ... ਉਹਦੇ ਉਪਰ ਨੂੰ ਵੀ ਹੱਥ ਚੁੱਕਿਆ ਮੈਂ ਤਾਂ ਸੁੱਖਾਂ ਸੁਖਦੀਆਂ ਕਲ੍ਹ ਨੂੰ ਤੇਰੀ ਮਰੀ ਦੀਓ ਖ਼ਬਰ ਆਵੇ, ਨੀ ਤੈਨੂੰ ਮਨਹੂਸ ਨੂੰ ਤਾਂ ਕੋਈ ਕਾਰ ਵਾਲਾ ਵੀ ਨੀ ਟੱਕਰ ਮਾਰਦਾ ।"

ਪੁਰੋਹਿਤ ਵੀ ਆ ਕੇ ਮੰਗੋ ਬੁੜੀ ਨੂੰ ਹੋਰ ਸੀਖ ਲਾਈ ਜਾਂਦਾ, "ਮੈਂ ਤੁਹਾਨੂੰ ਇਹਦੇ ਜਨਮ ਵੇਲੇ ਹੀ ਕਿਹਾ ਸੀ ਕਿ ਥੁਆਡੇ ਘਰ ਇਕ ਮਨਹੂਸ ਕੁੜੀ ਨੇ ਜਨਮ ਲਿਆ, ਜਿਸਦਾ ਮੂੰਹ ਦੇਖਣਾ ਵੀ ਮਾੜਾ ਐ। ਮਨੂ ਸਿਮਰਤੀ ਵਿਚ ਲਿਖਿਆ-ਇਸਤਰੀ ਨੂੰ ਬਚਪਨ ਵਿਚ ਪਿਤਾ, ਜਵਾਨੀ ਵਿਚ ਪਤੀ ਤੇ ਪਤੀ ਦੇ ਮਰਨ ਤੋਂ ਬਾਅਦ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ, ਸੁਤੰਤਰ ਕਦੇ ਨਹੀਂ ਰਹਿਣਾ ਚਾਹੀਦਾ।" ਪਰ ਇਸ ਥੁਆਡੀ ਕੁੜੀ ਨੇ ਪਿਤਾ ਦੇ ਅਧੀਨ ਕੀ ਰਹਿਣਾ... ਇਹ ਤਾਂ ਉਲਟਾ ਪਿਤਾ 'ਤੇ ਈ ਹੱਥ ਚੁੱਕਣ ਲੱਗ ਪਈ। ਅੱਗੇ ਅੱਗੇ ਦੇਖਿਓ ਇਹ ਕੀ ਗੁਲ ਖਿਲਾਏਗੀ, ਇਹ ਵਿਆਹ ਵੀ ਥੁਆਡੀ ਮਰਜ਼ੀ ਨਾਲ ਨਹੀਂ ਕਰਵਾਊਗੀ। ਆਹ ਦੇਖ ਲਓ, ਇਸ ਦੇ ਹਾਣ ਦੇ ਸੁੱਖੇ ਦੇ ਮੁੰਡੇ ਨੇ ਘਰਦਿਆਂ ਦੀ ਸਲਾਹ ਨਾਲ ਵਿਆਹ ਵੀ ਕਰਵਾ ਲਿਆ ਤੇ ਉਹਦੇ ਅੱਗੋ ਪੁੱਤਰ ਨੇ ਵੀ ਜਨਮ ਲੈ ਲਿਆ। ਭਾਈ ਕਿੰਨਾ ਭਾਗਾਂ ਵਾਲਾ ਪਰਿਵਾਰ ਐ।"

ਜਿਸ ਦਿਨ ਸੁੱਖੇ ਦੇ ਘਰ ਪੋਤੇ ਨੇ ਜਨਮ ਲਿਆ ਸੀ, ਪੁਰੋਹਿਤ ਪੱਤਰੀ ਖੋਲ੍ਹ ਕੇ ਬੈਠ ਗਿਆ ਸੀ।

"ਮਨੁੱਖ ਦੀ ਇੱਛਾ, ਕੇਵਲ ਪੁੱਤਰ ਪ੍ਰਾਪਤੀ ਹੀ ਨਹੀਂ ਸਗੋਂ ਕੁਝ ਤੋਰਨ ਵਾਸਤੇ ਮਨੁੱਖ ਨੂੰ ਪੁੱਤਰ ਚਾਹੀਦਾ, ਫਿਰ ਪੁੱਤਰ ਘਰ ਪੁੱਤਰ ਇਸ ਤੋਂ ਬਾਅਦ ਪੋਤੇ ਘਰ ਵੀ ਪੁੱਤਰ ਭਾਵ ਪੜਪੋਤਾ ਹੋਣਾ ਚਾਹੀਦਾ ਹੈ।" ਪੁਰੋਹਿਤ ਜੀ ਨੇ ਆਪਣੀ ਗੱਲ ਵੱਡੀ ਕਰਨ ਲਈ ਫਿਰ ਪੁਰਾਤਨ ਗ੍ਰੰਥਾਂ ਵਿਚੋਂ ਹਵਾਲੇ ਦੇਣੇ ਸ਼ੁਰੂ ਕਰ ਦਿੱਤੇ ਸਨ, "ਵਸ਼ਿਸ਼ਟ ਵਿਸ਼ਨੂੰ ਬੋਧਾਯਨ ਤੇ ਮਨੂੰ ਸਿਮਰਤੀ ਵਿਚ ਲਿਖਿਆ, "ਮਨੁੱਖ ਪੁੱਤਰ ਨਾਲ ਸਭ ਲੋਕਾਂ ਨੂੰ ਪ੍ਰਾਪਤ ਕਰਦਾ ਹੈ। ਪੋਤੇ ਨਾਲ ਬਹੁਤ ਸਮੇਂ ਤੱਕ ਸਵਰਗ ਵਿਚ ਰਹਿੰਦਾ ਹੈ ਅਤੇ ਪੜਪੋਤੇ ਨਾਲ ਸੂਰਯ ਲੋਕ ਵਿਚ ਜਾਂਦਾ ਹੈ। ਅਜਿਹੇ ਵਿਅਕਤੀ ਦੀ ਮੌਤ ਹੋਣ ਤੇ ਉਸਦੀ ਦੇਹ ਉਤੇ ਸੋਨੇ ਦੀ ਪੌੜੀ ਰੱਖਕੇ ਅੰਤਮ ਸੰਸਕਾਰ ਕੀਤਾ ਜਾਂਦਾ ਹੈ।"

ਪੁਰੋਹਿਤ ਦੀ ਨਜ਼ਰ ਬਹੁਤ ਦੂਰ ਤੱਕ ਜਾਂਦੀ ਸੀ। ਕਿਉਂਕਿ ਸੁੱਖੇ ਦਾ ਪਿਓ ਸਿਕੰਦਰ ਅਜੇ ਜਿਉਂਦਾ ਸੀ। ਭਾਵੇਂ ਮਰਨ ਕਿਨਾਰੇ ਪਿਆ ਸੀ, ਜਿਸਦੇ ਘਰ ਪੜਪੋਤੇ ਨੇ ਜਨਮ ਲਿਆ ਸੀ। ਕੁਝ ਦਿਨਾਂ ਬਾਅਦ ਸਿਕੰਦਰ ਦੀ ਮੌਤ ਹੋ ਗਈ ਸੀ। ਪੁਰੋਹਿਤ ਜੀ ਨੇ ਸੁਖੇ ਤੋਂ ਸੋਨੇ ਦੀ ਪੌੜੀ ਬਣਾਵਾ ਕੇ ਸਿਕੰਦਰ ਦੀ ਮ੍ਰਿਤਕ ਦੇਹ ਕੋਲ ਰੱਖੀ ਸੀ। ਕਿਉਂਕਿ ਪੜਪੋਤੇ ਵਾਲੇ ਸਿਕੰਦਰ ਨੇ ਸੋਨੇ ਦੀ ਪੌੜੀ ਚੜ੍ਹਕੇ ਸੂਰਯ ਲੋਕ ਵਿਚ ਜਾਣਾ ਸੀ ਤੇ ਸੋਨੇ ਦੀ ਪੌੜੀ ਸਿਕੰਦਰ ਦੀ ਮ੍ਰਿਤਕ ਦੇਹ ਨੂੰ ਅਗਨ ਭੇਟ ਕਰਨ ਵੇਲੇ, ਪੁਰੋਹਿਤ ਜੀ ਨੂੰ ਦਾਨ ਕਰ ਦਿੱਤੀ ਗਈ



ਸੀ।

ਸੁੱਖੇ ਦੇ ਪਿਓ ਸਿਕੰਦਰ ਦੀ ਮੌਤ ਤੋਂ ਕੁਝ ਦਿਨ ਬਾਅਦ ਜੰਗੀ ਦੇ ਪੁੱਤਰ ਨੂੰ ਡੇਂਗੂ ਬੁਖਾਰ ਚੜ੍ਹ ਗਿਆ ਸੀ। ਤੰਗੋ ਉਹਨੂੰ ਕਿਸੇ ਸ਼ਹਿਰ ਦੇ ਡਾਕਟਰ ਕੋਲ ਲਿਜਾਣ ਦੀ ਥਾਂ ਪਿੰਡ ਦੇ ਹਕੀਮ ਤੋਂ ਪੁੜੀਆਂ ਲਿਆ ਕੇ ਦੇਈ ਗਈ। ਪੁਰੋਹਿਤ ਜੀ ਆ ਕੇ ਨਿੰਮ ਦੀ ਟਾਹਲੀ ਨਾਲ ਹੱਥ ਹੌਲਾ ਕਰ ਜਾਂਦੇ ਸਨ। ਤੰਗੋ ਦਾ ਪੜਪੋਤਾ ਤਾਂ ਬਹੁਤ ਕਰਮਾਂ ਵਾਲਾ ਸੀ ਕਿਉਂਕਿ ਉਹਦੇ ਜਨਮ ਲੈਣ ਨਾਲ ਹੀ ਉਹਦਾ ਪੜਦਾਦਾ ਸਿਕੰਦਰ ਪੜਪੋਤੇ ਵਾਲਾ ਹੋ ਗਿਆ ਸੀ ਤੇ ਉਹ ਮਰ ਕੇ ਸੋਨੇ ਦੀ ਪੌੜੀ ਚੜਕੇ ਸੂਰਯ ਲੋਕ ਨੂੰ ਚਲੇ ਵੀ ਗਿਆ ਸੀ। ਪਰ ਪੜਪੋਤੇ ਦਾ ਸਹੀ ਇਲਾਜ਼ ਨਾ ਹੋਣ ਕਰਕੇ ਉਹਦੀ ਵੀ ਤੀਸਰੇ ਦਿਨ ਮੌਤ ਹੋ ਗਈ ਸੀ। ਤੰਗੋ ਦੇ ਪਰਿਵਾਰ ਨੂੰ ਲੋਕੀ ਆ ਕੇ ਦਿਲਾਸਾ ਦਿੰਦੇ, ਭਾਈ ਵੇਲ ਤਾਂ ਕਾਇਮ ਏ, ਚੂਆਂ ਹੋਰ ਲਗ ਜਾਵੇਗਾ।"

ਲੋਕਾਂ ਦੀ ਭਾਖਿਆ ਸੱਚੀ ਹੋਈ ਸੀ। ਤੰਗੋ ਦੀ ਪੋਤ ਨੂੰਹ ਗੱਭੋ ਛੇਤੀ ਹੀ ਫੇਰ ਗਰਭਵਤੀ ਹੋ ਗਈ ਸੀ। ਤੰਗੋ ਫੇਰ ਉਹਦੇ ਘਰ ਪੜ੍ਹ ਪੋਤਾ ਹੋਣ ਦੀਆਂ ਸੁੱਖਣਾ ਸੁੱਖਣ ਲੱਗ ਪਈ ਸੀ।

ਸਿਕੰਦਰ ਬਾਬੇ ਦੀ ਮੌਤ ਤੋਂ ਬਾਅਦ ਜੰਗੀ ਅੱਧੀ ਜ਼ਮੀਨ ਦਾ ਇੰਤਕਾਲ ਉਹਦੇ ਨਾਂ ਕਰਵਾਉਣ ਲਈ ਪਿਓ ਸੁੱਖੇ ਤੇ ਜ਼ੋਰ ਪਾਉਣ ਲੱਗ ਪਿਆ ਸੀ। ਅੱਧੇ ਪਿੰਡ ਦੀ ਜ਼ਮੀਨ 'ਮੈਟਰੋਸਿਟੀ ਮੁਲਾਪੁਰ' ਵਿਚ ਆ ਜਾਣ ਕਰਕੇ, ਜਿਨ੍ਹਾਂ ਦੀ ਜ਼ਮੀਨ ਅਕਵਾਇਰ ਹੋਈ ਸੀ, ਉਹਨਾਂ ਦੇ ਘਰ ਵੱਧ ਪੈਸਾ ਆ ਜਾਣ ਕਰਕੇ ਉਨ੍ਹਾਂ ਦੇ ਮੁੰਡੇ ਮਹਿੰਗੀਆਂ ਕਾਰਾਂ ਵਿਚ ਘੁੰਮਦੇ ਐਸ਼ ਕਰ ਰਹੇ ਸਨ। ਜੰਗੀ ਵੀ ਉਹਨਾਂ ਨਾਲੋਂ ਪਿਛੇ ਨਹੀਂ ਸੀ ਰਹਿਣਾ ਚਾਹੁੰਦਾ, ਉਹ ਨਿੱਤ ਦਾਰੂ ਪੀ ਕੇ ਆ ਕੇ ਸੁੱਖੇ ਨਾਲ ਲੜਦਾ ਤੇ ਉਹਨੂੰ ਜ਼ਮੀਨ ਵੇਚਕੇ ਆਲਟੋ ਕਾਰ ਖਰੀਦ ਕੇ ਦੇਣ ਲਈ ਕਹਿੰਦਾ। ਸੁੱਖਾ ਵਿਚਾਰਾ ਸੋਚਦਾ ਰਹਿੰਦਾ ਕਿ ਕਦ ਉਹਨਾਂ ਦੀ ਜ਼ਮੀਨ ਵੀ ਅਕਵਾਇਰ ਹੋਵੇ ਤੇ ਉਹ ਜੰਗੀ ਲਈ ਕਾਰ ਖਰੀਦ ਦੇ ਉਸਤੋਂ ਖਹਿੜਾ ਛੁਡਾਵੇ। ਪਰ ਜੰਗੀ ਏਨਾ ਸਬਰ ਕਰਨ ਵਾਲਾ ਕਿੱਥੇ ਸੀ। ਉਹ ਇਕ ਦਿਨ ਦਾਰੂ ਨਾਲ ਰੱਜ ਕੇ ਆ ਕੇ ਸੁੱਖੇ ਨਾਲ ਲੜਨ ਲੱਗ ਪਿਆ ਤੇ ਗੁੱਸੇ ਵਿਚ ਆ, ਚੁੱਕ ਕੇ ਕਹੀ ਸੁੱਖੇ ਦੇ ਸਿਰ ਵਿਚ ਮਾਰੀ, ਸੁੱਖਾ ਤੜਪ ਤੜਪ ਕੇ ਥਾਏਂ ਠੰਡਾ ਹੋ ਗਿਆ ਸੀ।

ਤੰਗੋ ਦੇ ਘਰ ਦੀ ਅਜੀਬ ਸਥਿਤੀ ਬਣੀ ਹੋਈ ਸੀ। ਇਕ ਪਾਸੇ ਸੁੱਖੇ ਦੀ ਲਾਸ਼ ਪਈ ਸੀ। ਦੂਸਰੇ ਪਾਸੇ ਸੁੱਖੇ ਦੇ ਕਾਤਲ ਜੰਗੀ ਨੂੰ ਪੁਲਿਸ ਗ੍ਰਿਫਤਾਰ ਕਰਕੇ ਲਿਜਾ ਰਹੀ ਸੀ। ਤੀਸਰੇ ਪਾਸੇ ਜੰਗੀ ਦੀ ਪਤਨੀ ਗੱਭੋ ਪੂਰੇ ਦਿਨਾਂ 'ਤੇ ਸੀ ਪਰ ਉਹਨੇ ਰੋਂਦੀ ਕੁਰਲਾਉਂਦੀ ਨੇ ਕੁਝ ਦਿਨ ਪਹਿਲਾਂ ਹੀ ਪੁੱਤਰ ਨੂੰ ਜਨਮ ਦੇ ਦਿਤਾ ਸੀ। ਪਰ ਤੰਗੋ ਦਾ ਪਰਵਾਰ ਪੁੱਤਰ ਜੰਮਣ ਦੀ ਖੁਸ਼ੀ ਨਹੀਂ ਸਗੋਂ ਸੁਖੇ ਦੀ ਮੌਤ ਤੇ ਜੰਗੀ ਦੇ ਫੜੇ ਜਾਣ ਦੇ ਦੁਖ ਤੇ ਗ਼ਮ ਵਿਚ ਡੁੱਬਿਆ ਪਿੱਟ ਸਿਆਪਾ ਕਰ ਰਿਹਾ ਸੀ।

ਸੁਖੇ ਦੇ ਪਰਿਵਾਰ ਤੇ ਬਿਪਤਾ ਆ ਪੈਣ ਦਾ ਪੁਰੋਹਿਤ ਜੀ ਨੂੰ ਵੀ ਘਾਟਾ ਪਿਆ ਸੀ। ਪੁਰੋਹਿਤ ਪੱਤਰੀ ਚੁੱਕੀ ਸੁਖੇ ਦੇ ਘਰ ਦੇ ਆਲੇ ਦੁਆਲੇ ਘੁੰਮ ਰਿਹਾ ਸੀ। ਪਰ ਸੁੱਖੇ ਦੇ ਕਤਲ ਤੇ ਜੰਗੀ ਦੇ ਗ੍ਰਿਫਤਾਰ ਹੋ ਜਾਣ ਕਰਕੇ ਘਰ ਵਿਚ ਰੋਣ ਪਿੱਟਣ ਪਿਆ ਹੋਇਆ ਸੀ। ਇਸ ਲਈ ਪੁਰੋਹਿਤ ਜੀ ਦਾ ਉਨ੍ਹਾਂ ਦੇ ਘਰ ਵੜਨ ਦਾ ਹੌਸਲਾ ਨਹੀਂ ਸੀ ਪੈਂਦਾ। ਅੱਗੇ ਅੱਗੇ ਪੁਰੋਹਿਤ ਦੇ ਪਰਿਵਾਰ ਦੀ ਹਾਲਤ ਵੀ ਵਿਗੜਦੀ ਜਾ ਰਹੀ ਸੀ। ਪੁਰੋਹਿਤ ਰਾਮ ਪ੍ਰਸ਼ਾਦ ਦਾ ਪੁੱਤਰ ਸ਼ਾਮ ਪ੍ਰਸ਼ਾਦ ਕਰਮ ਕਾਂਡੀ ਬ੍ਰਾਹਮਣ ਨਹੀਂ ਸੀ ਬਣਿਆ। ਉਹ ਜੱਟਾਂ ਦੇ ਮੁੰਡਿਆਂ ਦੀ ਮਾੜੀ ਸੰਗਤ ਵਿਚ ਪੈ ਕੇ ਮੀਟ, ਸ਼ਰਾਬ ਦਾ ਸੇਵਨ ਸ਼ਰੇਆਮ ਕਰਨ ਲੱਗ ਪਿਆ ਸੀ। ਉਹ ਵੀ ਬਿਗੜੈਲ ਮੁੰਡਿਆ ਦੀ ਤਰ੍ਹਾਂ ਅੱਧੀ ਜ਼ਮੀਨ ਉਹਦੇ ਨਾਂ ਲੁਆਉਣ ਨੂੰ ਕਹਿਣ ਲੱਗ ਪਿਆ ਸੀ। ਉਹ ਦਾਰੂ ਪੀ ਕੇ ਅਬਾ ਤਬਾ ਬੋਲਦਾ, "ਓ ਆਹ ਜ਼ਮੀਨ ਵੀ ਤਾਂ ਜੱਟਾਂ ਮੁੰਡਿਆਂ ਦੇ ਪੂਰਵਜਾ ਨੇ ਈ ਥੁਆਡੇ ਬਜ਼ੁਰਗਾ ਦੇ ਨਾਂ ਲੁਆਈ ਹੋਈ ਐ। ਇਹ ਕਿਹੜਾ ਤੁਸੀਂ ਮੁੱਲ ਖਰੀਦੀ ਐ। ਫੇਰ ਅੱਧੀ ਜ਼ਮੀਨ ਮੇਰੇ ਨਾਂ ਲੁਆ ਦੇ ਤਾਂ ਜੋ ਮੈਂ ਵੀ ਜ਼ਮੀਨ ਵੇਚ ਕੇ ਜੱਟਾਂ ਦੇ ਮੁੰਡਿਆਂ ਵਾਂਗ ਗੱਡੀਆਂ ਮੋਟਰਾਂ ਵਿਚ ਘੁੰਮਾਂ। ਓ ਮੈਂ ਕਿਆ ਉਹਨਾਂ ਤੋਂ ਘੱਟ ਆ। ਬੁੜਿਆ ਅੱਧੀ ਜ਼ਮੀਨ ਨਾਂ ਲੁਆ ਦੇ ਨਹੀਂ ਤਾਂ ਹਸ਼ਰ ਜੰਗੀ ਦੇ ਪਿਓ ਵਾਲਾ

ਈ ਹੋਊਗਾ। ਤੈਂਅ ਕਿਹੜੀ ਜ਼ਮੀਨ ਮਿਹਨਤ ਨਾਲ ਬਣਾਈ ਏ, ਪੱਤਰੀਆਂ ਨਾਲ ਝੂਠ ਤੁਫਾਨ ਬੋਲ ਕੇ ਲੋਕਾਂ ਨੂੰ ਠੱਗਿਆ ਈ ਆ।"

ਪੁਰੋਹਿਤ ਨੇ ਅੱਧੀ ਜ਼ਮੀਨ ਸ਼ਾਮ ਪ੍ਰਸ਼ਾਦ ਦੇ ਨਾ ਲਾ ਕੇ ਤੇ ਸਮਝਦਾਰੀ ਦਿਖਾਉਂਦਿਆ ਅੱਧੀ ਜ਼ਮੀਨ ਉਹਦੀ ਪਤਨੀ ਤ੍ਰਿਪਤਾ ਦੇ ਨਾਂ ਲੁਆ ਦਿੱਤੀ ਸੀ। ਕਿਉਂਕਿ ਉਹ ਉਹਦੀ ਸਹਿਰਨ ਬੀਵੀ ਤ੍ਰਿਪਤਾ ਤੋਂ ਡਰਦਾ ਸੀ। ਉਹਨੇ ਉਹਨੂੰ ਸਾਫ ਕਿਹਾ ਹੋਇਆ ਸੀ, "ਮੀਟ, ਸ਼ਰਾਬ ਪੀਣੀ ਬ੍ਰਾਹਮਣਾਂ ਦੇ ਕੰਮ ਨਹੀਂ। ਜਿਸ ਦਿਨ ਦਾਰੂ ਪੀ ਕੇ ਆਉਣਾ, ਮੇਰੇ ਬੈੱਡ ਰੂਮ ਵਿਚ ਨੀ ਵੜਨਾ, ਦੂਸਰੇ ਕਮਰੇ ਵਿਚ ਸੌਣਾ।"

ਉਹ ਉਹਨੂੰ ਘੂਰ ਦਿੰਦੀ, "ਜੇ ਮੇਰੇ ਦੋ ਕੁੜੀਆਂ ਨਾ ਜੰਮਦੀਆਂ ਕਦੋਂ ਦੀ ਤੈਨੂੰ ਛੱਡਕੇ ਚਲੀ ਜਾਂਦੀ।" ਉਹਨੇ ਮਾਰਕੀਟ ਵਿਚ ਆਪਣੀ ਕੁੜੀ ਦੇ ਨਾਂ ਤੇ 'ਬੰਟੀ ਬਿਊਟੀ ਪਾਰਲਰ' ਖੋਲ੍ਹਿਆ ਹੋਇਆ ਸੀ। ਉਹ ਉਸ ਉੱਤੇ ਅਤੇ ਨਾ ਹੀ ਪੁਰੋਹਿਤਗਿਰੀ ਉੱਤੇ ਨਿਰਭਰ ਸੀ।

ਪਰ ਪੁਰੋਹਿਤ ਦੀ ਪੁਰੋਹਿਤਣੀ ਜ਼ਰੂਰ ਸ਼ਨੀਵਾਰ ਨੂੰ ਘਰ ਘਰ ਜਾ ਕੇ ਸ਼ਨੀਦੇਵ ਦੇ ਨਾਂ ਤੇ ਸਰੋ ਦਾ ਤੇਲ ਆਟਾ ਗੁੜ ਪੈਸੇ ਮੰਗ ਲਿਆਉਂਦੀ। ਉਹ ਜੋਂ, ਰਖੜੀ ਆਦਿ ਦੀਆਂ ਵਧਾਈਆਂ ਦੇ ਕੇ ਵੀ ਪੰਜ-ਪੰਜ, ਦੱਸ ਦੱਸ ਵੀਹ ਵੀਹ ਰੁਪਏ ਘਰ ਘਰ ਜਾ ਕੇ ਇਕੱਠੇ ਕਰ ਲਿਆਉਂਦੀ। ਉਹ ਜੱਟਾਂ ਜ਼ਿਮੀਦਾਰਾਂ ਦੇ ਘਰਾਂ ਵਿਚ ਹੀ ਨਹੀਂ ਸਗੋਂ ਨੀਵੀਆਂ ਜਾਤੀਆਂ ਦੇ ਖਾਂਦੇ, ਪੀਂਦੇ ਘਰਾਂ ਵਿਚ ਵੀ ਜਾਣ ਲੱਗ ਪਈ ਸੀ। ਨਾਲੇ ਕਹੀ ਜਾਂਦੀ, "ਲੈ ਆਹ ਤਾਂ ਮੈਂ ਹੀ ਆ ਜਾਂਦੀਆਂ ਥੁਆਨੂੰ ਵਧਾਈਆਂ ਦੇਣ, ਮੈਥੋਂ ਬਾਅਦ ਭਾਈ ਕੀਹਨੇ ਆਉਣਾ।"

3.

ਬਖਤੌਰ ਸਿੰਘ ਪਰ੍ਹਾ ਪੰਚਾਇਤ ਵਿਚ ਸੁਖੇ ਤੇ ਪੁਰੋਹਿਤ ਦੇ ਮੁੰਡਿਆ ਰਾਹੀਂ ਉਹਨਾਂ ਦੇ ਪਰਵਾਰਾਂ ਨੂੰ ਬਰਬਾਦ ਕਰਨ ਦਾ ਬਹੁਤ ਦੁਖ ਪ੍ਰਗਟ ਕਰਦਾ ਰਹਿੰਦਾ ਸੀ। ਉਹ ਆਖਦਾ, "ਭਾਈਓ ਪੁੱਤ ਦੇ ਕਪੁੱਤ ਤੇ ਬੰਸ ਦੇ ਕਬੰਸ ਜੰਮ ਜਾਂਦਾ।

ਘਰ ਆ ਕੇ ਉਹ ਅੱਕੀ ਨੂੰ ਗਾਲਾਂ ਕੱਢਣ ਲੱਗ ਪੈਂਦਾ, "ਓਏ ਪਿੰਟੂ ਦੇਖ ਲੈ ਉਸ ਅੱਕੀ ਨੇ ਪਹਿਲਾਂ ਪਿਓ, ਹਰਪਾਲ 'ਤੇ ਹੱਥ ਚੁੱਕਿਆ ਹੁਣ ਉਹ ਅੰਮਾ, ਮੰਗੋ ਦੇ ਚਪੇੜ ਮਾਰਨ ਨੂੰ ਜਾਂਦੀ ਮਸਾਂ ਤੀਵੀਆਂ ਨੇ ਫੜੀ ਐ। ਪੁਰੋਹਿਤ ਨੇ ਪੱਤਰੀ ਦੇਖੀ ਐ, "ਉਹ ਵਿਆਹ ਵੀ ਆਪਣੀ ਮਰਜੀ ਨਾਲ ਕਰਾਊਗੀ। ਯਾਦ ਰੱਖੀ ਉਸ ਕੁਲੱਛਣੀ ਕੁੜੀ ਨੂੰ ਘਰ ਨੀ ਵੜਨ ਦੇਣਾ, ਮਲੀ ਤੇ ਵੀ ਉਹੋ ਜਿਆ ਈ ਰੰਗ ਚੜੇਗਾ। ਜੇ ਮੈਂ ਉਹ ਥੁਆਡੇ ਘਰ ਦੇਖ ਲਈ, ਮੈਂ ਨੀ ਛੱਡਣੀ ਮੈਂ ਕਤਲ ਕਰ ਦੇਣੀ ਐ, ਭਾਵੇਂ ਮੈਨੂੰ ਫਾਂਸੀ ਦੀ ਸਜ਼ਾ ਹੋ ਜਾਵੇ।"

ਅੰਮਾਂ ਮੰਗੋ ਬਾਰੇ ਅਕਵਿੰਦਰ ਆਕੀ ਨੇ ਵੀ ਪਿੰਟੂ ਹੁਰਾਂ ਦੇ ਘਰ ਆ ਕੇ ਦੱਸਿਆ ਸੀ, "ਮੈਂ ਤਾਂ ਰੱਖੜੀ ਰੁਖੜੀ ਕਿਸੇ ਦੇ ਬੰਨ੍ਹਦੀ ਨੀ ਹੈਗੀ, ਮਾਮੇ ਦੇ ਮੁੰਡੇ ਨੇ ਮੇਰੇ ਨਾਲ ਰੇਪ ਕੀਤਾ ਤੇ ਚਾਚੇ ਦਾ ਮੁੰਡਾ ਦੋ ਵਾਰ ਮੇਰੇ ਪੈਸੇ ਕੱਢ ਕੇ ਲੈ ਗਿਆ। ਫੇਰ ਇਹਨਾਂ ਨੇ ਮੇਰੀ ਕੀ ਰਾਖੀ ਕਰਨੀ ਹੋਈ, ਸਗੋਂ ਮੈਨੂੰ ਇਹਨਾਂ ਭਰਾਵਾਂ ਤੋਂ ਆਪਣੀ ਰਾਖੀ ਕਰਨੀ ਪੈਂਦੀ ਐ। ਵੱਡੀ ਭੈਣ ਤਾਂ ਮਾਮੇ ਦੇ ਮੁੰਡਿਆਂ ਦੇ ਰੱਖੜੀ ਬੰਨ੍ਹਣ ਚਲੀ ਗਈ ਪਰ ਉਸ ਤੋਂ ਛੋਟੀ ਚਾਚੇ ਦੇ ਮੁੰਡਿਆਂ ਦੇ ਰੱਖੜੀ ਬੰਨ੍ਹਣ ਆਈ, ਬੁਸ ਬੁਸ ਕਰੇ। ਅਖੇ 'ਮੈਂ ਪੰਜਾਹ, ਪੰਜਾਹ ਰੁਪਏ ਦੇ ਮਿਠਾਈ ਦੇ ਡੱਬੇ ਦੋਹਾਂ ਨੂੰ ਦੇਣੇ ਐ ਪਰ ਉਹਨਾਂ ਨੇ ਪਤਾ ਨਹੀਂ ਪੰਜਾਹ ਪੰਜਾਹ ਰੁਪਏ ਦੇਣੇ ਐ ਜਾਂ ਨਹੀਂ। ਵਾਪਸ ਗਈ ਨੂੰ ਸਹੁਰਿਆਂ ਨੇ ਪੁੱਛਣਾ ਰੱਖੜੀ ਬੰਨ੍ਹ ਕੇ ਆਈ ਏ, ਕੀ ਦਿੱਤਾ ਭਰਾਵਾਂ ਨੇ? ਮੈਂ ਕੀ ਦਸਾਂਗੀ? ਮੈਂ ਉਹਨੂੰ ਬਿਠਾ ਕੇ ਆਪਣੇ ਕਮਰੇ ਅੰਦਰ ਗਈ। ਨੱਕ ਮੇਰਾ ਵਿੰਨਿਆ ਹੋਇਆ ਈ ਨਹੀਂ, ਮੈਂ ਟੀ-ਸ਼ਰਟ ਤੇ ਜੀਨ ਪਾ ਕੇ, ਸਿਰ ਤੇ ਸਾਫਾ ਬੰਨ੍ਹਕੇ ਬਾਹਰ ਨਿਕਲੀ ਤੇ ਭੈਣ ਨੂੰ ਕਿਹਾ, "ਭੈਣੇ ਬੰਨ੍ਹ ਮੇਰੇ ਗੁੱਟ 'ਤੇ ਰੱਖੜੀ, ਤੇ ਐਹ ਫੜ ਪੰਜ ਸੌ ਰੁਪਏ ਦਾ ਨੋਟ, ਐਵੇਂ ਬੁਸ ਬੁਸ ਕਰੀ ਜਾਂਦੀ ਏਂ। ਭੈਣ ਤਾਂ ਪੰਜ ਸੌ ਲੈ ਕੇ ਖੁਸ਼ ਹੋ ਗਈ



ਪਰ ਅੰਮਾ ਮੰਗੋ ਮੇਰੇ ਨਾਲ ਖਹਿਬੜ ਪਈ, "ਓ ਜੇ ਰੱਖੜੀ ਬਨ੍ਹਾਉਣ ਦਾ ਬਹੁਤਾ ਈ ਚਾਅ ਐ ਤਾਂ ਮੁੰਡਾ ਬਣ ਕੇ ਜੰਮਦੀ, ਤੂੰ ਤਾਂ ਏਨੀ ਮਨਹੂਸ ਏ ਕਿ ਤੇਰੇ ਪੱਥਰ ਦੇ ਜੰਮਣ ਤੋਂ ਬਾਅਦ ਵੀ ਮੁੰਡਾ ਨੀ ਜੰਮਿਆ, ਦੋ ਪੱਥਰ ਈ ਜੰਮੇ ਐ। ਓ ਮੈਂ ਤਾਂ ਤੂੰ ਗਲ ਗੂਠਾ ਦੇ ਕੇ ਮਾਰ ਦੇਣੀ 'ਤੀ ਜੇ ਤੇਰਾ ਮਾਮਾ ਆ ਕੇ ਨਾ ਲੈ ਜਾਂਦਾ। ਜੇ ਮੇਰੀ ਵਾਹ ਚੱਲੇ ਮੈਂ ਤਾਂ ਤੈਨੂੰ ਹੁਣ ਵੀ ਨਾ ਛੱਡਾ ਮੈਨੂੰ ਤਾਂ ਜ਼ਹਿਰ ਦਿਖਾਈ ਦਿੰਦੀ ਐ, ਮੋੜ ਕੁੜੀਏ ਇਹਦਾ ਪੰਜ ਸੌ ਰੁਪਿਆ ਕਲਜੋਗਣ ਦਾ। ਮੈਨੂੰ ਵੀ ਗੁੱਸਾ ਚੜ੍ਹ ਗਿਆ ਸੀ, "ਨਾ ਤੂੰ ਮੈਨੂੰ ਕਿਉਂ ਮਾਰੇਂਗੀ, ਮੈਂ ਤੇਰਾ ਕੀ ਖਾਂਦੀ ਆ, ਕਮਾਈ ਕਰਕੇ ਘਰ ਦਾ ਖਰਚ ਚਲਾਉਂਦੀ ਆ, ਫੇਰ ਬੁਰੀ ਦੀ ਬੁਰੀ ਨਾਲੇ ਮਨਹੂਸ, ਕਲਜੋਗਣ ਤਾਂ ਤੂੰ ਐ, ਕੁੜੀਆਂ ਮਾਰਨ ਵਾਲੀ।" ਮੈਂ ਉਸਦੇ ਕੋਲ ਨੂੰ ਜਾਂਦਿਆਂ ਕਿਹਾ, "ਜੇ ਤੂੰ ਮੇਰੀ ਅੰਮਾਂ ਨਾ ਲਗਦੀ ਹੁੰਦੀ, ਕੋਈ ਹੋਰ ਹੁੰਦੀ ਮੈਂ ਢਾਹ ਕੇ ਛਿੱਤਰ ਪਰੇਟ ਕਰਦੀ।" ਮੰਗੋ ਅੰਮਾਂ ਨੇ ਤਾਂ ਜੀ ਪਿਟਣਾ ਸ਼ੁਰੂ ਕਰ ਦਿੱਤਾ, 'ਓ ਲੋਕੋ ਛੁਡਾਓ ਮੈਨੂੰ ਤਾਂ ਮਾਰ 'ਤਾ ਓ ਮੈਨੂੰ ਤਾਂ ਮਾਰ 'ਤਾ ਉਹਨੇ ਤਾਂ ਲੋਕ 'ਕੱਠੇ ਕਰ ਲਏ, ਫੇਰ ਜਿੰਨੇ ਮੂੰਹ ਉਨੀਆਂ ਗੱਲਾਂ।"

ਪਿੰਟੂ ਦੇ ਦੱਸਿਆ , "ਅਕਵਿੰਦਰ ਆਕੀ ਤੇਰੇ ਬਾਰੇ ਬਾਬਾ ਬਹੁਤ ਗੱਲਾਂ ਬਣਾ ਕੇ ਦੱਸਦੀ, ਉਹ ਤੇਰੇ ਉੱਤੇ ਨੂੰ ਬਹੁਤ ਤਪਿਆ ਫਿਰਦਾ, ਉਸ ਤੋਂ ਬਚ ਕੇ ਸਾਡੇ ਘਰ ਆਇਆ ਕਰ। ਸਾਡੇ ਘਰ ਦੇ ਤਾਂ ਮਲੀ ਨੂੰ ਵੀ ਬਾਬੇ ਕੋਲ ਜਾਣ ਨੀ ਦਿੰਦੇ। ਉਹ ਤੁਹਾਨੂੰ ਦੋਹਾਂ ਨੂੰ ਹੀ ਨਹੀਂ ਸਗੋਂ ਘਰ ਤੋਂ ਦੂਰ ਜਾ ਕੇ ਨੌਕਰੀ ਕਰਦੀ ਤੇ ਆਪਣੀ ਮਰਜੀ ਨਾਲ ਵਿਆਹ ਕਰਵਾਉਣ ਵਾਲੀ ਹਰ ਕੁੜੀ ਨੂੰ ਬਹੁਤ ਬੁਰੀਆਂ ਨਜ਼ਰਾਂ ਨਾਲ ਦੇਖਦਾ ਹੈ।"

ਇਕ ਦਿਨ ਪਰਵਾਰ ਤੋਂ ਪਾਸੇ ਉਦਾਸ ਜਿਹੇ ਰਹਿੰਦੇ ਬਾਬੇ ਨਾਲ ਮਲ੍ਹੀ ਦਾ ਮੋਹ ਜਾਗ ਪਿਆ, ਉਹਨੇ ਪੌੜੀਆਂ ਚੜ੍ਹਨ ਲੱਗੇ ਬਾਬੇ ਨੂੰ ਰੋਕ ਕੇ ਕਿਹਾ, "ਬਾਬਾ ਜੀ ਅੰਦਰ ਆ ਜਾਓ, ਸਾਡੇ ਨਾਲ ਬਹਿ ਕੇ ਰੋਟੀ ਖਾ ਕੇ ਈ ਉਪਰ ਜਾਇਓ।" ਉਹ ਬਾਬੇ ਨਾਲ ਬਚਪਨ ਦੀਆਂ ਖੁਲ੍ਹ ਕੇ ਗੱਲਾਂ ਕਰਨੀਆਂ ਚਾਹੁੰਦੀ ਸੀ।

ਪਰ ਬਖਤੌਰ ਸਿੰਘ ਲਈ ਮਲੀ ਹੁਣ ਉਹ ਮਾਸੂਮ ਬਾਲੜੀ ਨਹੀਂ ਸੀ, ਜੀਹਨੂੰ ਉਹ ਬਜਾਰ ਵਿਚ ਨਾਲ ਲਈ ਘੁੰਮੀਂ ਜਾਂਦਾ ਸੀ ਸਗੋਂ ਹੁਣ ਉਹ ਉਸ ਬਾਬੇ ਦੀ ਪੋਤੀ ਸੀ ਜਿਸਦੀ ਉਮਰ ਲੰਘਦੀ ਜਾਂਦੀ ਸੀ ਤੇ ਮਾਪੇ ਉਸਦਾ ਵਿਆਹ ਨਹੀਂ ਸੀ ਕਰਦੇ ਤੇ ਉਹ ਡਰਾਈਵਰ ਨਾਲ ਘੁੰਮੀਂ ਜਾਂਦੀ ਸੀ। ਬਾਬੇ ਬਖਤੌਰ ਨੇ ਗੱਲ ਮਾਰੀ, "ਪਰਿਵਾਰ ਦੇ ਜੀਅ, ਨੌਕਰਾਂ ਡਰਾਈਵਰਾਂ ਨਾਲ ਬਹਿ ਕੇ ਰੋਟੀਆਂ ਖਾਓ, ਮੇਰੀ ਰੋਟੀ ਉਪਰ ਈ ਭੇਜ ਦਿਓ।" ਤੇ ਪੌੜੀਆਂ ਚੜ੍ਹ ਗਿਆ।

ਪਰਿਵਾਰ ਵਿਚ ਹਾਸਾ ਮਚ ਗਿਆ। ਪਹਿਲਾਂ ਵੀ ਬਾਬਾ ਜੇ ਕਦੇ ਮਲ੍ਹੀ ਨੂੰ ਦਵਿੰਦਰ ਡਰਾਈਵਰ ਨਾਲ ਕਾਰ ਵਿਚ ਬਹਿ ਕੇ ਜਾਂਦੀ ਨੂੰ ਦੇਖ ਲੈਂਦਾ, ਉਹਨਾਂ ਨੂੰ ਘੂਰਦਾ ਰਹਿੰਦਾ ਸੀ। ਮਾਸਟਰ ਮਹਿੰਦਰ ਸਿੰਘ ਨੇ ਅਕਵਾਇਰ ਹੋਈ ਜ਼ਮੀਨ ਦੇ ਪੈਸਿਆਂ ਵਿਚੋਂ ਚਾਰ ਪੰਜ ਟਰੱਕ ਖਰੀਦ ਲਏ ਸਨ। ਕੁਰਾਲੀ ਟਰੱਕ ਯੂਨੀਅਨ ਵਿਚ ਇਕ ਗੱਡੀ ਉਹਨਾਂ ਦੇ ਸੀਰੀ ਦਾ ਪੁੱਤਰ ਦਵਿੰਦਰ ਚਲਾਉਣਾ ਤੇ ਬਾਕੀ ਗੱਡੀਆਂ ਦਾ ਹਿਸਾਬ ਕਿਤਾਬ ਵੀ ਮਹਿੰਦਰ ਸਿੰਘ ਨਾਲ ਮਿਲਕੇ ਦਵਿੰਦਰ ਹੀ ਸੰਭਾਲਦਾ ਸੀ। ਉਹ ਪਰਿਵਾਰ ਦਾ ਵਫਾਦਾਰ ਹੋਣ ਕਰਕੇ ਪਰਿਵਾਰ ਦੇ ਜੀਆਂ ਵਾਂਗ ਹੀ ਸੀ। ਉਹਨਾਂ ਦਾ ਪਰਿਵਾਰ ਦਾਦਿਆਂ ਪੜਦਾਦਿਆਂ ਪਤਾ ਨਹੀਂ ਕਦੋ ਤੋਂ ਮਾਸਟਰ ਮਹਿੰਦਰ ਸਿੰਘ ਦੇ ਪਰਿਵਾਰ ਨਾਲ ਖੇਤੀ ਕਰਵਾਉਣ ਲਈ ਸੀਰੀ ਰਲਦਾ ਆ ਰਿਹਾ। ਹੁਣ ਮਾਸਟਰ ਮਹਿੰਦਰ ਸਿੰਘ ਚਾਹੁੰਦਾ ਸੀ ਕਿ ਦਵਿੰਦਰ ਨੂੰ ਕਿਸ਼ਤਾ 'ਤੇ ਟਰੱਕ ਲੈ ਕੇ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ।

ਪਰ ਬਾਬਾ ਪਿੰਟੂ ਨੂੰ ਕੋਲ ਬਿਠਾ ਕੇ ਸਮਝਾਉਂਦਾ ਰਹਿੰਦਾ, ਨੌਕਰ ਨੂੰ ਨੌਕਰਾ ਵਾਂਗ ਰੱਖੋ ਘਰ ਤੋਂ ਦੂਰ ਰੱਖੋ, ਸਿਰ ਨਾਂ ਚੜ੍ਹਾਉ।" ਉਹ ਗੁੱਸੇ ਵਿਚ ਕਹਿੰਦਾ, "ਥੁਆਡੀਆਂ ਤਾਂ ਅੱਖਾਂ ਫੁੱਟੀਆਂ ਹੋਈਆਂ, ਅਖਬਾਰਾਂ ਵਿਚ ਪੜ੍ਹਦੇ ਓ ਕਹਿੰਦੇ ਕਹਾਉਂਦੇ ਜਿੰਮੀਦਾਰਾਂ ਦੀਆਂ ਕੁੜੀਆਂ ਘਰ ਵਿਚ ਨੌਕਰ ਰੱਖੇ ਭਈਆਂ ਨਾਲ ਈ

ਨਿਕਲ ਗਈਆਂ।" ਘਰ ਦੇ ਉਹਨੂੰ ਕੀ ਦੱਸਦੇ ਕਿ ਮਲੀ ਉਸ ਤੋਂ ਡਰਦੀ ਹੀ ਆਪਣੇ ਕਲਾਸ ਫੈਲੋ ਮੰਗੇਤਰ ਨੂੰ ਘਰ ਲੈ ਕੇ ਨਹੀਂ ਆਉਂਦੀ। ਤੇ ਉਹ ਮਲੀ ਦਾ ਛੇਤੀ ਤੋਂ ਛੇਤੀ ਵਿਆਹ ਕਰਨ ਲਈ ਜੋਰ ਪਾਉਂਦਿਆਂ ਥੱਲੇ ਉਤਰਕੇ ਘਰਦਿਆਂ ਤੇ ਬਰਸ ਪਿਆ, "ਓ ਤੁਸੀਂ ਅਜੇ ਕੁੜੀ ਦਾ ਰਿਸ਼ਤਾ ਕਦੋਂ ਕਰਨਾ? ਨਿਆਣੀ ਏ ਹੁਣ ਇਹ? ਸਾਡੇ ਵੇਲੇ ਨਿੱਕੀਆਂ ਨਿੱਕੀਆਂ ਕੁੜੀਆਂ ਦੇ ਗੋਦੀ ਚੁੱਕ ਕੇ ਫੇਰੇ ਦਿੰਦੇ ਹੁੰਦੇ ਸੀ। ਨਿੱਕੀ ਕੁੜੀ ਦਾ ਵਿਆਹ ਕਰਨ ਨਾਲ ਈ ਦਾਨ ਲਗਦਾ, ਵੱਡੀ ਹੋਈ ਦਾ ਨੀ ਲਗਦਾ, ਹੈਗਾ।"

ਉਸਦੇ ਜਾਣ ਤੋਂ ਬਾਅਦ ਪਰਿਵਾਰ ਦੇ ਮੈਂਬਰ ਅੰਦਰ ਵੜ ਕੇ ਉਹਦੀਆਂ ਬਚਗਾਨਾ ਗੱਲਾਂ ਤੇ ਮੁਸਕੜੀਆਂ ਹਸਦੇ। ਉਹਦਾ ਹੋਰ ਤਾਂ ਕਿਸੇ 'ਤੇ ਜ਼ੋਰ ਨਾ ਚਲਦਾ, ਉਹ ਪਿੰਟੂ ਨੂੰ ਉਪਰ ਆਪਣੇ ਕੋਲ ਬੁਲਾਉਂਦੇ।

"ਓ ਮੈਂ ਖਾੜੇ ਲਾਉਣ ਦੇ ਵੇਲਿਆਂ ਤੋਂ ਉਧਰ ਰੋਹਤਕ ਹਿਸਾਰ ਕੰਨੀਂ ਜਾਂਦਾ ਰਹਿੰਦਾ ਆ। ਉਹ ਮੈਨੂੰ ਵਿਆਹ ਸ਼ਾਦੀ ਖੁਸ਼ੀ ਗ਼ਮੀ ਵਿਚ ਬੁਲਾਉਂਦੇ ਰਹਿੰਦੇ ਐ। ਉਧਰ ਜਿੰਮੀਂਦਾਰ ਕੋਲ ਸੌ ਸੌ ਕਿੱਲੇ ਜ਼ਮੀਨ ਐ, ਮੈਂ ਥੁਆਡੇ ਦੋਵੇਂ ਭੈਣ, ਭਰਾ ਦੇ ਰਿਸ਼ਤੇ ਓਧਰ ਕਰ ਦੇਣੇ ਐ।" ਪਿੰਟੂ ਉਹਦੀ ਗੱਲ ਦੀ ਕੋਈ ਹਾਮੀ ਨਾ ਭਰਦਾ ਸਗੋਂ ਦੱਸਦਾ, "ਓ ਬਾਬੇ, ਡੈਡੀ ਕਹਿੰਦੇ ਐ ਅਸੀਂ ਅੱਗੇ ਨੂੰ ਕੋਈ ਖੇਤੀ ਕਰਨੀ ਐ, ਸਾਡੇ ਲਈ ਕਿਸਾਨਾਂ ਦੇ ਰਿਸ਼ਤੇ ਲੈਣੇ ਜ਼ਰੂਰੀ ਨਹੀਂ ਅਸੀਂ ਆਪਣੇ ਵਰਗੇ ਪੜ੍ਹੇ ਲਿਖੇ ਖੁੱਲ੍ਹੇ ਡੁੱਲ੍ਹੇ ਖਿਆਲਾ ਵਾਲੇ ਪਰਵਾਰਾਂ ਵਿਚ ਰਿਸ਼ਤੇ ਕਰਾਂਗੇ। ਬਾਬੇ, ਸਗੋਂ ਡੈਡੀ ਕਹਿੰਦੇ ਐ, ਉਹ ਤਾਂ ਆਪਣਾ ਵਿਆਹ ਵੀ ਤੇਰੇ ਕਹਿਣ ਮੁਤਾਬਕ ਕਰਵਾ ਕੇ ਪਛਤਾਉਂਦੇ ਐ। ਕਿਉਂਕਿ ਨਾ ਤਾਂ ਮੰਮੀ ਨੇ ਹੁਣ ਤੱਕ ਆਪਣੀ ਬੋਲੀ ਬਦਲੀ ਐ, ਉਹੀ ਮਾਰੇ, ਥਾਰੇ ਜੋਗਲ, ਕੋਗਲ ਕਰੀ ਜਾਂਦੇ ਐ ਤੇ ਨਾ ਹੀ ਡੈਡੀ ਨਾਲ ਕਿਸੇ ਪਾਰਟੀ, ਵਿਆਹ ਸ਼ਾਦੀ ਵਿਚ ਜਾਂਦੀ ਐ। ਘਰ ਆਏ ਪੜ੍ਹੇ ਲਿਖੇ ਬੰਦਿਆਂ ਤੋਂ ਵੀ ਪਾਸਾ ਵੱਟਦੀ ਰਹਿੰਦੀ ਐ। ਹਾਂ ਆ ਆ, ਉਹ ਖੇਤੀ ਦੇ ਕੰਮ ਨੂੰ ਸ਼ੇਰ ਐ। ਉਹ ਬਿੰਦੀ ਨੌਕਰਾਣੀ ਜੀਹਨੂੰ ਅਸੀਂ ਦੀਦੀ ਕਹਿੰਦੇ ਆ ਨਾਲ ਲਿਜਾ ਕੇ ਫਾਰਮ ਹਾਊਸ ਵਿਚ ਦਾਦੇ, ਜਗਦੀਸ਼ ਸਿੰਘ ਦੀਆਂ ਰੱਖੀਆਂ ਮੱਝਾਂ ਦਾ ਦੁੱਧ ਚੋ ਲਿਆਉਂਦੀ ਐ। ਖੇਤ ਵਿਚੋਂ ਪਸ਼ੂਆਂ ਲਈ ਚਾਰਾ ਵੱਢਣ, ਜਾ ਹੋਰ ਖੇਤੀ ਦੇ ਕੰਮ ਕਰਨ ਭਾਵੇਂ ਸਾਰਾ ਦਿਨ ਲਾ ਰੱਖੋ।"

ਪਿੰਟੂ ਦੀਆਂ ਗੱਲਾਂ ਸੁਣਕੇ, ਬਖਤੌਰ ਸਿੰਘ ਪੂਰੀ ਤਰ੍ਹਾਂ ਨਿਰਾਸ਼ ਹੋ ਗਿਆ ਸੀ। ਉਹ ਸਮਝ ਗਿਆ ਸੀ ਕਿ ਹੁਣ ਘਰ ਵਿਚ ਉਹਦੀ ਨਹੀਂ ਚੱਲਣੀ। ਹੁਣ ਉਹ ਪੂਰਾ ਧਿਆਨ ਖਾਪ ਪੰਚਾਇਤਾਂ, ਬਰਾਦਰੀ ਪੰਚਾਇਤਾ ਵਲੋਂ ਲਏ ਫੈਸਲਿਆਂ ਵੱਲ ਲਾਉਣ ਲੱਗ ਪਿਆ ਸੀ। ਉਹ ਸਮਝਦਾ ਇਹ ਖਾਪ ਪੰਚਾਇਤਾਂ, ਬਰਾਦਰੀ ਪੰਚਾਇਤਾਂ ਹੀ ਵਿਗੜੇ ਤਿਗੜੇ ਮੁੰਡੇ ਕੁੜੀਆਂ ਨੂੰ ਸੋਧ ਸਕਦੀਆਂ ਹਨ।

ਉਹਦਾ ਘਟਨਾਵਾਂ ਵੱਲ ਧਿਆਨ ਜਾਂਦਾ-ਖਾਪ ਵਲੋਂ ਵਿਆਹ ਤੋਂ ਤਿੰਨ ਸਾਲ ਬਾਅਦ ਇਕੋ ਪਿੰਡ ਦੇ ਪ੍ਰੇਮੀ ਜੋੜੇ ਨੂੰ ਭੈਣ ਭਰਾ ਮੰਨਣ ਦਾ ਫਤਵਾ... ਪਤਨੀ ਦੀ ਗੋਦੀ ਨੌਂ ਮਹੀਨੇ ਦਾ ਬੱਚਾ ਵੀ ਹੈ। ਪ੍ਰੇਮੀ ਜੋੜੇ ਤੇ ਕੋਰੜੇ ਬਰਸਾਏ, ਬੇਹੋਸ਼ ਹੋਏ ਪ੍ਰੇਮੀ ਨੂੰ ਖੇਤ ਵਿਚ ਸੁੱਟ ਦਿੱਤਾ।... ਬੇਟੀਆਂ ਅੱਠਵੀਂ ਜਮਾਤ ਤੋਂ ਅੱਗੇ ਨਾ ਪੜ੍ਹਨ... ਕਿਉਂਕਿ ਉਹ ਸਿੱਖਿਆ ਪ੍ਰਾਪਤ ਲੜਕੀਆਂ ਸਮਾਜਿਕ ਮਾਣ ਮਰਿਆਦਾਵਾਂ ਦੀ ਅਣਦੇਖੀ ਕਰਦੀਆਂ ਹਨ। ਖਾਪ ਵਲੋਂ ਲੜਕੇ ਵਾਲਿਆਂ ਲਈ ਮੌਤ ਦਾ ਫਰਮਾਨ, ਜੇਕਰ ਇਕ ਹਫਤੇ ਵਿਚ ਲੜਕੀ ਵਾਪਸ ਨਾ ਕੀਤੀ ਤਾਂ ਪਰਿਵਾਰ ਨੂੰ ਮਾਰ ਦਿੱਤਾ ਜਾਵੇਗਾ ਅਤੇ ਸਾਰੇ ਪਿੰਡ ਦੀਆਂ ਲੜਕੀਆਂ ਨੂੰ ਚੁੱਕ ਲਿਆ ਜਾਵੇਗਾ।" ਬਖਤੌਰ ਸਿੰਘ ਇਕ ਦੰਮ ਉਛਲਦਾ ਬੋਲਦਾ, "ਲੈ ਬਈ ਪਿੰਟੂ ਆਹ ਤਾਂ ਹੱਲਿਆਂ ਵਾਲੀਆਂ ਗੱਲਾਂ ਹੋਣ ਲੱਗ ਪਈਆਂ।" ਪਿੰਟੂ ਨੇ ਦੇਖਿਆ ਬਾਬੇ ਬਖਤੌਰ ਦੀਆਂ ਅੱਖਾਂ ਵਿਚ ਹੱਲਿਆ ਵੇਲੇ ਰੇਪ ਕਰਕੇ ਕਤਲ ਕੀਤੀਆਂ ਔਰਤਾਂ ਦੀਆਂ ਗੱਲਾਂ ਦੱਸਣ ਵਾਲੀ ਵਹਿਸ਼ਤ ਆ ਗਈ ਸੀ। ਪਿੰਟੂ ਸਮਝ ਗਿਆ ਜਿਵੇਂ ਬਾਬਾ ਹੁਣ ਵੀ ਆਪਣੇ ਆਪ ਨੂੰ ਬਲਾਤਕਾਰੀਆਂ ਵਿਚ ਸ਼ਾਮਲ ਹੋ ਕੇ ਪਿੰਡ ਦੀ ਕੁੜੀ ਚੁੱਕਣ ਵਾਲਾ ਸਮਝਦਾ ਹੋਵੇ। ਉਹ ਦੱਸਦਾ ਜੁ ਹੁੰਦਾ ਸੀ ਕਿ ਸੰਤਾਲੀ ਵੇਲੇ ਤਾਂ ਬੁੱਢੇ ਠੇਰਿਆਂ ਨੇ ਵੀ



ਕੁੜੀਆਂ ਨੀ ਛੱਡੀਆਂ। ਬਖਤੌਰ ਸਿੰਘ ਤਲਵਾਰ ਚੁੱਕੀ ਖੜਾ ਜਿਵੇਂ ਸੱਚਮੁਚ ਕੁੜੀਆਂ ਲੁੱਟਣ ਚਲਿਆ ਹੋਵੇ। ਉਹ ਹੌਸਲੇ ਵਿਚ ਹੁੰਦਿਆਂ, ਥੱਲੇ ਨੂੰ ਡਿੱਗ ਗਿਆ, ਮੁੱਛਾਂ ਚੜ੍ਹਾ ਕੇ ਦੱਸਣ ਲੱਗਿਆ, "ਰਾਜਿਆਂ ਦੇ ਵਿਆਹ ਇੱਦਾਂ ਹੁੰਦੇ ਸਨ ਕਿ ਇਕ ਰਾਜਾ ਦੂਸਰੇ ਰਾਜੇ 'ਤੇ ਹਮਲਾ ਕਰਦਾ। ਦੂਸਰੇ ਰਾਜੇ ਨੂੰ ਹਰਾ ਕੇ ਉਹਦੀਆਂ ਰਾਣੀਆਂ ਨੂੰ ਚੁੱਕ ਲਿਆਉਂਦਾ ਤੇ ਉਹਨਾਂ ਨੂੰ ਆਪਣੀਆਂ ਰਾਣੀਆਂ ਬਣਾ ਲੈਂਦਾ ਸੀ। ਸੈਨਾਪਤੀ ਤੇ ਬਹਾਦਰ ਸੈਨਿਕ ਵੀ ਲੁੱਟ ਮਾਰ ਕਰਕੇ ਹਾਰੇ ਹੋਏ ਰਾਜੇ ਦੇ ਰਾਜ ਵਿਚਲੀਆਂ ਔਰਤਾਂ ਨੂੰ ਚੁੱਕ ਲਿਆਉਂਦੇ ਸਨ ਤੇ ਫੇਰ ਉਹਨਾਂ ਕੁੜੀਆਂ ਨਾਲ ਮਨ ਆਈ ਕਰਦੇ ਸਨ।"

ਬਖਤੌਰ ਸਿੰਘ ਕੋਲ ਬੈਠਾ ਪਿੰਟੂ ਅਖਬਾਰ ਵਿਚੋਂ ਖਬਰਾਂ ਪੜ੍ਹਕੇ ਸੋਚਦਾ, "ਹਮਲਾਵਰਾਂ ਵਾਲੀਆਂ ਗੱਲਾਂ ਤਾਂ ਹੁਣ ਵੀ ਹੋ ਹੀ ਰਹੀਆਂ ਹਨ। ਹਾਈ ਕੋਰਟ ਵਿਚ ਵੀ ਪਿਸਤੌਲਾਂ ਲਹਿਰਾਈਆਂ ਜਾ ਰਹੀਆਂ ਹਨ।

-ਲੜਕੀ ਦਾ ਭਰਾ ਆਪਣੇ ਮਮੇਰੇ ਭਰਾਵਾਂ ਨੂੰ ਲੈ ਕੇ ਪਿੰਡੋਂ ਭੱਜ ਕੇ ਪੁਲਿਸ ਸੁਰੱਖਿਆ ਲੈਣ ਲਈ ਆਏ ਪ੍ਰੇਮੀ ਜੋੜੇ ਨੂੰ ਭਾਲਦੇ ਹਾਈ ਕੋਰਟ ਵਿਚ ਪੁੱਜ ਗਏ। ਪਰ ਜਦ ਉਹ ਲੜਕੀ ਉੱਤੇ ਪਿਸਤੌਲ ਤਾਣ ਕੇ ਲੜਕੀ ਨੂੰ ਅਗਵਾ ਕਰਕੇ ਭੱਜਣ ਲੱਗੇ ਤਾਂ ਪੁਲਿਸ ਨੇ ਘੇਰ ਕੇ ਫੜ ਲਏ। ਇਸ ਤਰ੍ਹਾਂ ਨਾਲ ਹੁਣ ਇਹ ਹਥਿਆਰ ਚੁੱਕੀ ਘੁੰਮਦੇ ਭਰਾ-ਭੈਣਾਂ ਨੂੰ ਡਰਾ ਪ੍ਰੇਸ਼ਾਨ ਕਰਨ ਵਾਲਿਆਂ ਤੋਂ ਉਹਨਾਂ ਦੀ ਰਾਖੀ ਕਰਨ ਵਾਲੇ ਨਹੀਂ ਸਗੋਂ ਪ੍ਰੇਮ ਵਿਆਹ ਕਰਵਾਉਣ ਵਾਲੀਆਂ ਭੈਣਾਂ ਨੂੰ ਹਥਿਆਰ ਦੀ ਨੋਕ ਤੇ ਅਗਵਾ ਕਰਨ ਵਾਲੇ ਹਨ। ਪਿੰਟੂ ਅਜਿਹੀਆਂ ਹੋਰ ਕਈ ਖਬਰਾਂ ਪੜ੍ਹਦਾ ਰਹਿੰਦਾ ਕਿ ਭੈਣ ਨੂੰ ਅਗਵਾ ਕਰਕੇ ਲੈ ਗਏ ਭਰਾ ਤੇ ਮਾਪੇ ਘਰ ਜਾ ਕੇ ਭੈਣ ਤੋਂ ਘਰੋਂ ਭੱਜਕੇ ਉਹਨਾਂ ਦੀ ਆਬਰੂ ਨੂੰ ਮਿੱਟੀ ਵਿਚ ਮਿਲਾਉਣ ਦਾ ਬਦਲਾ ਲੈਂਦੇ ਹਨ।

-ਗੈਰ ਜਾਤੀ ਪ੍ਰੇਮੀ ਸੰਗ ਭੱਜੀ ਲੜਕੀ ਨੂੰ ਭਰਾਵਾਂ ਨੇ ਚਾਕੂਆਂ ਨਾਲ ਮਾਰ ਦਿੱਤਾ। ... ਪ੍ਰੇਮ ਵਿਆਹ ਕਰਵਾਉਣ ਦੇ ਸ਼ੱਕ ਵਿਚ ਭੈਣ ਨੂੰ ਮਾਰ ਦਿੱਤਾ।

ਸੰਗੋਤਰ ਪ੍ਰੇਮੀ ਨਾਲ ਭੱਜੀ ਲੜਕੀ ਦੀ ਲਾਸ਼ ਮਾਪਿਆ ਦੇ ਵਿਹੜੇ ਵਿਚ ਦੱਬੀ ਹੋਈ ਮਿਲੀ।' ... ਭੈਣ ਦੇ ਗਲ ਵਿਚ ਬਿਜਲੀ ਦੀ ਤਾਰ ਪਾ ਕੇ ਕਰੰਟ ਛੱਡ ਕੇ ਮਾਰਨ, ਨਹਿਰ ਵਿਚ ਧੱਕਾ ਦੇਣ ਆਦਿ ਆਦਿ ਖਬਰਾਂ ਦੇ ਢੇਰ ਲੱਗਣ ਲੱਗੇ। ਫਿਰ ਪਿੰਟੂ ਨੂੰ ਇਕ ਹੋਰ ਸੁਰਖੀ ਚੇਤੇ ਆਈ, 'ਅਣਖ ਖਾਤਰ ਇਕ ਹੋਰ ਪ੍ਰੇਮੀ ਜੋੜੇ ਦਾ ਕਤਲ'

ਆਨਰ ਕਿਲਿੰਗ ਦੀਆਂ ਘਟਨਾਵਾਂ ਉਹਦੇ ਮਨ ਵਿਚ ਖੌਰੂ ਪਾਉਣ ਲੱਗੀਆਂ। ਬਖਤੌਰ ਸਿੰਘ ਦਾ ਸਤਾਇਆ ਹੋਇਆ ਪਿੰਟੂ ਥੱਲੇ ਆ ਕੇ ਆਕੀ ਤੇ ਮਲ੍ਹੀ ਕੋਲ ਬੁਸ ਬੁਸ ਕਰਨ ਲੱਗ ਪੈਂਦਾ। ਉਹ ਉਹਨੂੰ ਛੇੜਦੀਆਂ, "ਤੂੰ ਤਾਂ ਮੁੰਡਾ ਖੁੰਡਾ ਏ... ਰੋਣਾ ਤਾਂ ਸਾਡੇ ਕੁੜੀਆਂ ਕੱਤਰੀਆਂ ਦੇ ਪੱਲੇ ਪੈਂਦਾ ਏ।"

ਉਹੀ ਗੱਲ ਹੋਈ ਜਿਸਦਾ ਡਰ ਸੀ। ਆਕੀ ਦੇ ਨਾਨਕੇ ਉਸ 'ਤੇ ਦਬਾਅ ਪਾਉਣ ਲੱਗੇ ਸਨ ਕਿ ਉਹ ਉਹਦੇ ਵੱਡੇ ਮਾਮੇ ਦੇ ਮੁੰਡੇ ਨਾਲ ਕਾਗਜ਼ੀ ਵਿਆਹ ਕਰਵਾ ਕੇ ਉਹਨੂੰ ਬਦੇਸ਼ ਲੈ ਕੇ ਜਾਵੇ। ਉਹ ਬਤੌਰ ਭੈਣ, ਭਰਾ ਰਹੀ ਜਾਣ, ਪਰ ਲੋਕਾਂ ਵਿਚ ਬਤੌਰ ਪਤੀ, ਪਤਨੀ ਵਿਚਰਦੇ ਰਹਿਣ। ਤੇ ਜਦ ਉਹਨਾਂ ਨੂੰ ਉਥੋਂ ਦੀ ਨਾਗਰਿਕਤਾ ਮਿਲ ਜਾਵੇ ਫਿਰ ਆਕੀ ਮੁੰਡੇ ਨੂੰ ਤਲਾਕ ਦੇ ਕੇ ਹੋਰ ਵਿਆਹ ਕਰਵਾ ਲਵੇ। ਆਕੀ ਨੇ ਬਥੇਰਾ ਸਮਝਾਇਆ ਕਿ ਉਹ ਤਾਂ ਇੰਗਲੈਂਡ ਵਰਕ ਪਰਮਿਟ ਲੈ ਕੇ ਰਹਿ ਸਕਦੀ ਹੈ ਪਰ ਉਹਦੇ ਨਾਨਕੇ ਕਿਥੇ ਮੰਨਣ, ਉਹ ਕਹਿੰਦੇ ਉਹ ਬੇਸ਼ਕ ਵਰਕ ਪਰਮਿਟ ਲੈ ਕੇ ਕੰਮ ਕਰੇ ਪਰ ਮੁੰਡੇ ਨੂੰ ਪਤੀ ਬਣਾ ਕੇ ਜ਼ਰੂਰ ਨਾਲ ਲੈ ਕੇ ਜਾਵੇ।

ਉਹਨਾਂ ਨਾਲ ਆਇਆ ਇਕ ਪੜ੍ਹਿਆ ਲਿਖਿਆ ਜਿਹਾ ਬੰਦਾ ਆਕੀ ਨੂੰ ਉਹਦੇ ਕਮਰੇ ਵਿਚ ਬਿਠਾ ਕੇ ਸਮਝਾਉਣ ਲੱਗਿਆ, "ਹੁਣ ਜ਼ਮਾਨਾਂ ਬਹੁਤ ਬਦਲ ਗਿਆ ਹੈ, ਮੈਂ ਸਾਂਹਸੀ ਕਬੀਲੇ ਦੇ ਮੁਹੱਲੇ ਵਿਚ ਰਹਿੰਦਾ ਹਾਂ। ਉਹ ਮਾਮੇ, ਫੂਫੀ ਦੇ ਮੁੰਡਿਆ ਨਾਲ ਕੁੜੀਆਂ ਵਿਆਹ ਦਿੰਦੇ ਹਨ। ਉਹਨਾਂ ਦੀਆਂ ਨਾਨਕੀਂ ਪੜ੍ਹੀਆਂ ਕਈ ਕੁੜੀਆਂ ਮਾਮਿਆਂ ਦੇ ਮੁੰਡਿਆ ਨਾਲ ਨਾਨਕੇ ਹੀ ਵਿਆਹੀਆਂ ਹੋਈਆਂ ਹਨ। ਨਾਲੇ ਤੈਂ

ਤਾਂ ਕਾਗਜ਼ੀ ਵਿਆਹ ਈ ਕਰਵਾਉਣਾ ਐ। ਸਾਡੇ ਪਿੰਡਾਂ ਦੀਆਂ ਕਿੰਨੀਆਂ ਹੀ ਕੁੜੀਆਂ ਚਾਚੇ, ਤਾਇਆ, ਮਾਮਿਆਂ ਦੇ ਮੁੰਡਿਆਂ ਨਾਲ ਕਾਗਜ਼ੀ ਵਿਆਹ ਕਰਵਾ ਕੇ ਉਹਨਾਂ ਨੂੰ ਪਤੀ ਬਣਾ ਕੇ ਬਦੇਸ਼ ਲੈ ਗਈਆਂ ਹਨ। ਅਣਪੜ੍ਹ ਮੁੰਡਿਆਂ ਦੇ ਯੂਰਪ ਅਮਰੀਕਾ ਜਾਣ ਦਾ ਹੋਰ ਕੋਈ ਕਾਨੂੰਨ ਵੀ ਤਾਂ ਨਹੀਂ।"

ਆਕੀ ਤੋਂ ਕਹਿ ਹੋ ਗਿਆ, "ਤੂੰ ਕਹਿੰਦਾ ਜ਼ਮਾਨਾਂ ਬਦਲ ਗਿਆ, ਜੇ ਤੂੰ ਏਨਾ ਮੌਡਰੇਟ ਏਂ ਫੇਰ ਮੈਨੂੰ ਉਥੇ ਵਿਆਹ ਕਰਵਾਉਣ ਦੇ ਜਿਥੇ ਮੈਂ ਕਰਵਾਉਣਾ ਚਾਹੁੰਦੀ ਆ। ਤੂੰ ਇਹਨਾਂ ਨੂੰ ਸਮਝਾ ਕੇ ਲੈ ਜਾ।"

ਉਹਨੇ ਜਾ ਕੇ ਉਹਨਾਂ ਨਾਲ ਪਤਾ ਨਹੀਂ ਕੀ ਗਿਟ ਮਿਟ ਕੀਤੀ। ਉਹ ਤਾਂ ਜਬਰਦਸਤੀ ਮਾਮੇ ਦੇ ਮੁੰਡੇ ਨਾਲ ਵਿਆਹ ਕਰਵਾਉਣ ਤੇ ਤੁਲ ਗਏ। ਉਹ ਫੇਰੇ ਪੜ੍ਹਾਉਣ ਲਈ ਪੰਡਤ ਵੀ ਆਪਣੇ ਨਾਲ ਲਿਆਣੇ ਸਨ। ਉਹਨਾਂ ਨਾਲ ਬਹਿ ਕੇ ਦਾਰੂ ਪੀਂਦਾ ਉਹਦਾ ਪਿਓ ਹਰਪਾਲ ਤੇ ਉਹਦੇ ਚਾਚੇ ਦੇ ਮੁੰਡੇ ਵੀ ਉਹਨਾਂ ਨਾਲ ਸਹਿਮਤ ਸਨ। ਉਹਦੇ ਕੋਲ ਆਇਆ ਬੰਦਾ ਹੀ ਉਹਨੂੰ ਸੁਣਾ ਕੇ ਕਹੇ, "ਅਸੀਂ ਫੇਰ ਜਬਰਦਸਤੀ ਚੁੱਕ ਵੀ ਲਿਜਾਂਦੇ ਹੁੰਦੇ ਆ।"

ਆਕੀ ਨੇ ਪੁਲਿਸ ਥਾਣੇ ਫੋਨ ਕੀਤਾ। ਪ੍ਰੇਮ ਵਿਆਹ ਦੇ ਕੇਸਾ ਵਿਚ ਇਕ ਅੱਧ ਫੋਨ 'ਤੇ ਪੁਲਿਸ ਭਲਾ ਕਿਥੇ ਆਉਂਦੀ ਸੀ। ਪ੍ਰੇਮੀ ਜੋੜਿਆਂ ਦੇ ਵਿਰੋਧ ਵਿਚ ਭੁਗਤਣ ਤੇ ਅਦਾਲਤਾ ਨੇ ਪੁਲਿਸ ਤੇ ਪ੍ਰਸ਼ਾਸਨ ਨੂੰ ਅਨੇਕਾ ਵਾਰ ਝਾੜ ਪਾਈ ਸੀ। ਕਿਉਂਕਿ ਰਾਜਨੀਤਿਕ ਪਾਰਟੀਆਂ ਆਪਣਾ ਵੋਟ ਬੈਂਕ ਟੁੱਟਣ ਦੇ ਡਰੋਂ ਖਾਪ ਪੰਚਾਇਤਾਂ ਦੇ ਪ੍ਰੇਮ ਵਿਆਹ ਕਰਵਾਉਣ ਵਾਲਿਆਂ ਨੂੰ ਗੋਲੀ ਮਾਰਨ ਵਰਗੇ ਫੈਸਲਿਆਂ ਦਾ ਵੀ ਵਿਰੋਧ ਨਹੀਂ ਸਨ ਕਰਦੀਆਂ ਇਸ ਲਈ ਉਨ੍ਹਾਂ ਦੀ ਸ਼ਹਿ 'ਤੇ ਪੁਲਿਸ ਤੇ ਪ੍ਰਸ਼ਾਸ਼ਨ ਪ੍ਰੇਮੀ ਜੋੜਿਆਂ ਨੂੰ ਕੋਰਟ ਦੇ ਫੈਸਲੇ ਅਨੁਸਾਰ ਪੁਲਿਸ ਸੁਰੱਖਿਆ ਦੇਣ ਵਿਚ ਢਿੱਲ ਮੱਠ ਵਰਤਦੇ ਸਨ। ਸਗੋਂ ਮਾਪਿਆਂ ਦੀ ਸ਼ਿਕਾਇਤ 'ਤੇ ਪ੍ਰੇਮੀ ਨੂੰ 'ਦੁਸ਼ਕਰਮ' ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਕੁੜੀ ਨੂੰ ਕਤਲ ਕਰਨ ਮਾਪਿਆਂ ਦੇ ਹਵਾਲੇ ਕਰ ਦਿੰਦੇ ਸਨ। ਮਾਪਿਆਂ ਰਾਹੀਂ ਅਜਿਹੀਆਂ ਧੀਆਂ ਦੇ ਕੀਤੇ ਕਿੰਨ ਹੀ ਕਤਲ ਛਿਪੇ ਰਹਿ ਜਾਂਦੇ ਸਨ। ਪਰ ਅਨੇਕਾਂ ਵਾਰ ਕੋਰਟ ਰਾਹੀਂ ਪੁਲਿਸ ਅਫਸਰਾਂ ਨੂੰ ਢਿਲ ਵਰਤਣ ਲਈ ਨਿੱਜੀ ਤੌਰ ਤੇ ਜਿੰਮੇਵਾਰ ਠਹਿਰਾਉਣ 'ਤੇ ਪੁਲਿਸ ਕਾਫੀ ਮੁਸਤੈਦ ਹੋ ਗਈ ਸੀ।

ਸਿਵਲ ਡਰੈਸ ਵਿਚ ਆਏ ਪੁਲਿਸ ਵਾਲੇ ਕਾਰ ਵਿਚੋਂ ਉਤਰੇ ਹੀ ਸਨ, ਆਕੀ ਉਹਨਾਂ ਵੱਲ ਨੂੰ ਹੋ ਤੁਰੀ। ਉਹਦੇ ਵੱਡੇ ਮਾਮੇ ਨੇ ਪਿਸਤੌਲ ਤਾਣ ਲਈ ਇਕ ਪੁਲਿਸ ਵਾਲੇ ਨੇ ਉਸਤੋਂ ਪਿਸਤੌਲ ਖੋਹਣ ਲਈ ਹੱਥ ਪਾਇਆ ਵੀ ਪਰ ਉਹਨੇ ਗੋਲੀ ਚਲਾ ਦਿੱਤੀ। ਆਕੀ ਥੱਲੇ ਡਿੱਗ ਕੇ ਤੜਪਣ ਲੱਗੀ। ਦੋ ਪੁਲਿਸ ਵਾਲੇ ਉਹਨੂੰ ਕਾਰ ਵਿਚ ਪਾ ਕੇ ਲੈ ਗਏ। ਤੇ ਦੂਸਰੀ ਗੱਡੀ ਵਿਚ ਆਏ ਥਾਣੇਦਾਰ ਤੇ ਹੋਰ ਪੁਲਿਸ ਮੁਲਾਜ਼ਮ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਏ ਸਨ। ਆਕੀ ਦਾ ਵੱਡਾ ਮਾਮਾ ਪੁਲਿਸ ਦੀ ਜੀਪ ਵਿਚ ਬੈਠਾ ਵੀ ਉੱਚੀ ਉੱਚੀ ਰੌਲਾ ਪਾਉਂਦਾ ਜਾ ਰਿਹਾ ਸੀ, "ਓਏ ਅਸੀਂ ਆਪਣੀ ਭਾਣਜੀ ਤਾਂ ਮਾਰੀ ਆ ਉਹ ਸਾਡੇ ਗੋਤਰ 'ਚ ਵਿਚ ਵਿਆਹ ਕਰਵਾਉਂਦੀ ਸੀ, ਉਏ ਮੈਂ ਇਹ ਪ੍ਰੈਸ ਨੂੰ ਬਿਆਨ ਦੇਣੈ... ਪ੍ਰੈਸ ਵਾਲੇ ਨੋਟ ਕਰ ਲਓ...।" ਬਖਤੌਰ ਸਿੰਘ ਹੈਰਾਨ ਸੀ ਕਿ ਉਹਨੂੰ ਪਿੰਟੂ ਤੇ ਮੇਲੋ ਘਰ ਵਿਚ ਨਹੀਂ ਦਿਖ ਰਹੇ ਸਨ। ਉਹਨੂੰ ਰੋਟੀ ਚਾਹ ਫੜਾਉਣ ਵੀ ਮਾਸਟਰ ਮਹਿੰਦਰ ਸਿੰਘ ਆਪ ਆਉਣ ਲੱਗ ਪਿਆ ਸੀ। ਬਖਤੌਰ ਸਿੰਘ ਨੇ ਪੁਛਿਆ ਵੀ ਤਾਂ ਉਹਨੇ ਹਸ ਕੇ ਆਖ ਦਿੱਤਾ, "ਬਾਪੂ ਓ... ਉਹ ਟੂਰ ਤੇ ਗਏ ਹੋਏ ਐ। ਨਾਲੇ ਤੈਂ ਕੀ ਲੈਣਾ, ਕੋਈ ਕਿਤੇ ਜਾਵੇ, ਨਾ ਜਾਵੇ। ਤੂੰ ਦਿਮਾਗ 'ਤੇ ਭਾਰ ਨਾ ਰੱਖਿਆ ਕਰ। ਅਖਬਾਰ ਪੜ੍ਹਿਆ ਟੀ. ਵੀ. ਦੇਖਿਆ, ਬਜਾਰ ਦਾ ਚੱਕਰ ਲਾਇਆ ਸੰਝ ਨੂੰ ਦੋ ਚਾਰ ਪੈੱਗ ਲਾ ਕੇ ਰੋਟੀ ਖਾ ਕੇ ਸੌਂ ਜਿਆ ਕਰ। ਤੈਨੂੰ ਦੱਸ ਕਾਹਦਾ ਫਿਕਰ ਐ।"

ਕਈ ਦਿਨਾਂ ਬਾਅਦ ਅੱਜ ਅਕਵਿੰਦਰ ਆਕੀ ਨੂੰ ਹੋਸ਼ ਆਈ ਸੀ। ਪੁਲਿਸ ਕਰਮਚਾਰੀ ਰਾਹੀਂ ਆਕੀ ਦੇ ਮਾਮੇ ਹੱਥੋਂ ਪਿਸਟਲ ਫੜਨ ਨਾਲ ਪਿਸਟਲ ਦੀ ਨਾਲੀ ਨੀਵੀਂ ਹੋਣ ਕਰਕੇ ਗੋਲੀ ਉਹਦੇ ਛਾਤੀ ਵਿਚ



ਵੱਜਣ ਤੋਂ ਬਚਾਅ ਹੋ ਗਿਆ ਸੀ ਪਰ ਗੋਲੀ ਉਹਦੇ ਖੱਬੇ ਗਿੱਟੇ ਦੀ ਹੱਡੀ ਵਿਚ ਖੁਭਣ ਕਰਕੇ, ਗਿੱਟੇ ਦੇ ਉੱਤੋਂ ਲੱਤ ਕੱਟਣੀ ਪਈ ਸੀ।

ਅਕਵਿੰਦਰ ਆਕੀ ਲੱਤ ਕੱਟੇ ਜਾਣ ਦੇ ਦੁਖ ਤੇ ਕੱਟੀ ਲੱਤ ਵਿਚ ਹੁੰਦੇ ਦਰਦ ਨਾਲ ਕਰਾਹੁਣ ਲੱਗੀ। ਭਾਵੇਂ ਹਸਪਤਾਲ ਵਿਚ ਆਕੀ ਦੀ ਲੱਤ ਕੱਟੀ ਜਾਣ ਦੇ ਉਪਰੇਸ਼ਨ 'ਤੇ ਹੋਇਆ ਸਾਰਾ ਖਰਚ ਮਲ੍ਹੀ ਤੇ ਪਿੰਟੂ ਨੇ ਕੀਤਾ ਸੀ ਪਰ ਉਹਨਾਂ ਨੇ ਸਭ ਤੋਂ ਪਹਿਲਾਂ ਪ੍ਰੀਤਪਾਲ ਨੂੰ ਹੀ ਆਕੀ ਨੂੰ ਮਿਲਣ ਜਾਣ ਲਈ ਭੇਜਣਾ ਠੀਕ ਸਮਝਿਆ। ਪ੍ਰੀਤਪਾਲ ਨੂੰ ਦੇਖਕੇ ਉਹ ਅੱਖਾਂ ਭਰ ਆਈ।

"ਪ੍ਰੀਤਪਾਲ ਤੈਂ ਆਹ ਸੁਹਣੀ ਪ੍ਰੀਤ ਨਿਭਾਈ, ਮੈਂ ਤੈਨੂੰ ਕਿੰਨੀ ਦੇਰ ਦੀ ਕਹਿੰਦੀ ਆ ਰਹੀ ਆ, ਕਿ ਤੂੰ ਮੈਨੂੰ ਆਪਣੇ ਘਰ ਲੈ ਚੱਲ, ਹੁਣ ਮੇਰੀ ਲੱਤ ਕਟਵਾ ਕੇ ਦੱਸ ਤੈਨੂੰ ਕੀ ਮਿਲਿਆ?" ਆਕੀ ਡਾਢੇ ਰੋਹ ਵਿਚ ਬੋਲੀ। ਪ੍ਰੀਤਪਾਲ ਨੂੰ ਕੋਈ ਗੱਲ ਅਹੁੜ ਨਹੀਂ ਸੀ ਰਹੀ। ਆਪਣੀ ਆਕੀ ਦੀ ਲੱਤ ਕੱਟੇ ਜਾਣ ਕਰਕੇ ਉਹ ਬਹੁਤ ਦੁਖੀ ਹੋ ਰਿਹਾ ਸੀ। ਸ਼ਬਦ ਉਹਦੇ ਮੂੰਹੋਂ ਅਟਕ ਅਟਕ ਕੇ ਨਿਕਲ ਰਹੇ ਸਨ, "ਪਰ ਸਾਡੇ ਘਰ ਵੀ ਹਮਲਾ ਕਰਕੇ ਉਹਨਾਂ ਨੇ ਸਾਨੂੰ ਛੱਡਣਾ ਨਹੀਂ ਸੀ।" ਚਲੋ ਮੇਰੀ ਲੱਤ ਦਾ ਬਲੀਦਾਨ ਦੇ ਕੇ ਹੁਣ ਅਸੀਂ ਉਹਨਾਂ ਤੋਂ ਚੌਕਸ ਤਾਂ ਰਹਾਂਗੇ।" ਕੋਲ ਬੈਠੀ ਨਰਸ ਦੇ ਪਿੱਠ ਮਰੋੜਦਿਆਂ ਹੀ ਸਾਇਦ ਉਹ ਜਾਣਕੇ ਹੀ ਪਾਸੇ ਹੋਈ ਸੀ, ਪ੍ਰੀਤ ਆਪਣੀ ਆਕੀ ਦੀ ਗਰਦਨ ਦੁਆਲੇ ਬਾਂਹ ਵਲਾ ਕੇ ਉਹਦੇ ਬੁੱਲ੍ਹ, ਗੱਲਾਂ ਤੇ ਗਰਦਨ ਤੇ ਬੇ ਤਹਾਸਾ ਚੁੰਮਣ ਲੱਗ ਪਿਆ।

ਪ੍ਰੀਤਪਾਲ ਦੀਆਂ ਬਾਹਾਂ ਵਿਚ ਅਕਵਿੰਦਰ ਬਹੁਤ ਖੁਸ਼ ਹੋ ਰਹੀ ਸੀ। ਉਹਦੇ ਮਨ ਵਿਚ ਆਕਾਸ਼ ਵਿਚ ਤੈਰਦੇ ਬੱਦਲਾਂ ਵਾਂਗ ਖਿਆਲ ਤੈਰ ਰਹੇ ਸਨ।

"ਪ੍ਰੀਤ ਉਹਦੀ ਲੱਤ ਕੱਟਣ ਦਾ ਕਜ ਪੈ ਜਾਣ ਤੇ ਉਸ ਕੋਲੋਂ ਪਾਸਾ ਵੀ ਤਾਂ ਵੱਟ ਸਕਦਾ ਸੀ। ਅੱਜਕੱਲ ਕੁੜੀਆਂ ਵਾਲੇ ਵੀ ਤਾਂ ਹੜ੍ਹੇ ਫਿਰਦੇ ਐ ਉਹ ਬਰਾਬਰ ਦੀ ਪੜ੍ਹੀ ਲਿਖੀ ਕੁੜੀ ਦੇਣ ਦੇ ਨਾਲ ਕਾਰ, ਕੋਠੀ ਤੇ ਕਲੀਨਿਕ ਖੋਲ੍ਹ ਕੇ ਦਿੰਦੇ। ਤੇ ਪ੍ਰੀਤ ਸਿਰ ਐਮ. ਬੀ. ਬੀ. ਐਸ. ਦਾ ਕੋਰਸ ਕਰਨ ਲਈ ਬੈਂਕ ਤੋਂ ਲਿਆ ਹੋਇਆ ਕਰਜਾ ਵੀ ਉਤਾਰਨ ਨੂੰ ਤਿਆਰ ਹੋ ਜਾਂਦੇ। ਪ੍ਰੀਤ ਦੇ ਕਿਹੜਾ ਮੱਥੇ 'ਤੇ ਲਿਖਿਆ ਕਿ ਉਹ ਸਾਡੇ ਗੋਤ ਦਾ ਮੁੰਡਾ ਦਾ ਮੁੰਡਾ। ਉਹ ਸਗੋਂ ਗਰੀਬ ਘਰ ਦਾ ਪੜ੍ਹਿਆ ਲਿਖਿਆ ਮੁੰਡਾ ਫਾਹ ਕੇ ਖੁਸ਼ ਹੁੰਦੇ ਐ ਬਈ ਉਹਨਾਂ ਦੀ ਸਾਰੀ ਉਮਰ ਕਦਰ ਕਰਦਾ ਰਹੇਗਾ। ਕੋਈ ਅਮੀਰਜਾਦਾ ਤਾਂ ਦੋ ਸਾਲ ਨੂੰ ਹੋਰ ਕੁੜੀ ਦੇ ਚੱਕਰ ਵਿਚ ਪੈ ਕੇ ਉਹਨਾਂ ਦੀ ਕੁੜੀ ਨੂੰ ਤੰਗ ਪਰੇਸ਼ਾਨ ਕਰਨ ਲੱਗ ਜੂਗਾ।" ਪ੍ਰੀਤਪਾਲ ਨੇ ਆਕੀ ਦਾ ਧਿਆਨ ਆਪਣੇ ਵੱਲ ਖਿੱਚਿਆ, "ਆਕੀ! ਪੁਲਿਸ ਨੂੰ ਆਪਣੇ ਰਿਕਾਰਡ ਵਿਚ ਸਾਡਾ ਨਾਂ ਰਨ ਅਵੇ ਕਪਲਜ਼ ਦੀ ਸੂਚੀ ਵਿਚ ਦਰਜ ਕਰ ਲਿਆ ਐ। ਅਕਵਿੰਦਰ ਕੌਰ ਆਕੀ ਪਤਨੀ ਪ੍ਰੀਤਪਾਲ ਸਿੰਘ।'

ਪ੍ਰੀਤਪਾਲ ਦੇ ਆਕੀ ਕੋਲੋਂ ਰਤਾ ਕੁ ਪਰ੍ਹਾਂ ਹਟਦਿਆਂ ਹੀ ਪਿੰਟੂ ਤੇ ਮਲ੍ਹੀ ਹਸਦੇ ਹਸਦੇ ਮੁਸਕਰਾਂਦੇ ਆ ਕੇ ਉਹਨੂੰ ਲਿਪਟ ਕੇ ਪਿਆਰ ਕਰਨ ਲੱਗ ਪਏ ਸਨ। ਉਹਨਾਂ ਦੇ ਚਿਹਰਿਆਂ ਦੀ ਖੁਸ਼ੀ ਦੇਖਦਿਆਂ ਦੀ ਬਣਦੀ ਸੀ। ਪ੍ਰੀਤਪਾਲ ਨੂੰ ਉਹਦੀ ਦੇਖ ਭਾਲ ਕਰਨ ਲਈ ਛੱਡ ਕੇ ਉਹ ਆਪਣੇ ਘਰ ਨੂੰ ਚਲੇ ਗਏ ਸਨ।

ਕੱਟੀ ਹੋਈ ਲੱਤ ਦਾ ਜ਼ਖ਼ਮ ਠੀਕ ਹੋਣ 'ਤੇ ਆਕੀ ਨੂੰ ਆਰਟੀਫੀਸੀਅਲ ਬੂਟ ਪੁਆ ਦਿੱਤਾ ਗਿਆ ਸੀ। ਬੂਟ ਤੋਂ ਉੱਤੇ ਮੋਟੇ ਰੈਕਸੀਅਨ ਦੀ ਜੁਰਾਬ ਜਹੀ ਉਹਨੇ ਪੱਟ ਤੱਕ ਤਿੰਨ ਥਾਵਾਂ 'ਤੇ ਬੈਲਟਾਂ ਲਾ ਕੇ ਬੰਨ੍ਹੀ ਹੋਈ ਸੀ। ਇਹ ਬੂਟ ਪਾ ਕੇ ਉਹ ਆਸਾਨੀ ਨਾਲ ਤੁਰ ਸਕਦੀ ਸੀ।

ਉਹ ਸਹੁਰਿਆਂ ਦੇ ਪਿੰਡ ਪ੍ਰੀਤਮਪੁਰਾ ਜਾਣ ਲੱਗੀ, ਪੇਕਿਆਂ ਦੇ ਪਿੰਡ ਤੋਂ ਆਪਣੀਆਂ ਕਿਤਾਬਾਂ, ਕਪੜੇ ਆਦਿ ਚੁੱਕ ਕੇ ਲਿਜਾਣਾ ਚਾਹੁੰਦੀ ਸੀ। ਉਹਨੂੰ ਦੇਖਕੇ, ਲੋਕਾਂ ਦੇ ਚਿਹਰਿਆਂ 'ਤੇ ਆਉਣ ਵਾਲੇ ਹਾਵ ਭਾਵ ਨੂੰ ਦੇਖਣ ਲਈ ਉਹ ਕਾਰ ਤੋਂ ਉਤਰਕੇ ਆਪਣੇ ਪਤੀ ਪ੍ਰੀਤਪਾਲ ਨਾਲ ਘੜੌਂਜੀਆਂ ਪਿੰਡ ਦੀਆਂ ਗਲੀਆਂ ਵਿਚ ਨੂੰ ਹੌਲੀ ਹੌਲੀ ਤੁਰੀ ਜਾ ਰਹੀ ਸੀ। ਉਹਨੂੰ ਲੋਕਾਂ ਦੇ ਚਿਹਰਿਆਂ ਤੇ ਉਸਦੇ ਪ੍ਰਤੀ

ਨਫਰਤ ਦੇ ਭਾਵ ਹੀ ਦੇਖਣ ਨੂੰ ਮਿਲ ਰਹੇ ਸਨ।

ਉਹਦੇ ਘਰ ਪਹੁੰਚਦਿਆਂ ਰਹਿੰਦੀ ਖੂੰਹਦੀ ਕਸਰ ਵੀ ਪੂਰੀ ਹੋ ਗਈ ਸੀ। ਉਹਦੀ ਮਾਂ ਉਹਨੂੰ ਮਿਲਣ ਲਈ ਭੱਜੀ, ਮੰਗੋ ਬੁੜੀ ਨੇ ਧੱਕਾ ਦੇ ਕੇ ਮੰਜੇ ਤੇ ਸੁੱਟ ਦਿੱਤੀ ਸੀ ਤੇ ਆਪ ਗਾਲ੍ਹਾਂ ਦੀ ਵਾਛੜ ਸ਼ੁਰੂ ਕਰ ਦਿੱਤੀ ਸੀ, "ਓ ਡੈਣੇ ਤੂੰ ਪਿਓ, ਚਾਚੇ ਦੇ ਮੁੰਡਿਆਂ ਤੇ ਮਾਮਿਆਂ ਨੂੰ ਖਾ ਕੇ ਰੱਜੀ ਨਹੀਂ, ਹੁਣ ਸਾਨੂੰ ਖਾਣ ਆ ਗਈ ਐਂ।"

ਉਹ ਆਕੀ ਨੂੰ ਮਾਰਨ ਆਈ, ਉਹਦੇ ਸੁਰੱਖਿਆ ਗਾਰਡ ਨੇ ਫੜਕੇ ਪਿਛੇ ਨੂੰ ਧੱਕ ਦਿੱਤੀ। ਅੱਜ ਸੱਸ ਦੇ ਸਾਹਮਣੇ ਬਚਨੀ ਦੇ ਪਹਿਲੀ ਵਾਰ ਬੋਲ ਨਿਕਲੇ, "ਬੁੜੀਏ, ਤੂੰ ਮੇਰੀਆਂ ਪੰਜ ਧੀਆਂ ਨੂੰ ਤਾਂ ਖਾ ਗਈ... ਅੱਕੀ ਨੂੰ ਤਾਂ ਜਿਉਂਦੀ ਰਹਿਣ ਦੇ।" ਆਕੀ ਭੱਜਕੇ ਮਾਂ ਦੇ ਗਲ ਲੱਗਕੇ ਰੋਣ ਲੱਗ ਪਈ। ਉਹ ਪੇਕਿਆਂ ਤੋਂ ਸਹੁਰੇ ਘਰ ਜੁ ਚੱਲੀ ਸੀ। ਪਰ ਉਹ ਕੁਝ ਲੈ ਕੇ ਨਹੀਂ ਸਗੋਂ ਕੁਝ ਦੇ ਕੇ ਜਾ ਰਹੀ ਸੀ। ਉਹਨੇ ਆਉਣ ਲੱਗੀ ਨੇ ਪਿੰਡ ਦੇ ਸਹਿਕਾਰੀ ਬੈਂਕ ਵਿਚੋਂ ਆਪਣਾ ਖਾਤਾ ਬੰਦ ਕਰਵਾ ਦਿੱਤਾ ਸੀ। ਤੇ ਬਾਕੀ ਬਚਦਾ ਦਸ ਕੁ ਹਜ਼ਾਰ ਰੁਪਿਆ ਉਹਨੇ ਮੰਗੋ ਬੁੜੀ ਤੋਂ ਅੱਖ ਬਚਾ ਕੇ ਮਾਂ ਦੇ ਹੱਥ ਵਿਚ ਫੜਾ ਦਿੱਤਾ ਸੀ। ਤੇ ਕਿਹਾ ਸੀ, 'ਮੰਮੀ ਮੇਰਾ ਹਸਬੈਂਡ ਪ੍ਰੀਤਪਾਲ ਬਹੁਤ ਸਾਊ ਤੇ ਸਮਝਦਾਰ ਹੈ। ਤੂੰ ਫਿਕਰ ਨਾ ਕਰੀਂ, ਤੈਨੂੰ ਅਸੀਂ ਖਰਚਾ ਦਿੰਦੇ ਰਹਾਂਗੇ ਤੇ ਭੈਣਾਂ ਦੇ ਕਾਰਜਾਂ ਵਿਚ ਖੜ੍ਹਦੇ ਰਹਾਂਗੇ।" ਪ੍ਰੀਤਪਾਲ ਨੇ ਮੰਮੀ ਦੇ ਪੈਰੀਂ ਹੱਥ ਲਾਏ ਤੇ ਉਹਨੇ ਉਹਦਾ ਸਿਰ ਪਲੋਸਿਆ ਤੇ ਆਕੀ ਨੇ ਕਮਰੇ ਵਿਚੋਂ ਆਪਣਾ ਸਮਾਨ ਚੁੱਕ ਕੇ ਕਾਰ ਵਿਚ ਰੱਖਿਆ ਤੇ ਗੱਡੀ ਵਿਚ ਬਹਿ ਕੇ ਪੇਕਿਆ ਤੋਂ ਸਹੁਰਿਆਂ ਨੂੰ ਚਲ ਪਈ। ਉਹ ਸੋਚਦੀ ਜਾਂਦੀ ਸੀ ਕਿ ਉਹਦੀ ਇਹ ਕਿੰਨੀ ਅਜੀਬ ਵਿਦਾਇਗੀ ਸੀ।

ਉਹਨਾਂ ਦੇ ਜਾਣ ਤੋਂ ਬਾਅਦ ਬਖਤੌਰ ਸਿੰਘ ਪਿੰਡ ਦੀ ਮਾਡਰਨ ਮਾਰਕੀਟ ਵਿਚ ਅੱਗ ਬਬੂਲਾ ਹੋਇਆ ਘੁੰਮ ਰਿਹਾ ਸੀ। ਕਿ ਅੱਕੀ ਉਸ ਤੋਂ ਬਚ ਕੇ ਚਲੀ ਕਿਵੇਂ ਗਈ। ਜਦ ਉਸਨੂੰ ਦੱਸਿਆ ਗਿਆ ਕਿ ਉਸਦੇ ਨਾਲ ਇਕ ਸਰਦਾਰ ਸੀ ਤਾਂ ਉਹ ਸਮਝ ਗਿਆ ਕਿ ਤਾਂ ਫੇਰ ਜ਼ਰੂਰ ਹੀ ਉਸ ਨੇ ਉਸ ਮੁੰਡੇ ਨਾਲ ਵਿਆਹ ਕਰਵਾਇਆ ਜਿਹੜਾ ਉਹਨਾਂ ਦੇ ਕੁਨਬੇ 'ਚੋਂ ਸੀ।"

ਲੋਕਾਂ ਨੇ ਬਖਤੌਰ ਸਿੰਘ ਨੂੰ ਦੱਸਿਆ ਸੀ ਕਿ ਆਕੀ ਹੁਰਾਂ ਨਾਲ ਪੁਲਿਸ ਵਾਲੇ ਪਸਤੌਲਾਂ ਭਰੀ ਜਾ ਰਹੇ ਸਨ। ਬਖਤੌਰ ਸਿੰਘ ਨੇ ਬੜ੍ਹਕ ਮਾਰੀ, "ਪੁਲਿਸ ਵਾਲੇ ਤਾਂ ਉਹਨਾਂ ਦੇ ਪਿੱਛੇ ਪਿੱਛੇ ਹੋਣਗੇ, ਮੈਂ ਤਾਂ ਮੋੜ ਵਿਚ ਖੜਕੇ ਇਕ ਪਾਸੇ ਤੋਂ ਤਲਵਾਰ ਦਾ ਵਾਰ ਕਰਕੇ ਦੋਹਾਂ ਦੀਆਂ ਗਰਦਨਾਂ ਧੜ ਨਾਲੋਂ ਅਲੱਗ ਕਰ ਦੇਣੀਆਂ ਸਨ। ਉਹ ਮੈਂ ਤਾਂ ਕੋਈ ਕਾਰਨਾਮਾ ਕਰਕੇ ਜੇਲ੍ਹ ਜਾਣਾ ਚਾਹੁੰਦਾ ਸਾਂ।" ਉਹ ਲੋਕਾਂ ਨਾਲ ਲੜ ਰਿਹਾ ਸੀ ਕਿ ਉਹਨਾਂ ਨੇ ਉਹਨੂੰ ਨਾ ਬੁਲਾ ਕੇ ਮੌਕਾ ਖੁੰਝਾ ਦਿੱਤਾ ਸੀ।

ਘਰ ਨੂੰ ਮੁੜਦਾ ਹੋਇਆ ਉਹ ਸੋਚ ਰਿਹਾ ਸੀ ਕਿ ਜਿਹੜੇ ਪਿੰਟੂ ਤੇ ਮਲੀ ਕਈ ਦਿਨ ਬਾਹਰ ਰਹਿ ਕੇ ਆਏ ਐ। ਇਸ ਵਿਚ ਵੀ ਕੋਈ ਰਾਜ ਐ। ਜਿਹੜਾ ਮੈਥੋਂ ਲੁਕਾਉਂਦੇ ਐ। ਹੋਵੇ ਨਾ ਹੋਵੇ ਇਹਨਾਂ ਵਿਚੋਂ ਕੋਈ ਜਣਾ ਗੈਰ ਜਾਤੀ ਵਿਆਹ ਕਰਵਾ ਕੇ ਆਇਆ ਹੋਵੇ। ਤੇ ਉਹਨੂੰ ਕਈ ਵਾਰ ਕਾਰ ਵਿਚ 'ਕੱਲੀ ਨੂੰ ਬਿਠਾ ਕੇ ਲਿਆਉਂਦਾ ਕੰਮੀ, ਕਮੀਣ ਡਰਾਈਵਰ ਮੁੰਡਾ ਦਵਿੰਦਰ ਜ਼ਹਿਰ ਦਿਖਾਈ ਦਿੰਦਾ।

ਬਖਤੌਰ ਸਿੰਘ ਰਾਹੀਂ ਪਿੰਡ ਵਿਚ ਦਿਖਾਏ ਗੁੱਸੇ ਬਾਰੇ ਪਿੰਟੂ ਨੂੰ ਟੈਲੀਫੋਨ 'ਤੇ ਉਹਦੇ ਦੋਸਤਾਂ ਨੇ ਦੱਸ ਦਿੱਤਾ ਸੀ। ਪਿੰਟੂ ਬਹੁਤ ਚਿੰਤਾਤੁਰ ਸੀ ਕਿਉਂਕਿ ਅੱਜ ਮਲੀ ਨੇ ਫੇਰ ਦਵਿੰਦਰ ਨਾਲ ਕਾਰ ਵਿਚ ਬਹਿ ਕੇ ਆਉਣਾ ਸੀ।

ਪਿੰਟੂ ਉਪਰ ਜਾ ਕੇ ਬਾਬੇ ਬਖਤੌਰ ਨਾਲ ਗੱਲੀਂ ਜੁਟ ਗਿਆ ਸੀ। ਉਹਨੇ ਟੀ. ਵੀ. ਦੀ ਆਵਾਜ਼ ਵੀ ਉੱਚੀ ਚੁੱਕੀ ਹੋਈ ਸੀ। ਪਰ ਜਦ ਬਾਬੇ ਨੇ ਕਾਰ ਦੀ ਆਵਾਜ਼ ਸੁਣੀ, ਉਹ ਭੱਜਕੇ ਬਾਹਰ ਵਿਹੜੇ ਵਿਚ ਖੜ ਕੇ ਥੱਲੇ ਦੇਖਣ ਲੱਗ ਪਿਆ। ਮਲੀ ਨਾਲ ਦਵਿੰਦਰ ਨੂੰ ਬੈਠਾ ਦੇਖ ਉਹ ਆਪਾ ਖੋ ਬੈਠਾ। ਉਹਨੇ ਅੰਦਰ ਆ



ਕੇ ਤਲਵਾਰ ਚੁੱਕੀ, ਪਰ ਉਹਦੇ ਗੁੱਸੇ ਨਾਲ ਕੰਬਦੇ ਹੱਥਾਂ ਵਿਚੋਂ ਤਲਵਾਰ ਪੌੜੀਆਂ 'ਚ ਡਿੱਗ ਪਈ। ਤੇ ਤਲਵਾਰ ਪੌੜੀਆਂ ਵਿਚ ਨੂੰ ਮੋੜ ਘੇੜ ਖਾਂਦੀ ਡਿੱਗਦੀ ਆ ਰਹੀ ਸੀ। ਭਾਵੇਂ ਪਿੰਟੂ ਨੇ ਉਹਦੇ ਪਿਛੇ ਡਿਗਦੀ ਆਉਂਦੀ ਨੰਗੀ ਤਲਵਾਰ ਤੋਂ ਬਚਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਫਿਰ ਵੀ ਥੱਲੇ ਉਤਾਰਕੇ ਸੰਭਲਣ ਦੀ ਕੋਸ਼ਿਸ਼ ਕਰਦਿਆਂ ਤਲਵਾਰ ਦੀ ਨੋਕ ਉਹਦੇ ਖੱਬੇ ਪੈਰ 'ਤੇ ਜ਼ਖ਼ਮੀ ਕਰ ਹੀ ਗਈ।

ਬਖਤੌਰ ਸਿੰਘ ਨੇ ਛੇਤੀ ਵਿਚ ਸੋਚਿਆ ਕਿ ਉਹਦੇ ਪੌੜੀਆਂ ਉਤਰਦੇ ਉਤਰਦੇ ਕਿਤੇ ਮਲ੍ਹੀ ਤੇ ਦਵਿੰਦਰ ਅੰਦਰ ਵੜ ਕੇ ਲੁਕ ਨਾ ਜਾਣ। ਉਹ ਕੋਠੀ ਉੱਤੋਂ ਬਾਹਰ ਨੂੰ ਲਟਕ ਕੇ ਉਤਰਨ ਲੱਗਿਆ। ਚੋਰੀਆਂ ਡਾਕੇ ਮਾਰਦਿਆਂ ਉਹ ਕਿੰਨੀਆਂ ਉਚੀਆਂ ਉੱਚੀਆਂ ਬਿਲਡਿੰਗਾਂ ਤੋਂ ਬਾਹਰੋਂ ਤਾਕੀਆਂ, ਰੋਸ਼ਨਦਾਨਾਂ ਵਿਚ ਪੈਰ ਰੱਖਦਿਆਂ ਥੱਲੇ ਉਤਰਕੇ ਭੱਜ ਜਾਂਦੇ ਸਨ। ਪਰ ਅੱਜ ਕੋਠੀ ਤੋਂ ਬਾਹਰ ਨੂੰ ਉਤਰਦਿਆਂ ਛੇਤੀ ਵਿਚ ਥੱਲੇ ਤਾਕੀ 'ਤੇ ਉਹਦਾ ਪੈਰ ਨਾ ਟਿੱਕਿਆ ਤੇ ਉਤੋਂ ਹੱਥ ਛੁੱਟ ਜਾਣ ਕਰਕੇ ਉਹ 'ਧੜੰਮ' ਥੱਲੇ ਜਾ ਡਿੱਗਿਆ। ਉਹ ਚੀਕਿਆ, ਲਿਆ ਫੜਾ ਮੇਰੀ ਤਲਵਾਰ ਦੋਹਾਂ ਨੂੰ ਪਾਰ ਬੁਲਾ ਦਵਾ।" ਪਰ ਜਦੋਂ ਉਹਦੀਆਂ ਅੱਖਾਂ ਸਾਹਮਣੇ ਬਾਲੜੀ ਮਲੀ ਆਣ ਖੜੀ ਜੀਹਨੂੰ ਮੋਢੇ ਤੇ ਚੁੱਕ ਕੇ ਉਹ ਪਿੰਡ ਵਿਚ ਘੁਮਾਇਆ ਕਰਦਾ ਸੀ। ਉਹ ਮਲ੍ਹੀ ਨੂੰ ਅਵਾਜ਼ਾਂ ਮਾਰਦਾ ਰੋਣ ਲੱਗ ਪਿਆ, ਮੇਰੀ ਲਾਡਲੀ ਮਲ੍ਹੀ ਆ ਜਾ ਜਾਂਦੀ ਵਾਰ ਦੀ ਮੇਰੇ ਤਪਦੇ ਸ਼ੀਨੇ ਨੇ ਲਗ ਜਾ ਕਾਲਜੇ ਠੰਡ ਪੈ ਜੂਗੀ।" ਪਿੰਟੂ ਭੌਂਜਿਆ, "ਉਹ ਇਹਨੇ ਮਲੀ ਨੂੰ ਮਾਰ ਦੇਣੈ, ਪਰ ਡਿੱਗ ਪਏ ਬਾਬੇ ਨੂੰ ਦੇਖਕੇ ਉਹਨੂੰ ਬਾਬੇ ਨਾਲ ਮੋਹ ਜਾਗ ਪਿਆ,

"ਉਹ ਬਾਬਾ ਮੈਨੂੰ ਕਿੰਨਾ ਪਿਆਰ ਕਰਦਾ ਹੁੰਦਾ ਸੀ। ਤੇ ਮਲ੍ਹੀ ਤੇ ਪਿੰਟੂ ਖੂਨ ਨਾਲ ਲਥ ਪੱਥ ਹੋਏ ਬਾਬੇ ਦੇ ਉਪਰ ਡਿੱਗ ਕੇ ਜਾਰੋ ਜਾਰ ਰੋਣ ਲੱਗ ਪਏ ਸਨ।

ਮਾਸਟਰ ਮਹਿੰਦਰ ਸਿੰਘ ਦਾ ਘਰ ਤੇ ਵਿਹੜਾ ਸੋਗ ਵਿਚ ਡੁੱਬੇ ਲੋਕਾਂ ਨਾਲ ਭਰਿਆ ਹੋਇਆ ਸੀ। ਹਰੇਕ ਆਉਣ ਵਾਲਾ ਪਹਿਲਾਂ ਚਿੱਟੀ ਚਾਦਰ ਵਿਚ ਲਿਪਟੇ ਬਖਤੌਰ ਸਿੰਘ ਦਾ ਮੂੰਹ ਦੇਖਦਾ ਤੇ ਕਹਿੰਦਾ, "ਲੈ ਹੁਣ ਤਾਂ ਪਿੰਡ ਵਿਚ ਘੁੰਮਦਾ ਫਿਰਦਾ ਸੀ, ਚੰਗਾ ਭਲਾ ਆ।"

ਕਿਸੇ ਦੇ ਮੂੰਹੋਂ ਸੱਚ ਵੀ ਨਿਕਲ ਜਾਂਦਾ, "ਅੱਤ ਵੀ ਹੁਣ ਇਸਨੇ ਬਹੁਤ ਚੁੱਕੀ ਹੋਈ ਤੀ।"

ਇਸ ਪਾਸੇ ਬੁਢੀਆਂ ਔਰਤਾਂ ਗੋਲ ਚੱਕਰ ਵਿਚ ਖੜੀਆਂ ਪਿੱਟ ਰਹੀਆਂ ਤੇ ਵੈਣ ਪਾ ਰਹੀਆਂ ਸਨ। ਉਹ ਪਹਿਲਾਂ ਦੁਹੱਥੜਾ ਪੱਟਾਂ 'ਤੇ ਮਾਰਦੀਆਂ ਫੇਰ ਛਾਤੀ ਤੇ ਮਾਰਦੀਆਂ। ਮੰਗੋ ਬੁੜੀ ਵੈਣ ਪਾਉਂਦੀ-

ਬੁਢੜਾ ਬੈਠਾ ਕੁਰਸੀ ਡਾਹ ਕੇ ਹਾਇ ਹਾਇ ਬੁੱਢੜਾ ਚਲ ਵਸਿਆ।

ਦਵਿੰਦਰ ਨੱਸ ਭੱਜ ਕਰਕੇ ਦਾਹ ਸੰਸਕਾਰ ਦੀ ਤਿਆਰੀ ਕਰਵਾ ਰਿਹਾ ਸੀ। ਲਾਠੀ ਦੇ ਸਹਾਰੇ ਹੌਲੀ ਹੌਲੀ ਤੁਰ ਕੇ ਆਏ ਪੁਰੋਹਿਤ ਰਾਮ ਪ੍ਰਸ਼ਾਦ ਨੇ ਦੁਖ ਪ੍ਰਗਟ ਕੀਤਾ, "ਭਾਈਓ, ਬਖਤੌਰ ਸਿੰਘ ਬਹੁਤ ਗੁਣੀ, ਗਿਆਨੀ ਤਾ। ਹੁਣ ਦਿਨ ਛਿਪ ਗਿਆ। ਉਹਦਾ ਅੰਤਮ ਸੰਸਕਾਰ ਕੱਲ੍ਹ ਨੂੰ ਕੀਤਾ ਜਾਵੇਗਾ।"

ਮਲ੍ਹੀ ਨੇ ਪਿੰਟੂ ਕੋਲ ਆ ਕੇ ਕਿਹਾ, "ਪਿੰਟੂ ਅਕਵਿੰਦਰ ਆਕੀ ਦਾ ਫੋਨ ਆਇਆ ਹੋਇਆ ਕੱਲ੍ਹ ਨੂੰ ਬਾਬੇ ਬਖਤੌਰੇ ਦੇ ਅੰਤਮ ਸੰਸਕਾਰ ਤੇ ਉਹਨੂੰ ਬੁਲਾ ਲਵਾਂ।"

ਪਿੰਟੂ ਬੋਲਿਆ, "ਨਾਲੇ ਉਹ ਬਾਬੇ ਨੂੰ ਸਰਧਾਂਜਲੀ ਦੇ ਦੂਗੀ... ਪ੍ਰੇਮੀ ਜੋੜਿਆਂ ਵਲੋਂ !"

**ਪਤਾ: ਪਿੰਡ ਮਾਜਰੀ, ਡਾਕ. ਸਿਆਲਬਾ,**
**ਤਹਿ, ਖਰੜ, ਮੋਹਾਲੀ**
**ਮੋਬਾਇਲ 9888129977**

## ਕਹਾਣੀ / ਕਹਾਣੀ / ਗੋਵਰਧਨ ਗੱਬੀ

ਕਹਾਣੀ!

ਕਹਾਣੀ!!

ਕਹਾਣੀ!!!

ਦਿਮਾਗ 'ਚ ਬੜੇ ਦਿਨਾਂ ਤੋਂ ਉਥਲ ਪੁਥਲ ਮਚੀ ਹੋਈਐ ਜਾਂ ਪਤਾ ਨਹੀਂ ਕੁਝ ਹੋਰ ਐ ਜੋ ਲਗਾਤਾਰ ਜੜ੍ਹਾਂ ਫੈਲਾਅ ਰਿਐ। ਨਸੂਰ ਵਾਂਗ। ਰਿਸਦਾ ਹੋਇਆ।

ਸੰਪਾਦਕਾਂ ਦੇ ਲਗਾਤਾਰ ਸੁਨੇਹੇ ਆ ਰਹੇ ਨੇ ਕਿ ਜੇਕਰ ਕੋਈ ਲੱਛੇਦਾਰ ਕਹਾਣੀ ਲਿਖੀ ਐ ਤਾਂ ਭੇਜਾਂ।

ਹੁਣ ਜੇਕਰ ਕੋਈ ਕਹਾਣੀ ਨਹੀਂ ਸੁਝ ਰਹੀ ਤਾਂ ਮੈਂ ਕੀ ਕਰ ਸਕਦਾਂ। ਬਥੇਰੀ ਕੋਸ਼ਿਸ਼ ਕਰ ਰਿਹਾਂ ਕਿ ਕੁਝ ਲੱਭ ਜਾਏ ਪਰ ਸਭ ਬੇਕਾਰ। ਕੋਈ ਉਮੀਦ ਵੀ ਨਹੀਂ ਜੱਗ ਰਹੀ।ਵਾਰ ਵਾਰ ਇਕ ਡਰਾਵਣਾ ਜਾਨਵਰ ਨੁਮਾਂ ਸਾਯਾ, ਰੰਗ-ਰੂਪ ਬਦਲ ਕੇ ਮੇਰੇ ਸਾਹਮਣੇ ਤਾਂਡਵ ਨਾਚ ਕਰਦੈ। ਚਿੜਾਉਂਦੈ। ਦੰਦੀਆਂ ਕਢਦੈ। ਇਹ ਸ਼ਾਇਦ ਕਹਾਣੀ ਦਾ ਭੂਤ ਐ। ਅਣਜਨਮੀ ਕਹਾਣੀ ਦਾ ਭੂਤ।

ਕਦੇ ਕਦੇ ਲਗਦਾ ਐ ਦਿਮਾਗ ਵਿਚ ਖੁਸ਼ਕੀ ਆ ਗਈ ਐ। ਇਕ ਦਮ ਰੇਗਿਸਤਾਨ। ਅਜੀਬ ਕਿਸਮ ਦੀਆਂ ਆਵਾਜ਼ਾਂ।ਘੁਰੜ। ਘੁਰੜ। ਘੜੱਕ। ਘੜੱਕ। ਬੇਚੈਨੀ ਪੈਦਾ ਕਰਦੀਆਂ ਹੋਈਆਂ ਜਿਵੇਂ ਗਰੀਸ ਖਤਮ ਹੋਣ 'ਤੇ ਮਸ਼ੀਨ ਦੀਆਂ ਗਰਾਰੀਆਂ।

ਕਦੋਂ ਦੀ ਕੋਸ਼ਿਸ਼ ਕਰ ਰਿਹਾਂ ਕਿ ਕੋਈ ਨਵੀਂ ਕਹਾਣੀ ਲਿਖਾਂ ਪਰ ਮਨ ਹੀ ਨਹੀਂ ਟਿਕਦਾ।ਮਾਹੌਲ ਹੀ ਨਹੀਂ ਬਣਦਾ। ਦਿਮਾਗ ਇਕ ਦਮ ਕਿਰਿਆਹੀਣ। ਬੋਗਸ। ਪੱਥਰ।

ਕਦੇ ਕਦੇ ਕਿਸੇ ਘਟਨਾ ਉਪਰ ਦਿਮਾਗ ਇੰਜ ਬੈਠਦੈ ਜਿਵੇਂ ਕੋਈ ਕੁਕੜੀ ਆਂਡੇ ਉਪਰ।

ਕਈ ਵਾਰੀ ਲਗਦੈ ਕਿ ਇਸ ਵਾਰ ਅੰਡੇ ਵਿਚੋਂ ਚੂਚਾ ਜ਼ਰੂਰ ਨਿਕਲੇਗਾ। ਕੁਝ ਦਿਨਾਂ ਬਾਅਦ ਕੁਕੜ ਜਾਂ ਕੁਕੜੀ ਬਣ ਜਾਵੇਗਾ ਪਰ ਅਚਾਨਕ ਪਤਾ ਚਲਦੈ ਕਿ ਮੁਰਗੀ ਨੇ ਆਂਡਾ ਭੰਨ ਦਿੱਤੈ।ਉਹ ਵੀ ਆਪਣੀ ਹੀ ਚੁੰਝ ਨਾਲ। ਅਜੀਬ ਕਿਸਮ ਦੀ ਚਿਪ-ਚਿਪਾਹਟ ਜਿਹੀ ਮਹਿਸੂਸ ਹੁੰਦੀ ਹੈ। ਪਰ ਕਈ ਵਾਰ ਚੂਚਾ ਨਿਕਲ ਵੀ ਆਉਂਦੈ। ਨਿੱਕੀਆ ਨਿੱਕੀਆਂ ਖੰਭੜੀਆਂ ਫਰਫਰਾਉਂਦਾ ਤੇ ਟਪੂਸਣੀਆਂ ਮਾਰਦਾ ਹੋਇਆ। ਖਿਆਲੀ ਸਮੁੰਦਰ ਵਿਚ ਤਾਰੀਆਂ ਲਗਾਉਂਦਾ ਹੋਇਆ ਪਰ ਥੋੜੇ ਦਿਨਾਂ ਬਾਅਦ, ਜਿਵੇਂ ਹੀ ਚੂਚਾ ਕੁਕੜੀ ਕੋਲੋਂ ਦੂਰ ਹੁੰਦੈ ਕੋਈ ਮਾਸਖੋਰਾ ਜਨੌਰ ਆ ਦਬੋਚਦੈ। ਕਈ ਵਾਰ ਕੋਈ ਕੁੱਤਾ ਬਿੱਲਾ ਵੀ।

ਕਈ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਕਹਾਣੀ ਸ਼ੁਰੂ ਨਹੀਂ ਹੁੰਦੀ।ਮੁੱਠੀ ਵਿਚੋਂ ਫਿਸਲਦੀ ਚਲੀ ਜਾਂਦੀ ਐ ਤੇ ਮੈਂ ਹੱਥ ਮਲਦਾ ਰਹਿ ਜਾਨਾਂ। ਜਿਵੇਂ ਜਾਲ ਹੇਠੋਂ ਮੱਛੀਆਂ ਦੇ ਦੌੜ ਜਾਣ 'ਤੇ ਕੋਈ ਮਛੇਰਾ।

ਪਹਿਲਾਂ ਪਹਿਲਾਂ ਕਵਿਤਾ ਲਿਖੀ। ਦੋ ਕਾਵਿ ਸੰਗ੍ਰਹਿ ਛਪਵਾ ਵੀ ਲਏ ਪਰ ਲੋਕੀਂ ਕਹਿੰਦੇ ਕਵਿਤਾ ਵਿਚ ਦਮ ਨਹੀਂ ਐ।ਉਹਨਾਂ ਦੀ ਰਾਏ ਸੀ ਕਿ ਕਵਿਤਾ ਲਿਖਣ ਲਈ ਬੰਦੇ ਅੰਦਰ ਪਹਿਲੇ ਦਰਜੇ ਦੀ ਸੰਵੇਦਨਸ਼ੀਲਤਾ ਹੋਣੀ ਚਾਹੀਦੀ ਐ।

ਫਿਰ ਵੀ ਮੈਂ ਲੱਗਿਆ ਰਿਹਾ ਕੀਚ ਮੀਚ ਮਾਰਨ।ਢੀਠਾਂ ਵਾਂਗ।

ਕੁਝ ਦਿਨਾਂ ਬਾਅਦ ਹੀ ਸਮਝ ਆ ਗਈ ਕਿ ਮੇਰੇ ਅੰਦਰ ਵੀ ਪਹਿਲੇ ਦਰਜੇ ਵਾਲੀ ਕੋਈ ਗੱਲ ਨਹੀਂ ਐ। ਸਾਰਾ ਕੁਝ ਫਰਜ਼ੀ। ਨਕਲੀ। ਬਨਾਵਟੀ। ਬੇਸੁਆਦਾ। ਬਕਬਕਾ। ਫੌਕਾ ਤੇ ਫਿੱਕਾ ਹੈ।

ਕੁਝ ਯਾਰ ਬੇਲੀਆਂ ਨੇ ਵਖਰੀ ਹੀ ਸਲਾਹ ਦੇ ਮਾਰੀ ਕਿ ਸ਼ਰਾਰਤੀ ਲੇਖਕਾਂ ਨੂੰ ਕਹਾਣੀਆਂ ਤੇ ਨਾਵਲ ਲਿਖਣੇ ਚਾਹੀਦੇ ਨੇ। ਸੋ ਮੈਂ ਕਹਾਣੀਆਂ ਨੂੰ ਮੂੰਹ ਮਾਰਨ ਲੱਗਾ।

ਬਸ ਫਿਰ ਕੀ ਸੀ, ਦੂਸਰੇ ਤੀਸਰੇ ਦਿਨ ਊਟਪਟਾਂਗ ਕਹਾਣੀ ਨੁਮਾਂ ਲਿਖ ਮਾਰਦਾ।



ਆਪ ਹੀ ਪੜ੍ਹਦਾ। ਪੜ੍ਹਦਿਆਂ ਹੀ ਪਾੜ ਦਿੰਦਾ। ਇਕ ਦਮ ਬਕਵਾਸ ਲਗਦੀ। ਬੇ-ਸਿਰ ਪੈਰ।ਕਈ ਵਾਰ ਪਾਗਲਾਂ ਵਾਂਗ ਹੱਸੀ ਜਾਂਦਾ। ਆਪਣੇ ਆਪ 'ਤੇ ਗੁੱਸਾ ਵੀ ਆਉਂਦਾ ਕਿ ਕਿਹੋ ਜਿਹਾ ਲੇਖਕ ਹਾਂ, ਇਕ ਕਹਾਣੀ ਵੀ ਨਹੀਂ ਲਿਖ ਸਕਦਾ। ਹੋਰ ਕਿੱਦਾਂ ਲਿਖ ਲੈਂਦੇ ਐ। ਇਹੀ ਸੋਚ ਸੋਚ ਮੇਰਾ ਦਿਮਾਗ ਠੱਪ ਹੋ ਜਾਂਦਾ।

ਇਕ ਦਿਨ ਮੇਰੇ ਇਕ ਕਹਾਣੀਕਾਰ ਦੋਸਤ ਨੇ ਦੱਸਿਆ ਕਿ ਕਿਸੇ ਦਾਰੂ ਵਾਲੀ ਮਹਿਫਲ ਵਿਚ ਇਕ ਦੋਸਤ ਨੇ ਆਪਣੀਆਂ ਵਰ੍ਹਿਆਂ ਪੁਰਾਣੀਆਂ ਕੁਝ ਝੂਠੀਆਂ ਮੂਠੀਆਂ ਇਸ਼ਕੀਆ ਕਥਾਵਾਂ ਸੁਣਾਈਆਂ ਤੇ ਅਗਲੇ ਦਿਨ ਸ਼ਾਮ ਨੂੰ ਉਹ ਤਿੰਨ ਕਹਾਣੀਆਂ ਲਿਖ ਕੇ ਪੋਸਟ ਕਰ ਚੁੱਕਾ ਸੀ। ਜਿਹੜੀਆਂ ਬਹੁਤ ਹੀ ਜਲਦ ਛੱਪ ਵੀ ਗਈਆਂ। ਉਹ ਵੀ ਚੰਗੇ ਰਸਾਲਿਆਂ ਵਿਚ।

ਕਈ ਦੋਸਤ ਕਹਿੰਦੇ ਕਿ ਉਹ ਐਸ਼ ਟਰੇਅ, ਮਾਚਿਸ ਤੇ ਸਿਗਰਟ ਉਪਰ ਇਕ ਇਕ ਕਹਾਣੀ ਤਾਂ ਕੀ ਨਾਵਲ ਤਕ ਲਿਖ ਸਕਦੇ ਨੇ।

ਅਖ਼ੀਰ, ਕਾਫੀ ਮੁਸ਼ਕਤ ਤੋਂ ਬਾਅਦ ਪਹਿਲੀ ਵਾਰ ਮੇਰੇ ਕੋਲੋਂ ਕਹਾਣੀ ਵਰਗਾ ਕੁਝ ਲਿਖਿਆ ਗਿਆ। ਪਹਿਲਾਂ ਕੁਝ ਦਿਨ ਉਸਨੂੰ ਠੰਡੇ ਬਸਤੇ ਵਿਚ ਪਾ ਦਿੱਤਾ। ਦੋਬਾਰਾ ਆਪ ਹੀ ਪੜ੍ਹੀ। ਲੱਗਾ,ਕੁਝ ਗੱਲ ਬਣ ਗਈ ਐ।

ਰਚਨਾ, ਇਕ ਕਹਿੰਦੇ ਕੁਹਾਂਦੇ ਰਸਾਲੇ ਦੇ ਸੰਪਾਦਕ ਨੂੰ ਭੇਜੀ।

ਉਸਨੇ ਸੁਨੇਹਾ ਲਿਖ ਭੇਜਿਆ-ਰਚਨਾ ਪੜ੍ਹੀ ਐ, ਸਾਰਾ ਕੁਝ ਠੀਕ ਐ ਪਰ ਜਦੋਂ ਕਹਾਣੀ ਦਾ ਰੂਪ ਧਾਰਨ ਕਰਨ ਲੱਗੀ ਤਾਂ ਲਿਖਤ ਆਪਣੇ ਅੰਤ 'ਤੇ ਪਹੁੰਚ ਗਈ। ਗੱਲ ਬਣੀ ਨਹੀਂ। ਹੋਰ ਮਿਹਨਤ ਕਰੋ। ਸ਼ਾਇਦ ਕਦੇ ਬਣ ਜਾਏ। ਸੋ, ਵਾਪਸ ਭੇਜ ਰਿਹਾ ਹਾਂ।

ਸੁਨੇਹੇ ਵਾਲਾ ਖ਼ੱਤ ਬੜਾ ਖ਼ਤਰਨਾਕ ਲੱਗਾ। ਕਿਸੇ ਤਿਖੇ ਛੁਰੇ ਵਰਗਾ। ਕੁਝ ਦਿਨ ਨਿਮੋਝੂਣ ਜਿਹਾ ਰਿਹਾ।ਉਦਾਸ, ਜਿਵੇਂ ਕਿਸੇ ਦੀ ਧੀ-ਭੈਣ ਨਿੰਦੀ ਗਈ ਹੋਵੇ।

ਕੁਝ ਦਿਨਾਂ ਬਾਅਦ ਫਿਰ ਕੋਸ਼ਿਸ਼ ਕਰਨ ਲੱਗਾ।

ਇਸੇ ਦੌਰਾਨ ਕਿਸੇ ਰਸਾਲੇ ਵਿਚ ਇਕ ਮਸ਼ਹੂਰ ਤੇ ਬਜ਼ੁਰਗ ਲੇਖਕ ਦਾ ਸਵੈ-ਕਥਨ ਪੜ੍ਹਿਆ ਕਿ ਉਸਦੀਆਂ ਸ਼ੁਰੂਆਤੀ ਕਹਾਣੀਆਂ ਵੀ ਇਸੇ ਤਰ੍ਹਾਂ ਹੀ ਵਾਪਸ ਆਈਆਂ ਸਨ। ਬਾਅਦ ਵਿਚ ਉਹੀ ਕਹਾਣੀਆਂ ਉਸ ਤੋਂ ਖਾਸ ਤੌਰ 'ਤੇ ਮੰਗਵਾ ਕੇ ਛਾਪੀਆਂ ਗਈਆਂ। ਛਾਪੀਆਂ ਵੀ ਉਹਨਾਂ ਸੰਪਾਦਕਾਂ ਨੇ ਜਿਹਨਾਂ ਕਦੇ ਵਾਪਸ ਭੇਜੀਆਂ ਸਨ। ਮੈਨੂੰ ਲੱਗਿਆ ਕਿ ਵੱਡੇ ਵੱਡੇ ਲੇਖਕਾਂ ਨਾਲ ਇੰਝ ਦੀ ਹੀ ਸ਼ੁਰੂਆਤ ਹੁੰਦੀ ਐ। ਮੇਰੇ ਅੰਦਰ ਜੋਸ਼ ਉਬਾਲੇ ਲੈਣ ਲੱਗਾ। ਸ਼ੀਸ਼ੇ ਵਿਚ ਤੱਕਿਆ ਤਾਂ ਮੁਹਾਂਦਰਾ ਉੱਸੇ ਵੱਡੇ ਲੇਖਕ ਵਰਗਾ ਲੱਗਾ। ਮੁਛਕੜੀਆਂ ਵਿਚ ਮੁਸਕਰਾਇਆ। ਅੱਗੋਂ ਸ਼ੀਸ਼ਾ ਵੀ ਖੜਾਕਾ ਮਾਰ ਕੇ ਹੱਸਿਆ।

ਅਖੀਰ, ਕਹਾਣੀਆਂ ਰਸਾਲਿਆਂ ਵਿਚ ਛਪਣ ਲੱਗੀਆਂ। ਮੈਂ ਕਵਿਤਾ ਕੋਲੋਂ ਦੂਰ ਹੋਣ ਲੱਗਾ ਤੇ ਆਪਣੇ ਆਪ ਤੋਂ ਵੀ। ਇਕ ਰਸਾਲੇ ਦਾ ਸੰਪਾਦਕ ਮੇਰੀ ਹਰ ਕਹਾਣੀ ਵਾਪਸ ਭੇਜਦਾ ਰਿਹਾ । ਮੈਂ ਫਿਰ ਵੀ ਲੱਗਾ ਰਿਹਾ। ਕਹਾਣੀ ਲਿਖ ਕੇ ਪਹਿਲਾਂ ਉਸ ਨੂੰ ਹੀ ਭੇਜਦਾ। ਉਸ ਰਸਾਲੇ ਵਿਚ ਮੇਰੀ ਕੋਈ ਕਹਾਣੀ ਨਾ ਛਪੀ ਪਰ ਜਦੋਂ ਮੇਰੀ ਕਹਾਣੀਆਂ ਦੀ ਕਿਤਾਬ ਛਪ ਗਈ ਤਾਂ ਉਸੇ ਰਸਾਲੇ ਦੇ ਸੰਪਾਦਕ ਵੱਲੋਂ ਮੇਰੀ ਕਹਾਣੀ ਛਾਪਣ ਦਾ ਸਹਿਮਤੀ ਪੱਤਰ ਵੀ ਆ ਗਿਆ। ਮੇਰੇ ਉਪਰ ਕਹਾਣੀਕਾਰ ਦਾ ਠੱਪਾ ਲੱਗ ਗਿਆ।

ਕਿਤਾਬ ਦੀ ਘੁੰਡ ਚੁੱਕਾਈ ਕਰ ਦਿੱਤੀ ਗਈ।ਚਰਚਾ ਹੋਣ ਲੱਗੀ। ਆਲੋਚਕਾਂ ਤੇ ਬੁੱਧੀਜੀਵੀਆਂ ਨੇ ਪਰਚੇ ਲਿਖੇ ਤੇ ਪੜ੍ਹੇ।

ਹੁਣ ਜਿੰਮੇਵਾਰੀਆਂ ਹੋਰ ਵਧ ਗਈਆਂ। ਜਿਵੇਂ ਕਿ ਮੇਰੇ ਪਹਿਲੇ ਕਹਾਣੀ ਸੰਗ੍ਰਹਿ ਪੜ੍ਹਣ ਤੋਂ ਬਾਅਦ ਮੇਰੇ ਕੁਝ ਸੁਹਿਰਦਾਂ ਨੇ ਮੇਰੇ ਕੋਲੋਂ ਉਮੀਦ ਕੀਤੀ ਸੀ, ਮੈਂ ਵਧੀਆ ਤੇ ਮਜਬੂਤ ਕਹਾਣੀਆਂ ਲਿਖਣ ਦੀ ਵਿਉਂਤ ਬਣਾਉਣ ਲੱਗਾ।

ਕਈ ਵਾਰ ਕੰਪਿਊਟਰ ਅੱਗੇ ਬੈਠਾ। ਦਸ ਬਾਰਾਂ ਸਤਰਾਂ ਟਾਇਪ ਕਰ ਕੇ ਫੇਰ 'ਡਿਲੀਟ' ਵਾਲਾ ਬਟਨ ਦਬਾ ਦਿੰਦਾ।

ਪਹਿਲਾਂ ਜਦੋਂ ਕਈ ਸਾਲਾਂ ਤਕ ਮੇਰੀ ਕੋਈ ਕਿਤਾਬ ਨਹੀਂ ਆਈ ਸੀ ਤਦ ਵੀ ਮੇਰੇ ਮਨ 'ਤੇ ਉਦਾਸੀ ਛਾਈ ਰਹਿੰਦੀ ਸੀ ਕਿ ਮੇਰੀ ਕਿਤਾਬ ਕਿਉਂ ਨਹੀਂ ਛਪਦੀ।ਜਦੋਂ ਪਤਾ ਲਗਦਾ ਕਿ ਉਹ ਜਿਹੜਾ ਪੁਰਾਣਾ ਕਹਾਣੀਆਂ ਤੇ ਨਾਵਲਾਂ ਵਾਲਾ ਬਾਬਾ ਸੀ, ਜੋ ਮੇਰੇ ਕੋਲੋਂ ਉਮਰ ਵਿਚ ਦੋਗੁਣਾ ਸੀ, ਹਰ ਸਾਲ ਨਵੀਂ ਕਿਤਾਬ ਲਿਖ ਮਾਰਦਾ ਸੀ। ਉਹ ਭਾਵੇਂ ਵਖਰੀ ਗੱਲ ਐ ਕਿ ਜਿਹੜਾ ਮਿਲਿਆ ਜੁਲਿਆ ਸਾਹਿਤਕ ਚਾਰਾ, ਆਪਣੀ ਹਰ ਕਿਤਾਬ ਵਿਚ ਪਾਠਕਾਂ ਨੂੰ ਵੱਖ ਵੱਖ ਰੈਪਰਾਂ ਵਿਚ ਲਪੇਟ ਕੇ ਪਾਉਂਦਾ ਰਿਹੈ, ਉਸਦਾ ਸੁਆਦ ਕਈਆਂ ਸਾਲਾਂ ਤੀਕ ਇੱਕੋ ਜਿਹਾ ਰਿਹਾ। ਫੌਕਾ ਤੇ ਬਕਬਕਾ ਪਰ ਇਨਾਮ ਦੁਨੀਆਂ ਭਰ ਦੇ ਸਾਰੇ ਮਾਰ ਗਿਆ।

ਪਰ ਫੇਰ ਵੀ ਕਿਤਾਬ ਤਾਂ ਹਰ ਸਾਲ ਆ ਹੀ ਜਾਂਦੀ ਸੀ ਨਾ,ਉਧਰ ਮੈਂ ਕੀ ਕਰ ਰਿਹਾਂ? ਕਈ ਸਾਲਾਂ ਤੋਂ ਝੱਖ ਮਾਰ ਰਿਹਾਂ–ਇਹੀ ਸੋਚ ਕੇ ਆਪਣੇ ਆਪ ਨੂੰ ਕੋਸਦਾ।

ਮੇਰੇ ਉਪਰ ਕਹਾਣੀ ਕਿਉਂ ਨਹੀਂ ਮੇਹਰਬਾਨ ਹੋ ਰਹੀ ? ਮੈਂ ਇਸੇ ਭਾਰ ਹੇਠਾਂ ਦੱਬਿਆ ਹੋਇਆ ਸਾਂ ਕਿ ਇਕ ਦਿਨ ਅਚਾਨਕ ਸਾਡੇ ਮੁਹੱਲੇ ਵਿਚ ਇਕ ਨਵੀਂ ਵਿਆਹੀ ਨੂੰਹ ਨੇ ਗਲ ਫਾਹਾ ਲੈ ਕੇ ਜਾਨ ਗੁਆ ਲਈ।

ਮੈਨੂੰ ਗੁਆਚੀ ਕਹਾਣੀ ਦਾ ਧੁੰਧਲਾ ਧੁੰਧਲਾ ਅਕਸ ਵਿਖਾਈ ਦੇਣ ਲੱਗਾ।

ਆਂਢ ਗੁਆਂਢ ਤੇ ਘਰ ਦਿਆਂ ਕੋਲੋਂ ਉਸ ਨੂੰਹ ਦੇ ਫਾਹਾ ਲੈਣ ਬਾਰੇ ਜਾਣਕਾਰੀ ਹਾਸਲ ਕੀਤੀ। ਗੁਆਂਢੀ ਤੇ ਗੁਆਂਢਣ, ਦੋਨਾਂ ਦਾ ਦੂਸਰਾ ਵਿਆਹ ਸੀ।

ਬੱਚੇ ਦੀ ਸਪੁਰਦਗੀ ਨੂੰ ਲੈ ਕੇ, ਨੂੰਹ ਦਾ ਪਹਿਲੇ ਪਤੀ ਨਾਲ ਅਦਾਲਤ ਵਿਚ ਝਗੜਾ ਚੱਲ ਰਿਹਾ ਸੀ। ਉਹ ਕੇਸ ਹਾਰ ਗਈ। ਬੱਚਾ ਪਹਿਲੇ ਵਾਲਾ ਪਤੀ ਲੈ ਗਿਆ।

ਇਧਰ ਦੂਸਰਾ ਪਤੀ ਹੋਰ ਬੱਚਾ ਪੈਦਾ ਕਰਨ ਦੇ ਕਾਬਲ ਨਹੀਂ ਸੀ। ਨੂੰਹ ਸਦਮੇਂ ਨੂੰ ਸਹਾਰ ਨਾ ਸਕੀ। ਰਾਤ ਨੂੰ ਖਾ ਪੀ ਕੇ ਸਾਉਣ ਦੀ ਕੋਸ਼ਿਸ਼ ਕਰਨ ਲੱਗੀ। ਉਧਰ ਪਤੀ ਦੂਸਰੇ ਕਮਰੇ ਵਿਚ ਨਸ਼ੇ ਵਿਚ ਟੁੱਲ ਘੁਰਾੜੇ ਮਾਰਦਾ ਰਿਹਾ। ਨੂੰਹ ਦੇ ਦਿਲ ਵਿਚ ਪਤਾ ਨਹੀਂ ਕੀ ਆਇਆ ਕਿ ਚੁੰਨੀ ਦਾ ਫੰਦਾ ਬਣਾ ਆਪਣੇ ਗਲੇ ਨੂੰ ਚਾੜਿਆ ਤੇ ਚੱਲ ਮੇਰੇ ਭਾਈ ਆਪਣੀ ਜਾਨ ਗੁਆ ਲਈ।

ਇਸ ਜਾਣਕਾਰੀ ਤੋਂ ਬਾਅਦ ਮੈਂ ਸੋਚਾਂ ਕਿ ਇਸ ਘਟਨਾ ਉਪਰ ਕੀ ਲਿਖਾਂ? ਇਸ ਤਰ੍ਹਾਂ ਦੀਆਂ ਕਹਾਣੀਆਂ ਤੇ ਖ਼ਬਰਾਂ ਰੋਜ਼ ਪੜ੍ਹਣ, ਸੁਣਨ ਤੇ ਵੇਖਣ ਨੂੰ ਮਿਲਦੀਆਂ ਨੇ। ਮੈਂ ਇਸ ਵਿਸ਼ੇ 'ਤੇ ਕਿਹੜੀ ਵੱਡੀ ਮੱਲ ਮਾਰ ਲਵਾਂਗਾ। ਫਿਰ ਵੀ ਕਈ ਦਿਨ ਕੰਪਿਊਟਰ ਸਾਹਮਣੇਂ ਬੈਠਾ 'ਕੀ–ਬੋਰਡ' ਨੂੰ ਠੁੰਗੇ ਮਾਰਦਾ ਰਿਹਾ ਪਰ ਇਸ ਤੋਂ ਪਹਿਲਾਂ ਕਿ ਮੈਂ ਕੁਝ ਲਿਖ ਪਾਉਂਦਾ ਚਾਰ ਪੰਜ ਮਹੀਨਿਆਂ ਬਾਅਦ ਹੀ ਪਤਾ ਚਲਿਆ ਉਸ ਘਰ ਵਿਚ ਇਕ ਹੋਰ ਤਾਜ਼ੀ ਤੇ ਪਹਿਲੀ ਵਾਲੀ ਕੋਲੋਂ ਵੀ ਘੱਟ ਉਮਰ ਦੀ ਨਵੀਂ ਨੂੰਹ ਸੱਜ ਧੱਜ, ਲਾਲ ਚੂੜਾ ਪਾ ਕੇ ਇਧਰ ਉਧਰ ਘੁੰਮ ਰਹੀ ਸੀ।

ਹਾਰ ਕੇ ਇਕ ਦਿਨ ਮੈਂ ਕੰਪਿਊਟਰ ਉਪਰ ਕਹਾਣੀ ਵਾਲੀ 'ਫਾਇਲ' ਨੂੰ 'ਡਸਟ ਬਿਨ' ਵਿਚ ਸੁਟ ਦਿੱਤਾ। ਮੈਂ ਫਿਰ ਪਰੇਸ਼ਾਨ ਰਹਿਣ ਲੱਗਾ। ਕਹਾਣੀ ਲਿਖਾਂ ਤਾਂ ਕਾਹਦੇ ਉਪਰ, ਜਿਥੇ ਵੀ ਜਾਂਦਾ, ਚਾਹੇ ਕਿਸੇ ਦੇ ਘਰ ਵਿਆਹ ਹੋਵੇ ਤੇ ਭਾਵੇਂ ਕੋਈ ਮਰਗ ਪਰ ਮੇਰੀ ਨਜ਼ਰ ਕਹਾਣੀ ਖੋਜਣ ਵਿਚ ਹੀ ਰੁੱਝੀ ਰਹਿੰਦੀ। ਮੁਸ਼ੱਕਤ ਕਰਨ ਦੇ ਬਾਵਜੂਦ, ਕਹਾਣੀ ਵਾਲੀ ਖੋਤੀ ਭੌਂਅ ਚੌਂਅ ਕੇ ਮੁੜ ਖਾਲੀ ਦਿਮਾਗ ਦੇ ਬੋਹੜ ਹੇਠਾਂ ਆ ਖੜਦੀ। ਮੇਰੇ ਜ਼ਿਆਦਾ ਤਾੜਣਾ ਕਰਨ 'ਤੇ ਹੁਆਂਕਣ ਲੱਗ ਪੈਂਦੀ। ਏਧਰ ਓਧਰ ਟੀਟਣੇ ਮਾਰਦੀ ਭਜਦੀ ਫਿਰਦੀ। ਮੇਰੇ ਮੂੰਹ ਉਪਰ ਦੁਲੱਤੀਆਂ ਮਾਰਦੀ ਹੋਈ।



ਇਕ ਦਿਨ ਪਤਨੀ ਨੇ ਦੱਸਿਆ ਕਿ ਸਾਹਮਣੇ ਵਾਲੇ ਗੁਆਂਢੀਆਂ ਦੇ ਘਰ ਪੁਲਸ ਦੇ ਕੁਝ ਸਿਪਾਹੀ ਤਿੰਨ ਚਾਰ ਵਾਰ ਫੇਰਾ ਮਾਰ ਗਏ ਨੇ। ਉਹਨਾਂ ਨਾਲ ਇਕ ਸਪੈਹਣ ਵੀ ਆਉਂਦੀ ਐ। ਪੁਲਸ ਆਉਣ ਦਾ ਚੱਕਰ ਕੀ ਐ, ਇਸ ਦਾ ਪਤਾ ਉਸਨੂੰ ਨਹੀਂ ਲੱਗ ਪਾਇਆ ਸੀ।

ਸਾਡੇ ਗੁਆਂਢ ਵਿਚ ਇਕ ਔਰਤ ਪਿਛਲੇ ਤਿੰਨ ਚਾਰ ਸਾਲਾਂ ਤੋਂ ਕਿਰਾਏ 'ਤੇ ਰਹਿ ਰਹੀ ਸੀ।ਹੋਵੇਗੀ ਚੌਂਤੀ ਪੈਂਤੀ ਸਾਲਾਂ ਦੀ। ਉਸਦਾ ਇਕ ਮੁੰਡਾ ਐ। ਮੇਰੇ ਬੇਟੇ ਦੀ ਉਮਰ, ਇਹੋ ਕੋਈ ਦਸ ਬਾਰਾਂ ਸਾਲਾਂ ਦਾ।

ਗੁਆਂਢਣ ਦਾ ਕੱਦ ਕਾਠ ਗਠੀਲਾ, ਗੋਰਾ ਚਿੱਟਾ ਤੇ ਲੰਮਾ ਸਲੰਮਾ ਐ। ਸਰੀਰ ਇਕਹਿਰਾ। ਪਤਾ ਨਹੀਂ ਕਿਉਂ ਪਰ ਸਾਰਾ ਕੁਝ ਹੋਣ ਦੇ ਬਾਵਜੂਦ ਉਸ ਵਿਚ ਉਹ ਗੱਲ ਨਹੀਂ ਸੀ ਜਿਹੜੀ ਕਿ ਹੋਣੀ ਚਾਹੀਦੀ ਸੀ। ਉਸਨੂੰ ਮੁੜ ਮੁੜ ਕੇ ਵੇਖਣ ਵਾਲੀ ਗੱਲ ਕੋਈ ਨਹੀਂ ਸੀ। ਵੇਖ ਕੇ ਆਮ ਬੰਦਾ ਆਪਣੀ ਕਿਸਮਤ ਨੂੰ ਕੋਸ ਨਹੀਂ ਸਕਦਾ ਸੀ। ਮੈਂ ਵੀ ਕਦੇ ਉਸ ਬਾਰੇ ਨਹੀਂ ਸੋਚਿਆ। ਹਾਲਾਂਕਿ ਮੇਰੀ ਪਤਨੀ ਮੇਰੇ ਉਪਰ ਹਮੇਸ਼ਾ ਸ਼ੱਕੀ ਨਿਗ੍ਹਾ ਰੱਖਦੀ ਕਿ ਕਿਤੇ ਕੁਝ ਪੱਕ ਤਾਂ ਨਹੀਂ ਰਿਹਾ ਕਿਉਂਕਿ ਕਈ ਵਾਰ ਗੁਆਂਢਣ ਮੌਕਾ ਦੇਖ ਕੇ ਮੇਰੇ ਨਾਲ ਗੱਲਬਾਤ ਕਰ ਲੈਂਦੀ ਸੀ।

ਮਨ ਅੰਦਰ ਕਹਾਣੀ ਵਾਲੀ ਕੁਕੜੀ ਫਿਰ ਕੁੜ ਕੁੜ ਕਰਨ ਲੱਗ ਪਈ। ਲੱਗੇ, ਇਸ ਵਾਰ ਅੰਡੇ ਵਿਚੋਂ ਚੂਚਾ ਜ਼ਰੂਰ ਨਿਕਲੇਗਾ।ਕਾਂ, ਬਾਜ ਤੇ ਕੁੱਤੇ ਕੋਲੋਂ ਵੀ ਬਚੇਗਾ। ਇਕ ਦਿਨ ਕੁੱਕੜ ਜਾਂ ਕੁਕੜੀ ਬਣੇਗਾ ਹੀ ਬਣੇਗਾ।

ਮੈਂ ਖੁਸ਼ ਰਹਿਣ ਲੱਗਾ।ਦਿਮਾਗ ਅੰਦਰ ਕਹਾਣੀ ਦੀ ਉਨਤੀ ਬੁਣਤੀ ਉਸਲਵੱਟੇ ਲੈਣ ਲੱਗੀ।

"ਡੈਡੀ ! ਪੰਕਜ ਕਹਿੰਦਾ ਸੀ ਕਿਸੇ ਨਾਲ ਗੱਲ ਨਾ ਕਰੀਂ ਮੇਰੇ ਦੋ ਡੈਡੀ ਨੇ ...।" ਇਕ ਦਿਨ ਬਹੁਤ ਪੁਚਕਾਰਣ 'ਤੇ ਮੇਰੇ ਬੇਟੇ ਨੇ ਗੁਆਂਢਣ ਬਾਰੇ ਸੂਹ ਦਿੱਤੀ।

"ਆਹ ਜਿਹੜੀ ਗੁਆਂਢਣ ਐ,ਮੇਰਾ ਮਤਲਬ ਪੰਕਜ ਦੀ ਮੰਮੀ, ਇਸਦਾ ਕੀ ਹਿਸਾਬ ਕਿਤਾਬ ਐ? ਬੜੇ ਭਾਂਤ ਭਾਂਤ ਦੇ ਲੋਕ ਤੁਰੇ ਰਹਿੰਦੇ ਨੇ ਏਸਦੇ ਘਰ। ਜਨਾਨੀਆਂ ਵੀ ਬਹੁਤ ਨੇ ਇਸ ਘਰ ਵਿਚ।ਬੰਦੇ ਬਦਲ ਬਦਲ ਕੇ ਆਉਂਦੇ ਨੇ। ਕੀ ਐ ਇਹ ਸਾਰਾ ਕੁਝ ?" ਇਕ ਦਿਨ ਮੈਂ ਸੁਖਾਵਾਂ ਜਿਹਾ ਮਾਹੌਲ ਦੇਖ ਕੇ ਪਤਨੀ ਤੋਂ ਪੁੱਛ ਹੀ ਲਿਆ।

"ਕਿਉਂ ਹੁਣ ਉਸ ਉਪਰ ਕਹਾਣੀ ਲਿਖਣੀ ਐ? ਤੁਸੀਂ ਲੇਖਕ ਵੀ ਨ ਅਜੀਬ ਤਰ੍ਹਾਂ ਦੇ ਜੀਵ ਹੁੰਦੇ ਹੋ।ਆਪੇ ਹੀ ਚਾਟੀ ਵਿਚ ਲੱਸੀ ਪਾਉਂਦੇ ਹੋ।ਆਪ ਹੀ ਉਸ ਨੂੰ ਰਿੜਕਣਾ ਸ਼ੁਰੂ ਕਰ ਦਿੰਦੇ ਹੋ। ਫਿਰ ਉਸ ਵਿਚੋਂ ਮੱਖਣ ਆ ਜਾਣ ਦੀ ਉਮੀਦ ਕਰਦੇ ਹੋ ! ਇਕ ਘਰ ਤਾਂ ਡਾਇਣ ਵੀ ਛੱਡ ਦਿੰਦੀ ਐ, ਹੋਰ ਥੋੜੇ ਲੋਕ ਨੇ, ਉਹਨਾਂ ਉਪਰ ਲਿਖੋ ਨਾ ਕਹਾਣੀਆਂ ..?" ਪਤਨੀ ਨੇ ਨੱਕ ਚੜ੍ਹਾਉਂਦਿਆਂ ਕਿਹਾ।

"ਯਾਰ, ਅਸੀਂ ਭਲਾ ਕਹਾਣੀਆਂ ਹਵਾ ਵਿਚੋਂ ਫੜਣੀਆਂ ਹੁੰਦੀਆਂ ਨੇ? ਇਸੇ ਸਮਾਜ ਵਿਚੋਂ ਹੀ ਲਭਣੀਆਂ ਹੁੰਦੀਆਂ ਨੇ।" ਮੈਂ ਬੋਲਿਆ।

"ਪਰ ਇਹ ਕੀ ਮਤਲਬ ਹੋਇਆ ਕਿ ਦੋਸਤਾਂ ਮਿੱਤਰਾਂ ਉਪਰ ਹੀ ਕਹਾਣੀਆਂ ਲਿਖੀ ਜਾਓ। ਆਂਢ ਗੁਆਂਢ ਨੂੰ ਲਪੇਟੀ ਜਾਓ। ਬਾਕੀ ਸਮਾਜ ਕਿਤੇ ਮਰ ਗਿਐ।" ਪਤਨੀ ਕੁਝ ਤਲਖੀ 'ਚ ਬੋਲੀ।

"ਯਾਰ ਜੇ ਲੇਖਕ ਨੇ ਸੱਚ ਨਹੀਂ ਲਿਖਣਾ ਤਾਂ ਫਿਰ ਉਹ ਕਾਹਦਾ ਲੇਖਕ ਹੋਇਆ, ਲੇਖਕ ਤਾਂ ਸਮਾਜ ਨੂੰ ਉਸਦਾ ਆਇਨਾ ਵਿਖਾਉਂਦੇ ਨੇ, ਤੂੰ ਐਵੇਂ ਬੋਲੀ ਜਾਨੀਐਂ, ਪਲੀਜ਼ ਯਾਰ ਜੇ ਕੁਝ ਦਸ ਸਕਦੀਐਂ ਤਾਂ ਠੀਕ ਹੈ ਨਹੀਂ ਸ਼ਾਂਤ ਰੈ, ਐਵੇਂ ਸਿਰ ਨਾ ਖਾਹ।" ਮੈਂ ਕੁਝ ਆਕੜ ਕੇ ਬੋਲਿਆ।

"ਮੈਂ ਜਾਣਦੀ ਨ੍ਹੀਂ ਤੁਹਾਨੂੰ ਵੱਡਿਆਂ ਸਮਾਜ ਸੁਧਾਰਕਾਂ ਨੂੰ। ਤੁਹਾਡੇ ਵਿਚੋਂ ਹੀ ਇਕ ਬੁਧੀਜੀਵੀ ਇਕ ਪਾਸੇ ਤਾਂ ਭਰੂਣ ਹੱਤਿਆ ਵਿਰੋਧ ਕਿਸੇ ਮੁਹਿੰਮ ਦਾ ਪਰਧਾਨ ਬਣਿਆ ਫਿਰਦੈ ਪਰ ਆਪਣੀ ਹੀ ਕੁੜੀ ਦਾ ਜੰਮਦਿਆਂ ਹੀ ਗਲਾ ਘੋਟ ਦਿੰਦੈ। ਤੁਹਾਡੇ ਵਿਚੋਂ ਹੀ ਹੈ ਨ ਇਕ ਹੋਰ ਬੁਧੀਜੀਵੀ, ਵੱਡੇ ਵੱਡੇ ਇਨਾਮ ਘੋਟੀ ਬੈਠਾ ਹੈ ਪਰ ਆਪਣੀ ਜੁਆਨ ਕੁੜੀ ਨੂੰ ਇਸ ਕਰਕੇ ਮਰਵਾ ਦਿੱਤਾ ਕਿਉਂਕਿ ਉਹ ਕਿਸੇ ਨੀਵੀਂ ਜਾਤ

ਦੇ ਮੁੰਡੇ ਨੂੰ ਇਸ਼ਕ ਨਾਲ ਕਰ ਬੈਠੀ ਸੀ। ਲਾਹਨਤ ਹੈ ਤੁਹਾਡੇ ਵਰਗੇ ਲੇਖਕਾਂ ਉਪਰ।" ਪਤਨੀ ਲਗਾਤਾਰ ਬੋਲਦੀ ਗਈ।

'ਮੂਰਖ ਸੇ ਨਾ ਉਲਝੀਏ...' ਵਾਲੀ ਕਹਾਵਤ ਨੂੰ ਸਾਹਮਣੇ ਰੱਖਦਿਆਂ ਮੈਂ ਚੁਪ ਰਹਿਣਾ ਹੀ ਠੀਕ ਸਮਝਿਆ। ਕੁਝ ਦੇਰ ਹੋਰ ਬੁੜਬੁੜਾ ਕੇ ਉਹ ਚੁੱਪ ਕਰ ਗਈ।

ਉਹ ਤਾਂ ਚੁੱਪ ਹੋ ਗਈ ਪਰ ਮੇਰੇ ਅੰਦਰਲੇ ਕਹਾਣੀਕਾਰ ਨੂੰ ਸੱਚਮੁਚ ਕਹਾਣੀ ਵਾਲੇ ਜ਼ਹਿਰੀਲੇ ਕੀੜੇ ਨੇ ਡੰਗ ਲਿਆ। ਸੋਚਾਂ, ਕਹਾਣੀ ਤਾਂ ਸਮਝੋ ਲਿਖੀ ਗਈ।

ਗੁਆਂਢਣ ਨੇ ਅਠਾਰਾਂ ਸਾਲ ਦੀ ਉਮਰ ਵਿਚ ਹੀ ਘਰੋਂ ਦੌੜ ਕੇ ਵਿਆਹ ਕਰਵਾ ਲਿਆ ਸੀ। ਗ਼ੈਰ-ਜਾਤੀ ਹੀ ਨਹੀਂ ਸਗੋਂ ਗ਼ੈਰ-ਧਰਮ ਵਿਚ ਵਿਆਹ ਹੋਇਆ ਸੀ। ਮੁੰਡੇ ਦੇ ਮਾਪਿਆਂ ਨੇ ਨੂੰਹ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਕਿ ਗੁਆਂਢਣ ਨੇ ਪਤੀ 'ਤੇ ਅੱਡ ਰਹਿਣ ਲਈ ਜ਼ੋਰ ਪਾਇਆ। ਪਤੀ ਦੀ ਮਾਂ ਨੇ ਪੁਤਰ ਨੂੰ ਕਸਮ ਖਿਲਾ ਦਿੱਤੀ ਕਿ ਜੇਕਰ ਉਹ ਮਾਂ ਨੂੰ ਛੱਡ ਕੇ ਜਾਵੇਗਾ ਤਾਂ ਉਸਦਾ ਮਰਿਆ ਮੂੰਹ ਵੇਖੇਗਾ। ਪਤੀ ਨੇ ਪਤਨੀ ਨੂੰ ਆਪਣੀ ਮਜ਼ਬੂਰੀ ਦੱਸੀ। ਇੱਕਠੇ ਰਹਿਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਉਸਨੇ ਬੋਰੀ ਬਿਸਤਰਾ ਚੁੱਕਿਆ ਤੇ ਆਪਣੇ ਮਾਇਕੇ ਆ ਗਈ।

ਗੁਆਂਢਣ ਦਾ ਪਿਉ ਹੈ ਨਹੀਂ ਸੀ। ਦੋ ਵੱਡੇ ਭਰਾ ਪਹਿਲਾਂ ਹੀ ਵਿਦੇਸ਼ਾਂ ਵਿਚ ਸੈਟ ਹੋ ਚੁੱਕੇ ਸਨ। ਉਹ ਆਪਣੀ ਛੋਟੀ ਭੈਣ ਤੇ ਮਾਂ ਨਾਲ ਰਹਿਣ ਲਈ ਮਜ਼ਬੂਰ ਹੋ ਗਈ। ਇਸੇ ਦੌਰਾਨ ਪਤਾ ਚਲਿਆ ਕਿ ਉਸਦੇ ਪੈਰ ਭਾਰੀ ਹੋ ਗਏ ਨੇ।

ਪਤੀ ਨੂੰ ਪਤਾ ਚਲਿਆ। ਉਹ ਬੜਾ ਖੁਸ਼। ਪਤਨੀ ਨੂੰ ਸਾਂਝੇ ਘਰ ਵਿਚ ਰਹਿਣ ਲਈ ਮਨਾਇਆ ਪਰ ਉਸਨੇ ਇੱਕ ਨਾ ਮੰਨੀ।

ਰੁਸਣ ਤੇ ਮਨਾਉਣ ਦੇ ਚੱਕਰਾਂ ਵਿਚ ਪੰਕਜ ਪੈਦਾ ਹੋ ਗਿਆ ਪਰ ਸੱਸ ਦਾ ਦਿਲ ਨਹੀਂ ਪਸੀਜਿਆ। ਪਤੀ ਵਿਚਾਰਾ ਮਾਂ ਤੇ ਪਤਨੀ ਦੇ ਚੱਕਰਾਂ ਵਿਚ ਐਸਾ ਉਲਝਿਆ ਕਿ ਨਾ ਘਰਵਾਲੀ ਦਾ ਹੋ ਸਕਿਆ ਤੇ ਨਾ ਮਾਂ ਨੂੰ ਹੀ ਮਨਾ ਸਕਿਆ।

ਕੁਝ ਸਮੇਂ ਬਾਅਦ ਮਾਂ 'ਤੇ ਪੁੱਤਰ ਨੂੰ ਤਲਾਕ ਲੈਣ ਦਾ ਜ਼ੋਰ ਪਾਇਆ। ਇਸੇ ਦੌਰਾਨ, ਜਿਸ ਕੰਪਨੀ ਵਿਚ ਪਤੀ ਨੌਕਰੀ ਕਰਦਾ ਸੀ, ਉਹਨਾਂ ਨੇ ਉਸਨੂੰ ਇਕ ਪ੍ਰੋਜੈਕਟ ਵਾਸਤੇ ਵਿਦੇਸ਼ ਭੇਜ ਦਿੱਤਾ।

ਛੇ ਕੁ ਮਹੀਨੇ ਬਾਅਦ ਜਦੋਂ ਪਤੀ ਪਰਤਿਆ ਤਾਂ ਉਸ ਦੇ ਨਾਲ ਹੀ ਕੰਮ ਕਰਦੀ ਇਕ ਵਿਧਵਾ ਔਰਤ, ਉਸਦੇ ਦਿਲ ਵਿਚ ਆਪਣੀ ਜਗ੍ਹਾ ਬਣਾ ਚੁੱਕੀ ਸੀ।

ਨਤੀਜਾ ਇਹ ਕਿ ਉਸਨੇ ਗੁਆਂਢਣ ਨੂੰ ਤਲਾਕ ਵਾਸਤੇ ਨੋਟਿਸ ਭੇਜ ਦਿੱਤਾ।

ਗੁਆਂਢਣ ਨੇ ਤਲਾਕ ਦੇਣ ਤੋਂ ਮਨ੍ਹਾ ਕਰ ਦਿੱਤਾ।

ਕੇਸ ਲੰਮਾ ਪੈ ਗਿਆ। ਇਸੇ ਦੌਰਾਨ ਪਤੀ ਨੇ ਦੂਸਰੀ ਔਰਤ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਹ ਵੀ ਬਿਨਾ ਵਿਆਹ ਕਰਵਾਇਆਂ। ਇਕ ਦਿਨ ਚੋਰੀ ਫੜੀ ਗਈ। ਪੁਲਸ ਦੇ ਚੱਕਰ ਲਗਣਾ ਸ਼ੁਰੂ ਹੋ ਗਏ।

ਇਹ ਸਾਰਾ ਕੁਝ ਚਲਦਿਆਂ ਦਸ ਸਾਲ ਲੰਘ ਗਏ।

ਕਿਸੇ ਵਕੀਲ ਦੀ ਸਲਾਹ ਉਤੇ ਪਤੀ ਨੇ ਪੁਲਸ ਵਿਚ ਰਿਪੋਰਟ ਲਿਖਵਾ ਦਿੱਤੀ ਕਿ ਉਸਦੀ ਪਤਨੀ ਨੇ ਵੀ ਚੋਰੀ ਛੁਪੇ ਦੂਸਰਾ ਵਿਆਹ ਕਰਵਾਇਆ ਹੋਇਐ। ਇਸੇ ਚੱਕਰ ਵਿਚ ਪੁਲਸ ਗੁਆਂਢਣ ਦੇ ਘਰ ਚੱਕਰ ਮਾਰ ਰਹੀ ਸੀ।

ਮੈਂ ਕਹਾਣੀ ਲਿਖਣਾ ਵੀ ਸ਼ੁਰੂ ਕਰ ਦਿੱਤੀ। ਚਾਰ ਪੰਜ ਸਫੇ ਲਿਖ ਵੀ ਲਏ ਪਰ ਸਮਝ ਨਾ ਆਏ ਕਿ ਕਹਾਣੀ ਨੂੰ ਮੁਕਾਵਾਂ ਕਿਥੇ? ਜਦੋਂ ਕਹਾਣੀ ਦਿਮਾਗ ਵਿਚ ਉਸਲਵੱਟੇ ਲੈਣਾ ਸ਼ੁਰੂ ਕਰ ਦਿੰਦੀ ਐ ਤਾਂ ਉਹ ਦਿਮਾਗ ਵਿਚ ਘਰ ਬਣਾ ਕੇ ਬੈਠ ਜਾਂਦੀ ਐ। ਵੇਲੇ-ਕੁਵੇਲੇ, ਸ਼ਾਮ ਸਵੇਰੇ ਤੁਹਾਡੇ ਦਿਮਾਗ ਵਿਚ ਕੁੜ ਕੁੜ ਕਰਦੀ ਰਹਿੰਦੀ ਐ। ਬੇਚੈਨ ਕਰਦੀ ਹੋਈ।



ਇਸੇ ਕਹਾਣੀ ਦੇ ਚੱਕਰਾਂ ਵਿਚ ਪਿਆ ਹੋਇਆ,ਇਕ ਦਿਨ ਸਵੇਰੇ ਨਜ਼ਦੀਕ ਪੈਂਦੇ ਪਾਰਕ ਵਿਚ ਪਤਨੀ ਨਾਲ ਸੈਰ ਕਰਨ ਜਾ ਰਿਹਾ ਸਾਂ। ਗਰਮੀਆਂ ਦੇ ਦਿਨ ਸਨ। ਘੁਸਮੁਸਾ ਅਜੇ ਦੂਰ ਨਹੀਂ ਹੋਇਆ ਸੀ।

ਨੇੜੇ ਲਗਦੇ ਦੂਸਰੇ ਮੁਹੱਲੇ ਦੀ ਇਕ ਗਲੀ ਦੇ ਇਕ ਮੌੜ ਉਪਰ ਇਕ ਸਰਦਾਰ ਜੀ ਸਾਡੇ ਸਾਹਮਣੇ ਆ ਖੜੇ ਹੋਏ। ਉਮਰ ਹੋਵੇਗੀ ਚਾਲੀ ਸਾਲਾਂ ਦੇ ਨੇੜੇ ਤੇੜੇ। ਉਸਨੂੰ ਅਚਾਨਕ ਸਾਹਮਣੇ ਖੜੇ ਦੇਖ ਘਰਵਾਲੀ ਦੇ ਨਾਲ ਨਾਲ ਥੋੜਾ ਜਿਹਾ ਮੈਂ ਤ੍ਰਭਕ ਗਿਆ। ਮੈਂ ਸੋਚਿਆ ਕੋਈ ਚੋਰ ਉਚੱਕਾ ਹੀ ਨਾ ਹੋਵੇ। ਚੇਨੀ ਚੋਰਾਂ ਦਾ ਵੀ ਬਹੁਤ ਰੌਲਾ ਸੀ ਉਨ੍ਹੀਂ ਦਿਨੀਂ।

" ਭਾਜੀ ! ਤੁਸੀਂ ਮੇਰੀ ਘਰਵਾਲੀ ਨੂੰ ਵੇਖਿਆ ਕਿਤੇ?" ਉਸਨੇ ਅਚਾਨਕ ਪੁੱਛਿਆ।

"ਤੁਹਾਡੀ ਘਰਵਾਲੀ? ਭਾਜੀ ! ਅਸੀਂ ਨਾ ਤਾਂ ਤੁਹਾਨੂੰ ਜਾਣਦੇ ਹਾਂ ਤੇ ਨਾ ਹੀ ਤੁਹਾਡੀ ਘਰਵਾਲੀ ਨੂੰ ! ਤੁਸੀਂ ਕੌਣ ਹੋ?" ਇਕ ਦਮ ਸਾਹਮਣੇਂ ਖੜੇ, ਲਾਚਾਰ ਜਿਹੇ ਸਰਦਾਰ ਜੀ ਨੂੰ ਵੇਖ ਕੇ ਮੈਂ ਬੋਲਿਆ।

"ਭਾਜੀ, ਤੁਸੀਂ ਉਹ ਚੌਬਾਰੇ ਵਾਲੀ ਕੋਠੀ ਵਿਚ ਰਹਿੰਦੇ ਹੋ ਨਾ, ਮੈਂ ਕਈ ਵਾਰ ਵੇਖਿਆ ਐ, ਤੁਸੀਂ ਰੋਜ਼ ਸਵੇਰੇ ਸੈਰ ਨੂੰ ਜਾਂਦੇ ਹੋ, ਕੱਲ੍ਹ ਵੀ ਵੇਖਿਆ ਸੀ।" ਸਰਦਾਰ ਬੋਲਿਆ।

ਮੈਨੂੰ ਯਾਦ ਆਇਆ ਕਿ ਕੱਲ੍ਹ ਜਦੋਂ ਪਾਰਕ ਵਿਚ ਇਕ ਬੰਦਾ ਮੋਟਰ ਸਾਇਕਲ 'ਤੇ ਸਵੇਰੇ ਸਵੇਰੇ ਘੁੰਮ ਰਿਹਾ ਸੀ ਤਾਂ ਮੈਂ ਦਿਲ ਹੀ ਦਿਲ ਵਿਚ ਉਸਨੂੰ ਗਾਲ੍ਹਾਂ ਕੱਢੀਆਂ ਸਨ ਕਿ ਉਹ ਸਵੇਰੇ ਸਵੇਰੇ ਪਰਦੂਸ਼ਨ ਫੈਲਾਅ ਰਿਹਾ ਐ। ਔਰਤ ਨੂੰ ਵੀ ਰੋਜ਼ ਵੇਖਦੇ ਸਾਂ ਜੋ ਸੈਰ ਕਰਨ ਵੇਲੇ ਮੁਬਾਇਲ ਨੂੰ ਚਿੰਬੜੀ ਰਹਿੰਦੀ ਸੀ ਚੋਰ ਨਜ਼ਰਾਂ ਨਾਲ ਇਧਰ ਉਧਰ ਵੀ ਵੇਖਦੀ ਰਹਿੰਦੀ ਕਿ ਕੋਈ ਵੇਖ ਤਾਂ ਨਹੀਂ ਰਿਹਾ।

ਘਰਵਾਲੀ ਤਾਂ ਉਸਦੀ ਗਾਥਾ ਵਿਚ ਕੋਈ ਦਿਲਚਸਪੀ ਨਹੀਂ ਵਿਖਾ ਰਹੀ ਸੀ ਪਰ ਮੇਰੇ ਦਿਮਾਗ ਵਿਚ ਕਹਾਣੀ ਨੇ ਕੁੜ ਕੁੜ ਸ਼ੁਰੂ ਕਰ ਦਿੱਤਾ।

"ਹਾਂ, ਕੱਲ੍ਹ ਤਾਂ ਅਸੀਂ ਵੇਖਿਆ ਸੀ ਉਸਨੂੰ, ਮੋਟਰ ਸਾਇਕਲ 'ਤੇ ਸ਼ਾਇਦ ਤੁਸੀਂ ਹੀ ਸੀ?" ਮੈਂ ਕਹਾਣੀ ਦੀ ਮੁਢਲੀ ਜਾਣਕਾਰੀ ਲਈ ਸਰਦਾਰ ਦੀ ਗੱਲ ਨੂੰ ਪੱਕਿਆਇਆ।

"ਭਾਜੀ ! ਮੈਂ ਬੜੀ ਦੇਰ ਤੋਂ ਵੇਖਦਾ ਪਿਆ ਸਾਂ, ਘਰਵਾਲੀ ਸਵੇਰੇ ਚਾਰ ਵਜੇ ਗੁਰੂਦੁਆਰੇ ਜਾਊਗੀ, ਛੇ ਵਜੇ ਵਾਪਸ ਆਊਗੀ,ਪਹਿਲਾਂ ਤਾਂ ਮੈਂ ਸੋਚਿਆ ਕਿ ਚੰਗੀ ਗੱਲ ਐ, ਹੁਣ ਸ਼ਾਇਦ ਕੁਛ ਸੁਧਰਗੀ ਆ ਪਰ ਕੁੱਤੇ ਦੀ ਪੂਛ ਕਦੇ ਸਿੱਧੀ ਹੋਈ ਆ ਭਲਾ? ਉਹ ਸਾਲੀ ਫੇਰ ਆਪਣੇ ਯਾਰ ਨੂੰ ਮਿਲਣ ਜਾਂਦੀ ਆ, ਅੱਜ ਲੱਭ ਗਈ ਤਾਂ ਸਾਲੀ ਦੇ ਟੋਟੇ ਕਰ ਦਿਆਂਗਾ।" ਸਰਦਾਰ ਦੀ ਸ਼ਕਲ ਗੁੱਸੇ ਦੇ ਨਾਲ ਨਾਲ ਰੋਣਹੱਕੀ ਹੁੰਦੀ ਵੀ ਜਾ ਰਹੀ ਸੀ।

ਇਸ ਤੋਂ ਪਹਿਲਾਂ ਕਿ ਅਸੀਂ ਬੋਲਦੇ, ਇਕ ਗੋਲ ਮਟੋਲ ਜਿਹਾ ਸੱਤ-ਅੱਠ ਸਾਲ ਦੀ ਉਮਰ ਦਾ ਬੱਚਾ ਸਰਦਾਰ ਨੂੰ ਡੈਡੀ ਡੈਡੀ ਕਹਿੰਦਾ ਹੋਇਆ ਉਸਦੀਆਂ ਲੱਤਾਂ ਨੂੰ ਆ ਚਿਬੜਿਆ।

"ਇਹ ਤੁਹਾਡਾ ਬੇਟਾ ਐ?" ਬੱਚੇ ਨੂੰ ਵੇਖਦੇ ਸਾਰ ਹੀ ਮੇਰੀ ਘਰ ਵਾਲੀ ਅਚਾਨਕ ਬੋਲੀ।

"ਹਾਂ,ਭੈਣਜੀ ! ਪਰ ਤੁਸੀਂ ਕਿਦਾਂ ਜਾਣਦੇ ਹੋ?" ਸਰਦਾਰ ਨੇ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਪੁੱਛਿਆ।

"ਪਿੱਛੇ ਜਿਹੇ ਇਹ ਮੇਰੇ ਕੋਲ ਹੀ ਤਾਂ ਟਿਊਸ਼ਨ ਪੜ੍ਹਣ ਆਉਂਦਾ ਸੀ, ਦੋ ਮਹੀਨੇ ਹੀ ਪੜ੍ਹੀ ਸੀ, ਫਿਰ ਇਕ ਦਿਨ ਮੈਂ ਅਚਾਨਕ ਵੇਖਿਆ ਕਿ ਇਸਦੀ ਮੰਮੀ ਇਸਨੂੰ ਗੁਰਦੁਆਰੇ ਵਾਲੇ ਪਾਸੇ ਤੋਂ ਲੈ ਕੇ ਆ ਰਹੀ ਸੀ, ਮੈਂ ਇਸਦੀ ਮੰਮੀ ਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਇਸਨੂੰ ਗੁਰਦੁਆਰੇ ਨੇੜੇ ਰਹਿੰਦੇ ਕਿਸੇ ਮਾਸਟਰ ਕੋਲ ਟਿਊਸ਼ਨ ਰਖਵਾ ਦਿੱਤੀ ਐ।" ਘਰਵਾਲੀ ਲਗਾਤਾਰ ਬੋਲਦੀ ਗਈ।

"ਬਸ ਭੈਣਜੀ, ਆ ਗੁਰਦੁਆਰੇ ਦਾ ਤਾਂ ਬਹਾਨਾ ਹੀ ਐ, ਅਸਲ ਵਿਚ ਇਹ ਆਪਣੇ ਉਸੇ ਯਾਰ ਕੋਲ ਜਾਂਦੀ ਆ, ਪਹਿਲਾਂ ਬੱਚੇ ਨੂੰ ਟਿਊਸ਼ਨ ਪੜ੍ਹਾਉਣ ਦਾ ਬਹਾਨਾ ਲਗਾ ਕੇ ਜਾਂਦੀ ਸੀ,ਹੁਣ ਸਵੇਰੇ ਗੁਰਦੁਆਰੇ ਜਾਣ ਦੇ ਬਹਾਨੇ,ਉਸ ਕੋਲੋਂ ਪਿੱਛਾ ਛੁਡਾਣ ਦੇ ਚੱਕਰਾਂ ਵਿਚ ਹੀ ਉਸ ਮੁੱਹਲੇ ਤੋਂ ਇਧਰ ਸ਼ੀਫਟ ਕੀਤਾ ਸੀ, ਤਦ ਵੀ ਮੈਂ ਇਸਨੂੰ ਕੁੱਟਿਆ ਸੀ, ਏਸਨੇ ਮੁਆਫੀਆਂ ਮੰਗ ਲਈਆਂ ਸਨ ਕਿ ਹੁਣ ਨਹੀਂ ਅੱਗੇ

ਤੋਂ ਕੁਝ ਐਸਾ ਵੈਸਾ ਕਰਦੀ ਪਰ ਸਿਆਣੇ ਐਂਵੇ ਤਾਂ ਨਹੀਂ ਕਹਿੰਦੇ ਕਿ ਆਦਤਾਂ ਤਾਂ ਕਦੇ ਵੀ ਨਹੀਂ ਜਾਂਦੀਆਂ ਭਾਵੇਂ ਪੋਰੀਆਂ ਪੋਰੀਆਂ ਕਿਉਂ ਨਾ ਕੱਟ ਦਈਏ, ਅੱਜ ਤਾਂ ਮੈਂ ਏਸਨੂੰ ਵੱਢ ਦੇਣਾ, ਮੈਨੂੰ ਮਿਲੇ ਸਹੀ।" ਬੋਲਦੇ ਹੋਏ ਸਰਦਾਰ ਦਾ ਚਿਹਰਾ ਗੁੱਸੇ ਨਾਲ ਲਾਲ ਹੋਣ ਲੱਗਾ।

"ਸਰਦਾਰ ਜੀ, ਇਹ ਘਰ ਦਾ ਮਸਲਾ ਐ,ਇਸਨੂੰ ਘਰ ਬੈਠ ਕੇ ਸੁਝਾਉ,ਸਾਨੂੰ ਦੇਰ ਹੋ ਰਹੀ ਹੈ।" ਬੋਲਦੀ ਹੋਈ ਘਰਵਾਲੀ ਮੈਨੂੰ ਬਾਂਹ ਤੋਂ ਫੜ ਅੱਗੇ ਨੂੰ ਤੁਰ ਪਈ। ਮੈਂ ਦੋ ਤਿੰਨ ਵਾਰ ਮੁੜ ਕੇ ਵੇਖਿਆ ਤਾਂ ਸਰਦਾਰ ਉਥੇ ਹੀ ਬੁੱਤ ਬਣਿਆ ਹੋਇਆ ਸਾਡੇ ਵਲ ਝਾਕ ਰਿਹਾ ਸੀ।

ਉਸੇ ਵੇਲੇ ਮੇਰੇ ਦਿਮਾਗ ਅੰਦਰ ਗੁਆਂਢਣ ਵਾਲੀ ਕਹਾਣੀ ਫਿੱਕੀ ਪੈਣ ਲੱਗ ਪਈ ਤੇ ਸਰਦਾਰ ਵਾਲੀ ਕਹਾਣੀ ਭਾਰੂ ਹੋਣ ਲੱਗੀ।

ਅਜੇ ਦੋ ਤਿੰਨ ਦਿਨ ਹੀ ਬੀਤੇ ਸਨ। ਸ਼ਾਮ ਨੂੰ ਘਰ ਪਰਤਿਆ ਤਾਂ ਪਤਾ ਲੱਗਾ ਕਿ ਉਸ ਸਰਦਾਰ ਤੇ ਉਸਦੇ ਪਿਉ ਨੂੰ ਪੁਲਸ ਗ੍ਰਿਫਤਾਰ ਕਰਕੇ ਲੈ ਗਈ ਐ ਕਿਉਂਕਿ ਸਰਦਾਰ ਦੀ ਘਰਵਾਲੀ ਨੇ ਆਪਣੇ ਮਾਇਕੇ ਜਾ ਕੇ ਥਾਣੇ ਵਿਚ ਰਿਪੋਰਟ ਲਿਖਵਾ ਦਿੱਤੀ ਸੀ ਕਿ ਉਸਦਾ ਪਤੀ, ਸੱਸ ਤੇ ਸਹੁਰਾ ਉਸਨੂੰ ਦਹੇਜ ਘੱਟ ਲਿਆਉਣ ਵਾਸਤੇ ਰੋਜ਼ ਮਾਰਦੇ ਕੁਟਦੇ ਨੇ।

ਤਿੰਨ ਚਾਰ ਦਿਨ ਮੇਰੇ ਦਿਮਾਗ ਅੰਦਰ ਸਰਦਾਰ, ਉਸਦੀ ਪਤਨੀ ਤੇ ਗੁਰਦੁਆਰਾ ਸਾਹਬ ਘੁੰਮਦੇ ਰਹੇ ਉਹ ਅਣਦਿਠਾ ਪਾਤਰ ਵੀ ਘੁੰਮਦਾ ਰਿਹਾ ਜਿਸਨੂੰ ਮਿਲਣ ਵਾਸਤੇ ਉਸਦੀ ਪਤਨੀ ਜਾਂਦੀ ਸੀ।

ਇਕ ਦਿਨ ਸ਼ਾਮ ਨੂੰ ਮੈਂ ਉਸੇ ਸਰਦਾਰ ਤੇ ਸਰਦਾਰਨੀ ਉਪਰ ਕਹਾਣੀ ਲਿਖਣ ਦੀ ਸੋਚ ਵਿਚ ਡੁੱਬਾ, ਕੰਪਿਊਟਰ ਸਾਹਮਣੇ ਬੈਠਾ 'ਕੀ-ਬੋਰਡ' ਉਪਰ ਉਂਗਲਾਂ ਮਾਰਦਾ ਪਿਆ ਸਾਂ ਕਿ ਮੇਰੀ ਪਤਨੀ ਨੇ ਮੇਰੇ ਸਾਹਮਣੇਂ ਇਕ ਮੁਬਾਇਲ ਸੈਟ ਰੱਖਦਿਆਂ ਪੁੱਛਿਆ,"ਇਹ ਕਿਸਦੈ?"

ਮੈਂ ਸੈਟ ਨੂੰ ਗੌਰ ਨਾਲ ਦੇਖਿਆ ਪਰ ਇਹ ਫੋਨ ਸਾਡੇ ਘਰ ਦੇ ਕਿਸੇ ਜੀਅ ਦਾ ਨਹੀਂ ਸੀ।

"ਤੈਨੂੰ ਕਿਥੋਂ ਮਿਲਿਐ?" ਮੈਂ ਮੁਬਾਇਲ ਵਿਚ ਆਏ ਹੋਏ ਐਸ. ਐਮ. ਐਸ. ਪੜ੍ਹਦਿਆਂ ਪੁੱਛਿਆ।

"ਤੇਰੀ ਲਾਡੋ ਦੇ ਕਮਰੇ ਵਿਚੋਂ ਮਿਲਿਐ, ਛੁਪਾ ਕੇ ਰੱਖਿਆ ਹੋਇਆ ਸੀ ਉਸਨੇ। ਕਿਥੋਂ ਲਿਐ-ਮੈਂ ਪੁੱਛਿਆ ਸੀ ਉਸਨੂੰ,ਪਹਿਲਾਂ ਤਾਂ ਕਹਿੰਦੀ-ਮੇਰੀ ਕਿਸੇ ਸਹੇਲੀ ਦਾ ਹੈ, ਫਿਰ ਕਹਿੰਦੀ ਫਲਾਣੇ ਦਾ ਹੈ, ਢਿਮਕਾਣੇ ਦਾ ਹੈ, ਮਾਮੇ ਦੀ ਕੁੜੀ ਪੰਮੀ ਆਈ ਸੀ ਨ ਪਰਸੋਂ ਸ਼ਾਇਦ ਉਸਦਾ ਰਹਿ ਗਿਆ ਹੈ,ਜਦੋਂ ਮੈਂ ਦੱਬਕਾ ਮਾਰ ਕੇ ਪੁੱਛਿਆ ਕਿ ਇਸ ਉਪਰ ਤਾ ਮੈਸੇਜ਼ ਤੈਨੂੰ ਆਏ ਹੋਏ ਨੇ, ਮੈਨੂੰ ਦਸ ਦੇ ਨਹੀਂ ਤਾਂ ਤੇਰੇ ਡੈਡੀ ਨੂੰ ਦੱਸਾਂਗੀ ਤਾਂ ਡਰਦੀ ਮਾਰੀ ਕਹਿੰਦੀ-ਮੰਮੀ, ਪਲੀਜ਼ ਡੈਡੀ ਨੂੰ ਨਾ ਦੱਸਿਓ, ਉਹ ਮੈਨੂੰ ਮਾਰਨਗੇ, ਪਲੀਜ਼ ਮੰਮੀ,ਅਸਲ ਵਿਚ ਮੇਰੇ ਨਾਲ ਪੜ੍ਹਦੇ ਇਕ ਫਰੈਂਡ ਨੇ ਦੋ ਮਹੀਨੇ ਪਹਿਲਾਂ ਦਿੱਤਾ ਸੀ। ਕਹਿੰਦਾ ਸੀ ਗੱਲਾਂ ਕਰਿਆ ਕਰਾਂਗੇ। ਦੋ ਮਹੀਨੇ ਸੁਣ ਕੇ ਮੇਰੇ ਪੈਰਾਂ ਹੇਠੋਂ ਤਾਂ ਜ਼ਮੀਨ ਖਿਸਕ ਗਈ। ਮੈਂ ਵੀ ਸੋਚਦੀ ਸੀ ਇਹ ਕੁੜੀ ਸਵੇਰੇ ਦੇਰ ਨਾਲ ਕਿਉਂ ਉਠਦੀ ਐ। ਮੈਂ ਦੋ ਧੱਰੀਆਂ ਉਸਦੀਆਂ ਗੱਲ੍ਹਾਂ ਉਪਰ। ਅੱਗੋਂ ਕਹਿੰਦੀ- ਡੈਡੀ ਨੂੰ ਕਿਹਾ ਤਾਂ ਸੀ ਕਿ ਮੁਬਾਇਲ ਲੈ ਦਿਉ।ਕਹਿੰਦੇ ਸੀ ਪਲਸ ਟੂ ਪਾਸ ਕਰਲੈ ਪਹਿਲਾਂ। ਮੇਰੀਆਂ ਸਾਰੀਆਂ ਸਹੇਲੀਆਂ ਕੋਲ ਪਹਿਲਾਂ ਹੀ ਸਨ ਹੋਰ ਚਾੜੋ ਆਪਣੀ ਲਾਡੋ ਨੂੰ ਸਿਰ ਉਪਰ। ਮੈਂ ਤਾਂ ਪਹਿਲਾਂ ਹੀ ਕਹਿੰਦੀ ਸੀ, ਇਹ ਕੁੜੀ ਕੋਈ ਨਾ ਕੋਈ ਚੰਨ ਚੜ੍ਹਾਏਗੀ।" ਪਤਨੀ ਲਗਾਤਾਰ ਬੋਲਦੀ ਗਈ।

ਉਸਦੇ ਮੱਥੇ ਦੀਆਂ ਲਕੀਰਾਂ ਵੀ ਕੁਝ ਗੂੜ੍ਹੀਆਂ ਹੋ ਗਈਆਂ ਸਨ।

ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦਾ ਪਤਨੀ ਮੇਰੇ ਚਿਹਰੇ ਉਪਰ ਨਜ਼ਰਾਂ ਗੱਡਦੀ ਇਕ ਦਮ ਬੋਲੀ, " ਕਿੰਨੇ ਚਿਰਾਂ ਤੋਂ ਕਹਾਣੀ ਲਿਖਣ ਲਈ ਮਗ਼ਜ਼ ਮਾਰਦੇ ਫਿਰਦੇ ਸੀ ਤੁਸੀਂ...ਹੁਣ ਲਿਖੋ ਜੇ ਲਿਖ ਸਕਦੇ ਹੋ ਤਾਂ?"

ਆਲ੍ਹਣਾ, 433 ਫੇਜ਼ 9 ਮੁਹਾਲੀ, 9417173700(ਮ)



## ਕਹਾਣੀ / ਕਾਲ਼ਾ ਦਿਲ / ਸੁਰਜੀਤ ਬਰਾੜ

**1.**

ਕੰਸ ਕੌਰ ਬਾਹਵੀਂ ਪਾਸ ਕਰਨ ਤੋਂ ਬਾਦ ਅੱਗੇ ਨਾ ਪੜ੍ਹ ਸਕੀ। ਉਸ ਦੀ ਮਾਂ ਭਾਗਵੰਤੀ ਤਾਂ ਚਾਹੁੰਦੀ ਸੀ ਕੁੜੀ ਪੜ੍ਹਨ ਨੂੰ ਹੁਸ਼ਿਆਰ ਐ, ਆਪਾਂ ਏਹਨੂੰ ਹੋਰ ਪੜ੍ਹਾਈਏ। ਪਰ ਉਸਦੇ ਪਿਓ ਕਰਮ ਸਿੰਘ ਦੇ ਵਿਚਾਰ ਵੱਖਰੇ ਸਨ। ਨਹੀਂ ਵੇਲਾ ਮਾੜਾ ਐ, ਜਿੰਨਾ ਪੜ੍ਹਗੀ ਬਹੁਤ ਐ। ਏਹਨੂੰ ਤੂੰ ਕਪੜੇ ਸਿਉਣੇ ਸਿਖਾ, ਆਵਦੇ ਨਾਲ ਬਠਾਇਆ ਕਰ। ਮੁੰਡਾ ਪੜ੍ਹਾਵਾਂਗੇ ਜੇ ਪੜ੍ਹਿਆ ਨਹੀਂ ਤਾਂ ਆਪਣੇ ਕਿੱਤੇ 'ਚ ਹੀ ਲਾ ਦਿਆਂਗੇ। ਕੁੜੀ ਲਈ ਜਦ ਕੋਈ ਚੱਜ ਹਾਲ ਦਾ ਮੁੰਡਾ ਮਿਲ ਗਿਆ, ਵਿਆਹ ਕਰਕੇ ਸਿਰੋਂ ਭਾਰ ਲਾਹਵਾਂਗੇ। ਕਰਮ ਸਿੰਘ ਖ਼ੁਦ ਵੀ ਆਪਣੇ ਇਸ ਨਿੱਕੇ ਜਿਹੇ ਸ਼ਹਿਰ ਵਿੱਚ ਇਕ ਵੱਡੇ ਮੰਨੇ ਪ੍ਰਮੰਨੇ ਟੇਲਰ ਮਾਸਟਰ ਕੋਲ ਠੇਕੇ ਤੇ ਕਪੜੇ ਸਿਉਣ ਦਾ ਕਾਰਜ ਕਰਦਾ ਸੀ। ਔਰਤਾਂ ਦੇ ਕਪੜੇ ਉਹ ਘਰ ਲੈ ਆਉਂਦਾ। ਭਾਗਵੰਤੀ ਵੀ ਇਸ ਕਿੱਤੇ ਦੀ ਮਾਹਰ ਸੀ। ਉਹ ਵੀ ਘਰੇਲੂ ਕੰਮ ਕਾਜ ਤੋਂ ਵਿਹਲੀ ਹੋ ਕੇ ਸਾਰਾ ਦਿਨ ਕਪੜੇ ਸਿਉਂਦੀ। ਦੋਨੋਂ ਜੀ ਸਾਰਾ ਦਿਨ ਰੁੱਝੇ ਰਹਿੰਦੇ ਹੱਥ ਕਿਰਤ ਕਰਕੇ ਚੰਗੀ ਰੋਟੀ ਖਾਂਦੇ ਸਨ। ਮਸ਼ੀਨ ਹੀ ਉਨ੍ਹਾਂ ਦੀ ਜ਼ਮੀਨ ਜਾਇਦਾਦ ਸੀ। ਮਸ਼ੀਨ ਚਲਾ ਕੇ ਹੀ ਕਰਮ ਸਿੰਘ ਨੇ ਬੈਠਣ ਉੱਠਣ ਜੋਗਾ ਘਰ ਬਣਾ ਲਿਆ ਸੀ। ਮਿਹਨਤ ਮੁਸ਼ੱਕਤ ਨਾਲ ਹੀ ਕਰਮ ਸਿੰਘ ਨੇ ਘਰ 'ਚ ਵਰਤਣਯੋਗ ਸਭ ਚੀਜਾਂ ਬਣਾ ਲਈਆਂ ਸਨ। ਫ਼ਰਿੱਜ ਖਰੀਦਣ ਤੋਂ ਬਾਦ ਉਸਨੇ ਥੋੜ੍ਹਾ ਜਿਹਾ ਚੱਲਿਆ ਚੰਗੀ ਹਾਲਤ ਵਾਲਾ ਸੈਕੰਡ ਹੈਂਡ ਸਕੂਟਰ ਵੀ ਖਰੀਦ ਲਿਆ ਸੀ।

ਜ਼ਮਾਨਾਂ ਪੜ੍ਹਾਈ ਦਾ ਸੀ ਜਿਸ ਕਰਕੇ ਕਰਮ ਸਿੰਘ ਵੀ ਆਪਣੀ ਲੜਕੀ ਨੂੰ ਪੜ੍ਹਾਉਣ ਦੇ ਹੱਕ ਵਿੱਚ ਸੀ। ਕੰਸ ਕੌਰ ਪੜ੍ਹਨ ਨੂੰ ਵੀ ਆਮ ਕੁੜੀਆਂ ਤੋਂ ਕਿਤੇ ਚੰਗੀ ਸੀ। ਦਸਵੀਂ ਵਿਚੋਂ ਉਸਦੀ ਪਹਿਲੀ ਪੁਜੀਸ਼ਨ ਸੀ। ਗਿਆਰਵੀ 'ਚ ਵੀ ਉਸਦੀ ਕਾਰਗੁਜ਼ਾਰੀ ਵਧੀਆ ਸੀ। ਜਦ ਕੰਸ ਬਾਰਵੀਂ 'ਚ ਹੋਈ ਤਾਂ ਉਸਨੂੰ ਕੰਨਸੋਅ ਮਿਲੀ ਸੀ ਕਿ ਉਸ ਨਾਲ ਪੜ੍ਹਦਾ ਕਿਸੇ ਹੋਰ ਪਿੰਡ ਦਾ ਇਕ ਮੁੰਡਾ ਉਸਦਾ ਪਿੱਛਾ ਕਰਦੈ। ਸੁਣ ਕੇ ਕਰਮ ਸਿੰਘ ਧੁਰ ਅੰਦਰੋਂ ਹਲੂਣਿਆ ਗਿਆ ਸੀ। ਉਸਨੇ ਆਪਣੀ ਪਤਨੀ ਨਾਲ ਇਹ ਫ਼ਿਕਰ ਸਾਂਝਾ ਨਾ ਕੀਤਾ ਪਰ ਉਹ ਕੰਸ ਕੌਰ 'ਤੇ ਨਜ਼ਰ ਰੱਖਣ ਲੱਗ ਪਿਆ। ਜਦ ਛੁੱਟੀ ਦਾ ਵਕਤ ਹੁੰਦਾ ਤਾਂ ਉਹ ਸਕੂਟਰ ਚੁੱਕਦਾ, ਸਕੂਲ ਤੋਂ ਲੈ ਕੇ ਘਰ ਤੱਕ ਇਕ ਅੱਧਾ ਗੇੜਾ ਕੱਢਦਾ। ਕਦੇ ਕਦੇ ਸਕੂਲ ਵੀ ਹੋ ਆਉਂਦਾ। ਆਨੀਂ ਬਹਾਨੀਂ ਉਹ ਕੰਸ ਬਾਰੇ ਅਧਿਆਪਕਾਂ ਨੂੰ ਪੁੱਛਦਾ। ਅਧਿਆਪਕ ਤਾਂ ਕੰਸ ਕੌਰ ਨੂੰ ਸਲਾਹੁੰਦੇ ਨਾ ਥੱਕਦੇ ਪਰ ਉਸਦੀ ਤਸੱਲੀ ਨਾ ਹੁੰਦੀ। ਕਦੇ ਕਦੇ ਉਹ ਗੱਲਾਂ ਗੱਲਾਂ 'ਚ ਕੰਸ ਕੌਰ ਦੀਆਂ ਸਾਰੀਆਂ ਕਾਪੀਆਂ ਕਿਤਾਬਾਂ ਫਰੋਲ ਮਾਰਦਾ। ਕਰਮ ਸਿੰਘ ਨੂੰ ਕੋਈ ਚਿੰਨ੍ਹ ਐਸਾ ਨਾ ਮਿਲਦਾ ਜਿਸ ਕਾਰਨ ਉਹ ਉਸਨੂੰ ਪੜ੍ਹਨੋ ਹਟਾ ਸਕਦਾ ਜਾਂ ਝਿੜਕਾਂ ਮਾਰ ਸਕਦਾ ਇਸਦੇ ਬਾਵਜੂਦ ਕਰਮ ਸਿੰਘ ਨੂੰ ਹਮੇਸ਼ਾ ਸ਼ੱਕ ਰਹਿੰਦੀ। ਇਹ ਸੱਚ ਹੈ। ਜੇਕਰ ਕਿਸੇ ਬੰਦੇ ਨੂੰ ਇਕ ਵਾਰ ਸ਼ੱਕ ਹੋ ਜਾਵੇ ਤਾਂ ਫਿਰ ਉਸਦਾ ਸੁਭਾਅ ਹੀ ਸ਼ੱਕੀ ਬਣ ਜਾਂਦਾ ਹੈ। ਇਹੋ ਹਾਲ ਕਰਮ ਸਿੰਘ ਦਾ ਹੋ ਗਿਆ। ਬਾਰਵੀਂ ਕਰਨ ਤੋਂ ਬਾਅਦ ਇਸ ਸ਼ੱਕ ਕਾਰਨ ਹੀ ਕੰਸ ਕੋਰ ਨੂੰ ਹੋਰ ਅਗਾਂਹ ਪੜ੍ਹਨ ਦੀ ਇਜਾਜ਼ਤ ਨਾ ਦਿੱਤੀ। ਉਹ ਘਰੇ ਰਹਿੰਦੀ, ਮਾਂ ਨਾਲ ਕੰਮ ਕਰਵਾਉਂਦੀ, ਕਪੜੇ ਸਿਉਂਦੀ ਕਰਮ ਸਿੰਘ ਨੂੰ ਫਿਰ ਵੀ ਸ਼ੱਕ ਰਹਿੰਦਾ। ਉਹ ਕਹਿ ਕੇ ਭਾਵੇਂ ਕੁਝ ਨਾ ਸੁਣਾਉਂਦਾ ਪਰ ਸਾਰਾ ਦਿਨ ਕੰਸ ਤੇ ਨਜ਼ਰ ਰੱਖਦਾ। ਰਾਤ ਨੂੰ ਉਠ ਉਠ ਕੇ ਕਈ ਵਾਰ ਦੇਖਦਾ। ਅੰਦਰ ਬਾਹਰ ਲਾਈਟਾਂ ਜਗਾ ਕੇ ਕੁਸ਼ ਲੱਭਣ ਦੀ ਕੋਸ਼ਿਸ਼ ਕਰਦਾ। ਫਿਰ ਪਿਆ ਪਿਆ ਸੋਚਦਾ, ਵਹਿਮ ਵਹਿਮ ਹੋ ਗਿਐ ਕਰਮ ਸਿਆਂ ਤੈਨੂੰ। ਵਹਿਮ ਦਾ ਕੋਈ ਇਲਾਜ਼ ਨਾ ਹੁੰਦਾ। ਕੰਸ ਵੀ ਘਰੋਂ ਬਾਹਰ ਘੱਟ ਹੀ ਨਿਕਲਦੀ। ਕਿਸੇ ਕੰਮ ਧੰਦੇ ਭਾਵੇਂ ਉਹ ਆਂਢ ਗੁਆਂਢ ਚਲੀ ਜਾਂਦੀ। ਆਂਢ ਗੁਆਂਢ ਗਈ ਏਧਰ ਓਧਰ ਘਚਾਨੀ ਵੀ ਮਾਰ ਜਾਂਦੀ। ਕੰਸ ਕੌਰ ਜੇ ਚੋਰੀ ਦਾ ਗੁੜ

ਖਾਂਦੀ ਸੀ ਪਰ ਇਸ ਦਾ ਕਿਸੇ ਨੂੰ ਭੇਦ ਨਹੀਂ ਲੱਗਣ ਦਿੱਤਾ। ਹਰ ਸਮੇਂ ਬੋਚ ਬੋਚ ਪੱਬ ਧਰਦੀ।

ਕੰਸ ਕੌਰ ਨੂੰ ਪੜ੍ਹਨੋਂ ਹਟਿਆਂ ਲੱਗਭੱਗ ਸਾਲ ਤੋਂ ਉੱਪਰ ਹੋ ਗਿਆ ਸੀ ਜਦੋਂ ਕਰਮ ਸਿੰਘ ਨੇ ਆਪ ਹੀ ਨਹੀਂ ਸਗੋਂ ਸਾਰੇ ਪਰਿਵਾਰ ਨੂੰ ਦਮਦਮੀ ਟਕਸਾਲ ਵਾਲੇ ਸੰਤਾਂ ਤੋਂ ਅੰਮ੍ਰਿਤ ਛਕਾ ਦਿੱਤਾ ਸੀ। ਕਰਮ ਸਿੰਘ ਦਾ ਲੜਕਾ ਸਵੀਟਾ ਉਦੋਂ ਨਿਆਣਾ ਹੀ ਸੀ। ਉਸਨੂੰ ਰਹਿਤਾਂ ਅਤੇ ਸਖ਼ਤੀਆਂ ਓਪਰੀਆਂ ਲੱਗਦੀਆਂ ਸਨ। ਅੰਮ੍ਰਿਤ ਬਾਰੇ ਕੋਈ ਗਿਆਨ ਵੀ ਨਹੀਂ ਸੀ। ਸਵੀਟਾ ਵਿਰੋਧ ਵੀ ਨਾ ਕਰਦਾ। ਪਰ ਕੰਸ ਕੌਰ ਅੰਮ੍ਰਿਤ ਛਕਣਾ ਨਹੀਂ ਚਾਹੁੰਦੀ ਸੀ। ਪਰ ਕੀ ਕਰਦੀ, ਬੱਧੀ ਰੁੱਧੀ ਨੂੰ ਛਕਣਾ ਪਿਆ। ਅੰਮ੍ਰਿਤ ਨੂੰ ਬੋਝ ਸਮਝਦੀ। ਆਪਣੀ ਮੰਮੀ ਕੋਲ ਉਹ ਅਕਸਰ ਇਹ ਮੱਤ ਰੱਖਦੀ, "ਆਹ ਕਿਥੋਂ ਸਹੇੜ ਲਿਆ ਆਪਾਂ ਨਵਾਂ ਪੰਗਾ। ਦੱਸ ਭਲਾਂ ਏਹਦੀ ਕੀ ਲੋੜ ਸੀ?" ਪਰ ਭਾਗਵੰਤੀ ਉਸਨੂੰ ਕੌੜਦੀ ਅਤੇ ਸਮਝਾਉਂਦੀ, "ਕੁੜੀਏ! ਤੈਨੂੰ ਸ਼ਰਮ ਨੀਂ ਆਉਂਦੀ ਐਹੋ ਜੇਹੀਆਂ ਗੱਲਾਂ ਕਰਦੀ ਨੂੰ। ਅੰਮ੍ਰਿਤ ਦੀ ਬੇਅਦਬੀ ਕਰਦੀ ਐਂ। ਕਰਮਾਂ ਵਾਲੇ ਨੂੰ ਅਜਿਹਾ ਮੌਕਾ ਮਿਲਦੈ ਨਾਲੇ ਜੇ ਤੇਰੇ ਪਾਪੇ ਨੂੰ ਪਤਾ ਲੱਗ ਗਿਆ ਤਾਂ ਉਸਨੇ ਤੇਰਾ ਖਹਿੜਾ ਨਹੀਂ ਛੱਡਣਾ।" ਕੰਸ ਕੌਰ ਕਿਹੜਾ ਅਣਜਾਣ ਸੀ, ਉਹ ਆਪਣੇ ਪਾਪਾ ਦੇ ਪੁੱਠੇ ਅਤੇ ਅੜਬ ਸੁਭਾਅ ਬਾਰੇ ਸਭ ਜਾਣਦੀ ਸੀ, ਕੰਸ ਨੇ ਜੇ ਕਿਸੇ ਗੱਲ ਦਾ ਵਿਰੋਧ ਕਰਨਾ ਹੁੰਦਾ ਤਾਂ ਉਹ ਆਪਣਾ ਪੱਖ ਆਪਣੀ ਮਾਂ ਕੋਲ ਰੱਖਦੀ। ਪਾਪਾ ਨੂੰ ਕੁਝ ਨਾ ਕਹਿ ਸਕਦੀ। ਪਾਪਾ ਤੋਂ ਡਰਦੀ ਕੰਸ ਸਾਰੇ ਵਿਰੋਧ ਨੂੰ ਆਪਣੇ ਅੰਦਰੇ ਹੀ ਦਬਾਈ ਰੱਖਦੀ।

ਕਰਮ ਸਿੰਘ ਨੇ ਆਪਣਾ ਨਾਮ ਨਾਲ ਖਾਲਸਾ ਸ਼ਬਦ ਜੋੜ ਲਿਆ। ਖ਼ਾਲਸਾ ਕਰਮ ਸਿੰਘ। ਕਾਫ਼ੀ ਕੱਟੜ ਸਿੰਘਾਂ ਖਾਲਸਿਆਂ ਨਾਲ ਉਸਦੀ ਨੇੜਤਾ ਬਣ ਗਈ ਸੀ। ਉਦਾਂ ਉਸਦੀ ਜਾਣ ਪਹਿਚਾਣ ਵਿੱਚ ਵੀ ਕਾਫ਼ੀ ਵਾਧਾ ਹੋ ਗਿਆ ਸੀ। ਉਹ ਦੂਰ ਦੂਰ ਤੱਕ ਸੰਤਾਂ ਦੇ ਦੀਵਾਨਾਂ 'ਚ ਹਾਜ਼ਰੀ ਭਰਦਾ, ਸੰਤਾਂ ਦੇ ਵਿਖਿਆਨ ਸੁਣਦਾ। ਵਿਖਿਆਣਾਂ ਦਾ ਉਸ 'ਤੇ ਗਹਿਰਾ ਅਸਰ ਹੁੰਦਾ। ਉਹ ਰਹਿਣੀ ਬਹਿਣੀ 'ਚ ਦਿਨੋਂ ਦਿਨ ਕੱਟੜ ਹੋਈ ਜਾਂਦਾ। ਜੀਰਾ ਸ਼ਹਿਰ ਦੇ ਇਕ ਸਿੰਘ, ਖਾਲਸਾ ਭਗਤ ਸਿੰਘ ਨਾਲ ਉਸਦੀ ਕਾਫੀ ਨੇੜਤਾ ਹੋ ਗਈ। ਆਉਣੀ ਜਾਣੀ ਬਣ ਗਈ। ਉਹ ਕਰਮ ਸਿੰਘ ਦਾ ਜਾਤ ਭਾਈ ਵੀ ਸੀ। ਕਰਮ ਸਿੰਘ ਦਾ ਆਪਣਾ ਪਿੰਡ ਤਾਂ ਧਨੌਲਾ ਸੀ ਜੋ ਜ਼ੀਰੇ ਸ਼ਹਿਰ ਵਰਗਾ ਸੀ। ਕਰਮ ਸਿੰਘ ਅਤੇ ਖਾਲਸਾ ਭਗਤ ਸਿੰਘ ਮਹੀਨੇ ਕੁ ਬਾਦ ਜ਼ਰੂਰ ਇਕੱਠੇ ਹੁੰਦੇ। ਗੱਲਾਂ ਬਾਤਾਂ ਕਰਦੇ, ਕਦੇ ਨਿੱਜੀ ਕਦੇ ਧਰਮ ਕਰਨ ਦੀਆਂ। ਖਾਲਸਾ ਭਗਤ ਸਿੰਘ ਕਰਮ ਸਿੰਘ ਤੋਂ ਵੀ ਦੋ ਰੱਤੀਆਂ ਵਧੇਰੇ ਕੱਟੜ ਸਿੰਘ ਸੀ। ਕਿਸੇ ਨੂੰ ਆ ਖਾਂ ਕੁੱਤੀਏ ਨਹੀਂ ਕਹਿਣ ਦਿੰਦਾ ਸੀ। ਗੁਰੂ ਗੋਬਿੰਦ ਸਿੰਘ ਨੇ ਸ਼ਾਇਦ ਐਨੇ ਕੱਟੜ ਨਿਯਮ ਨਾ ਬਣਾਏ ਹੋਣ ਜਿੰਨੇ ਭਗਤ ਸਿੰਘ ਵਰਗੇ ਖਾਲਸਿਆਂ ਨੇ ਬਣਾ ਦਿੱਤੇ ਹਨ।

ਖਾਲਸਾ ਭਗਤ ਸਿੰਘ ਇਕ ਦਿਨ ਉਚੇਚੇ ਤੌਰ ਤੇ ਕਰਮ ਸਿੰਘ ਨੂੰ ਮਿਲਣ ਵਾਸਤੇ ਧਨੌਲੇ ਆਇਆ ਸੀ। ਗੁਰ ਫਤਿਹ ਤੋਂ ਬਾਅਦ ਇਕ ਦੂਜੇ ਦਾ ਹਾਲ ਚਾਲ ਪੁੱਛਿਆ, ਦੁੱਧ ਛਕਿਆ। ਕੁਝ ਸਮਾਂ ਮੋਗੇ ਹੋਏ ਦੀਵਾਨ ਦੀਆਂ ਗੱਲਾਂ ਕੀਤੀਆਂ। ਅਖੀਰ ਖਾਲਸਾ ਭਗਤ ਸਿੰਘ ਜਿਸ ਕੰਮ ਆਇਆ ਸੀ ਉਸ ਬਾਰੇ ਕਰਮ ਸਿੰਘ ਨੂੰ ਦੱਸਦਿਆਂ ਕਿਹਾ, "ਇਕ ਕੰਮ ਐ ਆਪਣੀ ਲੜਕੀ ਕੰਸ ਕੌਰ ਦੇ ਰਿਸ਼ਤੇ ਬਾਰੇ ਆਇਆ ਮੈਂ। ਦਸ ਪੜ੍ਹਿਆ ਐ ਮੁੰਡਾ। ਪੂਰਾ ਗੁਰ ਸਿੱਖ। ਸਾਊ ਸੋਹਣਾ ਕੁੜੀ ਵਰਗਾ। ਕੱਲਾ ਮੁੰਡਾ ਈ ਮੁੰਡਾ ਐ। ਲੜਕੀ ਸੀ, ਉਹ ਵਿਆਹੀ ਹੋਈ ਐ। ਆਪਣੇ ਵਾਂਗ ਸਾਰਾ ਪਰਿਵਾਰ ਅੰਮ੍ਰਿਤਸਰੀ ਐ। ਵਧੀਆ ਘਰ ਐ ਵਧੀਆ ਕੰਮ ਕਾਜ ਐ। ਮੁੰਡੇ ਦਾ ਪਾਪਾ ਦੁਕਾਨਦਾਰੀ ਕਰਦੈ ਜੀਰੇ ਸ਼ਹਿਰ 'ਚ ਹੀ। ਆਵਦੀ ਦੁਕਾਨ ਐ। ਟੌਪ ਦੀ ਕੋਠੀ ਐ। ਮੁੰਡਾ ਵੀ ਆਪਣੇ ਪਾਪਾ ਦਾ ਹੱਥ ਵਟਾਉਂਦਾ। ਆਪਣਾ ਹੀ ਜਾਤ ਭਾਈ ਆ। ਸਾਡੇ ਘਰ 'ਚੋਂ ਐ।" ਕਰਮ ਸਿੰਘ ਨਾਲ ਗਹੁ ਨਾਲ ਸੁਣੀ ਗਿਆ। ਉਹ ਖੁਦ ਵੀ ਕੰਸ ਲਈ ਕੋਈ ਵਰ ਲੱਭਦਾ ਫਿਰਦਾ ਸੀ ਪਰ ਉਸ ਨੂੰ ਕੋਈ ਦਰਜੀ ਪਰਿਵਾਰਾਂ 'ਚੋਂ ਅੰਮ੍ਰਿਤਧਾਰੀ ਮੁੰਡਾ ਮਿਲ ਨਹੀਂ ਰਿਹਾ ਸੀ। ਇਹ ਰਿਸ਼ਤਾ ਤਾਂ ਉਸ ਦੇ ਚਿੱਤ ਚੇਤੇ ਵਿੱਚ ਵੀ ਨਹੀਂ ਸੀ। ਕਰਮ ਸਿੰਘ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਉਹ ਅਜਿਹੇ ਰਿਸ਼ਤੇ ਦੀ



ਤਲਾਸ਼ ਵਿੱਚ ਸੀ, 'ਹਾਂ' ਕਹਿਣ ਤੋਂ ਪਹਿਲਾਂ ਉਸਨੂੰ ਇਕ ਹੋਰ ਗੱਲ ਔੜ ਪਈ, "ਕਿਤੇ ਦਾਜ ਦਹੇਜ ਤਾਂ ਨੀ ਮੰਗਣਗੇ।"

"ਨਹੀਂ ਨਹੀਂ ਖਾਲਸਾ ਜੀ ਏਹ ਕੀ ਗੱਲ ਕਰ ਤੀ। ਵਿਆਹ ਪੂਰਾ ਸਾਦਾ ਕਰਾਂਗੇ। ਪਰ ਕਰਾਂਗੇ ਪੂਰੀ ਰਹਿਤ ਮਰਯਾਦਾ ਅਨੁਸਾਰ। ਇਹ ਤੂੰ ਕੋਈ ਫ਼ਿਕਰ ਨਾ ਕਰ ਏਹ ਤਾਂ ਮੇਰੇ ਤੇ ਛੱਡ ਤੂੰ।" ਖਾਲਸਾ ਭਗਤ ਸਿੰਘ ਨੇ ਉਸਨੂੰ ਪੂਰਾ ਵਿਸ਼ਵਾਸ਼ ਬੰਨ੍ਹਾ ਦਿੱਤਾ।

ਕਰਮ ਸਿੰਘ ਅਗਲੇ ਦਿਨ ਹੀ ਖਾਲਸੇ ਨਾਲ ਜੀਰੇ ਚਲਾ ਗਿਆ। ਅਜਿਹੇ ਰਿਸ਼ਤੇ ਦੀ ਗੱਲ ਸੁਣ ਕੇ ਉਸਦੇ ਪੈਰਾਂ ਹੇਠ ਅੱਗ ਮੱਚਣ ਲੱਗ ਪਈ। ਕਰਮ ਸਿੰਘ ਨੇ ਜਦ ਭਾਈ ਰਣਧੀਰ ਸਿੰਘ ਦਾ ਕੰਮ ਕਾਜ ਦੇਖਿਆ ਕੋਠੀ ਵੇਖੀ ਤਾਂ ਉਹ ਹੈਰਾਨ ਹੋਏ ਬਿਨਾ ਨਾ ਰਹਿ ਸਕਿਆ। ਲੋੜੋਂ ਵੱਧ ਪ੍ਰਭਾਵਿਤ ਹੋਇਆ। ਸਾਰਾ ਪਰਿਵਾਰ ਅੰਮ੍ਰਿਤਧਾਰੀ ਸੀ। ਮੁੰਡਾ ਗੁਰਮੁਖਜੀਤ ਜਿਵੇਂ ਦੱਸਿਆ ਸੀ ਉਸਤੋਂ ਦੋ ਰੱਤੀਆਂ ਵੱਧ ਸੀ। ਉਹ ਭਾਈ ਰਣਧੀਰ ਦੇ ਵਿਚਾਰਾਂ ਨੂੰ ਸੁਣ ਕੇ ਦੰਗ ਰਹਿ ਗਿਆ,ਉਸਦੇ ਸੰਤਾਂ ਵਰਗੇ ਪ੍ਰਵਚਨ ਸਨ। ਕਰਮ ਸਿੰਘ ਅਜਿਹੇ ਰਿਸ਼ਤੇ ਨੂੰ ਕਿਸੇ ਵੀ ਕੀਮਤ ਤੇ ਹੱਥੋਂ ਜਾਣ ਨਹੀਂ ਦੇਣਾ ਚਾਹੁੰਦਾ ਸੀ। ਉਹ ਉਹਨਾਂ ਦੀ ਕੋਠੀ ਵਿੱਚ ਬੈਠਾ ਬੈਠਾ ਸੋਚ ਰਿਹਾ ਸੀ। ਐਹੋ ਜੇਹਾ ਰਿਸ਼ਤਾ ਤਾਂ ਲੱਖਾਂ ਖਰਚ ਕੇ ਵੀ ਨਹੀਂ ਮਿਲਦਾ। ਕਰਮ ਸਿਆਂ ਏਹ ਰਿਸ਼ਤਾ ਤਾਂ ਰੱਬ ਨੇ ਛੱਤ ਪਾੜ ਕੇ ਦਿੱਤੈ। ਹੁਣ ਤੂੰ ਪਾਧਾ ਨਾ ਪੁੱਛ।

ਅਗਲੇ ਦਿਨ ਹੀ ਬਰਨਾਲੇ ਕੁੜੀ ਦਿਖਾਉਣ ਦੀ ਗੱਲ ਤਹਿ ਹੋ ਗਈ। ਹੰਢਾਇਆ ਚੌਂਕ ਦੇ ਹੋਟਲ ਵਿੱਚ ਅਗਲਿਆਂ ਨੇ ਆਉਣਾ ਸੀ। ਕਰਮ ਸਿੰਘ ਅਤੇ ਉਸਦੀ ਪਤਨੀ ਕੰਸ ਕੌਰ ਨੂੰ ਲੈ ਕੇ ਅੱਧਾ ਘੰਟਾ ਪਹਿਲਾਂ ਹੀ ਮਿੱਥੀ ਥਾਂ ਤੇ ਪੁੱਜ ਗਏ ਸਨ। ਭਾਈ ਰਣਧੀਰ ਸਿੰਘ, ਉਸਦੀ ਪਤਨੀ, ਗੁਰਮੁਖਜੀਤ ਅਤੇ ਉਨ੍ਹਾਂ ਦੀ ਵਿਆਹੀ ਵਰੀ ਲੜਕੀ ਹਰਮਨਜੀਤ ਹੁਰੀਂ ਵੀ ਵਕਤ ਸਿਰ ਪੁੱਜ ਗਏ। ਨਾਲ ਖਾਲਸਾ ਭਗਤ ਸਿੰਘ ਵੀ ਸੀ। ਕੰਸ ਕੌਰ ਵੀ ਗੁਰਮੁਖਜੀਤ ਤੋਂ ਘੱਟ ਸੋਹਣੀ ਨਹੀਂ ਸੀ। ਭਰ ਜੁਆਨ ਚੰਗੇ ਕੱਦ ਕਾਠ ਵਾਲੀ, ਸੋਹਣੀ ਸਨੁੱਖੀ ਨੌਜਵਾਨ ਕੁੜੀ ਨੂੰ ਦੇਖ ਕੇ ਕੋਈ ਛੱਡ ਹੀ ਨਹੀਂ ਸਕਦਾ ਸੀ। ਦੋਨਾਂ ਪਰਿਵਾਰਾਂ ਨੂੰ ਰਿਸ਼ਤਾ ਮਨਜ਼ੂਰ ਸੀ। ਸ਼ਗਨ ਪਾ ਦਿੱਤੇ ਗਏ। ਸਾਰੇ ਖੁਸ਼ ਸਨ। ਇਕ ਦੂਜੇ ਨੂੰ ਵਧਾਈਆਂ ਦਿੱਤੀਆਂ ਅਤੇ ਲਈਆਂ।

ਕੰਸ ਅਤੇ ਗੁਰਮੁਖਜੀਤ ਦਾ ਵਿਆਹ ਮਿਸਾਲੀ ਸੀ ਬਿਨਾ ਦਾਜ ਦਹੇਜ ਦੇ। ਇਸ ਵਿਆਹ ਦੀ ਪਿੰਡ ਵਿੱਚ ਮਹਿਮਾ ਹੋਈ, ਚਰਚਾ ਹੋਈ। ਇਸ ਤੋਂ ਵੱਡਾ ਨਮੂਨੇ ਦਾ ਵਿਆਹ ਅਸੰਭਵ ਸੀ। ਕਰਮ ਸਿੰਘ ਭਾਵੇਂ ਅੰਮ੍ਰਿਤਧਾਰੀ ਪੂਰਾ ਸਿੰਘ ਸੀ ਪਰ ਉਸਦੇ ਅੰਦਰ ਇਕ ਹੋਰ ਕਰਮ ਸਿੰਘ ਵੀ ਰਹਿੰਦਾ ਸੀ। ਉਹ ਇਸ ਵਿਆਹ ਕਾਰਨ ਆਪਣੇ ਆਪ ਨਾਲ ਸੰਵਾਦ ਰਚਾਉਂਦਾ, "ਦੇਖਿਆ ਕਰਮ ਸਿਆਂ ਸੱਜਣ ਦਾ ਮਿਲ ਗਿਆ ਨਾ ਫ਼ਲ। ਕੰਸ ਲਈ ਕਿੱਡਾ ਵੱਡਾ ਘਰ ਮਿਲਿਐ। ਬੱਲੇ ਬੱਲੇ ਹੋ 'ਗੀ, ਛਿੱਤਰ ਨਾਲ ਘੁੱਗੀ ਕੁੱਟ 'ਲੀ। ਜੇ ਤੂੰ ਐਹੋ ਜਿਹਾ ਘਰ ਲੱਭਦਾ, ਕਿਧਰੇ ਹੋਰ ਤਾਂ ਅਗਲਿਆਂ ਤੇਰੀਆਂ ਘੀਸੀਆਂ ਕਰਾ ਦੇਣੀਆਂ ਸੀ। ਉਏ ਕਰਮ ਸਿਆਂ, ਸਿੰਘ ਸਜਣ ਦਾ ਹੋਰ ਵੀ ਫਾਇਦਾ ਹੋਇਆ, ਕਿੱਥੇ ਲੋਕ ਛੀਂਬਾ ਕਹਿੰਦੇ ਸੀ, ਛੀਂਬਾ ਵੀ ਨਹੀਂ ਕੁੱਤੀ ਛੀਂਬੌੜ-ਹੁਣ ਉਹੀ ਲੋਕ ਖਾਲਸਾ ਕਹਿ ਕੇ ਬੁਲਾਉਂਦੇ ਐ। ਦੂਰੋਂ ਨੇੜਿਓਂ ਘਰ 'ਚ ਸਿੰਘ ਆਉਣ ਨਾਲ ਪਿੰਡ ਦੇ ਲੋਕਾਂ 'ਚ ਤੇਰੀ ਪੂਰੀ ਪੈਂਠ ਬਣ ਗਈ ਆ। ਉਏ ਕਰਮ ਸਿਆਂ। ਜਦ ਖਾਲਸਤਾਨ ਬਣ ਗਿਆ ਫਿਰ ਦੇਖੀਂ ਤੂੰ ਕਿਮੇਂ ਤੇਰੇ ਅਰਗੇ ਹੇਠੋਂ ਉੱਤੇ ਜਾਂਦਾ ਅੱਜ ਨੀਂ ਤਾਂ ਕੱਲ੍ਹ ਖਾਲਸਤਾਨ ਬਣ ਈ ਜਾਣੈ। ਲਹਿਰ ਤਾਂ ਭਿੰਡਰਾ ਵਾਲੇ ਨੇ ਸਿਰੇ ਤੱਕ ਪਹੁੰਚਾ ਦਿੱਤੀ ਐ। ਇਹ ਮਿੱਥਾਂ ਅਤੇ ਭੁਲੇਖੇ ਕਰਮ ਸਿੰਘ ਵਰਗੇ ਆਮ ਲੋਕਾਂ ਦੇ ਸਿਰਜੇ ਹੋਏ ਸਨ।

ਪਰ ਕੰਸ ਕੌਰ ਇਸ ਵਿਆਹ ਤੋਂ ਨਾ ਖੁਸ਼ ਸੀ। ਉਹ ਆਪਣੇ ਪਹਿਲੇ ਪਿਆਰ ਨੂੰ ਕਿਸੇ ਵੀ ਕੀਮਤ ਤੇ ਤਿਲਾਂਜਲੀ ਦੇਣਾ ਗੁਨਾਹ ਸਮਝਦੀ ਸੀ। ਕੰਸ ਨੇ ਤਾਂ ਆਪਣੇ ਪ੍ਰੇਮੀ ਨਾਲ ਜੀਣ ਮਰਨ ਦੀਆਂ ਕਸਮਾਂ

ਖਾਧੀਆਂ ਸਨ। ਉਸ ਨਾਲ ਸਰੀਰਕ ਸਬੰਧ ਵੀ ਸਨ। ਦੂਜੀ ਗੱਲ ਇਹ ਵੀ ਸੀ ਕਿ ਉਸਨੂੰ ਵਿਆਹ ਤੋਂ ਬਾਅਦ ਸਿਰ ਤੇ ਜੂੜਾ ਕਰਕੇ ਪਟਕਾ ਨੁਮਾ ਪੱਗ ਜਿਹੀ ਬੰਨ੍ਹਣ ਲਈ ਮਜਬੂਰ ਕੀਤਾ ਗਿਆ। ਪਟਕਾ ਬੰਨ੍ਹਣ ਲਈ ਉਹ ਤਿਆਰ ਨਹੀਂ ਸੀ। ਉਹ ਔਰਤ ਤੋਂ ਮਰਦ ਨਹੀਂ ਬਣਨਾ ਚਾਹੁੰਦੀ ਸੀ। ਪਟਕਾਧਾਰੀ ਹੋ ਕੇ ਤਾਂ ਆਪਣੀ ਫਿੱਗਰ ਖਰਾਬ ਕਰਨ ਵਾਲੀ ਗੱਲ ਸੀ ਪਰ ਮਜਬੂਰੀ -ਮਜਬੂਰੀ ਵੱਸ ਉਸਨੂੰ ਪਟਕਾ ਬੰਨ੍ਹਣਾ ਪਿਆ, ਨਹੀਂ ਤਾਂ ਘਰ ਵਿੱਚ ਤਲਖ਼ ਕਲਾਮੀ ਵਧਣੀ ਸੀ, ਕਲੇਸ਼ ਪੈਣਾ ਸੀ। ਤੀਜੀ ਗੱਲ ਇਹ ਵੀ ਸੀ ਕਿ ਗੁਰਮੁਖਜੀਤ ਅਤੇ ਉਸਦਾ ਸਾਰਾ ਪਰਿਵਾਰ ਬਹੁਤ ਜਿਆਦਾ ਕੱਟੜਵਾਦੀ ਸਨ। ਉਹ ਹਰ ਸਮੇਂ ਖਾਲਸਤਾਨ ਦੀ ਰੱਟ ਲਾਈ ਰੱਖਦੈ। ਗੁਰਮੁੱਖ ਜੀਤ ਦੇ ਸਿਰ ਤੇ ਖਾਲਸਤਾਨ ਦਾ ਭੂਤ ਵਧੇਰੇ ਸਵਾਰ ਸੀ। ਜਦ ਸੰਤਾਂ ਦੀ ਫੋਰਸ ਕੋਈ ਕਾਰਵਾਈ ਕਰਦੀ ਜਾਂ ਜਦ ਸੰਤਾਂ ਦੇ ਬਿਆਨ ਸਖ਼ਤ ਤੋਂ ਸਖਤ ਆਉਂਦੇ ਤਾਂ ਗੁਰਮੁਖਜੀਤ ਬਹੁਤ ਖੁਸ਼ ਹੁੰਦਾ। ਸੰਤਾਂ ਦੀ ਹਰ ਗੱਲ ਦੀ ਹਮਾਇਤ ਕਰਦਾ। ਉਸਨੂੰ ਮਿਲਣ ਗਿਲਣ ਘਰ ਵਿੱਚ ਕਈ ਅੰਮ੍ਰਿਤਧਾਰੀ ਮੁੰਡੇ ਆਉਂਦੇ, ਉਨ੍ਹਾਂ ਨੂੰ ਬਾਬੇ ਕਹਿ ਕੇ ਪੁਕਾਰਿਆ ਜਾਂਦਾ ਪਰ ਕੰਸ ਨੂੰ ਉਹ ਸਾਰੇ ਮੁੰਡੇ ਅੱਤਵਾਦੀ ਲੱਗਦੇ। ਖਿੱਝ ਵੀ ਚੜ੍ਹਦੀ। ਅੰਦਰੇ ਅੰਦਰ ਕੁੜ੍ਹਦੀ। ਗੁਰਮੁਖਜੀਤ ਇਨ੍ਹਾਂ ਮੁੰਡਿਆਂ ਨਾਲ ਕਿਸੇ ਨਾ ਕਿਸੇ ਪਾਸੇ ਚਲਾ ਜਾਂਦਾ। ਕਦੇ ਕਦੇ ਜਲਦੀ ਮੁੜ ਆਉਂਦਾ ਕਦੇ ਕਦੇ ਕਈ ਕਈ ਦਿਨ ਨਾ ਮੁੜਦਾ। ਕੰਸ ਕੌਰ ਜਦ ਉਸ ਤੋਂ ਐਧਰ ਓਧਰ ਜਾਣ ਬਾਰੇ ਜਾਣਕਾਰੀ ਮੰਗਦੀ ਤਾਂ ਉਹ ਕੋਈ ਭੇਤ ਨਾ ਦਿੰਦਾ। ਜੇ ਕਰ ਉਹ ਪੁੱਛਦੀ ਅੱਜ ਤੁਸੀਂ ਤਿੰਨ ਦਿਨਾਂ ਬਾਅਦ ਆਏ ਹੋ ਕਿੱਥੇ ਰਹੇ? ਅੱਗੋਂ ਉਸਦਾ ਜਵਾਬ ਹੁੰਦਾ-ਅੰਮ੍ਰਿਤਸਰੋ! ਦਰਬਾਰ ਸਾਹਿਬ 'ਚ ਸੰਤਾਂ ਦੇ ਪ੍ਰਵਚਨ ਸੁਣਦੇ ਰਹੇ। ਕੰਸ ਕੌਰ ਨੂੰ ਉਸਦਾ ਜਵਾਬ ਝੂਠ ਲੱਗਦਾ। ਸਿਰਫ਼ ਉਸਨੂੰ ਝੂਠ ਹੀ ਨਾ ਲੱਗਦਾ ਸਗੋਂ ਦਾਜ ਵਿੱਚ ਕੁਝ ਕਾਲਾ ਕਾਲਾ ਜਾਪਦਾ। ਉਹ ਚਿੰਤਾ ਕਰਦੀ। 'ਜੇ ਗੁਰਮੁਖਜੀਤ ਦੇ ਇਹੋ ਚਾਲੇ ਰਹੇ ਤਾਂ ਇਹ ਘਰ ਤਬਾਹ ਹੋਊ। ਕੰਸ ਕੌਰ ਤਬਾਹੀ ਨਹੀਂ ਚਾਹੁੰਦੀ ਸੀ। ਉਹ ਕਦੇ ਕਦੇ ਗੁਰਮੁਖਜੀਤ ਨੂੰ ਸਮਝਾਉਂਦੀ ਕਿ ਇਹ ਰਾਹ ਖ਼ਤਰਨਾਕ ਐ। ਤਾਂ ਅੱਗੋਂ ਉਹ ਕੰਸ ਕੌਰ ਨੂੰ ਘੁਰਕਦਾ ਸਿੰਘ ਅਜਿਹੇ ਖ਼ਤਰਨਾਕ ਰਾਹਾਂ ਤੋਂ ਨੀਂ ਡਰਦੇ।

ਸਮਾਂ ਬੀਤਦਾ ਜਾ ਰਿਹਾ ਸੀ। ਸਾਰਾ ਪੰਜਾਬ ਅੱਤਵਾਦ ਦੀ ਅੱਗ ਵਿੱਚ ਜਲ਼ ਰਿਹਾ ਸੀ। ਪੰਜਾਬ ਦੇ ਵੱਖ ਵੱਖ ਧਰਮਾਂ ਅਤੇ ਫਿਰਕਿਆਂ ਵਿੱਚ ਵਿਹੁ ਵਧ ਰਹੀ ਸੀ, ਦੂਰੀਆਂ ਪੈ ਰਹੀਆਂ ਸਨ, ਪਾੜੇ ਵਧ ਰਹੇ ਸਨ। 'ਇਕ ਇਕ ਸਿੰਘ ਨੂੰ ਪੈਂਤੀ ਪੈਂਤੀ ਹਿੰਦੂ ਆਉਣਗੇ ਅਤੇ "ਪੈਂਤੀ ਪੈਂਤੀ ਹਿੰਦੂਆਂ ਨੂੰ ਇਕ ਇਕ ਸਿੱਖ ਆਏਗਾ' ਵਰਗੀਆਂ ਖਤਰਨਾਕ ਗੱਲਾਂ ਨਾਲ ਮਾਹੌਲ ਬਦ ਤੋਂ ਬਦਤਰ ਹੋ ਗਿਆ ਸੀ। ਖਾਲਸਤਾਨੀਆਂ ਅਤੇ ਪੁਲਸ ਦੇ ਆਪਸ ਵਿੱਚ ਮੁਕਾਬਲੇ ਹੋਣ ਲੱਗ ਪਏ। ਕਈ ਅਖੌਤੀ ਪੁਲਸ ਮੁਕਾਬਲੇ ਵੀ ਕੀਤੇ ਜਾਣ ਲੱਗੇ। ਲੋਕ ਇਸ ਲਹਿਰ ਦੇ ਨਾਂ ਤੇ ਆਪਣੀਆਂ ਦੁਸ਼ਮਣੀਆਂ ਵੀ ਕੱਢਣ ਲੱਗ ਪਏ। ਅਨਿਆਈਂ ਕਤਲ ਵੀ ਹੋਣ ਲੱਗੇ। ਕਈ ਥਾਵਾਂ ਤੇ ਦਹਿਸ਼ਤ ਪਾਉਣ ਲਈ ਫਾਇਰਿੰਗ ਕਰਕੇ ਨਿਹੱਥੇ ਲੋਕ ਵੀ ਮਾਰਨੇ ਸ਼ੁਰੂ ਕਰ ਦਿੱਤੇ। ਕੇਂਦਰੀ ਸਰਕਾਰ ਅਤੇ ਪੰਜਾਬ ਪੁਲਸ ਵੀ ਸ਼ਾਂਤੀ ਨਹੀਂ ਚਾਹੁੰਦੀ ਸੀ। ਰਾਜਨੀਤਿਕਾਂ ਨੇ ਬਲਦੀ ਤੇ ਹੋਰ ਤੇਲ ਪਾਇਆ। ਕੰਸ ਕੌਰ ਦੇ ਵਿਆਹ ਨੂੰ ਛੇ ਸਾਲ ਬੀਤ ਗਏ ਸਨ। ਜਦ ਭਾਰਤੀ ਫ਼ੌਜ ਨੇ ਸੰਤਾਂ ਤੇ ਹਰਮੰਦਰ ਸਾਹਿਬ ਵਿੱਚ ਛੁਪੇ ਅੱਤਵਾਦੀਆਂ ਨੂੰ ਮਾਰਨ ਲਈ ਹਰਮੰਦਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਦੁਖਦਾਈ ਹਮਲੇ ਦਾ ਕਾਫ਼ੀ ਜਿਆਦਾ ਨੁਕਸਾਨ ਹੋਇਆ ਸੀ। ਇਸ ਹਮਲੇ ਕਾਰਨ ਆਮ ਲੋਕਾਂ ਦੇ ਵੀ ਦਿਲ ਵਲੂੰਧਰੇ ਗਏ। ਸੰਤਾਂ ਹੀ ਨਹੀਂ ਬਹੁਤ ਸਾਰੇ ਮਰਦ ਔਰਤਾਂ ਵੀ ਇਸ ਹਮਲੇ ਵਿਚ ਮਾਰੇ ਗਏ। ਹਰਮੰਦਰ ਸਾਹਿਬ ਤੇ ਹੋਏ ਹਮਲੇ ਨਾਲ ਸਾਰੇ ਪੰਜਾਬ 'ਚ ਸੋਗ ਅਤੇ ਨਿਰਾਸ਼ਤਾ ਦੀ ਲਹਿਰ ਫੈਲ ਗਈ।

ਗੁਰਮੁਖਜੀਤ ਸੰਤਾਂ ਕੋਲ ਅਕਸਰ ਆਉਂਦਾ ਜਾਂਦਾ ਸੀ। ਪਰ ਜਦ ਹਰਮੰਦਰ ਸਾਹਿਬ ਉੱਪਰ ਹਮਲਾ ਹੋਇਆ ਸੀ ਉਦੋਂ ਉਹ ਅਤੇ ਕੁਝ ਹੋਰ ਸਿੰਘ ਉੱਥੇ ਨਹੀਂ ਸਨ। ਵੈਸੇ ਵੀ ਉਨ੍ਹਾਂ ਦਿਨਾਂ ਵਿੱਚ ਕੁਝ ਅਹਿਮ ਅਤੇ ਚੁਣੀਂਦਾ ਸਿੰਘਾਂ ਨੂੰ ਹਰਮੰਦਰ ਸਾਹਿਬ 'ਚੋਂ ਬਾਹਰ ਭੇਜ ਦਿੱਤਾ ਸੀ। ਸੰਤਾਂ ਨੂੰ ਪਤਾ ਸੀ, ਸਰਕਾਰ



ਹਮਲਾ ਅਵੱਸ਼ ਕਰੇਗੀ। ਇਸ ਕਾਰਨ ਹੀ ਉਸ ਨੇ ਹਰਮੰਦਰ ਸਾਹਿਬ ਵਿੱਚ ਮੋਰਚੇ ਬਣਾ ਲਏ ਸਨ। ਕੁਝ ਸ਼ਕਤੀ ਸ਼ਾਲੀ ਹਥਿਆਰ ਵੀ ਇਕੱਠੇ ਕਰ ਲਏ ਸਨ। ਇਤਫਾਕਨ ਗੁਰਮੁਖਜੀਤ ਹਮਲੇ ਵਾਲੇ ਦਿਨ ਘਰ ਹੀ ਸੀ। ਸਰਕਾਰ, ਅਕਾਲੀਆਂ ਅਤੇ ਸੰਤਾਂ ਦੀਆਂ ਗ਼ਲਤੀਆਂ ਕਾਰਨ ਲੋਕਾਂ ਨੂੰ ਬਹੁਤ ਖ਼ਮਿਆਜਾ ਭੁਗਤਣਾ ਪਿਆ। ਇਨ੍ਹਾਂ ਲੋਕਾਂ ਨੇ ਪੰਜਾਬ ਨੂੰ ਫਿਰਕੂ ਹਨੇਰੀ ਵਿਚ ਲਪੇਟਣ ਦੀ ਬਹੁਤ ਕੋਸ਼ਿਸ਼ ਕੀਤੀ ਸੀ।

ਸੰਤਾਂ ਦੀ ਮੌਤ ਤੋਂ ਬਾਅਦ ਇਹ ਲਹਿਰ ਖ਼ਤਮ ਨਾ ਹੋ ਸਕੀ ਸਗੋਂ ਇਸ ਨੇ ਹੋਰ ਤੇਜੀ ਫੜ ਲਈ। ਖਾਲਸਤਾਨੀ ਮੁੰਡੇ ਪੁਲਸ ਤੇ ਹਮਲਾ ਕਰਕੇ, ਹਿੰਦੂਆਂ, ਕਾਮਰੇਡਾਂ ਅਤੇ ਮੁਖਬਰਾਂ ਨੂੰ ਮਾਰਦੇ। ਪੁਲਸ ਮੁੰਡਿਆਂ ਨੂੰ ਲੱਭ ਲੱਭ ਗੱਡੀ ਚੜ੍ਹਾਉਂਦੀ। ਹਰਮੰਦਰ ਸਾਹਿਬ ਦੇ ਹਮਲੇ ਤੋਂ ਛੇ ਸੱਤ ਮਹੀਨਿਆਂ ਬਾਅਦ ਗੁਰਮੁਖਜੀਤ ਰੂਪੋਸ਼ ਹੋ ਗਿਆ। ਉਸਦੀ ਰੂਪੋਸ਼ੀ ਬਾਅਦ ਉਸਦੀ ਪਤਨੀ ਕੰਸ ਕੌਰ ਉਸਦੀ ਪੰਜ ਸਾਲ ਦੀ ਬੱਚੀ ਉਸਦੇ ਮਾਂ ਪਿਓ ਨੂੰ ਪੁਲਸ ਚੁੱਕ ਕੇ ਲੈ ਗਈ। ਇਸ ਦੌਰਾਨ ਦੁਕਾਨ ਦਾ ਕੰਮ ਠੱਪ ਹੋ ਗਿਆ। ਦੋ ਮਹੀਨਿਆਂ ਬਾਅਦ ਸ਼ਹਿਰ ਦੇ ਲੋਕਾਂ ਦੇ ਦਬਾਅ ਕਾਰਨ ਪੁਲਸ ਨੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਸਾਰੇ ਪਰਿਵਾਰ 'ਤੇ ਪੁਲਸ ਨੇ ਤਸ਼ੱਦਦ ਕੀਤਾ ਸੀ ਸਾਰਾ ਪਰਿਵਾਰ ਹੀ ਆਪਣੀ ਕੀਤੀ ਤੇ ਪਛਤਾਉਂਦਾ ਸੀ ਪਰ ਕੰਸ ਕੌਰ ਸਭ ਤੋਂ ਵੱਧ ਦੁਖੀ ਅਤੇ ਪਰੇਸ਼ਾਨ ਸੀ। ਉਹ ਗੁਰਮੁਖਜੀਤ ਦੇ ਕੰਮਾਂ ਨੂੰ 'ਕੁੱਤੇ ਕੰਮ' ਤੱਕ ਕਹਿ ਦਿੰਦੀ ਸੀ। ਭਾਈ ਰਣਧੀਰ ਅਤੇ ਉਸਦੀ ਪਤਨੀ ਵੀ ਇਹੋ ਸੋਚਦੇ, "ਕਿਹੜੇ ਪੁੱਠੇ ਰਾਹ ਪੈ ਗਏ ਆ ਆਪਾਂ, ਐਵੇਂ ਭਗਤ ਸਿੰਘ ਦੀ ਚੁੱਕ ਵਿੱਚ ਆ ਕੇ। ਆਪ ਉਹ ਔਹ ਬੈਠਾ ਘਰ ਆਪਣੇ ਉਸਨੂੰ ਤਾਂ ਪੁਲਸ ਨੇ ਫੜਿਆ ਨੀਂ। ਨਾ ਉਸਦੇ ਮੁੰਡੇ ਨੂੰ ਪੁਲਸ ਨੇ ਹੱਥ ਲਾਇਆ। ਗੁਰਮੁਖ ਨੂੰ ਕਦੇ ਨੀਂ ਛੱਡਣਾ ਪੁਲਸ ਨੇ। ਮੌਜਾ ਕਰਦੇ ਸੀ ਬੁੱਲ੍ਹੇ ਵੱਢਦੇ ਸੀ। ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ? ਆਪ ਈ ਬਲ੍ਹਾ ਨੂੰ ਦੁਪਹਿਰਾ ਕੱਟਣ ਲਈ ਸੱਦ ਲਿਆ।" ਸਾਰਾ ਪਰਿਵਾਰ ਹਮੇਸ਼ਾ ਪਰੇਸ਼ਾਨ ਰਹਿੰਦਾ। ਪੁਲਿਸ ਗੁਰਮੁਖਜੀਤ ਨੂੰ ਫੜਣ ਲਈ ਦੂਜੇ ਤੀਜੇ ਦਿਨ ਛਾਪਾ ਮਾਰਦੀ। ਥਾਣੇਦਾਰ ਅਵਾ ਤਵਾ ਬੋਲਦਾ, ਗੰਦੀਆਂ ਗਾਲ੍ਹਾਂ ਕੱਢਦਾ। ਪੁਲਿਸ ਠੁੱਡੇ ਮਾਰ ਮਾਰ ਸਮਾਨ ਭੰਨਦੀ, ਤਲਾਸ਼ੀ ਲੈਣ ਵੇਲੇ ਚੁੱਕ ਚੁੱਕ ਸਮਾਨ ਏਧਰ ਓਧਰ ਮਾਰਦੀ। ਕੋਈ ਕੋਈ ਹੰਕਾਰਿਆ ਪੁਲਸੀਆਂ ਤਾਂ ਕੰਸ ਕੌਰ ਦੇ ਚਪੇੜਾਂ ਮਾਰ ਦਿੰਦਾ, ਉਸਦੇ ਸੱਸ ਸਹੁਰੇ ਦੀ ਧੂਅ-ਘੜੀਸ ਕਰ ਦਿੰਦਾ। ਭਾਈ ਰਣਧੀਰ ਸਿੰਘ ਦੀ ਪੱਗ ਉਤਾਰ ਦਿੰਦਾ। ਕੰਸ ਅਤੇ ਉਸਦੀ ਸੱਸ ਦੇ ਸਿਰ ਤੋਂ ਪਟਕਾ ਉਤਾਰ ਦਿੰਦਾ। ਕੋਈ ਇਹ ਸ਼ਬਦ ਵੀ ਬੋਲਦਾ ,

"ਦੇਖ ਸਾਲੀਆਂ ਦਾ ਕੀ ਡਿੰਗ ਧਾਰਿਆ, ਜਨਾਨੀਆਂ ਵਾਂਗੂ ਰਹੋ, ਗੁੱਤਾਂ ਕਰੋ, ਜਨਾਨੀਆਂ ਓਂ ਕਿ ਬੰਦੇ ਓ ਤੁਸੀਂ ਹੈਂ।" ਇਸ ਜ਼ੁਲਮ ਦੀ ਕਿਧਰੇ ਵੀ ਸੁਣਵਾਈ ਸੀ। ਪੁਲਸ ਨੂੰ ਤਮੀਜ਼ ਕੌਣ ਸਿਖਾਵੇ। ਕੰਸ ਦੀ ਮਨ ਬਚਨੀ ਹੁੰਦੀ, "ਕਿੱਥੇ ਫਸਾ ਕੇ ਸੁੱਟ ਤੀਆਂ। ਗੁਨਾਹਗਾਰ ਕੋਈ ਹੋਵੇ, ਭੁਗਤੇ ਕੋਈ। ਅਸੀਂ ਘਰ ਬੈਠੇ ਤਾਂ ਨੀਂ ਅੱਤਵਾਦੀ। ਸਾਨੂੰ ਕਿਉਂ ਜਲੀਲ ਕੀਤਾ ਜਾਂਦੈ। ਜਦ ਅਸੀਂ ਕੋਈ ਗੁਨਾਹ ਈ ਨੀਂ ਕੀਤਾ ਤਾਂ ਸਾਨੂੰ ਸਜ਼ਾ ਕਾਹਦੀ ਦਿੱਤੀ ਜਾ ਰਹੀ ਐ। ਕੁੱਤਾ ਮੁਲਕ, ਕੁੱਤੀ ਸਰਕਾਰ, ਕੁੱਤੀ ਪੁਲਸ ਤੇ ਕੁੱਤੇ ਅੱਤਵਾਦੀ।"

ਏਸੇ ਦੌਰਾਨ ਇੰਦਰਾ ਗਾਂਧੀ ਦੇ ਅੰਗ ਰੱਖਿਆਕਾਂ ਨੇ ਇੰਦਰਾ ਗਾਂਧੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਮੌਤ ਦੇ ਪ੍ਰਤੀਕਰਮ ਵਜੋਂ ਦਿੱਲੀ ਅਤੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸਿੱਖਾਂ ਦਾ ਸਮੂਹਿਕ ਕਤਲ-ਏ-ਆਮ ਕੀਤਾ ਗਿਆ। ਧੀਆਂ ਭੈਣਾਂ ਨਾਲ ਬਲਾਤਕਾਰ ਕੀਤੇ ਗਏ। ਜਿਨ੍ਹਾਂ ਦਾ ਕੋਈ ਕਸੂਰ ਨਹੀਂ ਸੀ, ਉਨ੍ਹਾਂ ਨੂੰ ਮਾਰਨਾ ਕਿਵੇਂ ਵੀ ਜਾਇਜ ਨਹੀਂ ਸੀ। ਸਿੱਖਾਂ ਦੀ ਨਸਲਕੁਸ਼ੀ ਦੀ ਪੂਰੇ ਸੰਸਾਰ ਵਿੱਚ ਵਿਰੋਧਤਾ ਹੋਈ। ਵਿਦੇਸ਼ੀ ਸਰਕਾਰਾਂ ਨੇ ਕਾਂਗਰਸ ਸਰਕਾਰ ਅਤੇ ਕਾਂਗਰਸੀ ਨੇਤਾਵਾਂ ਨੂੰ ਫਿਟਕਾਰਾਂ ਪਾਈਆਂ। ਇਹ ਆਤੰਕਵਾਦੀ ਲਹਿਰ ਫਿਰ ਵੀ ਰੁਕ ਨਾ ਸਕੀ ਸਗੋਂ ਇਸ ਨੇ ਹੋਰ ਤਿੱਖਾ ਰੁਖ ਗ੍ਰਹਿਣ ਕਰ ਲਿਆ। ਇਸ ਲਹਿਰ ਵਿੱਚ ਲੁਟੇਰੇ ਚੋਰ ਉੱਚਕੇ ਅਤੇ ਹੋਰ ਸਮਾਜ ਵਿਰੋਧੀ ਅਨਸਰ ਵੀ ਸ਼ਾਮਲ ਹੋ ਗਏ। ਮਾਰ ਧਾੜ ਅਤੇ ਲੁੱਟਾਂ ਖੋਹਾਂ ਆਮ ਵਰਤਾਰਾ ਬਣ ਗਿਆ। ਧੀਆਂ ਭੈਣਾਂ ਦੀਆਂ ਇੱਜਤਾਂ ਲੁੱਟਦੇ। ਤਸਕਰ ਤਸਕਰੀਆਂ

ਕਰਦੇ। ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਬੇਹੱਦ ਵਾਧਾ ਹੋ ਗਿਆ। ਲਹਿਰ ਆਪ ਮੁਹਾਰੀ ਤਾਂ ਪਹਿਲਾਂ ਵੀ ਸੀ ਪਰ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਇਹ ਹੋਰ ਬੇਤਰਤੀਬੀ ਅਤੇ ਬੇਮੁਹਾਰੀ ਹੋ ਗਈ। ਪੰਜਾਬ ਵਿੱਚ ਕੋਈ ਵੀ ਮਰਦ ਜਾਂ ਔਰਤ ਕਿਸੇ ਵੀ ਥਾਂ ਮਹਿਫੂਜ਼ ਨਹੀਂ ਸੀ।

ਗੁਰਮੁਖਜੀਤ ਅਤੇ ਉਸਦੇ ਸਾਥੀ ਲਗਾਤਾਰ ਪੰਜਾਬ ਵਿਚ ਐਕਸ਼ਨ ਕਰ ਰਹੇ ਸਨ। ਉਨ੍ਹਾਂ ਨੇ ਘਾਤ ਲਾ ਕੇ ਚਾਰ ਪੁਲਸ ਕਰਮਚਾਰੀ ਮਾਰੇ। ਛੇ ਸੱਤ ਕਾਲੀਆਂ ਬਿੱਲੀਆਂ ਅਤੇ ਕਈ ਮੁਖ਼ਬਰਾਂ ਨੂੰ ਮਾਰ ਦਿੱਤਾ। ਦੋ ਬੈਂਕਾਂ ਲੁੱਟੀਆਂ ਇਕ ਲੁਧਿਆਣੇ ਦਾ ਵਪਾਰੀ ਲੁੱਟ ਲਿਆ। ਕਈਆਂ ਤੋਂ ਫ਼ਰੌਤੀਆਂ ਵੀ ਲਈਆਂ ਇਕ ਦਿਨ ਇਸੇ ਗਰੁੱਪ ਦੇ ਬੰਦਿਆਂ ਨੇ ਧਨੌਲਾ ਪਿੰਡ ਦੇ ਲਾਗੇ ਇਕ ਪਿੰਡ ਵਿਚ ਵੱਡਾ ਹਮਲਾ ਕੀਤਾ। ਲੰਮੇ ਸਮੇਂ ਤੋਂ ਅੱਤਵਾਦੀਆਂ ਦੀਆਂ ਅੱਖਾਂ ਵਿੱਚ ਜਗਤਾਰ ਰੜਕਦਾ ਸੀ। ਉਹ ਹਰ ਸਟੇਜ ਤੋਂ ਬਿਨਾ ਕਿਸੇ ਡਰ ਡੁੱਕਰ ਜਾਂ ਝਿਝਕ ਦੇ ਅੱਤਵਾਦੀਆਂ ਦਾ ਵਿਰੋਧ ਕਰਦਾ ਸੀ। ਉਨ੍ਹਾਂ ਨੂੰ ਆਪਣੇ ਭਾਸ਼ਨਾਂ 'ਚ ਦੇਸ਼ ਧਰੋਹੀ ਅਤੇ ਮਨੁੱਖਤਾ ਦੇ ਕਾਤਲ ਗਰਦਾਨਦਾ। ਇਸ ਹਮਲੇ ਵਿੱਚ ਕਾਮਰੇਡ ਜਗਤਾਰ ਤਾਂ ਬਚ ਗਿਆ ਕਿਉਂਕਿ ਉਹ ਘਰ ਨਹੀਂ ਸੀ ਪਰੰਤੂ ਜਗਤਾਰ ਦੀ ਪਤਨੀ ਰਣਜੀਤ ਉਸਦਾ ਸੱਤ ਅੱਠ ਸਾਲ ਦਾ ਪੁੱਤਰ ਜੁਝਾਰ ਸਿੰਘ ਅਤੇ ਉਸ ਦਾ ਪਿਓ ਸਰਦਾਰਾ ਸਿੰਘ ਮਾਰੇ ਗਏ। ਕੁਝ ਲੋਕ ਤਾਂ ਇਹ ਵੀ ਕਹਿੰਦੇ ਸਨ ਕਿ ਉਨ੍ਹਾਂ ਨੇ ਪਰਿਵਾਰ ਨੂੰ ਮਾਰਨ ਤੋਂ ਪਹਿਲਾਂ ਰਣਜੀਤ ਨਾਲ ਸਮੂਹਿਕ ਬਲਾਤਕਾਰ ਵੀ ਕੀਤਾ ਸੀ। ਰਣਜੀਤ ਕੋਲ ਦਸ ਕੁ ਤੋਲੇ ਸੋਨਾ ਸੀ, ਨੌਂ ਹਜਾਰ ਰੁਪਏ ਸਨ, ਜਾਂਦੇ ਉਹ ਵੀ ਨਾਲ ਲੈ ਗਏ। ਪਿੰਡ 'ਚ ਹੋਈ ਇਸ ਵਾਰਦਾਤ ਨਾਲ ਸਾਰਾ ਪਿੰਡ ਦਹਿਲ ਗਿਆ। ਪਿੰਡ 'ਚ ਮੁਰਦੇਹਾਣੀ ਛਾ ਗਈ। ਕਾਮਰੇਡ ਜਗਤਾਰ ਦੀ ਪਿੰਡ ਵਿੱਚ ਉਸਦੇ ਕੰਮਾਂ ਕਾਜਾਂ ਅਤੇ ਉਸਦੇ ਚੰਗੇ ਸੁਭਾਅ ਦੀ ਚੰਗੀ ਪੈਂਠ ਸੀ। ਉਸਦੀ ਹਰ ਕੋਈ ਇੱਜ਼ਤ ਕਰਦਾ, ਮਾਨ ਤਾਨ ਕਰਦਾ। ਉਸਦੀ ਪਿੰਡ 'ਚ ਸਭ ਤੋਂ ਵੱਧ ਪੁੱਛ ਗਿੱਛ ਸੀ। ਉਹ ਲੋਕਾਂ ਦੇ ਸਮਾਜਿਕ ਕੰਮਾਂ 'ਚ ਵੀ ਹਿੱਸਾ ਲੈਂਦਾ। ਹਰ ਖੁਸ਼ੀ ਗ਼ਮੀ 'ਚ ਸਾਮਲ ਹੁੰਦਾ। ਕਈ ਲੋਕ ਉਸ ਤੋਂ ਕਿਸੇ ਕੰਮ ਲਈ ਰਾਏ ਮਸ਼ਵਰਾ ਵੀ ਲੈਂਦੇ। ਉਸਦੇ ਪਰਿਵਾਰ ਦੀ ਮੌਤ ਤੇ ਪਿੰਡ ਕਈ ਮਹੀਨੇ ਸੋਗ 'ਚ ਡੁੱਬਿਆ ਰਿਹਾ। ਜਗਤਾਰ ਭਾਵੇਂ ਕ੍ਰਾਂਤੀਕਾਰੀ ਸੀ, ਇਕ ਵਾਰ ਤਾਂ ਉਹ ਵੀ ਆਪਣੇ ਆਪ ਨਾਲੋਂ ਟੁੱਟ ਗਿਆ ਸੀ। ਉਸਦਾ ਬਾਗ਼ ਜੋ ਹਰਾ ਭਰਾ ਸੀ, ਪੂਰੀ ਤਰ੍ਹਾਂ ਉਜੜ ਚੁੱਕਾ ਸੀ। ਉਹ ਇਸ ਹਾਦਸੇ ਨੂੰ ਭੁਲਾਉਣ ਦੀ ਬੜੀ ਕੋਸ਼ਿਸ਼ ਕਰਦਾ ਪਰ ਉਹ ਭੁੱਲ ਨਾ ਸਕਦਾ। ਕਦੇ ਉਸਦੀ ਪਤਨੀ ਕਦੇ ਉਸਦਾ ਪੁੱਤਰ ਸਾਹਮਣੇ ਆ ਖੜਦੇ। ਉਸ ਦੇ ਰੁਝੇਵੇਂ ਬਹੁਤ ਸਨ, ਉਹ ਉਹਨਾਂ ਰੁਝੇਵਿਆਂ 'ਚ ਰੁੱਝਣ ਦੀ ਕੋਸ਼ਿਸ਼ ਕਰਦਾ।

2.

ਜਗਤਾਰ ਅੱਠਵੀਂ ਕਰਨ ਤੋਂ ਬਾਅਦ ਨੌਂਵੀਂ 'ਚ ਧਨੌਲੇ ਪੜ੍ਹਨ ਲੱਗ ਗਿਆ ਸੀ। ਪੜ੍ਹਨ ਨੂੰ ਜਗਤਾਰ ਚੰਗਾ ਸੀ। ਹਰ ਕਲਾਸ ਵਿਚੋਂ ਉਸਦੀ ਫ਼ਸਟ ਡਵੀਜ਼ਨ ਆਉਂਦੀ। ਉਹ ਸਧਾਰਨ ਜੇਹੇ ਜੱਟ ਪਰਿਵਾਰ ਨਾਲ ਸਬੰਧਤ ਸੀ। ਉਸਦੇ ਬਾਪ ਸਰਦਾਰਾ ਸਿੰਘ ਕੋਲ ਸਾਢੇ ਚਾਰ ਕਿੱਲੇ ਜ਼ਮੀਨ ਸੀ। ਸਰਦਾਰਾ ਸਿੰਘ ਅਨਪੜ੍ਹ ਇਕ ਸਧਾਰਨ ਤੇ ਗਰੀਬ ਕਿਸਾਨ ਸੀ। ਉਹ ਮਿਹਨਤ ਮੁਸ਼ੱਕਤ ਕਰਕੇ ਆਪਣਾ ਪਰਿਵਾਰ ਪਾਲ ਰਿਹਾ ਸੀ। ਪਰਿਵਾਰ ਕੋਈ ਬਹੁਤਾ ਵੱਡਾ ਨਹੀਂ ਸੀ। ਦੋਨੋਂ ਜੀ ਆਪ ਤੇ ਪੁੱਤਰ ਜਗਤਾਰ। ਸਰਦਾਰਾ ਸਿੰਘ ਦੀ ਸੋਚ ਸੀ, "ਮੁੰਡਾ ਪੜ੍ਹਾਊਂਗਾ ਜਿੰਨੀਆਂ ਪੜ੍ਹ ਸਕਿਆ ਜੇ ਪੜ੍ਹ ਲਿਖ ਗਿਆ ਤਾਂ ਨੌਕਰੀ ਕਰੂ ਤੇ ਘਰ ਦੀ ਕੁਸ਼ ਜੂਨ ਸੁਧਾਰੂ। ਨਾਲੇ ਹੁਣ ਤਾਂ ਜ਼ਮਾਨਾਂ ਈ ਪੜਾਈ ਦਾ। ਅਨਪੜ੍ਹ ਤਾਂ ਖੋਤੇ ਵਰਗਾ ਹੁੰਦੈ।" ਸਰਦਾਰਾ ਸਿੰਘ ਆਪ ਅਣਸਰਦੇ ਨੂੰ ਹੀ ਜੁੱਤੀ ਪਾਉਂਦਾ, ਨੰਗੇ ਪੈਰੀਂ ਰਹਿੰਦਾ, ਕੰਮ ਧੰਦਾ ਵੀ ਨੰਗੇ ਪੈਰੀ ਕਰਦਾ। ਖੱਦਰ ਦੇ ਕਪੜੇ ਪਾਉਂਦਾ ਸਿਰ ਤੇ ਪੱਗ ਜਦ ਕਿਤੇ ਬਾਹਰ ਅੰਦਰ ਜਾਣਾ ਹੁੰਦਾ ਉਦੋਂ ਹੀ ਬੰਨ੍ਹਦਾ। ਘਰ 'ਚ ਹਰ ਸਮੇਂ ਸਿਰ ਤੇ ਸਾਫ਼ਾ ਬੰਨ੍ਹੀ ਰੱਖਦਾ। ਉਹ ਖੇਤੀ ਦਾ ਆਪ ਹੀ ਸਾਰਾ ਕੰਮ ਕਰਦਾ। ਆਪੇ ਬੀਜਦਾ, ਸੰਭਾਲਦਾ ਤੇ ਕੱਢਦਾ। ਦਿਹਾੜੀਆਂ ਘੱਟ ਵੱਧ ਹੀ ਲਿਜਾਂਦਾ। ਸੋਚ ਸਮਝ ਕੇ ਹੀ ਖਰਚ ਕਰਦਾ। ਨਜਾਇਜ਼ ਖਰਚਿਆਂ ਤੋਂ ਬਚਣ



ਦੀ ਕੋਸ਼ਿਸ਼ ਕਰਦਾ। ਹੱਥ ਘੁੱਟ ਘੁੱਟ ਖਰਚ ਕਰਦਾ। ਇਸੇ ਕਾਰਨ ਹੀ ਉਹ ਲੋਕਾਂ ਤੋਂ ਚੰਗੀ ਰੋਟੀ ਖਾਂਦਾ। ਆਮ ਕਰਕੇ ਏਨੀ ਜ਼ਮੀਨ ਵਾਲੇ ਹੋਰ ਲੋਕਾਂ ਦਾ ਠੂਠੇ ਨਾਲ ਕਨਾਲਾ ਵੱਜਦਾ ਸੀ। ਉਹ ਤੰਗੀਆਂ ਤੁਰਸ਼ੀਆਂ 'ਚ ਜੀ ਰਹੇ ਹੁੰਦੇ। ਸਿਰ ਕਰਜ਼ਾ ਹੀ ਚੜ੍ਹਿਆ ਰਹਿੰਦਾ ਜੋ ਦਿਨ ਦਿਨ ਸੂਈ ਜਾਂਦਾ। ਸਰਦਾਰਾ ਸਿੰਘ ਜ਼ੁੰਮੇ ਕੋਈ ਕਰਜ਼ਾ ਨਹੀਂ ਸੀ।

ਘਰ ਦਾ ਸਾਰਾ ਕੰਮ ਉਸਦੀ ਪਤਨੀ ਗੁਰਮੇਲ ਕੌਰ ਕਰਦੀ। ਉਹ ਵੀ ਦਿਨ ਰਾਤ ਊਰੀ ਵਾਂਗ ਘੁਕਦੀ ਰਹਿੰਦੀ। ਕੰਮ ਕਰਦੀ ਕਦੇ ਥੱਕਦੀ ਹਾਰਦੀ ਨਹੀਂ ਸੀ ਪਰ ਗੁਰਮੇਲ ਲੰਬਾ ਸਮਾਂ ਸਰਦਾਰਾ ਸਿੰਘ ਦਾ ਸਾਥ ਨਾ ਨਿਭਾ ਸਕੀ। ਜਗਤਾਰ ਬੀ. ਏ. ਫਾਈਨਲ ਵਿੱਚ ਪੜ੍ਹਦਾ ਸੀ ਜਦ ਗੁਰਮੇਲ ਨੂੰ ਅਜਿਹਾ ਖਤਰਨਾਕ ਦਿਲ ਦਾ ਦੌਰਾ ਪਿਆ ਕਿ ਉਹ ਜਾਨ ਲੇਵਾ ਸਿੱਧ ਹੋਇਆ। ਸਰਦਾਰਾ ਸਿੰਘ ਅਤੇ ਜਗਤਾਰ ਲਈ ਇਹ ਬਹੁਤ ਘਾਟਾ ਸੀ, ਅਸਹਿ ਘਾਟਾ। ਕਾਫੀ ਸਮਾਂ ਪਿਓ ਪੁੱਤ ਇਸ ਅਣਹੋਣੀ ਕਾਰਨ ਸਹਿਜ ਨਹੀਂ ਹੋ ਸਕੇ ਸਨ। ਰੋਟੀ ਟੁੱਕ, ਸਾਫ਼ ਸਫ਼ਾਈ ਅੰਤ ਹੋਰ ਨਿੱਕੇ ਮੋਟੇ ਕੰਮ ਜਗਤਾਰ ਨੂੰ ਕਰਨੇ ਪੈਂਦੇ। ਸਰਦਾਰਾ ਜਦ ਵਿਹਲਾ ਹੁੰਦਾ ਤਾਂ ਉਹ ਵੀ ਠੋਗੀ ਧੋਗੀ ਕਰੀ ਜਾਂਦਾ, ਟਿਕਦਾ ਨਾ। ਦੋਨਾਂ ਦਾ ਜਾਨ ਸੂਲੀ ਟੰਗੀ ਗਈ ਸੀ। ਸਰਦਾਰਾ ਸਿੰਘ ਸੋਚਦਾ, ਔਰਤ ਬਿਨਾ ਕਾਹਦੀ ਐ ਜ਼ਿੰਦਗੀ ਜਿਉਂ ਮਰੀ ਐ, ਸਾਲਾ ਕਿਤੇ ਜੀ ਹੀ ਨੀਂ ਲੱਗਦਾ। ਜਗਤਾਰ ਨੂੰ ਵੀ ਮਾਂ ਦੇ ਹਰ ਸਮੇਂ ਹਉਂ ਬੜ੍ਹਿੱਕੇ ਆਉਂਦੇ।

ਜਗਤਾਰ ਜਦ ਨੌਂਵੀਂ 'ਚ ਧਨੌਲੇ ਲੱਗਿਆ ਸੀ ਤਾਂ ਉਸ ਨੇ ਥੋੜ੍ਹੇ ਦਿਨਾਂ ਵਿੱਚ ਹੀ ਆਪਣੀ ਬੁੱਕਤ ਬਣਾ ਲਈ ਸੀ। ਉਹ ਪੜ੍ਹਣ ਨੂੰ ਹੁਸ਼ਿਆਰ ਹੀ ਨਹੀਂ ਸੀ, ਉਸਦੀ ਲਿਖਾਈ ਛਪਾਈ ਨੂੰ ਵੀ ਮਾਤ ਪਾਉਂਦੀ ਸੀ। ਬੋਲੀ ਵੀ ਮਿੱਠੀ ਸੀ, ਦੇਖਣ ਪਾਖਣ 'ਚ ਵੀ ਸੋਹਣਾ ਸੀ। ਰੰਗ ਲਾਲ ਸੂਹਾ ਮੋਟੀਆਂ ਕਾਲੀਆਂ ਅੱਖਾਂ, ਦਰਮਿਆਨਾ ਕੱਦ ਕਾਠ। ਪੱਗ ਵੀ ਲੜ ਚਿਣ ਚਿਣ ਬੰਨ੍ਹਦਾ ਪਟਿਆਲਾ ਸ਼ਾਹੀ ਉਸਦੇ ਵਰਗੀ ਪੱਗ ਕਿਸੇ ਮੁੰਡੇ ਨੂੰ ਬੰਨ੍ਹਣੀ ਨਹੀਂ ਆਉਂਦੀ ਸੀ। ਉਸਦੇ ਮੂੰਹ ਸਿਰ ਤੇ ਪੱਗ ਜਚਦੀ ਵੀ ਬਹੁਤ ਸੀ। ਉਹ ਪਿੰਡੋਂ ਸਾਇਕਲ ਤੇ ਪੜ੍ਹਣ ਆਉਂਦਾ। ਕਲਾਸ ਦੇ ਮੁੰਡੇ ਕੁੜੀਆਂ ਉਸਦੀ ਇੱਜਤ ਕਰਦੇ। ਦੋ ਤਿੰਨ ਕੁੜੀਆਂ ਤਾਂ ਉਸ ਤੇ ਲੱਟੂ ਸਨ। ਜਨਵਰੀ ਦੇ ਦਿਨ ਸਨ ਜਦ ਉਹ ਅਤੇ ਇਕ ਕੁੜੀ ਇਕ ਦੂਜੇ ਵੱਲ ਖਿੱਚੇ ਗਏ। ਦੋਨੋਂ ਇਕ ਦੂਜੇ ਨੂੰ ਦਿਲ ਦੇ ਬੈਠੇ। ਦੋਨਾਂ 'ਚ ਪੱਤਰਾਂ ਦਾ ਅਦਾਨ ਪ੍ਰਦਾਨ ਸ਼ੁਰੂ ਹੋ ਗਿਆ। ਸਕੂਲ ਵਿੱਚ ਵੀ ਜਦ ਮੌਕਾ ਮਿਲਦਾ, ਉਹ ਗੱਲ ਬਾਤ ਵੀ ਕਰ ਲੈਂਦੇ। ਕੋਈ ਪੀਰਡ ਵਿਹਲਾ ਹੁੰਦਾ ਤਾਂ ਸਾਰੀ ਕਲਾਸ ਗੱਪ ਸੱਪ ਮਾਰ ਲੈਂਦੀ। ਉਹ ਵੀ ਅਜਿਹਾ ਹੀ ਕਰਦੇ। ਦਸਵੀਂ ਤੋਂ ਬਾਅਦ ਉਹ ਦੋਨੋਂ ਗਿਆਰਵੀਂ 'ਚ ਦਾਖਲ ਹੋ ਗਏ। ਦਸਵੀਂ 'ਚ ਜਗਤਾਰ ਨੇ ਸੱਠ ਪ੍ਰਤੀਸ਼ਤ ਅੰਕ ਲਏ ਸਨ। ਉਸਦੀ ਦੋਸਤ ਕੁੜੀ ਵੀ ਫਸਟ ਡਵੀਜਨ 'ਚ ਪਾਸ ਹੋ ਗਈ ਸੀ। ਦੋਨੋਂ ਸੰਵੇਦਨਸ਼ੀਲ ਸਨ। ਦੋਨੋਂ ਪਿਆਰ ਲਈ ਸੁਹਿਰਦ ਸਨ। ਦੋਨੋਂ ਇਕ ਦੂਜੇ ਦੇ ਵਫਾਦਰ ਸਨ। ਦੋਨਾਂ ਨੇ ਵਿਆਹ ਕਰਾਉਣ, ਸਾਰੀ ਉਮਰ ਇਕੱਠਿਆਂ ਲੰਘਾਉਣ ਦੀਆਂ ਕਸਮਾਂ ਖਾਧੀਆਂ।

ਗਿਆਰਵੀਂ ਕਰਨ ਉਪਰੰਤ ਜਗਤਾਰ ਬਰਨਾਲੇ ਕਾਲਜ 'ਚ ਪ੍ਰਵੇਸ਼ ਕਰ ਗਿਆ ਅਤੇ ਉਸਦੀ ਪ੍ਰੇਮਕਾ ਨੂੰ ਹੋਰ ਅੱਗੇ ਪੜ੍ਹਣ ਦਾ ਅਵੱਸਰ ਨਾ ਮਿਲ ਸਕਿਆ। ਜਗਤਾਰ ਨੇ ਬੀ. ਏ. ਵਿੱਚ ਆਰਟਸ ਗਰੁੱਪ ਨੂੰ ਤਰਜੀਹ ਦਿੱਤੀ। ਪੜ੍ਹ ਤਾਂ ਉਹ ਸਾਇੰਸ ਵੀ ਸਕਦਾ ਸੀ ਪਰੰਤੂ ਉਦੋਂ ਉਸਨੂੰ ਕੋਈ ਗਾਈਡ ਕਰਨ ਵਾਲਾ ਨਹੀਂ ਸੀ। ਉਸਨੇ ਹੋਰ ਵਿਸ਼ਿਆਂ ਨਾਲ ਅਰਥ ਸਾਸ਼ਤਰ ਵੀ ਰੱਖਿਆ ਸੀ। ਜਦ ਜਗਤਾਰ ਕਾਲਜ 'ਚ ਪੜ੍ਹਣ ਲੱਗਿਆ ਸੀ ਉਦੋਂ ਇਸ ਕਾਲਜ ਵਿੱਚ ਪੰਜਾਬ ਸਟੂਡੈਂਟ ਯੂਨੀਅਨ ਦਾ ਪੂਰਾ ਜੋਰ ਸੀ। ਵਿਦਿਆਰਥੀ ਮੰਗਾਂ ਨੂੰ ਲੈ ਕੇ ਇਹ ਵਿਦਿਆਰਥੀ ਯੂਨੀਅਨ ਅਕਸਰ ਸੰਘਰਸ਼ ਸ਼ੀਲ ਰਹਿੰਦੀ। ਬੀ. ਏ. ਫਾਈਨਲ 'ਚ ਪੜ੍ਹਦਾ ਗੁਰਨਾਮ ਕੰਵਲ ਉਸ ਸਮੇਂ ਇਸ ਯੂਨੀਅਨ ਦਾ ਸਰਗਰਮ ਨੇਤਾ ਸੀ। ਉਹ ਸਟੇਜ ਤੋਂ ਜਦ ਗਿਆਨਮਈ ਲੱਛੇਦਾਰ ਸ਼ਬਦਾਂ 'ਚ ਭਾਸ਼ਣ ਦਿੰਦਾ ਤਾਂ ਬੱਲੇ ਬੱਲੇ ਕਰਵਾ ਦਿੰਦਾ। ਸਾਰੇ ਵਿਦਿਆਰਥੀ ਉਸਦਾ ਲੈਕਚਰ ਬੜੇ ਗਹੁ ਨਾਲ ਸੁਣਦੇ ਅਤੇ ਅਮਲ ਵੀ ਕਰਦੇ। ਗੁਰਨਾਮ ਕੰਵਲ ਦਾ ਭਾਸ਼ਣ ਸੁਣਨ ਲਈ ਲੈਕਚਰਾਰ ਖੜ

ਜਾਂਦੇ ਅਤੇ ਉਸ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕਦੇ। ਕੰਵਲ ਕੋਲ ਸਮਕਾਲੀ ਸਮਾਜ ਦੇ ਵੱਖ ਵੱਖ ਪ੍ਰਬੰਧਾਂ ਬਾਰੇ ਡੂੰਘੀ ਜਾਣਕਾਰੀ ਅਤੇ ਗਿਆਨ ਹੁੰਦਾ। ਉਹ ਆਪਣੇ ਲੈਕਚਰ 'ਚ ਤਥ ਹੀ ਤੱਥ ਪੇਸ਼ ਕਰਦੇ। ਉਹ ਆਪਣੇ ਲੈਕਚਰਾਰਾਂ ਦਾ ਬਹੁਤ ਆਦਰ ਮਾਨ ਕਰਦਾ, ਜਦ ਉਨ੍ਹਾਂ ਨੂੰ ਮਿਲਦਾ ਤਾਂ ਗੋਡੀ ਹੱਥ ਲਾਉਂਦਾ। ਉਸ ਨੇ ਕਦੇ ਵੀ ਆਪਣੇ ਲੈਕਚਰਾਰਾਂ ਨੂੰ ਅਪ ਸ਼ਬਦ ਨਹੀਂ ਬੋਲਿਆ ਸੀ। ਕਾਲਜ ਪੱਧਰ ਦੀਆਂ ਮੰਗਾਂ ਨੂੰ ਵੀ ਉਹ ਬੜੇ ਸਾਊ, ਨਿਮਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਿੰਸੀਪਲ ਕੋਲ ਰੱਖਦਾ। ਪ੍ਰਿੰਸੀਪਲ ਵੀ ਲਾ ਜਵਾਬ ਹੋ ਜਾਂਦਾ। ਅਕਸਰ ਪ੍ਰਿੰਸੀਪਲ ਨੂੰ ਮੰਗਾਂ ਮੰਨਣ ਲਈ ਮਜਬੂਰ ਹੋਣਾ ਪੈਂਦਾ। ਨਜਾਇਜ ਮੰਗ ਉਹ ਮੰਗ ਪੱਤਰ ਵਿਚ ਸ਼ਾਮਲ ਹੀ ਨਹੀਂ ਕਰਦਾ ਸੀ। ਜਗਤਾਰ ਉੱਪਰ ਵੀ ਕੰਵਲ ਦੇ ਵਿਚਾਰਾਂ ਦਾ ਅਸਰ ਹੋਣ ਲੱਗ ਪਿਆ ਹੌਲੀ ਹੌਲੀ ਉਸਨੇ ਕੰਵਲ ਨਾਲ ਜਾਣ ਪਹਿਚਾਣ ਕਰ ਲਈ। ਯੂਨੀਅਨ ਦਾ ਮੈਂਬਰ ਵੀ ਬਣ ਗਿਆ। ਜਗਤਾਰ ਨੂੰ ਵੀ ਕੰਵਲ ਵਾਂਗ ਕਿਤਾਬਾਂ ਪੜ੍ਹਣ ਦਾ ਭੁਸ ਅਤੇ ਸ਼ੌਕ ਪੈ ਗਿਆ। ਕੰਵਲ ਨਾਲ ਉਸਦੀ ਨੇੜਤਾ ਹੋਰ ਵਧ ਗਈ। ਕੰਵਲ ਅਕਸਰ ਜਗਤਾਰ ਨੂੰ ਉਤੇਜਤ ਕਰਦਾ, "ਸਾਥੀ, ਗਿਆਨ ਪ੍ਰਾਪਤ ਕਰਨ ਲਈ ਕਿਤਾਬਾਂ ਤਾਂ ਪੜ੍ਹਨੀਆਂ ਹੀ ਪੈਣਗੀਆਂ, ਗਿਆਨ ਨਾਲ ਹੀ ਦ੍ਰਿਸ਼ਟੀ ਬਣਦੀ ਐ। ਗਿਆਨ ਅਤੇ ਦ੍ਰਿਸ਼ਟੀ ਬਿਨਾ ਮਨੁੱਖ ਅੰਨ੍ਹਾ ਹੁੰਦੈ।" ਜਗਤਾਰ ਕੰਵਲ ਦੇ ਅਜਿਹੇ ਵਿਚਾਰਾਂ ਨਾਲ ਸਹਿਮਤ ਹੁੰਦਾ। ਬੀ. ਏ. ਕਰਨ ਉਪਰੰਤ ਕੰਵਲ ਕਾਲਜ ਨੂੰ ਤਿਆਗ ਗਿਆ। ਜਗਤਾਰ ਦਾ ਕੰਮ ਕਾਜ, ਉਸਦਾ ਗਿਆਨ ਅਤੇ ਉਸਦੀ ਚੇਤਨਾ ਤੋਂ ਪ੍ਰਭਾਵਤ ਹੋ ਕੇ ਹੀ ਪੰਜਾਬ ਸਟੂਡੈਂਟ ਯੂਨੀਅਨ ਨੇ ਉਸਨੂੰ ਆਪਣਾ ਲੀਡਰ ਸਵੀਕਾਰ ਲਿਆ। ਪ੍ਰਧਾਨਗੀ ਜਗਤਾਰ ਨੂੰ ਸੌਂਪ ਦਿੱਤੀ ਗਈ। ਉਸ ਨਾਲ ਜਗਤਾਰ ਦੀ ਜ਼ੁੰਮੇਵਾਰੀ ਵਧ ਗਈ। ਉਹ ਹੋਰ ਸੀਰੀਅਸ ਹੋ ਗਿਆ। ਬੀ. ਏ. ਤੋਂ ਬਾਅਦ ਕੰਵਲ ਸੰਗਰੂਰ ਬੀ. ਐਡ ਕਰਨ ਲੱਗ ਪਿਆ। ਇਸ ਸਮੇਂ ਦੌਰਾਨ ਉਨ੍ਹਾਂ ਨੇ ਆਪਸ ਵਿੱਚ ਰਾਬਤਾ ਬਣਾਈ ਰੱਖਿਆ। ਕੰਵਲ ਸਮੇਂ ਸਮੇਂ ਤੇ ਜਗਤਾਰ ਦੀ ਰਹਿਨੁਮਾਈ ਕਰਦਾ ਰਹਿੰਦਾ। ਉਹ ਕਦੇ ਕਦੇ ਕਾਲਜ ਵਿੱਚ ਆ ਕੇ ਲੈਕਚਰ ਵੀ ਦੇ ਜਾਂਦਾ ਜਿਸ ਨਾਲ ਵਿਦਿਆਰਥੀ ਯੂਨੀਅਨ ਨਾਲ ਜੁੜੇ ਰਹਿੰਦੇ।

ਵਕਤ ਬੜਾ ਬਲਵਾਨ ਹੁੰਦਾ ਹੈ, ਵਕਤ ਨੇ ਜਗਤਾਰ ਨੂੰ ਕੰਵਲ ਵਰਗਾ ਹੀ ਵਿਦਿਆਰਥੀ ਨੇਤਾ ਬਣਾ ਦਿੱਤਾ। ਉਹ ਵੀ ਵਧੀਆ ਲੈਕਚਰ ਦੇਣ ਲੱਗ ਪਿਆ। ਉਹ ਹਰ ਕੰਮ 'ਚ ਕੰਵਲ ਦੀ ਰੀਸ ਕਰਦਾ। ਬੀ. ਏ. ਫਾਈਨਲ ਤੱਕ ਜਗਤਾਰ ਕੰਵਲ ਤੋਂ ਕਿਸੇ ਗੱਲੋਂ ਘੱਟ ਨਹੀਂ ਰਿਹਾ ਸੀ। ਕਾਲਜ ਵਿੱਚ ਉਸਦੀ ਪੂਰੀ ਮਾਨਤਾ ਸੀ। ਉਸਦੀ ਹਰ ਗੱਲ ਮੰਨੀ ਜਾਂਦੀ। ਸਾਰੇ ਵਿਦਿਆਰਥੀ ਉਸ ਦੇ ਪਿੱਛੇ ਸਨ। ਕਾਲਜ ਲੈਕਚਰਾਰ ਵੀ ਉਸਦਾ ਸਤਿਕਾਰ ਕਰਦੇ। ਉਹ ਵੀ ਕੰਵਲ ਵਾਂਗ ਸਭ ਨਾਲ ਸਬੰਧ ਬਣਾ ਕੇ ਰੱਖਦਾ। ਕਿਸੇ ਵੀ ਮਸਲੇ ਜਾਂ ਸਮੱਸਿਆ ਨੂੰ ਨਾ ਵਿਗੜਣ ਦਿੰਦਾ, ਨਾ ਉਲਝਣ ਦਿੰਦਾ। ਉਹ ਆਪਣੀ ਸੂਝ ਅਤੇ ਸੋਚ ਦੇ ਬਲ ਰਾਹੀਂ ਹਰ ਮਸਲੇ ਜਾਂ ਸਮੱਸਿਆ ਦਾ ਹੱਲ ਕਰ ਦਿੰਦਾ। ਕਾਲਜ 'ਚ ਕਿਸੇ ਨਾ ਕਿਸੇ ਗੱਲੋਂ ਪੈਦਾ ਹੋਏ ਤਨਾਵਾਂ ਝਗੜਿਆਂ ਨੂੰ ਵੀ ਉਹ ਆਪਣੀ ਸਮਝ ਅਤੇ ਸਿਆਣਪ ਨਾਲ ਨਜਿੱਠ ਦਿੰਦਾ।

ਕੰਵਲ ਬਾਰੇ ਕਾਲਜ ਦੇ ਆਮ ਮੁੰਡੇ ਕੁੜੀਆਂ ਨੂੰ ਸਿਰਫ ਏਨੀ ਕੁ ਜਾਣਕਾਰੀ ਸੀ ਕਿ ਉਹ ਵਿਦਿਆਰਥੀ ਯੂਨੀਅਨ ਦਾ ਨੇਤਾ ਸੀ ਪਰ ਉਸ ਬਾਰੇ ਕਿਸੇ ਨੂੰ ਇਹ ਇਲਮ ਨਹੀਂ ਸੀ ਕਿ ਕੰਵਲ ਇਕ ਸਰਗਰਮ ਅਹਿਮ ਰਾਜਨੀਤਿਕ ਪਾਰਟੀ ਦਾ ਮੈਂਬਰ ਵੀ ਸੀ। ਉਹ ਪਾਰਟੀ ਸੀ ਨਕਸਲੀ। ਕੰਵਲ ਨੇ ਹੀ ਜਗਤਾਰ ਨੂੰ ਨਕਸਲੀ ਪਾਰਟੀ 'ਚ ਸ਼ਾਮਲ ਹੋਣ ਲਈ ਪ੍ਰੇਰਤ ਕੀਤਾ ਸੀ, ਜਗਤਾਰ ਨੂੰ ਇਸ ਪਾਰਟੀ ਬਾਰੇ ਭਾਵੇਂ ਬਹੁਤਾ ਗਿਆਨ ਨਹੀ ਸੀ ਹੌਲੀ ਹੌਲੀ ਉਹ ਘਾਸੇ ਪੈ ਗਿਆ। ਕੰਵਲ ਅਤੇ ਜਗਤਾਰ ਜ਼ੁੰਮੇ ਪਾਰਟੀ ਜੋ ਵੀ ਕੰਮ ਲਾਉਂਦੀ, ਉਹ ਬਿਨਾ ਕਿਸੇ ਦੇਰੀ, ਪੂਰੀ ਮੁਸਤੈਦੀ, ਪੂਰੀ ਤਨਦੇਹੀ, ਪੂਰੀ ਈਮਾਨਦਾਰੀ, ਪੂਰੀ ਲਗਨ ਅਤੇ ਪੂਰੀ ਸੁਹਿਰਦਤਾ ਨਾਲ ਸਿਰੇ ਚੜ੍ਹਾ ਦਿੰਦੇ।

ਜਗਤਾਰ ਦੀ ਪਰਸਨੈਲਟੀ ਪ੍ਰਭਾਵਸ਼ਾਲੀ ਸੀ। ਲੜਕੇ ਅਤੇ ਲੜਕੀਆਂ 'ਚ ਉਸਦੀ ਚਰਚਾ ਹੁੰਦੀ।



ਹਰ ਕੋਈ ਉਸ ਨਾਲ ਗੱਲ ਕਰ ਸਕਦਾ। ਲੜਕੀਆਂ ਬਿਨਾ ਝਿਜਕ ਉਸ ਨਾਲ ਵਾਰਤਾਲਾਪ ਕਰ ਸਕਦੀਆਂ। ਲੜਕੀਆਂ ਤਾਂ ਸਗੋਂ ਜਗਤਾਰ ਕਾਰਨ ਯੂਨੀਅਨ ਦਾ ਵੱਧ ਸਾਥ ਦਿੰਦੀਆਂ। ਉਸਨੇ ਬਹੁਤ ਸਾਰੇ ਲੜਕੇ-ਲੜਕੀਆਂ ਦੇ ਪਿਆਰ ਮਸਲੇ ਵੀ ਸੁਲਝਾਏ ਸਨ। ਉਹ ਆਪ ਵੀ ਜੇ ਚਾਹੁੰਦਾ ਤਾਂ ਕਾਲਜ ਦੀ ਕਿਸੇ ਟੌਪ ਦੀ ਕੁੜੀ ਨਾਲ ਪਿਆਰ ਸਬੰਧ ਬਣਾ ਸਕਦਾ ਸੀ ਪਰੰਤੂ ਉਸ ਨੇ ਅਜਿਹਾ ਨਹੀਂ ਕੀਤਾ। ਉਹ ਹਮੇਸ਼ਾ ਇਕ ਜ਼ਬਤ ਵਿੱਚ ਰਹਿੰਦਾ, ਜ਼ਬਤ ਨੂੰ ਕਦੇ ਭੁੱਲ ਕੇ ਵੀ ਨਾ ਤੋੜਦਾ। ਸਕੂਲ ਟਾਈਮ ਵਿੱਚ ਜਿਸਨੂੰ ਉਸ ਨੇ ਪਿਆਰ ਕੀਤਾ ਸੀ, ਉਸ ਨਾਲ ਹੀ ਵਿਆਹ ਕਰਾਉਣ ਲਈ ਪਾਬੰਧ ਸੀ। ਉਹ ਅਜਿਹਾ ਕਾਮਰੇਡ ਸੀ ਕਿ ਆਪਣੇ ਆਦਰਸ਼ ਤੋਂ ਡੋਲਣਾ ਨਹੀਂ ਚਾਹੁੰਦਾ ਸੀ। ਉਹ ਆਪਣੀ ਪਰਸੈਨਲਟੀ ਕਾਰਨ ਕਿਸੇ ਲੜਕੀ ਨੂੰ ਕਿਸੇ ਵੀ ਕੀਮਤ ਤੇ ਗੁੰਮਰਾਹ ਕਰਨ ਦੇ ਹੱਕ ਵਿਚ ਨਹੀਂ ਸੀ। ਅਜਿਹੇ ਆਦਰਸ਼ਕ ਵਿਚਾਰਾਂ ਦੇ ਨੌਜਵਾਨ ਲੱਭਿਆਂ ਵੀ ਨਹੀਂ ਲੱਭ ਸਕਦੇ। ਜਗਤਾਰ ਅਤੇ ਸਕੂਲ 'ਚ ਉਸ ਨਾਲ ਪੜ੍ਹਦੀ ਰਹੀ ਉਸਦੀ ਪ੍ਰੇਮਕਾ ਨੇ ਇਕੱਠੇ ਜੀਣ ਮਰਨ ਦੀਆਂ ਕਸਮਾਂ ਖਾਧੀਆਂ ਸਨ, ਵਾਅਦੇ ਕੀਤੇ ਸਨ। ਖ਼ੂਨ ਨਾਲ ਦਰਖ਼ਤ ਕਰਕੇ ਇਕ ਦੂਜੇ ਨੂੰ ਭਰੋਸੇ 'ਚ ਬੰਨ੍ਹਿਆ ਸੀ। ਜਗਤਾਰ ਖਾਧੀਆਂ ਕਸਮਾਂ, ਕੀਤੇ ਵਾਅਦਿਆਂ ਨੂੰ ਤੋੜਣਾ ਨਹੀਂ ਚਾਹੁੰਦਾ ਸੀ। ਉਹ ਆਪਣੀ ਪ੍ਰੇਮਕਾ ਨੂੰ ਅਕਸਰ ਮਿਲਦਾ ਰਹਿੰਦਾ। ਉਹ ਜਦ ਮਿਲ ਕੇ ਰੱਜ ਰੱਜ ਗੱਲਾਂ ਕਰਦੇ। ਪਿਆਰ ਕਰਦੇ। ਉਨ੍ਹਾਂ ਦਾ ਪਿਆਰ ਦਿਨੋਂ ਦਿਨ ਮਜਬੂਤ ਅਤੇ ਪੁਖਤਾ ਹੋਈ ਜਾ ਰਿਹਾ ਸੀ।

ਜਦ ਜਗਤਾਰ ਬੀ. ਏ. ਫਾਈਨਲ ਵਿੱਚ ਸੀ ਉਸ ਸਮੇਂ ਆਤੰਕਵਾਦੀ ਬਨਾਮ ਖਾਲਸਤਾਨੀ ਲਹਿਰ ਸਿਖ਼ਰਾਂ ਵੱਲ ਵਧ ਰਹੀ ਸੀ। ਜਗਤਾਰ ਸਟੇਜਾਂ ਤੋਂ ਇਸ ਲਹਿਰ ਵਿਰੁੱਧ ਜੰਮ ਕੇ ਬੋਲਦਾ। ਧੂੰਆਂਧਾਰ ਭਾਸ਼ਨ ਦਿੰਦਿਆਂ ਉਹ ਇਸ ਲਹਿਰ ਨੂੰ 'ਧਰਮ ਦੀ ਪੁਨਰ ਸੁਰਜੀਤੀ' ਦੀ ਲਹਿਰ ਕਹਿੰਦਾ। ਉਹ ਇਸ ਲਹਿਰ 'ਚ ਸ਼ਾਮਲ ਨੌਜਵਾਨਾਂ ਨੂੰ 'ਭੁੱਲੇ ਭਟਕੇ' ਨੌਜਵਾਨ ਗਰਦਾਨਦਾ। ਇਸ ਲਹਿਰ ਨੂੰ ਉਹ 'ਅਮਾਨਵੀ ਲਹਿਰ ਅਤੇ ਆਤੰਕਵਾਦੀ ਲਹਿਰ' ਕਹਿਣ ਤੋਂ ਵੀ ਗੁਰੇਜ ਨਾ ਕਰਦਾ। ਉਹ ਸਟੇਜ ਤੋਂ ਅਕਸਰ ਆਪਣਾ ਮੱਤ ਰੱਖਦਾ, "ਇਹ ਲਹਿਰ ਸਮਾਜ ਨੂੰ, ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਵਿੱਚ ਐ। ਇਤਿਹਾਸ, ਸਮਾਂ, ਸਮਾਜ ਕਦੇ ਪਿੱਛੇ ਨਹੀਂ ਮੁੜਿਆ ਕਰਦਾ, ਇਹ ਇਕ ਵਿਗਿਆਨਕ ਵਰਤਾਰਾ ਹੈ, ਸਰਵ ਪ੍ਰਵਾਨਤ ਸੱਚ ਐ ਕਿ ਇਤਿਹਾਸ ਸਮਾਂ ਅਤੇ ਸਮਾਜ ਉਪਰ ਵੱਲ ਹੀ ਵਿਕਾਸ ਕਰਦੈ। ਇਸ ਵਿਕਾਸ 'ਚ ਕੁਝ ਵਰ੍ਹੇ ਅੜਿਕਾ ਪਾਇਆ ਜਾ ਸਕਦੈ ਪਰ ਇਸਨੂੰ ਠੱਲ੍ਹਿਆ ਜਾ ਰੋਕਿਆ ਹਰਗਿਜ਼ ਨਹੀਂ ਜਾ ਸਕਦਾ। ਜਿੰਨਾ ਮਰਜ਼ੀ ਕੋਈ ਜ਼ੋਰ ਲਾ ਲਵੇ। ਉਸਦੇ ਇਨ੍ਹਾਂ ਮੁੱਲਵਾਨ ਵਿਚਾਰਾਂ ਤੋਂ ਵਿਦਿਆਰਥੀ, ਕਿਸਾਨ, ਮਜਦੂਰ ਅਤੇ ਮੁਲਾਜ਼ਮ ਬਹੁਤ ਪ੍ਰਭਾਵਿਤ ਹੁੰਦੇ ਪਰ ਇਹ ਵਿਚਾਰ ਆਤੰਕਵਾਦੀਆਂ ਦੇ ਵੱਖ ਵੱਖ ਗਰੁੱਪਾਂ ਨੂੰ ਸੂਲ ਵਾਂਗ ਚੁੱਭਦੇ। 'ਖਾਲਸਤਾਨ ਕਮਾਂਡੋ ਫੋਰਸ ਵੱਲੋਂ ਜਗਤਾਰ ਨੂੰ ਕਈ ਧਮਕੀ ਪੱਤਰ ਵੀ ਲਿਖੇ ਗਏ। ਇਕ ਵਾਰ ਉਸ ਤੇ ਜਾਨ ਲੇਵਾ ਹਮਲਾ ਵੀ ਕੀਤਾ ਗਿਆ। ਪਰ ਉਹ ਵਾਲ਼ ਵਾਲ਼ ਬਚ ਗਿਆ। ਜਗਤਾਰ ਦਾ ਨਾਮ ਅੱਤਵਾਦੀਆਂ ਦੀ ਹਿੱਟ ਲਿਸਟ ਤੇ ਸਭ ਤੋਂ ਅੱਗੇ ਸੀ। ਜਗਤਾਰ ਬੀ. ਏ. ਕਰਨ ਤੋਂ ਬਾਅਦ ਲੁਕ ਛਿਪ ਕੇ ਰਹਿੰਦਾ। ਲੁਕ ਛਿਪ ਕੇ ਹੀ ਘਰ ਆਉਂਦਾ। ਜਦ ਉਹ ਘਰ ਹੁੰਦਾ ਤਾਂ ਸਾਰੀ ਰਾਤ ਛੱਤ ਉੱਪਰ ਬਹਿ ਕੇ ਨਿਗਰਾਨੀ ਰੱਖਦਾ। ਜਗਤਾਰ ਰੂਪੋਸ਼ ਤਾਂ ਨਹੀਂ ਹੋਇਆ ਸੀ ਪਰ ਉਹ ਅਜਿਹੀ ਜ਼ਿੰਦਗੀ ਹੀ ਜਿਉਣ ਲਈ ਮਜਬੂਰ ਸੀ। ਜਗਤਾਰ ਨੂੰ ਇਹ ਖਦਸ਼ਾ ਨਹੀਂ ਪੱਕ ਸੀ ਕਿ ਅੱਤਵਾਦੀ ਉਸਨੂੰ ਲਾਜ਼ਮੀ ਮਾਰਨਗੇ ਜਿਸ ਕਰਕੇ ਉਹ ਹਰ ਸਮੇਂ ਚੌਕਸ ਵੀ ਰਹਿੰਦਾ।

ਇਨ੍ਹਾਂ ਦਿਨਾਂ 'ਚ ਉਹ ਆਪਣੀ ਪ੍ਰੇਮਕਾ ਨੂੰ ਵੀ ਨਹੀਂ ਮਿਲ ਸਕਿਆ ਸੀ। ਉਦਾਂ ਵੀ ਕੁਝ ਸਮੇਂ ਬਾਅਦ ਇਹ ਖ਼ਬਰ ਜਗਤਾਰ ਨੂੰ ਮਿਲ ਚੁੱਕੀ ਸੀ ਕਿ ਉਸਦੀ ਪ੍ਰੇਮਕਾ ਦਾ ਜਬਰੀ ਵਿਆਹ ਕਰ ਦਿੱਤਾ ਹੈ। ਉਸ ਨੂੰ ਇਹ ਦੁਖਦਾਈ ਖ਼ਬਰ ਸੁਣ ਕੇ ਨਿਰਾਸ਼ਤਾ ਹੋਈ। ਉਹ ਕਈ ਦਿਨ ਬੇਚੈਨ ਰਿਹਾ। ਉਸ ਨੇ ਇਕ ਵਾਰ ਉਸ ਨੂੰ ਉਸਦੇ ਸਹੁਰੇ ਘਰ ਦਾ ਪਤਾ ਕਰਕੇ ਮਿਲਣ ਦਾ ਪ੍ਰੋਗ੍ਰਾਮ ਵੀ ਬਣਾ ਲਿਆ। ਬਾਅਦ ਵਿਚ ਉਸ ਨੇ ਇਸ ਸੋਚ

ਦਾ ਫਿਰ ਮੁਲੰਕਣ ਕੀਤਾ। ਮੁਲੰਕਣ ਕਰਨ ਬਾਅਦ ਉਸਨੇ ਆਪਣਾ ਮਨ ਬਦਲ ਲਿਆ, ਹੁਣ ਕੋਈ ਫਾਇਦਾ ਨਹੀਂ ਹੋਏਗਾ ਉਸਨੂੰ ਮਿਲਣ ਦਾ ਸਗੋਂ ਅਜੇਹਾ ਕਰਨ ਨਾਲ ਹੋਰ ਸਮੱਸਿਆਵਾਂ ਪੈਦਾ ਹੋਣਗੀਆਂ। ਜਗਤਾਰ ਆਮ ਮੁੰਡਿਆ ਵਰਗਾ ਮੁੰਡਾ ਨਹੀਂ ਸੀ। ਜਗਤਾਰ ਦਾ ਸੰਘਰਸ਼ ਵਿੱਚ ਵਿਸ਼ਵਾਸ਼ ਸੀ। ਗੁੰਡਾਗਰਦੀ ’ਚ ਨਹੀਂ। ਵਿਆਹ ਤੋਂ ਕਿਤੇ ਵੱਡੇ ਆਦਰਸ਼ ਲਈ ਉਹ ਲੜ ਰਿਹਾ ਸੀ। ਵਿਆਹ ਉਸ ਲਈ ਜ਼ਰੂਰੀ ਤਾਂ ਸੀ ਪਰੰਤੂ ਵਿਆਹ ਤੋਂ ਕਿਤੇ ਵੱਧ ਉਹ ਸਮਾਜ ਨੂੰ ਮੁੱਢੋਂ ਸੁੱਢੋਂ ਬਦਲਣ ਨੂੰ ਵਧੇਰੇ ਤਰਜੀਹ ਦਿੰਦਾ ਸੀ, ਵਧੇਰੇ ਜ਼ਰੂਰੀ ਕਾਰਜ ਸਮਝਦਾ ਸੀ। ਜਗਤਾਰ ਨੇ ਆਪਣੀ ਪ੍ਰੇਮਕਾ ਨੂੰ ਮਿਲਣ ਜਾਂ ਪਾਉਣ ਦਾ ਬਿਲਕੁੱਲ ਹੀ ਖ਼ਿਆਲ ਛੱਡ ਦਿੱਤਾ।

ਨਸਕਲੀ ਪਾਰਟੀ ’ਚ ਜਗਤਾਰ ਦਾ ਇਕ ਗੂੜ੍ਹਾ ਦੋਸਤ ਸੀ ਤਰਸੇਮ। ਤਰਸੇਮ ਨੇ ਜਗਤਾਰ ਨੂੰ ਆਪਣੀ ਭੈਣ ਰਣਜੀਤ ਦਾ ਰਿਸ਼ਤਾ ਲੈਣ ਲਈ ਮਨਾ ਲਿਆ। ਪਾਰਟੀ ਕਾਰਕੁਨਾਂ ਨੇ ਵੀ ਇਸ ਫੈਸਲੇ ਤੇ ਸਹੀ ਪਾ ਦਿੱਤੀ। ਬੜੀਆਂ ਸਾਦੀਆਂ ਰਸਮਾਂ ਨਾਲ ਬਿਨਾ ਕੁਝ ਲਿਆ ਦਿੱਤਿਆਂ ਜਗਤਾਰ ਅਤੇ ਰਣਜੀਤ ਦਾ ਵਿਆਹ ਹੋ ਗਿਆ। ਵਿਆਹ ’ਚ ਦੋਨਾਂ ਤਰਫ਼ਾਂ ਦੇ ਕੁਝ ਖਾਸ ਰਿਸ਼ਤੇਦਾਰ ਬੁਲਾਏ ਗਏ ਸਨ। ਇਸ ਤੋਂ ਬਿਨਾ ਵੱਖ ਵੱਖ ਥਾਵਾਂ ਤੋਂ ਕੁਝ ਕਾਮਰੇਡ ਵੀ ਪਧਾਰੇ ਸਨ। ਕਾਮਰੇਡਾਂ ਨੇ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਸਨ ਤਾਂ ਕਿ ਕੋਈ ਘਾਤਕ ਘਟਨਾ ਨਾ ਵਾਪਰ ਜਾਵੇ। ਰਾਜਨੀਤਕ ਕੰਮਾਂ ਧੰਦਿਆਂ ’ਚ ਰਣਜੀਤ ਦਾ ਵੀ ਰੋਲ ਹੁੰਦਾ। ਉਹ ਜਗਤਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਦੀ। ਜਗਤਾਰ ਵੇਲੇ ਕੁਵੇਲੇ ਘਰ ਆਉਂਦਾ। ਵੇਲੇ ਕੁਵੇਲੇ ਹੀ ਘਰੋਂ ਨਿਕਲ ਜਾਂਦਾ। ਉਹ ਅਕਸਰ ਭੇਸ ਵਟਾ ਕੇ ਰੱਖਦਾ। ਆਮ ਬੰਦਾ ਉਸਨੂੰ ਪਛਾਣ ਨਹੀਂ ਸਕਦਾ ਸੀ। ਉਸ ਦਿਨ ਸ਼ਾਮ ਜਿਹੇ ਉਹ ਘਰ ਹੀ ਸੀ। ਰੋਟੀ ਖਾ ਕੇ ਉਹ ਆਪਣੇ ਖੇਤ ਚਲਾ ਗਿਆ। ਕਦੇ ਕਦੇ ਉਹ ਰਾਤ ਨੂੰ ਟਿਊਬਵੈੱਲ ਵਾਲੀ ਕੋਠੜੀ ’ਚ ਰਾਤ ਕੱਟਦਾ। ਕਦੇ ਕਦੇ ਉੱਥੇ ਰਾਤ ਨੂੰ ਨਕਸਲੀ ਮੀਟਿੰਗਾਂ ਵੀ ਕਰਦੇ। ਮੀਟਿੰਗਾਂ ਉਸਦੇ ਘਰ ਵੀ ਕੀਤੀਆਂ ਜਾਂਦੀਆਂ। ਜਿਸ ਦਿਨ ਜਗਤਾਰ ਦੇ ਪਰਿਵਾਰ ਉੱਪਰ ਆਤੰਕਵਾਦੀ ਹਮਲਾ ਹੋਇਆ ਸੀ ਉਸ ਦਿਨ ਰਾਤ ਨੂੰ ਉਹ ਆਪਣੇ ਖੇਤ ਵਾਲੀ ਕੋਠੜੀ ’ਚ ਸੀ। ਇਸ ਭਾਣੇ ਦਾ ਉਸਨੂੰ ਉਸ ਦਿਨ ਪਤਾ ਨਹੀਂ ਲੱਗ ਸਕਿਆ ਸੀ ਕਿਉਂਕਿ ਉਹ ਸਵੇਰ ਦੇ ਚਾਰ ਵਜੇ ਹੀ ਖੇਤ ਵਾਲੀ ਕੋਠੜੀ ਛੱਡ ਕੇ ਆਪਣੇ ਕਿਸੇ ਹੋਰ ਟਿਕਾਣੇ ਲਈ ਰਵਾਨਾ ਹੋ ਗਿਆ ਸੀ। ਅਗਲੇ ਦਿਨ ਉਸਨੂੰ ਇਕ ਘਟਨਾ ਦੀ ਕਨਸੋਅ ਅਖ਼ਬਾਰ ’ਚੋਂ ਲੱਗੀ ਖ਼ਬਰ ’ਚੋਂ ਮਿਲੀ। ਉਹ ਖ਼ਬਰ ਪੜ੍ਹਨ ਸਾਰ ਪਿੰਡ ਵੱਲ ਦੌੜਿਆ। ਹਿਫ਼ਾਜ਼ਤ ਵਜੋਂ ਪੰਜ ਛੇ ਹੋਰ ਸਾਥੀ ਵੀ ਸਨ ‘ਲਾਸ਼ਾਂ’ ਦਾ ਪੋਸਟ ਮਾਰਟਮ ਹੋ ਚੁੱਕਾ ਸੀ ਪਿੰਡ ਵਿੱਚ ਭਾਰੀ ਗਿਣਤੀ ’ਚ ਪੁਲਸ ਮੌਜੂਦ ਸੀ। ਲੋਕ ਵੀ ਬਹੁਤ ਸਨ। ਸੰਸਕਾਰ ਦਾ ਪ੍ਰਬੰਧ ਲੋਕਾਂ ਨੇ ਹੀ ਕੀਤਾ ਸੀ। ਜਗਤਾਰ ਲਈ ਇਹ ਸਦਮਾ ਅਸਹਿ ਦਾ, ਉਸ ਅੰਦਰ ਗੁੱਸੇ ਦੀ ਤੁਫ਼ਾਨ ਉਠ ਪਿਆ ਸੀ। ਉਹ ਅਰਥੀਆਂ ਨਾਲ ਤੁਰਿਆ ਜਾਂਦਾ ਆਪਣੇ ਆਪ ਨੂੰ ਸੰਬੋਧਿਤ ਸੀ, ਖ਼ੂਨ ਦਾ ਬਦਲਾ ਖ਼ੂਨ ਉੱਨੀ ਦੀ ਇੱਕੀ ਮੋੜਾਂਗਾ। ਨਹੀਂ ਬਖਸ਼ਾਂਗਾ ਇਨ੍ਹਾਂ ਅੱਤਵਾਦੀਆਂ ਨੂੰ। ਮਰ ਜਾਵਾਂਗਾ ਪਰ ਬਦਲਾ ਜ਼ਰੂਰ ਲਵਾਂਗਾ। ਇਕ ਵਾਰ ਟਾਕਰਾ ਹੋ ਜੇ ਕੇਰਾਂ।

ਸਮਾਂ ਆਪਣੀ ਚਾਲ ਤੁਰਦਾ ਗਿਆ। ਘਟਨਾਵਾਂ ਵੀ ਨਿਰੰਤਰ ਵਾਪਰ ਰਹੀਆਂ ਸਨ। ਜਗਤਾਰ ਸਮੇਤ ਚੋਟੀ ਦੇ ਕਾਮਰੇਡ ਰੂਪੋਸ਼ ਹੋ ਗਏ। ਆਤੰਕਵਾਦੀਆਂ ਦੀ ਲਹਿਰ ਹੋਰ ਵਧ ਚੁੱਕੀ ਸੀ। ਪੂਰਾ ਪੰਜਾਬ ਜਲ ਰਿਹਾ ਸੀ। ਕੋਈ ਬੰਦਾ ਕਿਤੇ ਵੀ ਸੁਰੱਖਿਅਤ ਨਹੀਂ ਸੀ ਸ਼ਾਮ ਹੁੰਦਿਆਂ ਹੀ ਪੰਜਾਬ ਸੱਨਾਟਾ ਛਾ ਜਾਂਦਾ, ਸੁੰਨਮਸਾਨ ਹੋ ਜਾਂਦੀ। ਦਿਨੇਂ ਵੀ ਲੋਕਾਂ ਨੂੰ ਡਰ ਰਹਿੰਦਾ। ਕਈ ਥਾਵਾਂ ਤੇ ਨਿਹੱਥੇ ਲੋਕ ਵੀ ਮਾਰ ਦਿੱਤੇ ਗਏ ਸਨ। ਲੁੱਟ ਮਾਰ ਕੀਤੀ ਜਾਂਦੀ, ਬਲਾਤਕਾਰ ਕੀਤੇ ਜਾਂਦੇ।

ਇਕ ਵਾਰ ਜਗਤਾਰ ਹੁਰੀਂ ਕਿਸੇ ਮੁਹਿੰਮ ਤੇ ਜਾ ਰਹੇ ਸਨ, ਛੇ ਸਾਥੀ ਸਨ, ਸਾਰੇ ਹਥਿਆਰ ਬੰਦ ਸਨ। ਆਤੰਕਵਾਦੀ ਵੀ ਸੱਤ ਅੱਠ ਹੋਣਗੇ। ਬਲਾਸਪੁਰ ਦੇ ਬੱਸ ਅੱਡੇ ’ਚ ਆਹਮਣੋ ਸਾਹਮਣੇ ਟੱਕਰ ਹੋ ਗਈ।



ਆਤੰਕਵਾਦੀ ਉੱਥੇ ਨਾਕਾ ਲਾਈ ਖੜੇ ਸਨ। ਕਾਮਰੇਡ ਜੀਪ ਵਿਚ ਸਨ। ਆਤੰਕਵਾਦੀਆਂ ਨੇ ਜੀਪ ਰੋਕਣ ਦੀ ਕੋਸ਼ਿਸ਼ ਕੀਤੀ, ਜਗਤਾਰ ਹੁਰਾਂ ਨੂੰ ਸਮਝਣ ’ਚ ਦੇਰ ਨਾਲ ਲੱਗੀ। ਉਨ੍ਹਾਂ ਜੀਪ ਰੋਕਣ ਦੀ ਬਜਾਏ ਪਿੰਡ ਵਾਲੇ ਪਾਸੇ ਕੱਟ ਮਾਰਿਆ। ਦੋ ਕੁ ਘਰ ਛੱਡ ਕੇ ਫਿਰ ਸੱਜੇ ਪਾਸੇ ਗਲੀ ਸੀ। ਜੀਪ ਓਹਲੇ ਹੋ ਗਈ। ਸਾਰੇ ਕਾਮਰੇਡ ਉੱਤਰ ਆਏ। ਆਤੰਕਵਾਦੀ ਹੰਕਾਰੇ ਹੋਏ ਸਨ। ਉਨ੍ਹਾਂ ’ਚੋਂ ਇਕ ਨੇ ਜਦ ਫਾਇਰ ਕੀਤਾ ਤਾਂ ਸਾਥੀ ਕੁੰਦਨ ਸਿੰਘ ਦੇ ਮੱਥੇ ਵਿੱਚ ਗੋਲੀ ਲੱਗ ਗਈ, ਉਹ ਥਾਏਂ ਢਹਿ ਢੇਰੀ ਹੋ ਗਿਆ। ਜਗਤਾਰ ਹੁਰਾਂ ਨੇ ਵੀ ਫ਼ਾਇਰ ਖੋਲ੍ਹ ਦਿੱਤੇ। ਇਸ ਦੁਵੱਲੀ ਫਾਇਰਿੰਗ ’ਚ ਦੋ ਆਤੰਕਵਾਦੀ ਮਾਰੇ ਗਏ। ਇਕ ਸੀ ਖਾਲਸਾ ਗੁਰਮੁਖ ਜੀਤ, ਦੂਜਾ ਸੀ ਨੌਨਿਹਾਲ ਸਿੰਘ। ਸਾਰੀ ਰਾਤ ਗੋਲੀ ਬਾਰੀ ਹੁੰਦੀ ਰਹੀ। ਚਾਰ ਕੁ ਦਾ ਵਕਤ ਹੋਏਗਾ ਜਦ ਅਤੰਕਵਾਦੀ ਵਾਲੇ ਪਾਸਿਉਂ ਗੋਲੀਆਂ ਆਉਣੋਂ ਬੰਦ ਹੋ ਗਈਆਂ। ਪਤਾ ਨਹੀਂ ਉਹ ਪਿੱਛੇ ਮੁੜੇ ਜਾਂ ਮੋਗੇ ਵੱਲ ਗਏ। ਉਹ ਗੁਰਮੁਖਜੀਤ ਅਤੇ ਨੌਨਿਹਾਲ ਦੀਆਂ ਲਾਸ਼ਾਂ ਉੱਥੇ ਹੀ ਛੱਡ ਗਏ। ਕਿਉਂ ਛੱਡ ਗਏ? ਇਹ ਵੀ ਇਕ ਰਹੱਸ ਹੀ ਸੀ ਕਿਉਂਕਿ ਅਤੰਕਵਾਦੀ ਕਦੇ ਅਜਿਹਾ ਨਹੀਂ ਕਰਦੇ ਸਨ। ਉਹ ਕੋਸ਼ਿਸ਼ ਕਰਦੇ ਕਿ ਆਪਣੇ ਮਰੇ ਸਾਥੀਆਂ ਨੂੰ ਨਾਲ ਹੀ ਚੁੱਕ ਲਿਜਾਂਦੇ। ਜਗਤਾਰ ਹੁਰਾਂ ਦਾ ਜੋ ਇਸ ਹਮਲੇ ’ਚ ਸਾਥੀ ਮਰਿਆ ਸੀ, ਉਹ ਉਸਨੂੰ ਆਪਣੀ ਗੱਡੀ ’ਚ ਲੱਦ ਕੇ ਆਪਣੇ ਨਾਲ ਲੈ ਗਏ ਸਨ। ਉਸ ਦਿਨ ਤੋਂ ਅਗਲੇ ਦਿਨ ਅਖਬਾਰ ਵਿੱਚ ਇਕ ਵੱਡੀ ਸੁਰਖ਼ੀ ਲੱਗੀ ‘ਬਲਾਸਪੁਰ ਵਿਚੋਂ ਪੁਲਸ ਅਤੇ ਅਤੰਕਵਾਦੀਆਂ ਵਿਚਕਾਰ ਗਹਿ ਗੱਚ ਮੁਕਾਬਲਾ’ ਇਸ ਮੁਕਾਬਲੇ ਨੂੰ ਪੁਲਸ ਨੇ ਪੁਲਸ ਮੁਕਾਬਲਾ ਬਣਾ ਦਿੱਤਾ। ਪੁਲਸ ਨੇ ਐਲਾਨ ਕੀਤਾ, ਰਾਤ ਪੁਲਸ ਮੁਕਾਬਲੇ ’ਚ ਦੋ ਅਤੰਕਵਾਦੀ ਮਾਰ ਮੁਕਾਏ। ਜਗਤਾਰ ਤੇ ਉਸਦੇ ਸਾਥੀਆਂ ਨੇ ਜਦ ਖ਼ਬਰ ਪੜ੍ਹੀ ਤਾਂ ਉਹ ਬਹੁਤ ਹੈਰਾਨ ਹੋਏ। ਖ਼ਬਰ ਪੜ੍ਹ ਕੇ ਹੀ ਪਤਾ ਲੱਗਿਆ ਕਿ ਦੋਵੇਂ ਆਤੰਕਵਾਦੀ ਖ਼ੂੰਖਾਰ ਸਨ ਜਿਨ੍ਹਾਂ ਦੇ ਨਾਮ ਗੁਰਮੁਖਜੀਤ ਸਿੰਘ ਅਤੇ ਨੌਨਿਹਾਲ ਸਿੰਘ ਸਨ।

ਪੁਲਸ ਦਾ ਇਹ ਕਾਰਨਾਮਾ ਦੇਖ ਕੇ ਵੀ ਜਗਤਾਰ ਅਤੇ ਉਸਦੇ ਸਾਥੀ ਹੈਰਾਨ ਵੀ ਹੋਏ, ਬੇਚੈਨ ਵੀ ਹੋਏ ਅਤੇ ਹੱਸੇ ਵੀ। ਪੁਲਸ ਨੇ ਅਸਲ ਵਿੱਚ ਆਪਣਾ ਮਨੋਰਥ ਪੂਰਾ ਕਰ ਲਿਆ। ਗੁਰਮੁਖਜੀਤ ਅਤੇ ਨੌਨਿਹਾਲ ਦੇ ਸਿਰਾਂ ਦਾ ਦੋ ਲੱਖ ਰੁਪਏ ਇਨਾਮ ਸੀ। ਇਨਾਮ ਲੈਣ ਲਈ ਹੀ ਪੁਲਸ ਨੇ ਇਸ ਨੂੰ ਪੁਲਸ ਮੁਕਾਬਲਾ ਬਣਾਇਆ ਸੀ।

3.

ਭਾਈ ਰਣਧੀਰ ਸਿਘ ਦੀ ਕਪੜੇ ਦੀ ਦੁਕਾਨ ਚੰਗੀ ਚੱਲਦੀ ਸੀ। ਸ਼ਹਿਰ ’ਚ ਇਸ ਪਰਿਵਾਰ ਦਾ ਚੰਗਾ ਕੰਮ ਕਾਜ ਹੋਣ ਕਰਕੇ ਚੰਗਾ ਮਾਣ ਤਾਨ ਵੀ ਸੀ। ਪਰ ਘਟਨਾਵਾਂ ਅਜਿਹੀਆਂ ਵਾਪਰੀਆਂ ਕਿ ਦੁਕਾਨ ਤਹਿਸ਼ ਨਹਿਸ਼ ਹੋ ਗਈ। ਸਾਰਾ ਕੰਮ ਠੱਪ ਹੋ ਗਿਆ। ਲੈਣ-ਦੇਣ ਮਿੱਟੀ ’ਚ ਮਿਲ ਗਿਆ। ਸਿਰਫ਼ ਪੱਲੇ ਕੋਠੀ ਰਹਿ ਗਈ ਸੀ। ਪੁਲਸ ਨੇ ਉਹਨਾਂ ਦਾ ਘਰੇਲੂ ਸਮਾਨ ਵੀ ਲੁੱਟ ਲਿਆ ਸੀ। ਘਰ ਵਿੱਚ ਕੁਝ ਵੀ ਨਹੀਂ ਸੀ, ਨਾ ਸਮਾਨ ਨਾ ਪੈਸਾ। ਜਦ ਸਾਰਾ ਪਰਿਵਾਰ ਜੇਲ੍ਹੋਂ ਛੁੱਟ ਕੇ ਘਰ ਪਰਤਿਆਂ ਤਾਂ ਸ਼ਹਿਰ ਦੇ ਕਿਸੇ ਬੰਦੇ ਨੇ ਉਹਨਾਂ ਦੀ ਰਾਈ ਭਰ ਸਹਾਇਤਾ ਨਾ ਕੀਤੀ। ਕਈ ਦਿਨ ਭੁੱਖਿਆ-ਪਿਆਸਿਆਂ ਕੱਟੇ ਸਨ। ਗੁਰਮੁਖਜੀਤ ਦੀ ਮੌਤ ਮਾਂ ਪਿਓ ਅਤੇ ਕੰਸ ਕੌਰ ਲਈ ਅਸਹਿ ਸੀ ਪਰੰਤੂ ਅਜਿਹਾ ਵਾਪਰਨਾ ਹੀ ਸੀ। ਗੁਰਮੁਖਜੀਤ ਨੇ ਰਾਹ ਹੀ ਆਤਮਘਾਤੀ ਚੁਣ ਰੱਖਿਆ ਸੀ। ਇਸ ਰਾਹ ਤੇ ਚੱਲਦਿਆਂ ਚੰਗੇ ਸਿੱਟੇ ਨਿਕਲਣ ਦੀ ਆਸ ਰੱਖਣੀ ਫ਼ਜ਼ੂਲ ਗੱਲ ਸੀ। ਸਿਆਣਿਆਂ ਦਾ ਮੱਤ ਹੈ ਕਿ ਜੇਹੋ ਜਿਹਾ ਕੋਈ ਕੰਮ ਕਰਦਾ ਹੈ, ਉਹੋ ਜੇਹਾ ਹੀ ਉਸਦਾ ਨਤੀਜਾਂ ਨਿਕਲਦਾ ਹੈ। ਗੁਰਮੁਖ ਜੀਤ ਭਾਵੇਂ ਮਾਰਿਆ ਜਾ ਚੁੱਕਾ ਸੀ ਪਰ ਉਸਦੀ ਮੌਤ ਪਰਿਵਾਰ ਲਈ ਨਿਆਮਤ ਬਣ ਗਈ। ਕਈ ਪਾਸਿਓਂ ਤੋਂ ਉਹਨਾਂ ਨੂੰ ਸਹਾਇਤਾ ਆਉਣ ਲੱਗ ਪਈ। ਵਿਦੇਸ਼ਾਂ ਤੋਂ ਪੌਂਡ ਅਤੇ ਡਾਲਰ ਵੀ ਆਏ। ਖਾਲਤਸਾਨ ਕਮਾਂਡੋ ਫੋਰਸ ਵੀ ਅਣਗਣਿਤ ਧਨ ਦੇ ਕੇ ਗਈ ਜਿਸ ਨਾਲ ਪਰਿਵਾਰ ਵਿਚ ਮਾਲਾ ਮਾਲ ਹੋ ਗਿਆ। ਭਾਈ ਰਣਧੀਰ ਸਿੰਘ ਨੇ ਦੁਬਾਰਾ ਦੁਕਾਨ ਖੋਲ੍ਹ ਲਈ। ਕੰਸ ਕੌਰ

ਖੁਦ ਵੀ ਦੁਕਾਨ ਤੇ ਬੈਠਣ ਲੱਗ ਪਈ। ਉਸ ਨੇ ਦੁਕਾਨਦਾਰੀ ਦੇ ਸਾਰੇ ਗੁਰ ਸਿੱਖ ਲਏ। ਨੂੰਹ ਸਹੁਰਾ ਸਾਰਾ ਦਿਨ ਦੁਕਾਨ ਵੱਲ ਹੀ ਧਿਆਨ ਦਿੰਦੇ। ਕੰਮ ਹੋਰ ਵਧਾਉਣ ਲਈ ਸਕੀਮਾਂ ਘੜਦੇ।

ਕੰਸ ਕੌਰ ਜਦ ਜੇਲ੍ਹ ਵਿੱਚ ਬੰਦ ਸੀ ਉਦੋਂ ਉਸ ਨੇ ਇਹ ਪੱਕੀ ਧਾਰ ਲਈ ਸੀ।" ਉਹ ਜਦ ਜੇਲ੍ਹੋਂ ਛੁੱਟੀ ਤਾਂ ਅੰਮ੍ਰਿਤ ਛੱਡ ਦੇਵੇਗੀ। ਕੀ ਖੱਟਿਆ ਅੰਮ੍ਰਿਤ ਛਕ ਕੇ, ਸਾਰਾ ਕੁਸ਼ ਗੁਆ ਲਿਆ। ਪੱਲੇ ਕੁਸ਼ ਨੀਂ ਰਿਹਾ।" ਫਿਰ ਉਹ ਆਪਣੇ ਆਪ ਨੂੰ ਸਮਝਾਉਂਦੀ ਤੇ ਮਹਿਸੂਸ ਕਰਦੀ, "ਅੰਮ੍ਰਿਤ ਵੀ ਕੀ ਕਰੇ ਇਨ੍ਹਾਂ ਨੇ ਤਾਂ ਅੰਮ੍ਰਿਤ ਛਕ ਕੇ ਰਾਹ ਈ ਪੁੱਠਾ ਫੜਿਆ ਹੋਇਆ ਸੀ।"

ਜੇਲ੍ਹ 'ਚ ਬੰਦ ਉਸਦੇ ਸੱਸ ਸਹੁਰਾ ਵੀ ਅੰਮ੍ਰਿਤ ਛੱਡਣ ਦਾ ਮਨ ਬਣਾ ਚੁੱਕੇ ਸਨ। ਜਦ ਜੇਲ੍ਹੋਂ ਰਿਹਾਅ ਹੋ ਕੇ ਸਾਰੇ ਘਰ ਪਹੁੰਚੇ ਤਾਂ ਭਾਈ ਰਣਧੀਰ ਸਿੰਘ ਦਾ ਮਨ ਬਦਲ ਗਿਆ। ਅੰਮ੍ਰਿਤ ਛੱਡਣਾ ਉਸਨੂੰ ਕੁ ਕੁਰਮ ਜਾਪਿਆ। ਉਸ ਨੇ ਆਪਣੀ ਪਤਨੀ ਅਤੇ ਆਪਣੀ ਨੂੰਹ ਕੰਸ ਨੂੰ ਕੁਸ਼ ਦਿਨਾਂ ਹੋਰ ਅੰਮ੍ਰਿਤ ਰੱਖਣ ਲਈ ਮਨਾ ਲਿਆ। ਕੰਸ ਕੌਰ ਨੇ ਸ਼ਰਮੋ ਸ਼ਰਮੀ ਅੰਮ੍ਰਿਤ ਤਾਂ ਰੱਖ ਲਿਆ ਪਰ ਉਸਦਾ ਮਨ ਬਿਲਕੁੱਲ ਰਾਜੀ ਨਹੀਂ ਸੀ, ਉਹ ਦੁਖੀ ਸੀ। ਵੀਹ ਪੱਚੀ ਦਿਨ ਮਸਾਂ ਲੰਘੇ ਹੋਣਗੇ ਜਦ ਕਮਾਂਡੋ ਫੋਰਸ ਦੇ ਤਿੰਨ ਕਾਰਕੁਨ ਉਨ੍ਹਾਂ ਦੇ ਘਰ ਆਏ। ਉਹ ਪਰਿਵਾਰ ਦੀ ਹਾਲਤ ਦਾ ਪਤਾ ਸਾਰ ਸੁਰ ਲੈਣ ਹੀ ਨਹੀਂ ਸਗੋਂ ਕੁਝ ਆਰਥਕ ਸਹਾਇਤਾ ਵੀ ਕਰਨ ਆਏ ਸਨ। ਕਮਾਂਡੋ ਫੋਰਸ ਗੁਰਮੁਖਜੀਤ ਨੂੰ ਸਿੱਖ ਕੌਮ ਦਾ ਸ਼ਹੀਦ ਗਰਦਾਨਦੀ ਸੀ ਪਰ ਫਿਰ ਵੀ ਕਾਰਕੁਨ ਪਰਿਵਾਰ ਨੂੰ ਪਏ ਵੱਡੇ ਘਾਟੇ ਲਈ ਦੁਖ ਦਾ ਇਜ਼ਹਾਰ ਕਰਨ ਆਏ ਸਨ। ਉਨ੍ਹਾਂ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ ਅਤੇ ਹੌਸਲਾ ਵੀ ਦਿੱਤਾ। ਕਮਾਂਡੋ ਦੇ ਕਾਰਕੁਨ ਆਉਣ ਕਾਰਨ ਕੰਸ ਕੌਰ ਤਿਲ ਮਿਲ਼ਾ ਉੱਠੀ ਸੀ। 'ਅਜੇ ਇਹ ਰਹਿੰਦੀ ਕਸਰ ਵੀ ਪੂਰੀ ਕਰਨਗੇ। ਸਾਨੂੰ ਇਹ ਤਬਾਹ ਕਰਕੇ ਛੱਡਣਗੇ।' ਪਹਿਲਾਂ ਤਾਂ ਉਸਦੇ ਮਨ 'ਚ ਆਇਆ ਕਿ ਉਹ ਉਹਨਾਂ ਨੂੰ ਧੱਕੇ ਮਾਰ ਕੇ ਘਰੋਂ ਕੱਢ ਦੇਵੇ। ਉਸਦੇ ਸੱਸ ਸਹੁਰਾ ਵੀ ਇਹੋ ਕਹਿਣਾ ਚਾਹੁੰਦੇ ਸਨ ਪਰੰਤੂ ਕਹਿ ਨਾ ਸਕੇ। ਕਾਰਕੁਨ ਕੁਝ ਸਮੇਂ ਠਹਿਰੇ, ਤੁਰਨ ਲੱਗਿਆ ਉਨ੍ਹਾਂ ਨੇ ਕਾਰ 'ਚੋਂ ਇਕ ਗੱਟਾ ਉਤਾਰਿਆ। ਗੱਟਾ ਕੰਸ ਕੌਰ ਕੋਲ ਰੱਖਦਿਆਂ ਉਨ੍ਹਾਂ 'ਚੋਂ ਇਕ ਨੇ ਕਿਹਾ, "ਦੇਖੋ ਜੀ ਅਸੀਂ ਗੁਰਮੁਖਜੀਤ ਦੀ ਲਾਸਾਨੀ ਸ਼ਹੀਦੀ ਦੀ ਕੀਮਤ ਨਹੀਂ ਦੇ ਸਕਦੇ। ਪਰ ਫਿਰ ਵੀ ਸਾਡਾ ਫ਼ਰਜ਼ ਬਣਦਾ ਸੀ, ਤੁਹਾਡੀ ਕੁਸ਼ ਸਹਾਇਤਾ ਕੀਤੀ ਜਾਵੇ। ਡਰੋ ਨਾ, ਇਹ ਪੈਸੇ ਆ ਤੁੱਛ ਜੇਹੇ।" ਇਹ ਸ਼ਬਦ ਕਹਿ ਕੇ ਉਹ ਚਲੇ ਗਏ। ਕੰਸ ਨੇ ਬੋਰੀ ਖਿੱਚ ਕੇ ਅੰਦਰ ਕਰ ਲਈ। ਖੋਲ੍ਹੀ, ਢੇਰੀ ਕਰ ਦਿੱਤੀ, ਪੰਜਾਹ-ਪੰਜਾਹ, ਸੌ-ਸੌ ਦੀਆਂ ਗੁੱਟੀਆਂ ਸਨ, ਮਾਇਆ ਅਣਗਿਣਤ। ਸਾਰੇ ਪਰਿਵਾਰ ਦੀਆਂ ਬਰਾਛਾਂ ਖਿੜ ਪਈਆਂ। ਭਾਈ ਰਣਧੀਰ ਸਿੰਘ ਦਾ ਕੰਮ ਕਾਜ ਭਾਵੇਂ ਚੰਗਾ ਸੀ ਪਰੰਤੂ ਐਨੀ ਧਨ ਰਾਸ਼ੀ ਇਕੱਠੀ ਕਦੇ ਨਹੀਂ ਦੇਖੀ ਸੀ। ਕੰਸ ਕੌਰ ਨੂੰ ਗੁਰਮੁਖਜੀਤ ਤਾਂ ਭੁੱਲ ਗਿਆ ਪਰ ਉਹਦੇ ਮਨ ਦਾ ਮੋਰ ਨੱਚਣ ਲੱਗ ਪਿਆ। ਛੇ ਸੱਤ ਮਹੀਨੇ ਉਨ੍ਹਾਂ ਦੇ ਘਰ ਨੋਟਾਂ ਦਾ ਮੀਂਹ ਵਰਦਾ ਰਿਹਾ। ਕਦੇ ਕਿਧਰੋਂ ਆ ਜਾਂਦੇ ਸਨ ਕਦੇ ਕਿਧਰੋਂ। ਕਦੇ ਕੋਈ ਗਰੁੱਪ ਦੇ ਜਾਂਦਾ ਕਦੇ ਕੋਈ ਜਥੇਬੰਦੀ। ਉਹਨਾਂ ਦੀ ਫਿਰ ਕੰਗਾਲੀ ਨਿਕਲ ਗਈ। ਸਗੋਂ ਥਾਂ ਥਾਂ ਤੇ ਉਨ੍ਹਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਆ ਗਿਆ। ਪੈਸੇ ਅਤੇ ਮਾਨ ਸਨਮਾਨ ਨੇ ਸਾਰੇ ਪਰਿਵਾਰ ਨੂੰ ਫਿਰ ਫ਼ਰਸ਼ ਤੋਂ ਅਰਸ਼ ਤੇ ਪਹੁੰਚਾ ਦਿੱਤਾ। ਅਖੀਰ ਸਾਰੇ ਪਰਿਵਾਰ ਨੇ ਇਹ ਫੈਸਲਾ ਕਰ ਲਿਆ ਕਿ ਉਹ ਅੰਮ੍ਰਿਤ ਨਹੀਂ ਛੱਡਣਗੇ। ਕੰਸ ਕੌਰ ਜਿਸ ਪਟਕੇ ਨੂੰ ਸਿਰ ਤੇ ਬੰਨ੍ਹਣੋ ਨਫ਼ਰਤ ਕਰਦੀ ਸੀ ਇਸਨੂੰ ਉਹ ਹਮੇਸ਼ਾ ਅਡੰਬਰ ਕਹਿੰਦੀ ਸੀ ਪਰ ਉਹ ਇਸ 'ਅਡੰਬਰ' ਨੂੰ ਛੱਡ ਨਾ ਸਕੀ। ਪੈਸੇ ਵਿੱਚ ਬਹੁਤ ਸ਼ਕਤੀ ਹੁੰਦੀ ਹੈ। ਪੈਸੇ ਨਾਲ ਹੀ ਪਿਆਰ ਸਾਂਝ ਹੁੰਦੀ ਹੈ, ਪੈਸੇ ਨਾਲ ਹੀ ਰਿਸ਼ਤੇ ਹਨ, ਪੈਸੇ ਨਾਲ ਹੀ ਅੰਮ੍ਰਿਤ ਹੈ, ਪੈਸਾ ਅਜਿਹੀ ਚੀਜ਼ ਹੈ ਜੋ ਮਰਿਆ ਨੂੰ ਜਿਉਂਦਾ ਕਰ ਦਿੰਦਾ ਹੈ। ਬੰਦਾ ਬਹੁਤ ਛੋਟਾ ਹੈ ਪੈਸਾ ਬਹੁਤ ਵੱਡਾ। ਕੰਸ ਕੌਰ ਲਈ ਗੁਰਮੁਖਜੀਤ ਦਾ ਕੋਈ ਅਰਥ ਨਾ ਰਿਹਾ। ਕੰਸ ਕੌਰ ਨੂੰ ਪੈਸੇ ਨੇ ਜਿੱਤ ਲਿਆ। ਕੰਸ ਕੌਰ ਨੂੰ ਭੁੱਲ ਭੁਲੇਖੇ ਵੀ ਕਦੇ ਗੁਰਮੁਖਜੀਤ ਯਾਦ ਨਹੀਂ ਆਇਆ ਸੀ।



4.

ਜਗਤਾਰ ਦੇ ਘਰ ਪੱਕੇ ਤੌਰ ਤੇ ਤਾਲ਼ਾ ਲੱਗ ਚੁੱਕਾ ਸੀ। ਉਹ ਅੰਡਰ ਗਰਾਊਂਡ ਰਹਿ ਕੇ ਪਾਰਟੀ ਲਈ ਕੰਮ ਕਰਦਾ। ਉਸਦੀ ਜ਼ਮੀਨ ਉਸਦਾ ਚਾਚਾ ਵਾਹ ਬੀਜ ਲੈਂਦਾ। ਉਸਨੇ ਆਪਣੇ ਚਾਚੇ ਤੋਂ ਕਦੇ ਠੇਕਾ ਵੀ ਨਹੀਂ ਸੀ ਮੰਗਿਆ। ਕਿਤੇ ਰਾਤ ਬਰਾਤੇ ਜੇ ਘਰ ਆ ਵੀ ਜਾਂਦਾ ਤਾਂ ਉਹ ਚਾਚੇ ਘਰ ਨਾ ਜਾਂਦਾ। ਆਪਣੇ ਘਰ ਹੀ ਠਹਿਰਦਾ। ਮੂੰਹ ਹਨੇਰੇ ਹੀ ਖਿਸਕ ਜਾਂਦਾ। ਪਾਰਟੀ ਜੋ ਕੰਮ ਦਿੰਦੀ ਉਸ ਨੂੰ ਉਹ ਤੁਰੰਤ ਕਰਦਾ। ਸੁਹਿਰਦਤਾ ਈਮਾਨਦਾਰੀ, ਤਨਦੇਹੀ ਅਤੇ ਪ੍ਰਤੀਬੱਧਤਾ ਨਾਲ ਉਹ ਮਿਲੇ ਹਰ ਕਾਰਜ ਨੂੰ ਨਿਭਾਉਂਦਾ। ਜਗਤਾਰ ਨਕਸਲੀਆਂ 'ਚ ਦੂਜੀ ਕਤਾਰ ਦਾ ਨੇਤਾ ਬਣ ਗਿਆ ਸੀ। ਮਾਰਕਸੀ ਫਲਸਫੇ ਤੇ ਉਸਦੀ ਵਿਸ਼ੇਸ਼ ਪਕੜ ਸੀ। ਸੰਸਾਰ ਦੀ ਮਹਾਨ ਪੁਸਤਕ 'ਪੂੰਜੀ' ਦੀਆਂ ਪ੍ਰਮੁੱਖ ਧਾਰਨਾਵਾਂ ਉਸ ਦੇ ਜ਼ੁਬਾਨੀ ਯਾਦ ਸਨ। ਉਹ ਆਪਣੇ ਲੈਕਚਰ ਦੌਰਾਨ ਹੀ ਨਹੀਂ ਸਗੋਂ ਵੱਖ ਵੱਖ ਮੁਲਾਜ਼ਮ, ਮਜਦੂਰ ਵਿਦਿਆਰਥੀ ਅਤੇ ਕਿਸਾਨ ਜਥੇਬੰਦੀਆਂ ਦੇ ਕਾਰਕੁਨਾਂ ਨਾਲ ਗੱਲ ਬਾਤ ਸਮੇਂ ਵੀ ਪੂੰਜੀ ਚੋਂ ਹੀ ਨਹੀਂ ਸੰਸਾਰ ਦੇ ਮਹਾਨ ਮਾਰਕਸੀ ਨੇਤਾਵਾਂ ਅਤੇ ਬੁੱਧੀ ਜੀਵੀਆਂ ਵੱਲੋਂ ਦਿੱਤੇ ਵਿਚਾਰਾਂ ਅਤੇ ਤੱਥਾਂ ਨੂੰ ਪੇਸ਼ ਕਰਦਾ। ਉਹ ਨਕਸਲੀ ਪਾਰਟੀ 'ਚ ਵੀ ਵਿਚਾਰ ਵਟਾਂਦਰੇ ਦੌਰਾਨ ਮਾਰਕਸੀ ਦਰਸ਼ਨ ਤੋਂ ਕਾਰਜ ਲੈਂਦਾ। ਉਸਦੀ ਸੂਝ ਉਸਦੇ ਗਿਆਨ ਅਤੇ ਉਸਦੀ ਦ੍ਰਿਸ਼ਟੀ ਕਾਰਨ ਹੀ ਉਸਦਾ ਨਕਸਲੀ ਪਾਰਟੀ 'ਚ ਵਿਸ਼ੇਸ਼ ਨਿਰਧਾਰਤ ਹੋ ਗਿਆ ਸੀ।

ਨਕਸਲੀ ਪਾਰਟੀ ਨੇ ਨਵੰਬਰ ਮਹੀਨੇ ਵਿੱਚ ਇਕ ਨਕਸਲੀ ਹਮਦਰਦ ਅਧਿਆਪਕ ਮਹਿੰਦਰ ਸਿੰਘ ਦੇ ਘਰ ਜ਼ੀਰੇ ਮੀਟਿੰਗ ਰੱਖ ਲਈ। ਇਸ ਮੀਟਿੰਗ ਵਿੱਚ ਸਟੇਟ ਦੇ ਖਾਸੇ, ਆਤੰਕਵਾਦ ਅਤੇ ਉਸਦੇ ਟਾਕਰੇ ਲਈ ਰਾਜਨੀਤੀ ਕੀ ਹੋਵੇ, ਮੁਲਾਜ਼ਮ ਮਜ਼ਦੂਰ ਕਿਸਾਨ ਅਤੇ ਵਿਦਿਆਰਥੀ ਜਥੇਬੰਦੀਆਂ ਬਨਾਮ ਨਕਸਲੀ ਪਾਰਟੀ ਅਤੇ ਉਸਦਾ ਸਟੈਂਡ ਆਦਿ ਅਜੰਡੇ ਵਿਚਾਰੇ ਜਾਣੇ ਸਨ। ਮੀਟਿੰਗ ਸਥਾਨ ਤੇ ਸਾਰੇ ਨਕਸਲੀਆਂ ਨੂੰ ਰਾਤ ਦੇ ਅੱਠ ਵਜੇ ਪਹੁੰਚਣ ਦੀ ਹਦਾਇਤ ਸੀ। ਨਕਸਲੀਆਂ ਨੇ ਮੀਟਿੰਗ ਲਈ ਜ਼ੀਰਾ ਇਸ ਕਰਕੇ ਚੁਣਿਆ ਸੀ ਕਿਉਂਕਿ ਇਸ ਸ਼ਹਿਰ ਵਿੱਚ ਇਕ ਤਾਂ ਨਕਸਲੀਆਂ ਦਾ ਕੋਈ ਬਹੁਤਾ ਜੋਰ ਨਹੀਂ ਸੀ, ਦੂਜਾ ਮਾਸਟਰ ਮਹਿੰਦਰ ਸਿੰਘ ਬਾਰੇ ਕਿਸੇ ਨੂੰ ਵੀ ਇਹ ਪਤਾ ਨਹੀਂ ਸੀ ਕਿ ਉਹ ਨਕਸਲੀ ਹਮਦਰਦ ਹੈ। ਮਹਿੰਦਰ ਸਿੰਘ ਇਕ ਨੇਕ ਇਨਸਾਨ ਦੇ ਤੌਰ ਤੇ ਸ਼ਹਿਰ ਵਿੱਚ ਪ੍ਰਸਿੱਧ ਸੀ। ਤੀਜਾ ਜ਼ੀਰੇ ਵਿਚ ਖਾਲਸਤਾਨੀਆਂ ਦਾ ਕੋਈ ਮਸ਼ਹੂਰ ਅੱਤਵਾਦੀ ਸੁਣਿਆ ਹੀ ਨਹੀਂ ਸੀ। ਮਾਸਟਰ ਮਹਿੰਦਰ ਦੇ ਘਰ ਇਕ ਨਹੀਂ ਕਈ ਮੀਟਿੰਗਾਂ ਹੋ ਚੁੱਕੀਆਂ ਸਨ। ਨਕਸਲੀ ਜਦ ਮੀਟਿੰਗ ਲਈ ਆਉਂਦੇ ਉਨ੍ਹਾਂ ਦੇ ਭੇਸ ਬਦਲੇ ਹੁੰਦੇ। ਸਾਧਾਰਨ ਜਿਹੇ ਕਪੜੇ ਹੁੰਦੇ। ਕਿਸੇ ਵੀ ਨਕਸਲੀ ਦੀ ਇਸ ਸ਼ਹਿਰ ਵਿੱਚ ਕੋਈ ਜਾਣ ਪਹਿਚਾਣ ਨਹੀਂ ਸੀ ਜਿਸ ਕਰਕੇ ਉਹ ਦਨ ਦਨਾਉਂਦੇ ਆਉਂਦੇ ਜਾਂਦੇ। ਜਗਤਾਰ ਨੇ ਵੀ ਸਿਰ ਦੇ ਵਾਲ਼ ਕਟਵਾਏ ਹੋਏ ਸਨ। ਉਹ ਕਦੇ ਕਦਾਈਂ ਪੱਗ ਬੰਨ੍ਹਦਾ। ਉਸਨੂੰ ਵੀ ਕੋਈ ਪਹਿਚਾਣ ਨਹੀਂ ਸਕਦਾ ਸੀ ਕਿ ਉਹੀ ਜਗਤਾਰ ਹੈ ਜਿਸਦੇ ਪੋਚਮੀ ਪਟਿਆਲਾਸ਼ਾਹੀ ਪੱਗ ਬੰਨ੍ਹੀ ਹੁੰਦੀ ਸੀ।

ਜਗਤਾਰ ਨੂੰ ਪਹਿਲਾਂ ਜਗਰਾਉਂ ਕੰਮ ਸੀ। ਉਸ ਨੇ ਨਕਸਲੀ ਹਮਾਇਤੀ ਇਕ ਲੇਖਕ ਨੂੰ ਮਿਲਣਾ ਸੀ। ਦੋ ਕੁ ਘੰਟੇ ਉਸ ਨਾਲ ਵਿਚਾਰ ਕਰਕੇ ਛੇ ਵਜੇ ਹੀ ਜ਼ੀਰੇ ਪੁੱਜ ਗਿਆ, ਸਮੇਂ ਤੋਂ ਦੋ ਘੰਟੇ ਪਹਿਲਾਂ ਉਹ ਬੱਸ ਅੱਡੇ ਤੋਂ ਉੱਤਰ ਕੇ ਸਿੱਧਾ ਮਾਸਟਰ ਮਹਿੰਦਰ ਦੇ ਘਰ ਵੱਲ ਹੋ ਤੁਰਿਆ। ਉਹ ਬਾਜ਼ਾਰ ਵਿਚੋਂ ਦੀ ਆਪਣੀ ਮੰਜ਼ਲ ਵੱਲ ਵਧ ਰਿਹਾ ਸੀ। ਜਦ ਉਹ ਭਾਈ ਰਣਧੀਰ ਸਿੰਘ ਦੀ ਦੁਕਾਨ ਕੋਲ ਪੁੱਜਿਆ। ਤਾਂ ਉਸ ਦੇ ਪੈਰਾਂ ਵਿਚ ਪਾਈ ਜੁੱਤੀ 'ਚ ਬੱਜਰੀ ਦੀਆਂ ਦੋ ਤਿੰਨ ਕੰਕਰਾਂ ਵੜ ਗਈਆਂ। ਉਸ ਨੇ ਖੜ ਕੇ ਜੁੱਤੀ ਝਾੜੀ ਪਰ ਜਦ ਉਹ ਤੁਰਨ ਲੱਗਿਆ ਤਾਂ ਉਸਦੇ ਪੈਰ ਵਿੱਚ ਉਹ ਫਿਰ ਰੜਕੀਆਂ। ਉਸਨੇ ਹੱਥ ਨਾਲ ਪੈਰ 'ਚੋਂ ਜੁੱਤੀ ਉਤਾਰੀ ਅਤੇ ਉਸ 'ਚੋਂ ਕੰਕਰਾਂ ਕੱਢ ਮਾਰੀਆਂ। ਇਸ ਦੌਰਾਨ ਹੀ ਭਾਈ ਰਣਧੀਰ ਸਿੰਗ ਨੇ ਆਪਣੀ ਨੂੰਹ ਨੂੰ ਆਵਾਜ਼ ਮਾਰੀ, "ਕੰਸ, ਬੇਟਾ ਕੰਸ ਕੌਰ... ਚੱਲੀਏ ਆਪਾਂ ਹੁਣ, ਕਰੀਏ ਬੰਦ ਦੁਕਾਨ। ਸਾਰੇ ਦੁਕਾਨਦਾਰ

ਦੁਕਾਨਾਂ ਬੰਦ ਕਰਕੇ ਤੁਰਦੇ ਜਾ ਰਹੇ ਹਨ-ਆਪਾਂ ਵੀ ਵਕਤ ਸਿਰ ਘਰ ਚੱਲੀਏ।'' ਕੰਸ ਕੌਰ ਦਾ ਨਾਂ ਸੁਣ ਕੇ ਜਗਤਾਰ ਦੇ ਕੰਨ ਖੜੇ ਹੋ ਗਏ। ਉਸ ਨੇ ਫਿਰ ਦੁਕਾਨ ਵੱਲ ਖੋਖਵੀਂ ਨਜ਼ਰ ਮਾਰੀ ਪਰ ਕੰਸ ਕੌਰ ਉਸਨੂੰ ਕਿਤੇ ਨਜ਼ਰ ਨਾ ਆਈ। ਕਾਊਂਟਰ ਤੇ ਇਕ ਔਰਤ ਬੈਠੀ ਸੀ ਜਿਸ ਦੇ ਸਿਰ ਤੇ ਪੱਗ ਨੁਮਾ ਪਟਕਾ ਬੰਨ੍ਹਿਆ ਹੋਇਆ ਸੀ। ਜਗਤਾਰ ਨੂੰ ਕੁਝ ਵੀ ਸਮਝ ਨਾ ਆਈ ਪਰ ਕੰਸ ਕੌਰ ਦਾ ਨਾਂ ਸੁਣ ਕੇ ਉਸਦਾ ਅੰਦਰ ਤੱਕ ਹਲੂਣਿਆ ਅਤੇ ਝੰਝੋੜਿਆ ਗਿਆ। ਇਕ ਤੁਫਾਨ ਜੇਹਾ ਸੀਨੇ ਵਿਚ ਉਠ ਖੜਾ ਹੋਇਆ ਜੋ ਉਸ ਦੇ ਸਰੀਰ ਦੀਆਂ ਕੰਧਾਂ ਨੂੰ ਭੰਨ੍ਹ ਲੱਗ ਪਿਆ। ਕੰਸ ਕੌਰ ਉਸ ਦੇ ਜ਼ਿਹਨ ਵਿੱਚ ਗੂੰਜਣ ਲੱਗ ਪਈ। ਕੰਸ ਕੌਰ ਜਿਸਨੂੰ ਉਹ ਪੂਰੀ ਤਰ੍ਹਾਂ ਭੁੱਲ ਚੁੱਕਾ ਸੀ। ਉਸ ਲਈ ਵਰਤਮਾਨ ਅਤੇ ਭਵਿੱਖ ਦੀ ਵਧੇਰੇ ਅਹਿਮੀਅਤ ਸੀ। ਉਹ ਜ਼ਿੰਦਗੀ 'ਚੋਂ ਖਾਰਜ ਹੋ ਚੁੱਕੀ ਚੀਜ਼, ਵਿਸਰ ਚੁੱਕੇ ਰਿਸ਼ਤਿਆਂ ਤੇ ਕਦੇ ਬਲ ਨਾ ਦਿੰਦਾ, ਨਾ ਪਛਤਾਵਾ ਕਰਦਾ, ਨਾ ਉਨ੍ਹਾਂ ਨੂੰ ਦੁਬਾਰਾ ਪ੍ਰਾਪਤ ਕਰਨ ਲਈ ਉਨ੍ਹਾਂ ਪਿੱਛੇ ਦੌੜਦਾ। ਉਹ ਤਾਂ ਨਵੇਂ ਸਿਹਤਮੰਦ ਰਿਸ਼ਤਿਆਂ ਦੀ ਸਥਾਪਤੀ ਚਾਹੁੰਦਾ ਸੀ। ਉਹ ਨਵੇਂ ਸਮਾਜ ਦੀ ਸਿਰਜਣਾ ਦਾ ਹਮੀ ਸੀ ਉਸ ਕਾਰਨ ਹੀ ਉਸ ਨੇ ਆਪਣਾ ਪਰਿਵਾਰ ਦਾਅ ਤੇ ਲਾ ਦਿੱਤਾ, ਇਸ ਕਾਰਨ ਹੀ ਉਸ ਨੇ ਖੁਦ ਜਾਨ ਤਲੀ ਤੇ ਰੱਖੀ ਅਤੇ ਸੰਘਰਸ਼ ਦੇ ਰਾਹ ਪਿਆ। ਉਸਦਾ ਮਨੋਰਥ ਸੀ ਇਨਕਲਾਬ, ਇਸ ਤੋਂ ਘੱਟ ਕੁਝ ਵੀ ਨਹੀਂ।

"ਕੰਸ ਕੌਰ... ਕੰਸ ਕੌਰ, ਇਹ ਕਿਤੇ ਉਹੀ ਨਾ ਹੋਵੇ ਪਰ ਨਹੀਂ ਇਹ ਉਹ ਨਹੀਂ। ਇਹ ਤਾਂ ਅੰਮ੍ਰਿਤਧਾਰੀ ਐ, ਸਿਰ ਤੇ ਪਟਕਾ ਬੰਨ੍ਹ ਕੇ ਪੂਰੀ ਸਿੰਘਣੀ ਸਜੀ ਬੈਠੀ ਆ। ਕੰਸ ਕੌਰ... ਕੰਸ ਕੌਰ, ਕੰਸ ਕੌਰ...।'' ਇਸ ਤਰ੍ਹਾਂ ਉਹ ਆਪਣੇ ਆਪ ਨਾਲ ਸੰਵਾਦ ਰਚਾਉਂਦਾ ਅੱਗੇ ਤੁਰ ਗਿਆ। ਤੁਰੇ ਜਾਂਦੇ ਜਗਤਾਰ ਉੱਪਰ ਉਸਦੇ ਕਾਮਰੇਡੀ ਹਾਵੀ ਹੋ ਗਈ, "ਕਾਮਰੇਡਾ ਚੱਲ ਛੱਡ ਪਰ੍ਹਾਂ ਯਾਰ ਆਪਣਾ ਕੀ ਲੈਣਾ ਕੰਸ ਕੌਰ ਤੋਂ ਜਿਸ ਰਾਹ ਨੀ ਪੈਣਾ ਉਸ ਰਾਹ ਦਾ ਕੀ ਪੁੱਛਣਾ। ਤੂੰ ਆਪਣੇ ਟਿਕਾਣੇ ਪੁੱਜ। ਕੰਸ ਕੌਰ ਤੋਂ ਤੇਰਾ ਕਾਰਜ ਕਿਤੇ ਵੱਡਾ ਅਤੇ ਪਵਿੱਤਰ ਆ। ਨਾਲੇ ਦੁਨਿਆਵੀ ਮੋਹ ਮਾਇਆ ਦਾ ਤੇਰੇ ਲਈ ਕੋਈ ਅਰਥ ਨਹੀਂ ਰਿਹਾ।'' ਜਗਤਾਰ ਨੇ ਆਪਣੀ ਸੋਚ 'ਚੋਂ ਕੰਸ ਕੌਰ ਦਾ ਮਸਲਾ ਕੱਢ ਦਿੱਤਾ ਅਤੇ ਮਹਿੰਦਰ ਦੇ ਘਰ ਸਭ ਤੋਂ ਪਹਿਲਾਂ ਪੁੱਜ ਗਿਆ। ਅੱਠ ਦੇ ਆਸ ਪਾਸ ਸਾਰੇ ਸਾਥੀ ਆ ਗਏ।

ਚਾਹ ਪਾਣੀ ਪੀਣ ਬਾਅਦ ਮੀਟਿੰਗ ਸ਼ੁਰੂ ਹੋ ਗਈ। ਅਜੰਡਾ ਵਾਈਜ਼ ਗੱਲ ਕੀਤੀ ਗਈ। ਹਰ ਸਾਥੀ ਨੇ ਆਪਣੇ ਵਿਚਾਰ ਰੱਖੇ। ਜਗਤਾਰ ਚੁੱਪ ਸੀ ਜਿਹੜਾ ਕਦੇ ਚੁੱਪ ਨਹੀਂ ਹੁੰਦਾ ਸੀ, ਉਹ ਤਾਂ ਮੀਟਿੰਗ 'ਚੋਂ ਗੈਰ ਹਾਜ਼ਰ ਸੀ, ਉਸਨੂੰ ਵਿਚਾਰ ਵਟਾਂਦਰੇ ਦੀ ਕੁਝ ਵੀ ਸਮਝ ਨਹੀਂ ਲੱਗ ਰਹੀ ਸੀ। ਉਹ ਭਾਵੇਂ ਮੋਨਧਾਰੀ ਹੋਇਆ ਬੈਠਾ ਸੀ ਪਰ ਅੰਦਰੋਂ ਉਖੜਿਆ ਹੋਇਆ ਅੰਤ ਅਸ਼ਾਂਤ ਸੀ ਉਸਦੇ ਜ਼ਿਹਨ ਵਿੱਚ ਕੰਸ ਕੌਰ ਘੁੰਮ ਰਹੀ ਸੀ। ਉਸ ਨਾਲ ਸਕੂਲ 'ਚ ਪੜ੍ਹਦੀ ਕੰਸ ਕੌਰ। ਉਸਦੀ ਮਹਿਬੂਬ ਕੁੜੀ ਕੰਸ ਕੌਰ। ਉਹ ਕਿੰਨੇ ਵਰ੍ਹੇ ਇਕ ਦੂਜੇ ਨੂੰ ਪਿਆਰ ਕਰਦੇ ਰਹੇ। ਇਕ ਦੂਜੇ ਨੂੰ ਕਿਸੇ ਨਾ ਕਿਸੇ ਢੰਗ ਜਾਂ ਬਹਾਨੇ ਨਾਲ ਮਿਲਦੇ ਰਹੇ। ਸਿਆਲਾਂ ਵਿੱਚ ਜਗਤਾਰ ਕੰਧ ਟੱਪ ਕੇ ਕੰਸ ਕੌਰ ਨੂੰ ਮਿਲਦਾ। ਦੋ ਤਿੰਨ ਘੰਟੇ ਉਸ ਨਾਲ ਪਿਆ ਰਹਿੰਦਾ। ਇਕ ਦੂਜੇ ਨੂੰ ਜੱਫੀ 'ਚ ਘੁੱਟੀ ਰੱਖਦੇ। ਉਨ੍ਹਾਂ ਦੇ ਸਾਹ ਇਕ ਦੂਜੇ ਵਿੱਚ ਘੁਲ ਮਿਲ ਜਾਂਦੇ। ਜਦ ਉਨ੍ਹਾਂ ਮਿਲਣਾ ਹੁੰਦਾ ਤਾਂ ਉਸ ਰਾਤ ਕੰਸ ਕੌਰ ਸਾਰੇ ਟੱਬਰ ਨੂੰ ਦਾਲ ਸਬਜੀ 'ਚ ਪਾ ਕੇ ਨੀਂਦ ਵਾਲੀਆਂ ਗੋਲੀਆਂ ਪਾ ਦਿੰਦੀ। ਹਫ਼ਤੇ 'ਚ ਦੋ ਦਿਨ ਉਹ ਹਰ ਹਾਲਤ ਮਿਲਦੇ। ਚੱਲ ਰਹੀ ਮੀਟਿੰਗ 'ਚ ਹੋ ਰਹੇ ਵਾਰਤਾਲਾਪ ਦੌਰਾਨ ਦੂਜੇ ਸਾਥੀਆਂ ਨੇ ਜਗਤਾਰ ਨੂੰ ਕਈ ਵਾਰ ਹਲੂਣਿਆ। ਉਹ ਅੱਭੜਵਾਹਿਆਂ ਵਾਂਗ ਸਰੀਰ ਛੰਡ ਕੇ ਕਹਿਣ ਲੱਗਾ, "ਚਲੋ ਚਲੋ ਜਾਰੀ ਰੱਖੋ ਗੱਲਬਾਤ ਮੈਂ ਸੁਣ ਰਿਹਾਂ।''

"ਜਾਰੀ ਕੀ ਰੱਖੀਏ ਤੂੰ ਸੁੰਨ ਵੱਟਾ ਜੇਹਾ ਬਣਿਆ ਪਿਆ ਏਂ। ਕੁਸ਼ ਤਾਂ ਬੋਲ। ਕਿੰਨੀ ਗਰੀਬ ਚਰਚਾ ਹੋ ਰਹੀ ਐ, ਤੂੰ ਆਪਣਾ ਮੱਤ, ਆਪਣਾ ਵਿਚਾਰ ਤਾਂ ਪੇਸ਼ ਕਰ। ਜੇ ਸਿਹਤ ਨਹੀਂ ਠੀਕ ਜਾਂ ਮੂਡ ਨਹੀਂ ਠੀਕ ਤਾਂ ਆਪਾਂ ਮੀਟਿੰਗ ਪੋਸਟ ਪੋਨ ਕਰ ਦਿੰਨੇਂ ਆ।'' ਇਕ ਸਾਥੀ ਨੇ ਮਿੱਠਾ ਜੇਹਾ ਗਿਲਾ ਕਰਦਿਆਂ ਜਗਤਾਰ



ਨੂੰ ਕਿਹਾ, "ਨਹੀਂ ਨਹੀਂ ਜਾਰੀ ਰੱਖੋ ਯਾਰ। ਮੈਂ ਠੀਕ ਆਂ ਤੇ ਸਾਰਾ ਕੁਸ਼ ਸੁਣ ਰਿਹਾਂ। ਸੁਣ ਹੀ ਨਹੀਂ ਰਿਹਾ ਸਗੋਂ ਦਿਮਾਗ 'ਚ ਬਿਠਾ ਰਿਹਾਂ। ਜਗਤਾਰ ਨੇ ਪੂਰਾ ਜੋਰ ਲਾ ਕੇ ਕਿਹਾ। ਇਕ ਹੋਰ ਸਾਥੀ ਬੋਲ ਪਿਆ, "ਪਹਿਲੇ ਅਜੰਡੇ ਤੇ ਜੋ ਵਿਚਾਰ ਚਰਚਾ ਹੁਣ ਤੱਕ ਹੋਈ ਐ ਉਸ ਬਾਰੇ ਸੰਖੇਪ 'ਚ ਦੱਸੀਂ ਜਰਾ। ਫੇਰ ਤੋਰਾਂਗੇ ਮੀਟਿੰਗ ਅੱਗੇ-ਨਹੀਂ ਤਾਂ ਮੀਟਿੰਗ ਏਥੇ ਹੀ ਸਮਾਪਤ ਹੋਏਗੀ। ਦੁਬਾਰਾ ਕਿਤੇ ਹੋਰ ਰੱਖਾਂਗੇ।'' ਇਸ ਪ੍ਰਸ਼ਨ ਦਾ ਉੱਤਰ ਜਗਤਾਰ ਨਹੀਂ ਦੇ ਸਕਦਾ ਸੀ। ਉਹ ਉਖੜੇ ਕੁਹਾੜੇ ਮਾਰਨ ਲੱਗ ਪਿਆ। ਵਾਸਤਵ 'ਚ ਜਗਤਾਰ ਮੀਟਿੰਗ 'ਚ ਭਾਵੇਂ ਹਾਜ਼ਰ ਸੀ ਪਰੰਤੂ ਉਹ ਹਾਜ਼ਰ ਹੁੰਦਿਆਂ ਵੀ ਗ਼ੈਰ ਹਾਜ਼ਰ ਸੀ। ਜਦ ਜਗਤਾਰ ਉਖੜੇ ਕੁਹਾੜੇ ਮਾਰਨ ਲੱਗ ਪਿਆ ਤਾਂ ਸਾਰੇ ਸਾਥੀਆਂ ਨੇ ਸਰਬਸੰਮਤੀ ਨਾਲ ਮੀਟਿੰਗ ਸਥਿਗਤ ਕਰ ਦਿੱਤੀ। ਕਮਰੇ 'ਚ ਜਗਦੀ ਲਾਈਟ ਬੁਝਾ ਦਿੱਤੀ ਗਈ ਅਤੇ ਸਾਰੇ ਸਾਥੀ ਉੱਥੇ ਹੀ ਟੇਢੇ ਹੋ ਗਏ। ਦਸ ਵੀਹ ਮਿੰਟਾਂ ਵਿੱਚ ਹੀ ਸਾਰੇ ਸਾਥੀ ਸੌਂ ਗਏ ਪਰ ਜਗਤਾਰ ਨੂੰ ਨੀਂਦ ਨਹੀਂ ਆ ਰਹੀ ਸੀ। ਉਸਨੂੰ ਤਾਪ ਦੇ ਭੰਨੇ ਵਾਂਗ ਬੇਚੈਨੀ ਲੱਗੀ ਹੋਈ ਸੀ। ਉਹ ਉਸਲਵੱਟੇ ਮਾਰੀ ਜਾ ਰਿਹਾ ਸੀ। ਕਦੇ ਕਦੇ ਉਬਾਸੀ ਲੈਂਦਾ ਅਤੇ ਕਦੇ ਕਦੇ ਉੱਭਾ ਸਾਹ ਲੈਂਦਾ। ਬੇਚੈਨੀ ਦੇ ਆਲਮ ਵਿੱਚ ਹੀ ਉਸਦੇ ਜ਼ਿਹਨ 'ਚ ਅਤੀਤ ਘੁੰਮਣ ਲੱਗ ਪਿਆ। ਇਕ ਰੀਲ਼ ਜੇਹੀ ਚੱਲ ਪਈ। ਉਹ ਆਪਣੇ ਆਪ ਨੂੰ ਪ੍ਰਸ਼ਨ ਕਰਦਾ ਅਤੇ ਆਪੇ ਹੀ ਉਸਦਾ ਉੱਤਰ ਦਿੰਦਾ, ਕੰਸ ਕੌਰ, ਕੀ ਇਹ ਉਹੀ ਕੰਸ ਕੌਰ ਸੀ? ਉਹੀ ਐ ਯਾਰ। ਨਹੀਂ ਨਹੀਂ ਇਹ ਉਹ ਨਹੀਂ ਹੋ ਸਕਦੀ। ਤੂੰ ਗਲਤੀ ਕੀਤੀ ਉਥੋਂ ਤੁਰਨਾ ਨਹੀਂ ਸੀ, ਦੁਕਾਨ ਦੇ ਅੰਦਰ ਜਾਣਾ ਸੀ। ਅੰਦਰ ਜਾ ਕੇ ਪਤਾ ਲੱਗ ਸਕਦਾ ਸੀ। ਸੜਕ ਤੇ ਖੜਿਆਂ, ਦੁਕਾਨ ਦੇ ਬਾਹਰੋਂ ਉਸ ਦੀ ਪਹਿਚਾਣ ਕੀ ਹੋਣੀ ਸੀ, ਪਰ ਮੇਰੀਆਂ ਅੱਖਾਂ ਧੋਖਾ ਨਹੀਂ ਖਾ ਸਕਦੀਆਂ ਉਹ ਕੰਸ ਕੌਰ ਨਹੀਂ ਸੀ। ਜੇ ਉਹ ਕੰਸ ਕੌਰ ਹੁੰਦੀ ਮੈਨੂੰ ਪਹਿਚਾਣ ਲੈਣਾ ਸੀ। ਲਗਾਤਾਰ ਕਾਊਂਟਰ ਤੇ ਬੈਠੀ ਮੇਰੇ ਵੱਲ ਹੀ ਦੇਖੀ ਜਾਂਦੀ ਸੀ। ਪਰ ਨਹੀਂ, ਉਹ ਮੈਨੂੰ ਪਹਿਚਾਣ ਨਹੀਂ ਸਕਦੀ ਸੀ। ਉਦੋਂ ਮੈਂ ਪੱਗ ਬੰਨ੍ਹਦਾ ਸਾਂ। ਹੁਣ ਵਾਲ ਵੀ ਕੱਟੇ ਹੋਏ ਹਨ, ਨਾਲੇ ਕਲੀਨ ਸ਼ੇਵਡ ਆ, ਮੈਨੂੰ ਫਿਰ ਵੀ ਪਤਾ ਕਰਨਾ ਚਾਹੀਦੈ ਸਵੇਰੇ ਪਤਾ ਕਰਾਂਗਾ। ਭਾਵੇਂ ਕੁਸ਼ ਵੀ ਹੋ ਜੇ। ਮਹਿੰਦਰ ਨੂੰ ਵੀ ਸ਼ਾਇਦ ਪਤਾ ਹੋਵੇ, ਸਵੇਰੇ ਉਹਨੂੰ ਪੁੱਛਾਂਗਾ। ਸਾਰੇ ਸ਼ਹਿਰ ਦੇ ਕੱਲੇ ਕੱਲੇ ਬੰਦੇ ਨੂੰ ਜਾਣਦਾ ਉਹ ਪਰ ਕੀ ਪਤੈ, ਉਹ ਇਸ ਪਰਿਵਾਰ ਨੂੰ ਜਾਣਦਾ ਕਿ ਨਹੀਂ। ਮਹਿੰਦਰ ਨੂੰ ਕੀ ਲੋੜ ਪਈ ਐ ਕਿ ਐਵੇਂ ਲੋਕਾਂ ਦੇ ਪੋਤੜੇ ਫਰੋਲਦਾ ਫਿਰੇ ਨਾਲੇ ਇਹ ਤਾਂ ਸ਼ਰੀਫ਼ ਬੰਦਾ ਆ। ਜੇਕਰ ਮਹਿੰਦਰ ਨੂੰ ਪਤਾ ਵੀ ਨਾ ਹੋਇਆ ਤਾਂ ਉਸ ਅੱਗੇ ਬੇਨਤੀ ਕਰਾਂਗਾ ਕਿ ਮੈਨੂੰ ਪਤਾ ਕਰਕੇ ਦੱਸੋ ਉਹਨੂੰ ਸਿੱਧਾ ਕਹੂੰਗਾ ਕਿ ਤੂੰ ਇਹ ਪਤਾ ਕਰਕੇ ਦੱਸ ਕਿ ਉਹ ਕੰਸ ਕੌਰ ਧਨੌਲੇ ਦੀ ਐ ਜਾਂ ਕਿਤੋਂ ਹੋਰ ਐ...। ਸਾਰੀ ਰਾਤ ਉਸ ਨੂੰ ਕੰਸ ਕੌਰ ਨੇ ਉਲਝਾਈ ਰੱਖਿਆ। ਜਵਾਂ ਈ ਸੌਣ ਨਹੀਂ ਦਿੱਤਾ।

ਕੁਝ ਸਾਥੀ ਮੂੰਹ ਹਨੇਰੇ ਹੀ ਰਵਾਨੀ ਪਾ ਗਏ। ਦੋ ਕੁ ਸਾਥੀ ਦਿਨ ਚੜ੍ਹੇ ਤੁਰੇ। ਜਗਤਾਰ ਨੇ ਵੀ ਲੁਧਿਆਣੇ ਅੱਠ ਕੁ ਵਜੇ ਪਹੁੰਚਣਾ ਸੀ ਪਰ ਉਹ ਵਕਤ ਸਿਰ ਜਾ ਨਾ ਸਕਿਆ। ਸਾਰੇ ਸਾਥੀ ਜਾਣ ਤੋਂ ਬਾਅਦ ਜਗਤਾਰ ਨੇ ਮਹਿੰਦਰ ਨੂੰ ਪੁੱਛਿਆ, "ਮਹਿੰਦਰ! ਯਾਰ ਜੇਹੜੀ ਸ਼ਹਿਰ ਦੇ ਕੇਂਦਰ ਜੇਹੇ ਵਿੱਚ ਕਪੜੇ ਦੀ ਦੁਕਾਨ ਐ, ਉਸ ਦੁਕਾਨ ਦੇ ਕਾਊਂਟਰ ਤੇ ਇਕ ਜਨਾਨੀ ਬੈਠੀ ਹੁੰਦੀ ਐ ਪਟਕਾਧਾਰੀ-ਕੌਣ ਐ ਉਹ ਹੈ ਕੁਸ਼ ਜਾਣਕਾਰੀ?'' ਮਹਿੰਦਰ ਨੇ ਉਸ ਦੇ ਪ੍ਰਸ਼ਨ ਦੇ ਪ੍ਰਤੀਕਰਮ ਵਜੋਂ ਕਿਹਾ, "ਤੂੰ ਕੀ ਲੈਣਾ ਪੁੱਛ ਕੇ?''

"ਕਿਉਂ? ਕੋਈ ਗੁਨਾਹ ਕਰਤਾ ਮੈਂ?'' ਜਗਤਾਰ ਨੇ ਦੁਬਾਰਾ ਪ੍ਰਸ਼ਨ ਦਾਗ਼ ਦਿੱਤਾ। "ਉਹ ਤਾਂ ਅੱਤਵਾਦੀਆਂ ਦਾ ਪਰਿਵਾਰ ਐ, ਉਹ ਜੂੜੇ ਵਾਲੀ ਤਾਂ ਵੱਡੀ ਅੱਤਵਾਦਣ ਐ, ਏਹ ਜਨਾਨੀ ਤਾਂ ਸੁਰਮੁਖਜੀਤ ਦੀ ਪਤਨੀ ਐ ਜੋ ਕੁਝ ਸਮਾਂ ਪਹਿਲਾਂ ਬਲਾਸਪੁਰ ਇਕ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਸੀ।''

"ਹੈਂ... ਆ।'' ਹੈਂ ਸ਼ਬਦ ਜਗਤਾਰ ਨੇ ਹੈਰਾਨੀ ਨਾਲ ਬੋਲਿਆ।

"ਹਾਂ ਸਾਥੀ ਹਾਂ, ਏਸੇ ਕਰਕੇ ਤਾਂ ਮੈਂ ਕਿਹਾ ਕਿ ਇਹ ਆਪਣੇ ਆਪ ਨੂੰ ਕਹਿੰਦੀ ਕੁਹਾਉਂਦੀ ਅਤਵਾਦਣ

ਗਰਦਾਨਦੀ ਐ। ਕੀ ਕਿਧਰੇ ਏਸ ਪਰਿਵਾਰ ਨਾਲ ਦਸਤਪੰਜਾ ਤਾਂ ਨਹੀਂ ਲੈਣ ਦਾ ਇਰਾਦਾ? ਮਹਿੰਦਰ ਨੇ ਜਾਣਕਾਰੀ ਦਿੰਦਿਆਂ ਕਾਊਂਟਰ ਪ੍ਰਸ਼ਨ ਕਰ ਦਿੱਤਾ,"ਨਹੀਂ ਨਹੀਂ ਆਪਾਂ ਕੀ ਲੈਣਾ। ਮੈਂ ਤਾਂ ਮਹਿਜ ਜਾਣਕਾਰੀ ਲੈਣ ਲਈ ਤੇਰੇ ਕੋਲੋਂ ਪੁੱਛਿਆ ਸੀ। 'ਊਂ' ਫਿਰ ਵੀ ਆਪਾਂ ਨੂੰ ਇਨ੍ਹਾਂ ਬਾਰੇ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਐ, ਤੂੰ ਨਾ ਏਹਦੇ ਪਿਛੋਕੜ ਬਾਰੇ ਪਤਾ ਕਰਕੇ ਮੈਨੂੰ ਜ਼ਰੂਰ ਦੱਸੀ। ਸਾਥੀ ! ਅਸਲ ਵਿੱਚ ਅਸੀਂ ਅਕਸਰ ਹੀ ਜ਼ੀਰੋ ਆਉਂਦੇ ਰਹਿੰਦੇ ਆ, ਕਿਤੇ ਇਹ ਨਾ ਹੋਵੇ ਕਿ ਆਪਾਂ ਐਨੇ ਕੀਮਤੀ ਕਾਮਰੇਡਾਂ ਦੀਆਂ ਜਾਨਾਂ ਹੀ ਗੁਆ ਬੈਠੀਏ। ਕਿਸੇ ਨੂੰ ਪਤਾ ਵੀ ਨਾ ਲੱਗੇ।" ਜਗਤਾਰ ਨੇ ਆਪਣਾ ਪੈਂਤੜਾ ਬਦਲਦਿਆਂ ਮਹਿੰਦਰ ਅੱਗੇ ਹੋਰ ਹੀ ਪ੍ਰਸ਼ਤਾਵ ਪਰੋਸ ਦਿੱਤਾ। ਅੰਦਰੋਂ ਪਰੇਸ਼ਾਨ ਜਗਤਾਰ ਨੇ ਮਹਿੰਦਰ ਤੋਂ ਸੁਖ਼ਸਤ ਲਈ। ਅੱਡੇ ਵੱਲ ਜਾਂਦਿਆਂ ਉਸਨੇ ਦੁਕਾਨ ਦੇ ਮੂਹਰਿਓਂ ਲੰਘਣਾ ਸੀ। ਬਾਜ਼ਾਰ 'ਚ ਵਗਿਆ ਜਾਂਦਾ ਜਗਤਾਰ ਸੋਚ ਰਿਹਾ ਸੀ–ਜੇ ਕੰਸ ਕੌਰ ਹੋਈ, ਫਿਰ ਤਾਂ ਇਹ ਸਾਡੀ ਵੱਡੀ ਦੁਸ਼ਮਣ ਹੋਏਗੀ। ਇਸਦੇ ਪਤੀ ਨੇ ਹੀ ਮੇਰੇ ਤੇ ਹਮਲਾ ਕੀਤਾ ਸੀ। ਮੇਰੇ ਪਰਿਵਾਰ ਨੂੰ ਮਾਰਨ ਬਾਅਦ ਇਸੇ ਬੰਦੇ ਦੇ ਨਾਂ ਤੇ ਅਖ਼ਬਾਰਾਂ ਵਿੱਚ ਜੁੰਮੇਵਾਰੀ ਲੈਣ ਦਾ ਪਰੈੱਸ ਨੋਟ ਛਪਿਆ ਸੀ। ਇਹ ਤਾਂ ਮੇਰੇ ਲਈ ਨਾਗਣੀ ਹੈ ਨਾਗਣੀ–ਏਸ ਦੇ ਪਤੀ ਨਾਗ ਨੇ ਮੇਰਾ ਸਾਰਾ ਪਰਿਵਾਰ ਡੱਸ ਲਿਆ। ਮੈਥੋਂ ਨਾ ਏਹ, ਨਾ ਏਹਦਾ ਪਰਿਵਾਰ ਬਚ ਨਹੀਂ ਸਕੇਗਾ। ਮੈਂ ਇਸ ਪਰਿਵਾਰ ਨੂੰ ਡੱਸ ਲਵਾਂਗਾ।" ਉਹ ਆਪਣੇ ਆਪ ਨੂੰ ਭੜਕਾਉਂਦਾ ਜਾ ਰਿਹਾ ਸੀ। ਜਦ ਦੁਕਾਨ ਆਈ ਤਾਂ ਉਸਦੇ ਪੈਰਾਂ ਨੂੰ ਆਪਣੇ ਆਪ ਬਰੇਕਾਂ ਲੱਗ ਗਈਆਂ। ਨਾ ਧਰਤੀ ਵਿੱਚ ਚੁੰਬਕ ਸੀ ਨਾ ਦੁਕਾਨ ਵਿੱਚ ਪਰ ਉਹ ਰੁਕ ਕਿਉਂ ਗਿਆ? ਉਹ ਖੁਦ ਵੀ ਹੈਰਾਨ ਸੀ। ਦੁਕਾਨ ਨੂੰ ਇਕ ਕਰਿੰਦਾ ਖੋਲ੍ਹ ਚੁੱਕਾ ਸੀ। ਉਹ ਝਾੜੂ ਨਾਲ ਦੁਕਾਨ ਦੀ ਸਫਾਈ ਕਰਨ ਵਿੱਚ ਰੁੱਝਾ ਹੋਇਆ ਸੀ। ਦੁਕਾਨ ਵਿੱਚ ਹੋਰ ਕੋਈ ਵੀ ਨਹੀਂ ਸੀ। ਜਗਤਾਰ ਮੌਕਾ ਤਾੜ ਕੇ ਦੁਕਾਨ ਅੰਦਰ ਚਲਾ ਗਿਆ ਅਤੇ ਕੰਮ ਕਰ ਰਹੇ ਕਰਿੰਦੇ ਨੂੰ ਬੋਲਿਆ, "ਦੁਕਾਨ ਦੀ ਮਾਲਕਣ ਕਦੋਂ ਆਏਗੀ?" ਕਰਿੰਦੇ ਨੇ ਪਹਿਲਾਂ ਜਗਤਾਰ ਵੱਲ ਵੇਖਿਆ ਫਿਰ ਜਵਾਬ ਦਿੱਤਾ, "ਪੰਜ ਸੱਤ ਮਿੰਟ ਵਿੱਚ ਹੀ ਉਹ ਆ ਜਾਏਗੀ, ਕੰਮ ਐ ਕੋਈ, ਲੀੜਾ ਲੱਤਾ ਖਰੀਦਣੈ ਤਾਂ ਬਹਿ ਜਾ।"

ਜਗਤਾਰ ਸੱਚ ਮੁੱਚ ਬਹਿ ਗਿਆ ਅਤੇ ਬੈਠਾ ਬੈਠਾ ਸੋਚਣ ਲੱਗ ਪਿਆ, "ਕੰਨਸੋਅ ਲੈਣ ਦਾ ਕੋਈ ਹਰਜ ਨਹੀਂ। ਜਗਤਾਰ ਸਿਆਂ। ਤੂੰ ਸੁਆਹ ਦਾ ਕਾਮਰੇਡ ਐਂ ਜੇ ਬਦਲਾ ਨਾ ਲਿਆ। ਵੱਡੀ ਅੱਤਵਾਦਣ। ਕੀ ਇਨ੍ਹਾਂ ਲੋਕਾਂ ਨੇ ਡਿੰਮ੍ਹ ਧਾਰਿਆ। ਨਾ ਇਨ੍ਹਾਂ ਨੂੰ ਸਮਾਜ ਬਾਰੇ ਕੋਈ ਗਿਆਨ, ਨਾ ਇਤਿਹਾਸ ਦੇ ਸੱਚ ਨੂੰ ਇਹ ਜਾਣਦੇ ਆ। ਨਾ ਇਨ੍ਹਾਂ ਦਾ ਮਨੁੱਖਤਾ 'ਚ ਕੋਈ ਵਿਸ਼ਵਾਸ਼ ਆ। ਗੁਰੂ ਗੋਬਿੰਦ ਸਿੰਘ ਨੇ ਖਾਲਸਾ ਕਿਸੇ ਅਹਿਮ ਮੰਤਵ ਲਈ ਸਾਜਿਆ ਸੀ। ਉਨ੍ਹਾਂ ਦੇ ਦੀਨ ਦੁਖੀਆਂ, ਗਰੀਬ ਗੁਰਬਿਆਂ ਦੀ ਰਾਖੀ ਅਤੇ ਜ਼ਬਰ–ਜ਼ੁਲਮ ਦੇ ਟਾਕਰੇ ਲਈ ਖਾਲਸੇ ਦੀ ਸਿਰਜਣਾ ਕੀਤੀ ਸੀ। ਪਰ ਇਨ੍ਹਾਂ ਲਈ ਧਰਮ ਕੋਈ ਵੱਡੀ ਚੀਜ਼ ਆ, ਮਨੁੱਖ ਦਾ ਕੋਈ ਅਰਥ ਨਹੀਂ। ਮੂਰਖੋ ਧਰਮ ਵੱਡਾ ਨਹੀਂ ਹੁੰਦਾ, ਮਨੁੱਖ ਵੱਡਾ ਹੁੰਦੈ, ਧਰਮ ਮਨੁੱਖ ਦੀ ਘਾੜਤ ਐ। ਧਰਮ ਦੇ ਨਾਂ ਤੇ ਇਨ੍ਹਾਂ ਲੋਕਾਂ, ਕੌਮ ਦਾ ਸੱਤਿਆਨਾਸ ਮਾਰ ਦਿੱਤੈ। ਪੰਜਾਬੀ ਕੌਮ ਦੇ ਘੇਰੇ ਨੂੰ ਵੀ ਸੀਮਤ ਕਰ ਦਿੱਤੈ। ਸਿਰਫ਼ ਤੇ ਸਿਰਫ਼ ਕਾਮਰੇਡ ਹੀ ਗੁਰੂ ਗੋਬਿੰਦ ਸਿੰਘ ਦੇ ਅਸਲੀ ਸਿੰਘ ਤੇ ਅਸਲੀ ਵਾਰਸ ਹਨ। ਕਾਮਰੇਡ ਬਕਾਇਦਾ ਕਹਿ ਰਹੇ ਹਨ ਗੁਰੂ ਗੋਬਿੰਦ ਸਿੰਘ ਦਾ ਰਾਹ ਸਾਡਾ ਰਾਹ। ਕਾਮਰੇਡ ਲੋਕਾਂ ਵਿੱਚੋਂ ਜਮਾਤੀ ਪਾੜੇ ਮਿਟਾਉਣ ਲਈ ਸੰਘਰਸ਼ ਕਰ ਰਹੇ ਹਨ। ਇਨਕਲਾਬ ਕਰਕੇ ਸਾਂਝੀਵਾਲਤਾ ਅਤੇ ਬਰਾਬਰਤਾ ਵਾਲੇ ਰਾਜ ਦੀ ਸਥਾਪਨਾ ਕਰਨਾ ਹੀ ਸਾਡਾ ਪ੍ਰਮੁੱਖ ਅਜੰਡਾ ਹੈ।" ਜਗਤਾਰ ਦੀ ਬਿਰਤੀ ਇਕ ਦਮ ਉਦੋਂ ਉਖੜ ਗਈ ਜਦ ਕੰਸ ਕੌਰ ਨੇ ਦੁਕਾਨ 'ਚ ਪ੍ਰਵੇਸ਼ ਕੀਤਾ। ਪਹਿਲਾਂ ਉਹ ਹਰ ਰੋਜ਼ ਵਾਂਗ ਕਾਊਂਟਰ ਦੇ ਪਿੱਛੇ ਲੱਗੀਆਂ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਫੋਟੋਆਂ ਵੱਲ ਝਾਕੀ, ਹੱਥ ਬੰਨ੍ਹੇ ਅਤੇ ਪੰਜ ਮਿੰਟ ਸਿਰ ਨਿਵਾਈ ਰੱਖਿਆ। ਏਨੇ ਸਮੇਂ ਨੂੰ ਜਗਤਾਰ ਕੁਰਸੀ ਤੋਂ ਉੱਠ ਕੇ ਖੜਾ ਹੋ ਗਿਆ। ਕੰਸ ਕੌਰ ਨੇ ਜਦ ਜਗਤਾਰ ਵੱਲ ਆਪਣਾ। ਚਿਹਰਾ ਘੁੰਮਾਇਆ ਤਾਂ ਜਗਤਾਰ ਨੇ ਉਸਨੂੰ ਇਕ ਦਮ ਪਹਿਚਾਣ ਲਿਆ ਅਤੇ



ਮਨ 'ਚ ਹੀ ਕਿਹਾ ਕੰਸ ! ਤੂੰ ਏਹ ਕੀ ਰੂਪ ਧਾਰੀ ਫਿਰਦੀ ਐਂ। ਜਗਤਾਰ ਨੇ ਆਪਣੇ ਆਪ ਨੂੰ ਇਕ ਦਮ ਸੰਭਾਲਿਆ ਅਤੇ ਉਸਨੂੰ 'ਸਤਿ ਸ੍ਰੀ ਅਕਾਲ ਬੁਲਾਈ' ਉਸ ਨੇ ਵੀ ਅੱਗੋਂ ਮੂੰਹ 'ਚ ਹੀ ਜਵਾਬ ਦਿੱਤਾ। ਜਗਤਾਰ ਅਵਾਕ ਖੜਾ ਉਸਨੂੰ ਤੱਕਣ ਲੱਗਾ। ਕੋ ਮਿੰਟ ਦੀ ਚੁੱਪ ਤੋਂ ਬਾਅਦ ਕੰਸ ਕੌਰ ਬੋਲੀ, "ਦੱਸੋ ! ਕੋਈ ਕਪੜਾ ਵਗੈਰਾ ਲੈਣਾ..." ਜਗਤਾਰ ਉਸ ਦੇ ਚਿਹਰੇ ਵੱਲ ਟਿਕਟਿਕੀ ਲਾਈ ਖੜਾ ਸੀ। ਮਨ 'ਚ ਉਹ ਆਪਣੇ ਆਪ ਨੂੰ ਕਹਿ ਰਿਹਾ ਸੀ, "ਕੰਸ ! ਲੱਗਦੈ ਤੂੰ ਮੈਨੂੰ ਪਹਿਚਾਣਿਆ ਨਹੀਂ।" ਕੰਸ ਕੌਰ ਵੀ ਆਪਣੇ ਆਪ ਨੂੰ ਸੰਬੋਧਿਤ ਸੀ, "ਅਜੀਬ ਬੰਦਾ ਐ, ਕੁਸ਼ ਮੂੰਹੋਂ ਉਚਾਰਦਾ ਹੀ ਨਹੀਂ।" ਕੰਸ ਕੌਰ ਨੇ ਮੱਥੇ ਦੀਆਂ ਤਿਉੜੀਆਂ ਕਸੀਆਂ, "ਦੱਸੋ ! ਕੀ ਚਾਹੀਦੈ?"

ਜਗਤਾਰ ਦੇ ਮੂੰਹੋਂ ਅਚਾਨਕ ਹੀ 'ਕੁਸ਼ ਨਹੀਂ' ਨਿਕਲ ਗਿਆ। ਕੰਸ ਕੌਰ ਉਸਦਾ ਇਹ ਜਵਾਬ ਸੁਣ ਕੇ ਥੋੜ੍ਹਾ ਜਿਹਾ ਸ਼ਸ਼ੋਪੰਜ 'ਚ ਪੈ ਗਈ। ਥੋੜ੍ਹਾ ਜਿਹਾ ਘਬਰਾ ਵੀ ਗਈ ਪਰ ਫਿਰ ਉਸਨੇ ਹੌਸਲਾ ਕੀਤਾ, "ਜੇ ਕਪੜਾ ਨਹੀਂ ਚਾਹੀਦਾ ਤਾਂ ਹੋਰ ਕਿਵੇਂ ਆਏ ਹੋ। ਜੇ ਕੋਈ ਕੰਮ ਐ ਤਾਂ ਉਹ ਦੱਸੋ।"

"ਨਹੀਂ ਕੋਈ ਕੰਮ ਨੀ... ਮੈਂ ਤਾਂ ਲੰਘਦਾ ਲੰਘਦਾ ਤੁਹਾਡੀ ਦੁਕਾਨ 'ਚ ਰੁਕ ਗਿਆ। ਨਾ ਚਾਹੁੰਦਾ ਹੋਇਆ ਵੀ ਰੁਕ ਗਿਆ। ਮੈਂ ਤਾਂ ਸੋਚਿਆ ਸੀ ਸ਼ਾਇਦ ਤੁਸੀਂ ਮੈਨੂੰ ਪਹਿਚਾਣ ਲਵੋਂ ਮੈਂ ਤਾਂ ਤੁਹਾਨੂੰ ਤੁਰੰਤ ਪਹਿਚਾਣ ਲਿਆ ਸੀ। ਅਸਲ 'ਚ ਜੀਰੇ ਕੰਮ ਆਇਆ ਸਾਂ। ਕੱਲ੍ਹ ਸ਼ਾਮੀ ਤੁਹਾਨੂੰ ਕਾਊਂਟਰ ਤੇ ਬੈਠਿਆਂ ਪਹਿਚਾਣ ਲਿਆ ਸੀ। ਰਹਿ ਨਾ ਸਕਿਆ ਸੋਚਿਆ ਮਿਲ ਦਾ ਹੀ ਜਾਵਾਂ। ਪਹਿਚਾਣੋ ! ਕੋਸ਼ਿਸ਼ ਕਰੋ ਕੰਸ ਕੌਰ।" ਜਗਤਾਰ ਨੇ ਉਹੋ ਜੇਹੀ ਮੁਸਕਰਾਹਟ ਉਸ ਵੱਲ ਸੁੱਟੀ ਜਿਵੇਂ ਉਹ ਅਕਸਰ ਉਸ ਵੱਲ ਸੁੱਟਿਆ ਕਰਦਾ ਸੀ।

ਕੰਸ ਕੌਰ ਲਈ ਜਗਤਾਰ ਬੁਝਾਰਤ ਬਣ ਗਿਆ। ਉਸ ਨੂੰ ਕੁਝ ਵੀ ਯਾਦ ਨਹੀਂ ਆ ਰਿਹਾ ਸੀ। ਲੰਘੇ ਵਕਤ ਬੰਦੇ ਦੇ ਕਿੱਥੇ ਯਾਦ ਰਹਿੰਦੇ ਹਨ। ਕੰਸ ਕੌਰ ਬਹੁਤ ਸਾਰੀਆਂ ਹਨੇਰੀਆਂ ਵਿਚੋਂ ਲੰਘ ਕੇ ਦੁਬਾਰਾ ਸੰਭਲੀ ਸੀ। ਏਹੋ ਜਿਹੇ ਵਕਤਾਂ ਵਿੱਚ ਤਾਂ ਬੰਦੇ ਨੂੰ ਆਪਣੀ ਪਹਿਚਾਣ ਵੀ ਭੁੱਲ ਜਾਂਦੀ ਹੈ। ਜਗਤਾਰ ਨੇ ਕੰਸ ਕੌਰ ਦੇ ਅੰਦਰਲੇ ਸਮੁੰਦਰ ਵਿੱਚ ਇਕ ਵੱਡਾ ਕੰਕਰ ਸੁਟਿਆ ਸੀ, ਜਿਸ ਨਾਲ ਪਾਣੀ 'ਚ ਹਲਚਲ ਹੋਈ। ਪਾਣੀ ਲਹਿਰ ਬਣ ਕੇ ਕਿਨਾਰੇ ਤੱਕ ਆਇਆ ਵੀ ਪਰ ਸ਼ਾਂਤ ਹੋ ਗਿਆ। ਜਗਤਾਰ ਨੇ ਇਕ ਹੋਰ ਕੰਕਰ ਸੁੱਟਣ ਦੀ ਬਜਾਏ ਕਿਹਾ, "ਮੈਂ ਜਗਤਾਰ ਆ।" ਜਗਤਾਰ ਤੁਸੀਂ ਹਾਏ ਮੈਂ ਮਰ ਜਾਵਾਂ, ਏਹ ਰੂਪ ਕੀ ਬਣਾਇਆ।" ਕਹਿ ਕੇ ਕੰਸ ਕੌਰ ਨੇ ਜਗਤਾਰ ਨੂੰ ਜੱਫ਼ੀ 'ਚ ਲੈ ਲਿਆ। ਕੰਸ ਕੌਰ ਐਨੀ ਭਾਵੁਕ ਹੋ ਗਈ ਕਿ ਉਸਦੀਆਂ ਅੱਖਾਂ ਛਲਕ ਪਈਆਂ। ਫਿਰ ਥੋੜ੍ਹਾ ਜਿਹਾ ਸੰਭਲੀ ਅਤੇ ਬੋਲੀ, "ਜਗਤਾਰ ! ਤੁਸੀਂ ਬੜੇ ਕਲੱਲੇ ਮੋੜ ਤੇ ਮਿਲੇ ਓ... ਮੈਂ ਤੁਹਾਨੂੰ ਬਹੁਤ ਉਡੀਕਿਆ। ਸਾਰਾ ਕੁਸ਼ ਇਕ ਦਮ ਵਾਪਰ ਗਿਆ। ਪਰ ਮੈਨੂੰ ਫਿਰ ਵੀ ਆਸ ਸੀ ਤੁਸੀਂ ਮੈਨੂੰ ਲੱਭੋਗੇ ਤੇ ਜ਼ਰੂਰ ਮਿਲੋਗੇ... ਫਿਰ ਆਪਾਂ ਕੋਈ ਬੰਨ੍ਹ–ਸੁੱਬ ਕਰ ਲੈਣਾ ਸੀ। ਜਗਤਾਰ। ਕੀ ਦੱਸਾਂ ਤੈਨੂੰ, ਮੈਂ ਤਾਂ ਐਸੀ ਫਸੀ ਐਸੀ ਫਸੀ ਸਾਰਾ ਕੁਸ਼ ਤਬਾਹ ਹੋ ਗਿਆ।" ਕੰਸ ਕੌਰ ਦੀਆਂ ਅੱਖਾਂ ਵਿਚੋਂ ਹੰਝੂ ਰੁਕ ਨਹੀਂ ਰਹੇ ਸਨ। ਸਮੁੰਦਰ ਦਾ ਪਾਣੀ ਕਿਨਾਰਿਆਂ ਤੋਂ ਉਛਲਣ ਲੱਗ ਪਿਆ। ਜਗਤਾਰ ਨੇ ਉਸਨੂੰ ਚੁੰਮਿਆ ਅਤੇ ਸ਼ਾਂਤ ਕਰ ਦਿਆਂ ਆਪਣੀ ਗੱਲ ਕਹੀ, "ਮੈਨੂੰ ਸਮੇਂ ਨੇ ਇਜਾਜ਼ਤ ਨਹੀਂ ਦਿੱਤੀ ਕੰਸ ਮੈਂ ਜਿਸ ਰਾਹ ਤੁਰਿਆ ਉਸਨੇ ਮੈਨੂੰ ਜ਼ੀਰੇ ਵੱਲ ਆਉਣ ਨੀ ਦਿੱਤਾ। ਤੇਰੇ ਵਿਆਹ ਤੋਂ ਬਾਅਦ ਮੈਨੂੰ ਅਜਿਹੀ ਮਜਬੂਰੀ ਨੇ ਘੇਰ ਲਿਆ ਕਿ ਤੇਰੇ ਤੱਕ ਆ ਹੀ ਨੀਂ ਸਕਿਆ।" ਜਗਤਾਰ ਦੀਆਂ ਅੱਖਾਂ ਵੀ ਭਰ ਹੋ ਗਈਆਂ।

"ਨਹੀਂ ਜਗਤਾਰ ! ਬਹੁਤ ਕੁਸ਼ ਹੋ ਸਕਦਾ ਸੀ, ਬਹੁਤ ਕੁਸ਼ ! ਮੈਂ ਦੋ ਵਰ੍ਹਿਆਂ ਤੱਕ ਸਹਿਜ ਨਹੀਂ ਹੋ ਸਕੀ। ਜਦ ਬੱਚਾ ਹੋ ਗਿਆ ਫਿਰ ਮੇਰੀ ਬੇਵਸੀ ਹੋ ਗਈ। ਮੈਨੂੰ ਆਪਣੇ ਆਪ ਨਾਲ ਸਮਝੌਤਾ ਕਰਨਾ ਪਿਆ। ਮੈਂ ਐਥੇ ਆ ਕੇ ਰਹਿ ਕੇ ਬਿਲਕੁੱਲ ਖੁਸ਼ ਨਹੀਂ ਸਾਂ... ਇਹ ਪਰਿਵਾਰ ਤਾਂ ਸਾਰਾ ਈ ਬੱਸ ਨਾ ਹੀ ਪੁੱਛ।" ਕੰਸ ਕੌਰ

ਨੇ ਸਾਰਾ ਸੱਚ ਇਕੋ ਸਾਹ ਉਗਲ ਦਿੱਤਾ।

ਜਗਤਾਰ ਪੈਂਤੀ ਚਾਲੀ ਮਿੰਟ ਦੁਕਾਨ ਵਿਚ ਕੰਸ ਕੌਰ ਕੋਲ ਬੈਠਾ ਰਿਹਾ। ਬਹੁਤ ਸਾਰੀਆਂ ਗੱਲਾਂ ਬਾਤਾਂ ਕੀਤੀਆਂ। ਇਕ ਦੂਜੇ ਨੂੰ ਆਪਣੇ ਦੁੱਖ ਦੱਸੇ। ਚਾਹ ਪਾਣੀ ਉਪਰੰਤ ਜਗਤਾਰ ਦੁਬਾਰਾ ਮਿਲਣ ਦਾ ਵਾਅਦਾ ਕਰਕੇ ਚਲਾ ਗਿਆ। ਜਗਤਾਰ ਦੇ ਜਾਣ ਪਿਛੋਂ ਕੰਸ ਕੌਰ ਬਹਿਬਲ ਹੋ ਉੱਠੀ। ਸਾਰਾ ਦਿਨ ਅਸ਼ਾਂਤ ਅਤੇ ਪਰੇਸ਼ਾਨ ਰਹੀ। ਕਾਊਂਟਰ ਤੇ ਬੈਠੀ ਉਹ ਵਹਿਣਾਂ 'ਚ ਰੁੜ੍ਹ ਗਈ, "ਵਕਤ ਨੇ ਕਿੱਥੇ ਲਿਜਾਣਾ ਸੀ ਪਰ ਕਿੱਥੇ ਲੈ ਗਿਆ। ਜਗਤਾਰ ਕਿੰਨਾ ਵਧੀਆਂ ਮੁੰਡਾ ਸੀ। ਕਿੰਨਾ ਪਿਆਰ ਕਰਦਾ ਸੀ ਮੈਨੂੰ। ਕਿੰਨਾ ਸੂਝਵਾਨ ਸੀ, ਕਿੰਨੇ ਵਧੀਆ ਵਿਚਾਰ ਸਨ ਉਸਦੇ। ਇਸ ਘਰ ਜਦੋਂ ਦਾ ਮੈਂ ਪਾਇਆ, ਇਕ ਦਿਨ ਸੁਖ ਦਾ ਨਹੀਂ ਦੇਖਿਆ। ਗੁਰਮੁਖਜੀਤ ਇਹ ਤਾਂ ਜਗਤਾਰ ਦੇ ਪੈਰਾਂ ਵਰਗਾ ਵੀ ਨਹੀਂ ਸੀ। ਕਿੰਨਾ ਹਿੰਡੀ ਬੰਦਾ, ਜਿਸ ਪਾਸਿਉਂ ਮੋੜੋ ਉਸ ਪਾਸੇ ਹੀ ਜਾਂਦਾ। ਆਵਦੀ ਮਰਜੀ ਕਰਦਾ। ਜੇ ਮਰਜੀ ਕਰਦਾ ਸੀ ਤਾਂ ਜਾਨ ਗੁਆ ਬੈਠਾ।" ਕੰਸ ਕੌਰ ਦਾ ਪਲ ਪਲ ਬਾਅਦ ਮਨ ਭਰ ਆਉਂਦਾ। ਉਸਦੇ ਅੰਦਰਲੇ ਸਮੁੰਦਰ 'ਚ ਸੁਨਾਮੀ ਉਠਿਆ ਹੋਇਆ ਸੀ ਜੋ ਸ਼ਾਂਤ ਹੋਣ ਵਿੱਚ ਨਹੀਂ ਆ ਰਿਹਾ ਸੀ। ਉਹ ਹੱਦਾਂ ਬੰਨ੍ਹੇ ਤੋੜ ਕੇ ਸੱਭ ਕੁਝ ਢਹਿ ਢੇਰੀ ਕਰਦਾ ਤੁਰਿਆ ਜਾ ਰਿਹਾ ਸੀ। ਉਸਦੇ ਸਹੁਰੇ ਭਾਈ ਰਣਧੀਰ ਸਿੰਘ ਨੂੰ ਕੰਸ ਪਰੇਸ਼ਾਨ ਜਾਪੀ। ਉਸਨੇ ਪੁੱਛਿਆ, "ਪੁੱਤ ਕੀ ਗੱਲ ਐ ਪਰੇਸ਼ਾਨ ਕਿਉਂ ਐਂ। ਜੇ ਸਿਹਤ ਨਹੀਂ ਠੀਕ ਤਾਂ ਕੋਈ ਦਵਾਈ ਵਗੈਰਾ ਲੈ ਲਾ। ਘਰੇ ਚਲੀ ਜਾ ਆਰਾਮ ਕਰ ਲੈ ਜਾ ਕੇ।"

"ਨਹੀਂ ਪਾਪਾ ਜੀ ਮੈਂ ਠੀਕ ਆਂ, ਕੋਈ ਗੱਲ ਨੀਂ ਬਸ ਐਵੇਂ ਹੀ ਮਨ ਜੇਹਾ ਉਦਾਸ ਆ।" ਕੰਸ ਕੌਰ ਦਾ ਜਵਾਬ ਸੀ, "ਪੁੱਤ! ਹੌਸਲਾ ਕਰ। ਮੋਏ ਵਾਪਸ ਨੀਂ ਆਉਂਦੇ। ਗੁਰਮੁਖਜੀਤ ਨੇ ਹੁਣ ਕਦੇ ਵਾਪਸ ਨੀਂ ਆਉਣਾ। ਹੁਣ ਤਾਂ ਜਿਉਣ ਲਈ ਆਪਣੇ ਆਪ ਨੂੰ ਸਮਝੌਤਾ ਕਰਨਾ ਹੀ ਪਵੇਗਾ। ਹੋਰ ਕੋਈ ਚਾਰਾ ਵੀ ਨਹੀਂ। ਭਾਣਾ ਮੰਨ ਪੁੱਤ ਭਾਣਾ ਮੰਨ।" ਭਾਈ ਰਣਧੀਰ ਸਿੰਘ ਨੇ ਹੋਰ ਹੀ ਪਾਸੇ ਘੋੜਾ ਭਜਾ ਦਿੱਤਾ ਜਿਸ ਕਾਰਨ ਕੰਸ ਕੋਰ ਨੂੰ ਹੋਰ ਖਿਝ ਚੜ੍ਹ ਗਈ। ਕੰਸ ਕੌਰ ਕੁਝ ਨਾ ਬੋਲੀ, ਅੰਦਰੇ ਅੰਦਰ ਕੁੜ੍ਹਣ ਲੱਗੀ, " ਮੇਰੀ ਜੁੱਤੀ ਕਰਦੀ ਐ ਗੁਰਮੁਖਜੀਤ ਨੂੰ ਯਾਦ। ਉਸਨੇ ਤਾਂ ਮੇਰੀ ਜ਼ਿੰਦਗੀ ਬਰਬਾਦ ਕਰਕੇ ਰੱਖ ਦਿੱਤੀ ਆ। ਇਕ ਦਿਨ ਵੀ ਸੁੱਖ ਨਹੀਂ ਭੋਗਿਆ। ਕਦੇ ਪੁਲਸ ਦਾ ਛਾਪਾ। ਕਦੇ ਗ੍ਰਿਫਤਾਰੀ ਕਦੇ ਜੇਲ੍ਹ।" ਕੰਸ ਕੌਰ ਦਾ ਅਜਿਹੀਆਂ ਸੋਚਾਂ ਵਿੱਚ ਹੀ ਸਾਰਾ ਦਿਨ ਗੁਜਰਿਆ। ਰਾਤ ਨੂੰ ਵੀ ਕਦੇ ਉਸਨੂੰ ਨੀਂਦ ਆ ਜਾਂਦੀ, ਕਦੇ ਅੱਖ ਖੁੱਲ੍ਹ ਜਾਂਦੀ। ਜਗਤਾਰ ਹੀ ਸਾਰੀ ਰਾਤ ਉਸਦੀਆਂ ਅੱਖਾਂ ਅੱਗੇ ਘੁੰਮਦਾ ਰਿਹਾ। ਕਦੇ ਪੱਗਧਾਰੀ ਕਦੇ ਕਲੀਨ ਸ਼ੇਵਡ।

ਦੁਕਾਨ 'ਚੋਂ ਬਾਹਰ ਨਿਕਲਣ ਤੋਂ ਬਾਅਦ ਜਗਤਾਰ ਦੇ ਅੰਦਰ ਵੀ ਭਾਰੀ ਹਲਚਲ ਹੋਈ, ਉਸਨੂੰ ਜਾਪਿਆ, "ਜਿਵੇਂ ਮੈਂ ਸੋਚਦਾ ਸਾਂ, ਕੰਸ ਕੌਰ ਉਵੇਂ ਨਹੀਂ ਸੀ। ਇਹ ਤਾਂ ਮੈਨੂੰ ਅੱਜ ਵੀ ਕਿੰਨਾ ਪਿਆਰ ਕਰਦੀ ਐ। ਕਿਵੇਂ ਜੱਫ਼ੀ 'ਚ ਘੁੱਟਿਆ ਸੀ ਮੈਨੂੰ। ਕਿਵੇਂ ਹੰਝੂ ਡੋਲ੍ਹਦੀ ਸੀ ਤ੍ਰਿਪ ਤ੍ਰਿਪ ਮੀਂਹ ਵਾਂਗ। ਕਿੰਨਾ ਚਿਰ ਉਡੀਕਦੀ ਰਹੀ ਮੈਨੂੰ। ਘਾਟ ਮੇਰੇ 'ਚ ਹੀ ਰਹੀ ਕੰਸ ਦਾ ਕੋਈ ਕਸੂਰ ਨਹੀਂ ਸੀ। ਮੈਂ ਐਵੇਂ ਫੋਕੇ ਆਦਰਸ਼ਾਂ ਦੀ ਪੰਡ ਸਿਰ ਤੇ ਚੁੱਕੀ ਫਿਰਦਾ ਰਿਹਾ। ਯਥਾਰਥ ਤੋਂ ਭੱਜਣਾ ਮੇਰੇ ਲਈ ਕਿਵੇਂ ਵੀ ਉਚਿਤ ਨਹੀਂ ਸੀ। ਮੈਨੂੰ ਸਥਿਤੀਆਂ ਪ੍ਰਸਥਿਤੀਆਂ ਨਾਲ, ਵਕਤ ਨਾਲ ਟੱਕਰ ਲੈਣੀ ਚਾਹੀਦੀ ਸੀ। ਮੇਰੇ ਤੇ ਹਮਲਾ ਕਰਨ, ਮੇਰੇ ਪਰਿਵਾਰ ਨੂੰ ਮਾਰਨ ਪਿੱਛੇ ਕੰਸ ਕੌਰ ਦਾ ਕੋਈ ਹੱਥ ਨਹੀਂ, ਕੋਈ ਦੋਸ਼ ਨਹੀਂ। ਨਿਰਦੋਸ਼ ਹੈ ਕੰਸ ਕੌਰ। ਮੈਂ ਜੋ ਘਟਨਾਵਾਂ ਵਾਪਰ ਚੁੱਕੀਆਂ ਹਨ ਕੰਸ ਨੂੰ ਬਿਲਕੁੱਲ ਨਹੀਂ ਦੱਸਾਂਗਾ। ਦੁਬਾਰਾ ਅਪਣਾਵਾਂਗਾ ਮੈਂ ਕੰਸ ਕੌਰ ਨੂੰ। ਕੰਸ ਕੌਰ ਮੇਰੀ ਸੀ, ਹੁਣ ਵੀ ਮੇਰੀ ਐ, ਸਦਾ ਮੇਰੀ ਰਹੇਗੀ।" ਉਹ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਤਰਤੀਬ ਬੱਧ ਕਰਦਾ ਲੁਧਿਆਣੇ ਪੁੱਜ ਗਿਆ। ਜਿਸ ਸਾਥੀ ਨੇ ਬੱਸ ਅੱਡੇ ਤੋਂ ਉਸਨੂੰ ਲੈਣ ਆਉਣਾ ਸੀ, ਉਹ ਕਚੂਚ ਹੋਇਆ ਖੜਾ ਸੀ, ਜਗਤਾਰ ਨੂੰ ਅੰਦਰੇ ਅੰਦਰ ਅਬਾ ਤਬਾ ਵੀ ਬੋਲ ਰਿਹਾ ਸੀ। ਜਗਤਾਰ ਨੇ



ਆਉਣ ਸਾਰ ਉਸ ਸਾਥੀ ਤੋਂ ਮੁਆਫੀ ਮੰਗੀ। ਆਪਣੀ ਸਮੱਸਿਆ ਦੱਸੀ। ਦੋਨੋਂ ਆਪਣੀ ਮੰਜ਼ਲ ਵੱਲ ਤੁਰ ਪਏ।

ਜਗਤਾਰ ਦੀ ਜ਼ੀਰੇ ਆਉਣੀ ਜਾਣੀ ਕਾਫੀ ਵਧ ਗਈ। ਕੰਸ ਕੌਰ ਵੀ ਖੁਸ਼ ਸੀ। ਕੰਸ ਕੌਰ ਅਕਸਰ ਉਸਨੂੰ ਕਹਿੰਦੀ, "ਤੁਸੀਂ ਜਦ ਵੀ ਮੈਨੂੰ ਮਿਲਣਾ ਹੋਵੇ ਤਾਂ ਸਾਢੇ ਸੱਤ ਤੋਂ ਦਸ ਵਜੇ ਤੱਕ ਸਵੇਰੇ ਦੁਕਾਨ ਤੇ ਹੀ ਮਿਲਣ ਆ ਜਾਇਆ ਕਰੋ। ਮੇਰੇ ਸਹੁਰਾ ਸਾਹਿਬ ਲਗਭੱਗ ਸਾਢੇ ਨੌਂ ਵਜੇ ਤੱਕ ਗੁਰਦੁਆਰੇ ਹੁੰਦੈ। ਫਿਰ ਨਾਸ਼ਤਾ ਕਰਕੇ ਦਸ ਵਜੇ ਤੱਕ ਦੁਕਾਨ ਤੇ ਆ ਜਾਂਦੈ। ਨਾਲੇ ਕਿਸੇ ਨੂੰ ਸ਼ੱਕ ਨਾ ਹੋਊ। 'ਜਗਤਾਰ' ਅੱਜ ਕੱਲ੍ਹ ਕੰਧਾਂ ਦੇ ਵੀ ਕੰਨ ਐ, ਇਹ ਨਾ ਹੋਵੇ ਕੀਤੀ ਕਰਾਈ ਤੇ ਪਾਣੀ ਫਿਰ ਜਾਏ, ਵੈਸੇ ਮੈਂ ਹੁਣ ਡਰਨਾ ਕਿਸੇ ਤੋਂ ਨਹੀਂ ਬਥੇਰਾ ਡਰ ਲਿਆ। ਡਰ ਨੇ ਹੀ ਹੁਣ ਤੱਕ ਐਥੋਂ ਤੱਕ ਪਹੁੰਚਾ ਦਿੱਤਾ।" ਜਗਤਾਰ ਨੇ ਕੰਸ ਦੇ ਇਸ ਸੁਝਾਅ ਨੂੰ ਮੰਨ ਲਿਆ ਸੀ। ਜਗਤਾਰ ਕੋਈ ਵੀ ਕਦਮ ਕਾਹਲ ਵਿੱਚ ਪੁੱਟਣਾ ਨਹੀਂ ਚਾਹੁੰਦਾ ਸੀ। ਉਹ ਜਾਣਦਾ ਸੀ, "ਕਾਹਲੀ ਅੱਗੇ ਟੋਏ ਹੁੰਦੈ। ਹਰ ਕੰਮ ਨੂੰ ਸਹਿਜ ਭਾਅ ਕਰਨ ਦੀ ਲੋੜ ਹੁੰਦੀ ਐ।" ਜਗਤਾਰ ਹੌਲੀ ਹੌਲੀ ਦੁਬਾਰਾ ਕੰਸ ਕੌਰ ਨੂੰ ਜਿੱਤਣਾ ਚਾਹੁੰਦਾ ਸੀ। ਜਗਤਾਰ ਨੂੰ ਪਤਾ ਸੀ, "ਜਦ ਤੱਕ ਮੇਰੀ ਪਕੜ ਮਜਬੂਤ ਨਹੀਂ ਹੁੰਦੀ ਉਦੋਂ ਤੱਕ ਕੰਸ ਅੱਗੇ ਕੋਈ ਪ੍ਰਸਤਾਵ ਨਹੀਂ ਰੱਖਾਂਗਾ।" ਜਦ ਉਹ ਮਿਲਦੇ ਤਾਂ ਗੱਲਾਂ ਕਰਦੇ। ਗੱਲਾਂ ਕਰਦੇ ਇਕ ਦੂਜੇ ਦਾ ਹੱਥ ਘੁੱਟ ਲੈਂਦੇ। ਜਦ ਕਦੇ ਉਹ ਵੇਗ 'ਚ ਆ ਜਾਂਦੇ ਤਾਂ ਇਕ ਦੂਜੇ ਨੂੰ ਜੱਫੀ ਪਾ ਲੈਂਦੇ। ਮੌਕਾ ਤਾੜ ਕੇ ਜਗਤਾਰ ਉਸਦਾ ਮੂੰਹ, ਹੱਥ ਚੁੰਮ ਲੈਂਦਾ। ਕਦੇ ਕਦੇ ਘਰ ਪਰਿਵਾਰ ਤੋਂ ਵੀ ਆਗਾਂਹ ਕਾਰੋਬਾਰਾਂ ਦੀਆਂ, ਖਾਲਸਤਾਨ ਤੇ ਆਤੰਕਵਾਦ ਬਾਰੇ ਵੀ ਵਿਚਾਰ ਵਟਾਂਦਰਾ ਕਰਦੇ। ਜਗਤਾਰ ਉਸਨੂੰ ਇਕ ਦਮ ਕੋਈ ਭੇਦ ਨਹੀਂ ਦੇਣਾ ਚਾਹੁੰਦਾ ਸੀ ਕਿ ਉਹ ਕਿਸੇ ਨਕਸਲੀ ਪਾਰਟੀ ਦਾ ਰੂਪੋਸ਼ ਕਾਮਰੇਡ ਹੈ ਇਕ ਦਿਨ ਕੰਸ ਨੇ ਬੜਾ ਜੋਰ ਦੇ ਕੇ ਪੁੱਛਿਆ ਸੀ, "ਤੇਰੀ ਪਤਨੀ, ਤੇਰੇ ਮੁੰਡੇ ਅਤੇ ਤੇਰੇ ਬਾਪੂ ਨੂੰ ਆਤੰਕਵਾਦੀਆਂ ਮਾਰਿਆ ਪਰ ਕਿਉਂ ਮਾਰਿਆ? ਕੋਈ ਗੱਲ ਤਾਂ ਹੋਊ?" ਇਸ ਪ੍ਰਸ਼ਨ ਦਾ ਉੱਤਰ ਦੇਣਾ ਜਗਤਾਰ ਲਈ ਖਤਰਨਾਕ ਸੀ ਪਰੰਤੂ ਉਸਨੇ ਝੂਠ ਮਾਰ ਦਿੱਤਾ, "ਅਸਲ ਵਿਚ ਉਹ ਘਰ ਰਾਤ ਕੱਟਣ ਲਈ ਰੁੱਕੇ ਸਨ ਧੱਕੇ ਨਾਲ। ਮੈਂ ਘਰ ਨਹੀਂ ਸਾਂ। ਮੇਰੀ ਪਤਨੀ ਨੇ ਉਨ੍ਹਾਂ ਨੂੰ ਕਿਹਾ ਸੀ ਚਾਹ ਪਾਣੀ ਪੀਣਾ ਐ ਤਾਂ ਪੀ ਜਾਉ-ਪਰ ਤੁਸੀਂ ਸਾਡੇ ਘਰ ਰਾਤ ਨੀਂ ਠਹਿਰ ਸਕਦੇ। ਉਹ ਤਹਿਸ਼ 'ਚ ਆ ਗਏ ਤੇ ਇਕ ਸਿਰ ਫਿਰੇ ਅੱਤਵਾਦੀ ਨੇ ਸਾਰਾ ਪਰਿਵਾਰ ਈ ਮਾਰ ਦਿੱਤਾ।"

"ਇਹ ਹਮਲਾ ਕਿਹੜੇ ਗਰੁੱਪ ਨੇ ਕੀਤਾ ਸੀ?" ਕੰਸ ਕੌਰ ਦੇ ਦੂਜੇ ਪ੍ਰਸ਼ਨ ਦਾ ਵੀ ਉਸਨੇ ਸਹੀ ਉੱਤਰ ਨਹੀਂ ਦਿੱਤਾ, "ਮੇਰੇ ਪਰਿਵਾਰ ਨੂੰ ਮਾਰਨ ਦੀ ਜੁੰਮੇਵਾਰੀ ਇੱਕ ਵੱਖਵਾਦੀ ਗਰੁੱਪ ਨੇ ਲਈ ਸੀ। ਚੱਲ ਕੰਸ ਤੂੰ ਛੱਡ ਪਰ੍ਹਾਂ ਇਹ ਗੱਲਾਂ ਇਹ ਗੱਲਾਂ ਤਾਂ ਹੁਣ ਵਕਤ ਜਾਇਆ ਕਰਨ ਵਾਲੀਆਂ ਨੇ। ਜਿੰਨਾ ਖੁੱਦੋ ਨੂੰ ਉਦੇੜਾਂਗੇ ਹੇਠੋਂ ਲੀਰਾਂ ਹੀ ਨਿਕਲਣਗੀਆਂ। ਜੋ ਹੋਣਾ ਸੀ ਹੋ ਗਿਆ। ਹੁਣ ਕੁਝ ਨਹੀਂ ਕੀਤਾ ਜਾ ਸਕਦਾ। ਮੈਂ ਤਾਂ ਆਪਣੇ ਆਪ ਨਾਲ ਸਮਝੌਤਾ ਕਰ ਲਿਆ, ਅਤੀਤ ਨੂੰ ਹੌਲੀ ਹੌਲੀ ਭੁੱਲ ਰਿਹਾਂ।" ਜਗਤਾਰ ਨੇ ਕੰਸ ਦੇ ਪ੍ਰਸ਼ਨਾ ਦਾ ਰੁਖ਼ ਹੀ ਬਦਲ ਦਿੱਤਾ। ਜਗਤਾਰ ਨੂੰ ਪਤਾ ਸੀ ਕਿ ਗੁਰਮੁਖਜੀਤ ਨੇ ਹੀ ਮੇਰੇ ਪਰਿਵਾਰ ਦਾ ਘਾਣ ਕੀਤਾ ਸੀ ਪਰ ਉਹ ਇਸ ਕਾਂਡ ਤੇ ਮਿੱਟੀ ਪਾਉਣਾ ਚਾਹੁੰਦਾ ਸੀ। ਜਗਤਾਰ ਨੇ ਗੁਰਮੁਖਜੀਤ ਨੂੰ ਪਾਰ ਬੁਲਾ ਕੇ ਇਕ ਤਰ੍ਹਾਂ ਨਾਲ ਖ਼ੂਨ ਦਾ ਬਦਲਾ ਖ਼ੂਨ ਲੈ ਲਿਆ ਸੀ। ਜਗਤਾਰ ਦੀ ਸੋਚ ਸੀ, "ਮੈਂ ਗੁਰਮੁਖਜੀਤ ਤੋਂ ਕੀ ਟਿੰਡੀਆਂ ਲੈਣੀਆਂ। ਮੇਰਾ ਸਬੰਧ ਤਾਂ ਕੰਸ ਤੱਕ ਸੀਮਤ ਆ। ਕੰਸ ਦਾ ਕੋਈ ਕਸੂਰ ਨੀਂ। ਵਕਤ ਦੀ ਮਾਰ ਪਈ ਸੀ, ਮੇਰੇ ਤੇ ਵੀ, ਕੰਸ ਤੇ ਵੀ। ਪਰ ਪਰ ਹੁਣ ਵਕਤ ਹੋਰ ਤਰ੍ਹਾਂ ਦਾ ਆ, ਇਸ ਨੂੰ ਅਸੀਂ ਸੰਭਾਲਾਂਗੇ।" ਕੰਸ ਜਦ ਇਕ ਗਾਹਕ ਭੁਗਤਾ ਕੇ ਜਗਤਾਰ ਵੱਲ ਆਈ। ਜਗਤਾਰ ਨੇ ਵਕਤ ਦੇਖਿਆ, ਦਸ ਵੱਜਣ ਵਾਲੇ ਸਨ। ਜਗਤਾਰ ਕੁਰਸੀ ਤੋਂ ਉੱਠਿਆ ਅਤੇ ਬੋਲਿਆ, "ਚੰਗਾ ਕੰਸ ਮੈਂ ਚਲਦਾਂ ਫਿਰ ਸਹੀ ਕਦੇ।" ਜਗਤਾਰ ਨੂੰ ਕੰਸ ਨੇ ਸਤਿ ਸ੍ਰੀ ਅਕਾਲ ਕਰ ਦਿੱਤੀ ਅਤੇ ਉਹ ਚਲਾ ਗਿਆ।

ਜਗਤਾਰ ਅਤੇ ਕੰਸ ਲਗਭੱਗ ਦੋ ਵਰ੍ਹੇ ਨਿਰੰਤਰ ਮਿਲਦੇ ਰਹੇ। ਦੋਨਾਂ 'ਚ ਪਿਆਰ ਸ਼ਿਖਰਾਂ ਤੇ ਪੁੱਜ ਗਿਆ। ਜਗਤਾਰ ਕੰਸ ਨੂੰ ਦੁਬਾਰਾ ਪਾ ਕੇ ਪੂਰਾ ਖੁਸ਼ ਸੀ। ਕੰਸ ਕੌਰ ਨੂੰ ਵੀ ਜਗਤਾਰ ਮਿਲਣ ਤੇ ਤਸੱਲੀ ਸੀ। ਦੋਨੋਂ ਇਕ ਦੂਜੇ ਨੂੰ ਪੂਰੀ ਤਰ੍ਹਾਂ ਜਾਣਨ ਲੱਗ ਪਏ। ਦੋਨਾਂ ਨੇ ਆਪਣੇ ਆਪਣੇ ਕਾਫ਼ੀ ਹੱਦ ਤੱਕ ਭੇਦ ਖੋਲ੍ਹ ਦਿੱਤੇ। ਜਗਤਾਰ ਇਸ ਪੱਖੋਂ ਵਧੇਰੇ ਭਾਵਕ ਸੀ ਸੋ ਉਹ ਤਾਂ ਬਿਲਕੁੱਲ ਹੀ ਨੰਗਾ ਹੋ ਗਿਆ ਸੀ, ਬੱਸ ਇਕ ਉਹ ਭੇਦ ਜੋ ਉਸਦੇ ਪਰਿਵਾਰ ਤੇ ਹਮਲੇ ਨਾਲ ਸਬੰਧਤ ਸੀ ਛੁਪਾ ਕੇ ਰੱਖਿਆ ਸੀ, ਉਸ ਭੇਦ ਨੂੰ ਉਹ ਹਰਗਿਜ ਨੰਗਾ ਨਹੀਂ ਕਰਨਾ ਚਾਹੁੰਦਾ ਸੀ। ਉਹ ਬੀਤੇ ਵਕਤ ਨੂੰ ਭੁੱਲਣ ਦਾ ਜਤਨ ਕਰ ਰਿਹਾ ਸੀ। ਅਸਲ ਵਿਚ ਉਸਨੂੰ ਇਹ ਲੱਗਣ ਲੱਗ ਪਿਆ ਸੀ ਕਿ ਉਹ ਕੰਸ ਤੋਂ ਬਿਨਾ ਰਹਿ ਨਹੀਂ ਸਕੇਗਾ। ਕੰਸ ਨੇ ਵੀ ਇਕ ਦੋ ਭੇਦ ਜਗਤਾਰ ਨਾਲ ਸਾਂਝੇ ਨਹੀਂ ਕੀਤੇ ਸਨ, ਹੋਰ ਸਭ ਕੁਝ ਉਸਨੇ ਜਗਤਾਰ ਕੋਲ ਫਰੋਲ ਦਿੱਤਾ ਸੀ। ਜਗਤਾਰ ਦਾ ਕਈ ਦਿਨਾਂ ਤੋਂ ਜੀਅ ਨਹੀਂ ਲੱਗ ਰਿਹਾ ਸੀ। ਕੰਸ ਨੂੰ ਮਿਲਣ ਦਾ ਪ੍ਰੋਗਰਾਮ ਤਾਂ ਅਗਲੇ ਹਫ਼ਤੇ ਸੀ ਪਰ ਉਹ ਅਚਾਨਕ ਹੀ ਕਾਫ਼ੀ ਸਦੇਹਾਂ ਦੁਕਾਨ ਤੇ ਆ ਗਿਆ ਸੀ। ਜਗਤਾਰ ਨੇ ਫੈਸਲਾ ਕੀਤਾ, "ਹੁਣ ਉਹ ਮੌਕਾ ਆ ਗਿਐ, ਮੈਂ ਕੰਸ ਕੋਲ ਅੰਤਲਾ ਪ੍ਰਸਤਾਵ ਇਕੱਠੇ ਜੀਣ ਮਰਨ ਦਾ ਅੱਜ ਜ਼ਰੂਰ ਰੱਖਾਂਗਾ। ਹੁਣ ਹੋਰ ਦੇਰੀ ਸਹਿ ਨਹੀ ਹੁੰਦੀ। ਵਕਤ ਲੰਘੇ ਤੋਂ ਫਿਰ ਪਹਿਲਾਂ ਵਾਂਗ ਹੀ ਪਛਤਾਉਣਾ ਪਵੇਗਾ।" ਕੰਸ ਪਹਿਲਾਂ ਵਾਂਗ ਹੀ ਜਗਤਾਰ ਨੂੰ ਉੱਡ ਕੇ ਮਿਲੀ, "ਜਨਾਬ ਠੀਕ ਐ ਐਤਕੀਂ ਕਈ ਦਿਨ ਪਹਿਲਾਂ ਈ ਆ ਗਿਆ ਏਂ। ਜੀ ਨਹੀਂ ਲੱਗਿਆ ਕਿ ਅਗਲੇ ਹਫਤੇ ਕੋਈ ਕਾਮਰੇਡੀ ਕੰਮ ਕਰਨ ਜਾਣਾ ਐ ਕਿਤੇ। ਮੈਂ ਤਾਂ ਕਹਿਨੀਂ ਆ ਤੂੰ ਛੱਡ ਪਰ੍ਹਾਂ ਏਹ ਕੁੱਤਾ ਕੰਮ। ਅੱਗੇ ਸਾਡੇ ਪਰਿਵਾਰਾਂ ਨੇ ਕੀ ਖੱਟੀ ਖੱਟ ਲੀ। ਇਨਕਲਾਬ ਆਉਣ ਦੀ ਕੋਈ ਆਸ ਨੀ ਲੱਗਦੀ। ਖਾਹ ਮ ਖਾਹ ਵਕਤ ਗਾਲਣ ਵਾਲੀ ਗੱਲ ਆ।" ਕੰਸ ਕੌਰ ਹਾਸੇ ਹਾਸੇ 'ਚ ਉਸਨੂੰ ਸਮਝੌਤੀਆਂ ਦੇਣ ਲੱਗੀ। ਜਗਤਾਰ ਕੁਝ ਨਾ ਬੋਲਿਆ ਸਗੋਂ ਕੰਸ ਦੇ ਵਿਚਾਰ ਸੁਣ ਕੇ ਸੀਰੀਅਸ ਹੋ ਗਿਆ। ਚਾਹ ਪਾਣੀ ਦੇ ਸੇਵਨ ਤੋਂ ਬਾਅਦ ਜਗਤਾਰ ਨੇ ਚੁੱਪ ਤੋੜੀ, "ਕੰਸ! ਆਪਾਂ ਹੁਣ ਇਕ ਮਿਕ ਹੋ ਜਾਈਏ। ਬੁਰੇ ਵਕਤ ਦਾ ਕੋਈ ਪਤਾ ਨਹੀਂ ਕਦੋਂ ਆ ਜਾਵੇ। ਆਪਾਂ ਵਕਤ ਦਾ ਸਦ ਉਪਯੋਗ ਕਰੀਏ ਅਸਲੀਅਤ ਇਹ ਐ ਕਿ ਮੈਥੋਂ ਹੁਣ ਰਿਹਾ ਨੀਂ ਜਾਂਦਾ। ਮੈਂ ਤਾਂ ਅੱਜ ਫੈਸਲਾ ਕਰਕੇ ਆਇਆ। ਆਪਾਂ ਹੋਰ ਦੇਰੀ ਨਾ ਕਰੀਏ, ਆਪਾਂ ਵਿਆਹ ਕਰ ਲਈਏ। ਮੈਂ ਹੁਣ ਤੇਰੇ ਬਿਨਾ ਇਕ ਪਲ ਵੀ ਰਹਿ ਨਹੀਂ ਸਕਦਾ।" ਜਗਤਾਰ ਨੇ ਆਪਣਾ ਪੱਖ ਪੇਸ਼ ਕਰਨ ਲੱਗਿਆਂ ਫੋਗ ਲਾਇਆ। ਵਿਆਹ ਦਾ ਪ੍ਰਸਤਾਵ ਸੁਣ ਕੇ ਕੰਸ ਪਹਿਲਾਂ ਖਿੜ ਖਿੜਾ ਕੇ ਹੱਸੀ ਹਾਸਾ ਅਸਲੀ ਸੀ ਜਾਂ ਨਕਲੀ ਜਗਤਾਰ ਨੂੰ ਸਮਝ ਨਾ ਆ ਸਕੀ। ਫਿਰ ਉਹ ਇਕ ਦਮ ਸੀਰੀਅਸ ਹੋ ਗਈ, "ਜਗਤਾਰ! ਇਸ ਕੰਮ 'ਚ ਕਾਹਲੀ ਨੀ ਕਰਨੀ, ਮੈਨੂੰ ਇਕ ਹਫ਼ਤਾ ਸੋਚ ਲੈਣ ਦੇ। ਕਾਹਲੀ ਕਈ ਵਾਰ ਮਾੜੀ ਹੁੰਦੀ ਆ। ਬਰਬਾਦੀ ਦਾ ਕਾਰਨ ਬਣ ਸਕਦੀ ਆ।" ਕੰਸ ਦਾ ਜਵਾਬ ਸੁਣ ਕੇ ਜਗਤਾਰ ਤੋਂ ਰਿਹਾ ਨਾ ਗਿਆ, "ਨਹੀਂ ਕੰਸ! ਤੈਨੂੰ ਅੱਜ ਈ ਹਾਂ ਕਹਿਣੀ ਪਵੇਗੀ। ਮੈਂ ਹੁਣ ਬਹੁਤਾ ਸਮਾਂ ਤੈਥੋਂ ਵੱਖ ਨਹੀਂ ਰਹਿ ਸਕਦਾ। ਸੌ ਹੱਥ ਰੱਸਾ ਸਿਰੇ ਤੇ ਗੰਢ। ਮੇਰਾ ਤੇਰੇ ਬਿਨਾ ਕਿਧਰੇ ਜੀਅ ਨਹੀਂ ਲੱਗਦਾ। ਹਰ ਸਮੇਂ ਪਰੇਸ਼ਾਨ ਰਹਿੰਦਾ। ਨੀਂਦ ਨੀਂ ਆਉਂਦੀ। ਮੇਰੀ ਹਾਲਤ ਸਮਝ ਤੂੰ।"

ਕੰਸ ਨੇ ਜਦ ਕੋਈ ਜਵਾਬ ਨਾ ਦਿੱਤਾ ਤਾਂ ਜਗਤਾਰ ਨੇ ਫਿਰ ਉਸਦਾ ਗੋਡਾ ਫੜ ਕੇ ਹਲੂਣਿਆ, "ਬੋਲ... ਕਹਿ ਹਾਂ... ਮੈਂ ਅੱਜ ਐਵੇਂ ਨੀ ਮੁੜਣਾ। ਭਾਵੇਂ ਕੁਸ਼ ਵੀ ਹੋ ਜੇ।" ਕੰਸ ਕੌਰ ਨੇ ਘੜੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਜਗਤਾਰ! ਮੇਰੇ ਸਹੁਰਾ ਸਾਹਿਬ ਆਉਣ ਵਾਲੇ ਆ ਤੂੰ ਅਗਲੀ ਵਾਰ ਜਦ ਆਏਂਗਾ ਤਾਂ ਤੈਨੂੰ ਦੱਸ ਦਿਆਂਗੀ। ਇਕ ਗੱਲ ਸੁਣ। ਮੈਂ ਵੀ ਤੈਨੂੰ ਬਹੁਤ ਪਿਆਰ ਕਰਦੀ ਆ, ਪਰ ਅੱਛਾ ਤੂੰ ਦੱਸ ਕਿੱਦਣ ਆਵੇਂਗਾ। ਭਾਵੇਂ ਐਸੇ ਦਿਨ ਆ ਜਾ।" ਕੰਸ ਕੌਰ ਨੇ ਜਗਤਾਰ ਨੂੰ ਸਮਝਾਉਂਦਿਆਂ ਆਪਣਾ ਪੱਖ ਪੇਸ਼ ਕਰ ਦਿੱਤਾ।

"ਕੰਸ! ਆਪਾਂ ਨੂੰ ਹੁਣ ਦੇਰੀ ਨਹੀਂ ਕਰਨੀ ਚਾਹੀਦੀ। ਅਗਲੇ ਹਫ਼ਤੇ ਨਹੀਂ, ਹਫ਼ਤਾ ਬਹੁਤ ਦੂਰ ਆ,



ਅੱਜ ਮੈਂ ਐਥੇ ਹੀ ਆਪਣੇ ਦੋਸਤ ਕੋਲ ਠਹਿਰਾਂਗਾ। ਕੱਲ੍ਹ ਤੱਕ ਤੂੰ ਸੋਚ ਵਿਚਾਰ ਲੈ।" ਜਗਤਾਰ ਇਸ ਮਸਲੇ ਨੂੰ ਹੋਰ ਲਮਕਾਉਣ ਦੇ ਹੱਕ ਵਿਚ ਨਹੀਂ ਸੀ। ਦਸ ਵੱਜਣ ਵਾਲੇ ਸਨ, ਉਸ ਨੇ ਕੰਸ ਨੂੰ ਫਤਹਿ ਬੁਲਾਈ ਅਤੇ ਫੁਰਤੀ ਨਾਲ ਦੁਕਾਨ ਚੋਂ ਬਾਹਰ ਨਿਕਲ ਗਿਆ। ਜਗਤਾਰ ਇਸ ਪ੍ਰਸਤਾਵ ਨੂੰ ਕੰਸ ਕੋਲ ਰੱਖ ਕੇ ਪੂਰਾ ਖੁਸ਼ ਸੀ, "ਆਖਰ ਇਕ ਦਿਨ ਤਾਂ ਉਸ ਅੱਗੇ ਇਹ ਪ੍ਰਸਤਾਵ ਰੱਖਣਾ ਹੀ ਪੈਣਾ ਸੀ।"

ਕੰਸ ਜਗਤਾਰ ਦੇ ਇਸ ਪ੍ਰਸਤਾਵ ਕਾਰਨ ਕੁਝ ਸਮਾਂ ਪਰੇਸ਼ਾਨੀ ਵਿੱਚ ਡੁੱਬੀ ਰਹੀ ਫਿਰ ਦੁਕਾਨ 'ਚ ਵਿਆਹ ਸ਼ਾਦੀਆਂ ਦੇ ਦਿਨ ਕਰਕੇ ਉਹ ਸਾਰਾ ਦਿਨ ਰੁੱਝੀ ਰਹੀ। ਕੰਮ ਐਨਾ ਜ਼ਿਆਦਾ ਸੀ ਕਿ ਦੁਕਾਨ ਵੀ ਇਕ ਘੰਟਾ ਲੇਟ ਬੰਦ ਕਰਨੀ ਪਈ। ਘਰ ਜਾ ਕੇ ਉਹ ਰੋਟੀ ਟੁੱਕ ਪਕਾਉਣ ਵਿੱਚ ਮਸ਼ਰੂਫ਼ ਹੋ ਗਈ। ਪੈਣ ਲਈ ਗਿਆਰਾਂ ਵੱਜ ਗਏ ਸਨ। ਪੈਣ ਤੋਂ ਪਹਿਲਾਂ ਉਸਨੇ ਅੱਜ ਦੀ ਵਟਕ ਗਿਣੀ ਜਿਹੜੀ ਲੱਖ ਤੋਂ ਉੱਪਰ ਸੀ। ਆਮ ਦਿਨਾਂ ਵਿੱਚ ਵੀ ਇਸ ਦੁਕਾਨ ਚੋਂ ਕੰਸ ਨੂੰ 1000 ਤੋਂ 2000 ਰੁਪਏ ਰੋਜ਼ਾਨਾ ਬਚਦੇ ਸਨ। ਪੈਸਾ ਹੀ ਪੈਸੇ ਨੂੰ ਖਿੱਚੀ ਜਾ ਰਿਹਾ ਸੀ। ਦੁਕਾਨ ਦਾ ਕੰਮ ਦਿਨੋਂ ਦਿਨ ਵਧ ਰਿਹਾ ਸੀ। ਨਿੱਤ ਵਾਂਗ ਉਹ ਰੱਬ ਦਾ ਸ਼ੁਕਰਾਨਾ ਕਰਕੇ ਮੰਜੇ ਤੇ ਪੈ ਗਈ। ਸਵੇਰ ਵਾਲੀ ਘਟਨਾ ਯਾਦ ਆ ਗਈ, ਜਗਤਾਰ ਸਾਹਮਣੇ ਆ ਖੜਾ। ਉਹ ਸੋਚਣ ਲੱਗ ਪਈ, "ਵਿਆਹ ਵਿਆਹ ਦਾ ਹੁਣ ਕੀ ਫਾਇਦਾ ਹੋਏਗਾ। ਮਨੀ ਵੀ ਹੁਣ ਤਾਂ ਸੁਖ ਨਾਲ ਜਵਾਨ ਹੋਣਾ ਸ਼ੁਰੂ ਹੋ ਗਿਆ । ਮਨੀ ਸਭ ਸਮਝਦਾ, ਏਹ ਕੀ ਸੋਚੂ, ਮੰਮਾ ਆਹ ਪੁੱਠੇ ਕੰਮ ਕਰਦੀ ਰਹੀ ਐ। ਸ਼ਹਿਰ ਵਿੱਚ ਵੀ ਪੂਰਾ ਮਾਨ ਤਾਨ ਐ। ਦੁਕਾਨਦਾਰੀ ਵੀ ਪ੍ਰਮਾਤਮਾ ਦੀ ਕ੍ਰਿਪਾ ਨਾਲ ਪੂਰੀ ਰਿੜ੍ਹ ਪਈ ਆ। ਪੈਸਾ ਛੱਲਾਂ ਮਾਰ ਕੇ ਆ ਰਿਹਾ। ਜੇ ਵਿਆਹ ਕਰਾ ਲਿਆ ਸਭ ਕੁਸ਼ ਮਿੱਟੀ 'ਚ ਮਿਲ ਜੂ। ਨਾ ਨਾਂ ਰਹੂ ਨਾ ਮਾਣ-ਤਾਨ, ਨਾ ਇੱਜ਼ਤ ਨਾ ਪੈਸਾ। ਮੇਰੇ ਸੱਸ ਸਹੁਰਾ ਮੇਰਾ ਹੀ ਨਹੀਂ ਮਨ ਦਾ ਵੀ ਕਿੰਨਾ ਪਿਆਰ ਕਰਦੈ, ਹਰ ਸਮੇਂ ਬੇਟਾ ਕੰਸ, ਬੇਟਾ ਮਨ ਹੁੰਦੀ ਰਹਿੰਦੀ ਆ। ਸੱਸ ਸਹੁਰੇ ਦਾ ਬੁਢਾਪਾ ਰੁਲਜੂ। ਵਿਆਹ! ਵਿਆਹ ਤਾਂ ਨਾਲੇ ਚਾਰ ਦਿਨਾਂ ਦੀ ਚਾਨਣੀ ਫਿਰ ਹਨੇਰੀ ਰਾਤ। ਗੁਲਾਮੀ ਵਾਧੂ ਦੀ ਭੋਗਣੀ ਪਊ। ਹੋਰ ਤਾਂ ਹੋਰ ਜਗਤਾਰ ਵੀ ਗੁਰਮੁਖਜੀਤ ਵਾਂਗ ਪੁੱਠੇ ਰਾਹ ਪਿਆ ਹੋਇਆ। ਘਰੇ ਤਾਂ ਵੜਦਾ ਨਹੀਂ। ਰੂਪੋਸ਼ ਰਹਿੰਦੈ। ਫਾਇਦਾ ਕੀ ਹੋਊ? ਅੱਗੇ ਗੁਰਮੁਖਜੀਤ ਨੇ ਫਾਹੇ ਟੰਗੀ ਰੱਖਿਆ ਸੀ ਹੁਣ ਇਹ ਟੰਗੀ ਰੱਖੂ। ਸੁੱਖ ਆਰਾਮ ਕਦੋਂ ਮਿਲੂ? ਹੁਣ ਮੈਂ ਆਜ਼ਾਦ ਆਂ, ਨਾ ਕਿਸੇ ਦੀ ਹਿੜਕ ਨਾ ਝਿੜਕ। ਘਰੇ ਪੂਰੀ ਚੱਲਦੀ ਐ ਜੋ ਮਰਜੀ ਕਰਾਂ ਨਾ ਕਰਾਂ। ਪੈਸਾ! ਪੈਸਾ ਵਾਧੂ ਐ ਕੋਲ, ਕੋਈ ਤੋਟ ਨਹੀਂ। ਕੋਈ ਗ਼ਮ ਨਹੀਂ ਕੋਈ ਦੁੱਖ ਨਹੀਂ। ਵਿਆਹ ਕਰਾ ਲਿਆ ਥਾਂ ਥਾਂ ਤੋਏ ਤੋਏ ਹੋਊ। ਰਿਸ਼ਤੇਦਾਰ ਅੱਡ ਮੂੰਹ ਤੇ ਥੁੱਕਣਗੇ ਜਿਹੜੇ ਹੁਣ ਹੱਥੀਂ ਛਾਵਾਂ ਕਰਦੈ। ਕੰਸ ਕੁਰੇ! ਤੂੰ ਵੱਡੀ ਗਲਤੀ ਕੀਤੀ ਐ ਉਸਨੂੰ ਮੂੰਹ ਲਾ ਕੇ। ਜੇ ਤੂੰ ਮੂੰਹ ਨਾ ਲਾਉਂਦੀ ਤਾਂ ਚੰਗੀ ਨਾ ਰਹਿੰਦੀ। ਹੁਣ ਵੀ ਡੁੱਲ੍ਹੇ ਬੇਰਾਂ ਦਾ ਕੁਸ਼ ਨੀਂ ਵਿਗੜਿਆ। ਉਸਨੂੰ ਤੋੜ ਕੇ ਜਵਾਬ ਦੇਹ। ਸਕੀ ਨਾਲੋਂ ਸੂਮ ਭਲੀ ਜੋ ਤੁਰੰਤ ਦੇਵੇ ਜਵਾਬ। ਜਗਤਾਰ! ਜਗਤਾਰ ਦੇ ਪੱਲੇ ਕੀ ਆ? ਮਲੰਗ ਤਾਂ ਹੋਇਆ ਫਿਰਦਾ। ਕੋਲ ਨਾ ਘਰ ਨਾ ਬਾਰ। ਕਿੰਨੀ ਵਾਰ ਤਾਂ ਪੈਸੇ ਤੇਰੇ ਕੋਲੋਂ ਮੰਗ ਕੇ ਲੈ ਗਿਆ। ਜੇਬ 'ਚ ਦੁਆਨੀ ਨੀਂ ਹੁੰਦੀ। ਏਸ ਮਲੰਗ ਨਾਲ ਵਿਆਹ ਕਰਾ ਕੇ ਕੀ ਖੱਟੇਂਗੀ। ਹਾਂ, ਜੇ ਉਦੋਂ ਹੋ ਜਾਂਦਾ ਜਾਂ ਕਰਾ ਲੈਂਦੇ ਤਾਂ ਹੋਰ ਗੱਲ ਸੀ। ਕੰਸ ਕੁਰੇ! ਹੁਣ ਨਾ ਦੁਬਾਰਾ ਪਿੰਜਰੇ 'ਚ ਫਸੀਂ। ਏਹ ਆਜ਼ਾਦੀ ਫੇਰ ਨੀਂ ਮਿਲਣੀ। ਸਵੇਰੇ ਜਦ ਆਇਆ ਤਾਂ ਉਸਨੂੰ ਚਿੱਟਾ ਜਵਾਬ ਦੇ ਦੇਵੀਂ। ਡਰ, ਡਰ ਦੀ ਲੋੜ ਨਹੀਂ। ਜੇ ਉਸਨੇ ਖਹਿੜਾ ਨਾ ਛੱਡਿਆ ਤਾਂ ਸਿੱਧੀ ਧਮਕੀ ਦੇਵੀਂ, ਮੈਂ ਪੁਲਿਸ ਨੂੰ ਫੜਾ ਦੇਊਂ।" ਜਦ ਉਸਨੇ ਆਪਣੇ ਆਪ ਨਾਲ ਪੱਕਾ ਫ਼ੈਸਲਾ ਕਰ ਲਿਆ, ਫਿਰ ਇਕ ਦਮ ਸੌਂ ਗਈ ਜਿਵੇਂ ਸਿਰ ਤੋਂ ਭਾਰ ਲਹਿ ਗਿਆ ਹੋਵੇ। ਉੱਠਣ ਵੱਲੋਂ ਭਾਵੇਂ ਥੋੜ੍ਹਾ ਜਿਹਾ ਲੇਟ ਹੋ ਗਈ ਪਰ ਸਾਰੇ ਕੰਮ ਫੁਰਤੀ ਨਾਲ ਕਰ ਕੇ, ਵਕਤ ਸਿਰ ਦੁਕਾਨ ਤੇ ਜਾ ਪੁੱਜੀ।

ਜਗਤਾਰ ਨੂੰ ਖੁਸ਼ੀ ਵਿੱਚ ਸਾਰੀ ਰਾਤ ਨੀਂਦ ਨਾ ਆਈ, ਉਸਨੂੰ ਪੂਰਾ ਵਿਸ਼ਵਾਸ ਸੀ, "ਅੱਜ ਅਸੀਂ ਫਿਰ ਇਕ ਹੋ ਜਾਵਾਂਗੇ।" ਜਗਤਾਰ ਬਹੁਤ ਕਾਹਲਾ ਸੀ, ਉਹ ਕੰਸ ਦੇ ਆਉਣ ਤੋਂ ਪੰਦਰਾਂ ਮਿੰਟ ਪਹਿਲਾਂ ਹੀ

ਦੁਕਾਨ ਵਿੱਚ ਆਇਆ ਬੈਠਾ ਸੀ, ਕੰਸ ਕੌਰ ਕਾਊਂਟਰ ਪਿੱਛੇ ਲੱਗੀਆਂ ਗੁਰੂਆਂ ਦੀਆਂ ਫੋਟੋਆਂ ਵੱਲ ਹੋਈ। ਮੱਥਾ ਟੇਕਿਆ-ਮੂੰਹ 'ਚ ਅਰਾਧਨਾ ਕੀਤੀ। ਜਗਤਾਰ ਉੱਠ ਕੇ ਸਿੱਧਾ ਕੰਸ ਕੌਰ ਨੂੰ ਜੱਫ਼ੀ 'ਚ ਲੈਣ ਲੱਗਿਆ ਹੀ ਸੀ ਪਰ ਕੰਸ ਨੇ ਉਸ ਨੂੰ ਰੁੱਖੇ ਲਹਿਜੇ ਨਾਲ ਪਰ੍ਹਾਂ ਧੱਕਦਿਆਂ ਕਿਹਾ, "ਜਗਤਾਰ! ਮੈਂ ਹੱਥ ਜੋੜ ਕੇ ਬੇਨਤੀ ਕਰਦੀ ਆ। ਤੂੰ ਮੈਨੂੰ ਬਰਬਾਦ ਨਾ ਕਰ। ਪਲੀਜ਼! ਜਾਹ ਏਥੋਂ। ਫਿਰ ਕਦੇ ਨਾ ਆਈਂ ਏਥੇ। ਮੈਂ ਬਹੁਤ ਪਰੇਸ਼ਾਨ ਆ।" ਜਗਤਾਰ ਦੀ ਸਾਰੀ ਖੁਸ਼ੀ ਕਾਫ਼ੂਰ ਹੋ ਗਈ ਤੇ ਬੋਲਿਆ, "ਤੂੰ ਮੇਰੀ ਗੱਲ ਤਾਂ ਸੁਣ।"


"ਨਹੀਂ ਮੈਂ ਕੋਈ ਗੱਲ ਨੀਂ ਸੁਣਨੀ। ਜੇ ਤੂੰ ਨਹੀਂ ਸਮਝੇਂਗਾ। ਤਾਂ ਮੈਂ ਬੁਰੇ ਦੇ ਘਰ ਤੱਕ ਵੀ ਜਾ ਸਕਦੀ ਆ। ਪਲੀਜ਼ ਚਲਿਆ ਜਾਹ।" ਕੰਸ ਨੇ ਜਗਤਾਰ ਦੀ ਬਾਂਹ ਫੜੀ ਅਤੇ ਦੁਕਾਨ 'ਚੋਂ ਬਾਹਰ ਕੱਢਦਿਆਂ ਫਿਰ ਕਿਹਾ, "ਪਲੀਜ਼! ਹੁਣ ਦੁਬਾਰਾ ਕਦੇ ਨਾ ਆਈ, ਮੈਂ ਮਜਬੂਰ ਆ। ਨਾਲੇ ਮੈਂ ਇਕ ਵਾਰ ਤਬਾਹ ਹੋ ਚੁੱਕੀ ਆ, ਹੁਣ ਦੁਬਾਰਾ ਨਹੀਂ ਹੋਣਾ। ਮੈਨੂੰ ਮਾਫ਼ ਕਰ ਦੇਵੀਂ, ਮੈਂ ਗਲਤ ਸਾਂ।" ਕੰਸ ਜਗਤਾਰ ਅੱਗੇ ਹੱਥ ਬੰਨ੍ਹੀ ਖੜੀ ਸੀ। ਜਗਤਾਰ ਨੂੰ ਬਾਹਰ ਕੱਢ ਕੇ ਉਹ ਫਿਰ ਗੁਰੂਆਂ ਦੀਆਂ ਫੋਟੋਆਂ ਕੋਲ ਜਾ ਖੜੀ। ਫੋਟੋਆਂ ਅੱਗੇ ਹੱਥ ਬੰਨ੍ਹ ਕੇ ਕੁਝ ਮੰਗਣ ਲੱਗੀ।

ਜਗਤਾਰ ਕੁਝ ਸਮਾਂ ਅਵਾਕ ਖੜਾ ਰਿਹਾ। ਉਹ ਬੋਲਦਾ ਕੀ ਉਸਦਾ ਤਾਂ ਦਿਲ ਟੁੱਟ ਕੇ ਖਿੰਡ ਚੁੱਕਾ ਸੀ। ਤੁਰ ਤਾਂ ਉਹ ਪਿਆ ਪਰ ਤੁਰਿਆ ਉਸਤੋਂ ਜਾਂਦਾ ਨਹੀਂ ਸੀ ਜਿਵੇਂ ਕਦਮਾਂ 'ਚ ਪਾਰਾ ਭਰ ਗਿਆ ਹੋਵੇ। ਜਾਣਾ ਤਾਂ ਉਸਨੇ ਬੱਸ ਅੱਡੇ ਵੱਲ ਸੀ ਪਰ ਉਹ ਦੂਜੇ ਪਾਸੇ ਮੁੜ ਗਿਆ।

"ਜ਼ਮਾਨਾਂ ਕਿਸੇ ਤੇ ਵਿਸ਼ਵਾਸ਼ ਕਰਨ ਦਾ ਨਹੀਂ ਰਹਿ ਗਿਆ। ਲੋਕਾਂ ਦੇ ਚਿਹਰੇ ਚਿੱਟੇ ਹਨ ਪਰ ਦਿਲ ਕਾਲੇ। ਕੰਸ! ਹਾਂ ਕੰਸ ਵੀ ਬਾਹਰੋਂ ਦੁੱਧ ਚਿੱਟੀ ਪਰ ਕਾਲੇ ਦਿਲ ਵਾਲੀ... ਕਾਲੇ ਦਿਲ ਵਾਲੀ... ਕਾਲੇ ਦਿਲ ਵਾਲੀ।" ਇਹ ਸ਼ਬਦ ਨਿਰੰਤਰ ਉਚਾਰਦਾ ਜਗਤਾਰ ਸ਼ਹਿਰ ਵਿੱਚ ਤੁਰਿਆ ਜਾ ਰਿਹਾ ਸੀ।

**ਪਤਾ-ਪਿੰਡ ਤੇ ਡਾਕ, ਘੋਲੀਆਂ ਕਲਾਂ, ਮੋਗਾ, ਮੁਬਾਇਲ 98553-71313**


## ਭਗਵੰਤ ਰਸੂਲਪੁਰੀ ਦਾ ਨਵਾਂ ਕਹਾਣੀ ਸੰਗ੍ਰਹਿ




ਭਗਵੰਤ ਰਸੂਲਪੁਰੀ ਆਪਣੇ ਤੀਜੇ ਕਹਾਣੀ ਸੰਗ੍ਰਹਿ 'ਮਰਨ ਰੁੱਤ' ਨਾਲ ਆਪਣੀ ਕਥਾ-ਵਸਤੂ, ਬਿਰਤਾਂਤ ਵਿਧੀ ਅਤੇ ਰਚਨਾ ਦ੍ਰਿਸ਼ਟੀ ਵਿਚ ਵਿਕਾਸ ਕਰਦਾ ਹੈ। ਉਸ ਦੀ ਕਥਾ-ਵਸਤੂ ਦਾ ਅਧਾਰ ਸਮਾਜਕ ਤੌਰ ਤੇ ਹਸ਼ੀਆ-ਗ੍ਰਸਤ ਲੋਕ ਹਨ। ਇਹ ਲੋਕ ਬਿਨਾਂ ਕਿਸੇ ਉਚੇਚ ਤੋਂ ਉਸ ਦੇ ਕਥਾ-ਸੰਸਾਰ ਵਿਚ ਪ੍ਰਵੇਸ਼ ਕਰਦੇ ਹਨ। ਅਜਿਹੇ ਪਾਤਰ ਵਿਰੋਧੀ ਪ੍ਰਸਥਿਤੀਆਂ ਨਾਲ ਟਕਰਾਉਂਦੇ ਹੋਏ ਸੰਵਾਦ ਦੀ ਸਥਿਤੀ ਪੈਦਾ ਕਰਦੇ ਹਨ। ਅਜਿਹਾ ਕਰਦੇ ਹੋਏ ਉਹ ਸਾਂਸਕ੍ਰਿਤਕ ਅਵਚੇਤਨ ਤੋਂ ਮੁਕਤ ਹੋਣ ਦੇ ਨਾਲ ਨਾਲ ਕਿਸੇ ਆਰੋਪਿਤ ਵਿਚਾਰ ਤੋਂ ਮੁਕਤ ਰਹਿੰਦੇ ਹਨ। ਭਗਵੰਤ ਕਹਾਣੀ ਨੂੰ ਦਲਿਤ ਜੀਵਨ ਦੀ ਪੇਸ਼ਕਾਰੀ ਦਾ ਮਾਧਿਆਮ ਬਣਾ ਕੇ ਕਰੁਣਾਂ ਭਾਵ ਪੈਦਾ ਨਹੀਂ ਕਰਦਾ ਸਗੋਂ ਸੰਵਾਦ ਪੈਦਾ ਕਰਦਾ ਹੈ। ਉਸ ਦੀਆਂ ਕਹਾਣੀਆਂ 'ਜੜ੍ਹਾਂ' ਤੇ 'ਆਦੀ ਡੰਕਾ' ਪੰਜਾਬੀ ਦਲਿਤ ਜੀਵਨ ਦੀ ਮੁਕਤੀ ਦੇ ਭਵਿੱਖੀ ਮਾਡਲ ਨੂੰ ਨਿਰਧਾਰਿਤ ਕਰਨ ਵਾਲੀਆਂ ਹਨ। ਇਹਨਾਂ ਕਹਾਣੀਆਂ ਨਾਲ ਦਲਿਤ ਚਿੰਤਨ ਵਿਚ ਇਕ ਬਹਿਸ ਅੱਗੇ ਤੁਰਦੀ ਹੈ। ਮੇਰੀ ਜਾਚੇ ਪਹਿਲੀ ਦਲਿਤ ਕਹਾਣੀ ਜਾਤੀ ਪ੍ਰਸੰਗਾ ਦੇ ਅਧਾਰਾਂ ਨੂੰ ਨਵੇਂ ਸਿਰੇ ਤੋਂ ਉਲੀਕਦੀ ਸੀ ਪਰੰਤੂ ਭਗਵੰਤ ਦੀ ਕਹਾਣੀ ਇਸ ਤੋਂ ਅੱਗੇ ਤੁਰਦੀ ਹੈ।

- ਰਜਨੀਸ਼ ਬਹਾਦਰ ਸਿੰਘ

**ਪ੍ਰਕਾਸ਼ਕ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**
***ਮੁੱਲ :150, ਪੰਨੇ :136***




**ਦਲਿਤ, ਅੰਗਹੀਣ ਮਹਿਲਾ ਦੀ ਦਰਦਨਾਕ ਜੀਵਨ-ਗਾਥਾ -**

# ਕੱਚ ਦੀ ਬਾਰੀਕ ਕੰਧ ਦੇ ਢਹਿਣ ਦੇ ਇੰਤਜ਼ਾਰ 'ਚ

**- ਸੁਮਿੱਤਰਾ ਮਹਰੌਲ, ਅਨੁਵਾਦ : ਪ੍ਰੋ: ਐਚ ਐਸ ਡਿੰਪਲ**

ਦਿੱਲੀ ਦੇ ਇਕ ਦਲਿਤ ਪਰਿਵਾਰ ਵਿਚ ਮੇਰਾ ਜਨਮ ਹੋਇਆ। ਅਤੇ ਇਕ ਸਾਲ ਦੇ ਹੁੰਦਿਆਂ-ਹੁੰਦਿਆਂ ਮੈਂ ਪੋਲੀਓ ਦੀ ਸ਼ਿਕਾਰ ਵੀ ਹੋ ਚੁੱਕੀ ਸੀ। ਮਾਤਾ-ਪਿਤਾ ਨੇ ਕੁਝ ਸਰਕਾਰੀ ਹਸਪਤਾਲਾਂ ਵਿਚ ਦਿਖਾਇਆ, ਪਰ ਕੁਝ ਨਾ ਹੋਇਆ। ਬਹੁਤ ਜ਼ਿਆਦਾ ਭੱਜ-ਦੌੜ ਕਰਨ ਦੀ ਨਾ ਉਨ੍ਹਾਂ ਦੇ ਹਾਲਾਤ ਸਨ, ਨਾ ਸਮਰਥਾ, ਨਾ ਦੂਰਦ੍ਰਿਸ਼ਟੀ ਅਤੇ ਨਾ ਹੀ ਸਭ ਤੋਂ ਜ਼ਿਆਦਾ ਜ਼ਰੂਰੀ ਜਨੂੰਨ - ਬੱਚੀ ਦੇ ਭਵਿੱਖੀ/ਆਗਾਮੀ ਜੀਵਨ ਤੇ ਇਸ ਰੋਗ ਦਾ ਕੀ ਪ੍ਰਭਾਵ ਪਵੇਗਾ, ਇਸ ਅਯੋਗਤਾ ਦੇ ਨਾਲ ਉਹ ਕਿਸ ਤਰ੍ਹਾਂ ਇਸ ਦੁਨੀਆਂ ਵਿਚ ਆਪਣੀ ਥਾਂ ਬਣਾ ਸਕੇਗੀ, ਕਿਸ ਤਰ੍ਹਾਂ ਲੋਕਾਂ ਦੀ ਦਇਆ ਅਤੇ ਬੇਚਾਰਗੀ ਉਸਦੇ ਆਤਮ-ਵਿਸ਼ਵਾਸ਼ ਨੂੰ ਚਕਨਾਚੂਰ ਕਰ ਦੇਵੇਗੀ, ਇਸ ਸਭਦਾ ਉਨ੍ਹਾਂ ਨੂੰ ਜ਼ਰਾ ਵੀ ਪਤਾ ਨਹੀਂ ਸੀ - ਸ਼ਾਇਦ।

ਪਿਤਾ ਨੂੰ ਹਸਪਤਾਲਾਂ ਦੀਆਂ ਰਸਮਾਂ ਤੋਂ, ਲੰਮੀਆਂ-ਲੰਮੀਆਂ ਲਾਈਨਾਂ ਤੋਂ, ਕਦੀ ਪੈਥਾਲੌਜੀ, ਕਦੀ ਐਕਸ-ਰੇ ਵਿਭਾਗਾਂ ਦੇ ਪੰਗਿਆਂ ਤੋਂ ਬੜੀ ਐਲਰਜ਼ੀ ਸੀ, ਸਿਹਤ ਦੀ ਦ੍ਰਿਸ਼ਟੀ ਤੋਂ ਈਸ਼ਵਰ ਦੀ ਉਨ੍ਹਾਂ ਤੇ ਬੜੀ ਕ੍ਰਿਪਾ ਹੈ, ਅਤੇ ਸੱਤਰ ਦੀ ਉਮਰ ਤੱਕ ਉਨ੍ਹਾਂ ਨੂੰ ਕੋਈ ਦਰਦ ਜਾਂ ਬੁਖਾਰ ਦੀ ਇਕ ਗੋਲੀ ਤੱਕ ਖਾਣ ਦੀ ਲੋੜ ਨਹੀਂ ਪਈ। ਸ਼ਾਇਦ ਇਸੇ ਕਾਰਣ ਉਹ ਕਦੀ ਕਿਸੇ ਦਾ ਦਰਦ ਨਾ ਸਮਝ ਸਕੇ!

ਪਰ ਮੈਂ ਇਕ ਸਾਲ ਦੀ ਅਣਜਾਣ ਕਿਉਂ ਇਸ ਸੰਸਾਰ ਦੀ ਸਭ ਤੋਂ ਭਿਆਨਕ ਬੀਮਾਰੀ (ਜਿਸਦੇ ਸ਼ਿਕਾਰ ਨੂੰ ਸਮੁੱਚਾ ਜੀਵਨ ਤਿਲ-ਤਿਲ ਮਰਨਾ ਪੈਂਦਾ ਹੈ, ਸਾਰੀ ਜ਼ਿੰਦਗੀ ਖੁਦ ਨੂੰ ਸਾਬਿਤ ਕਰਨਾ ਪੈਂਦਾ ਹੈ) ਦਾ ਸ਼ਿਕਾਰ ਹੋਈ, ਇਸਦਾ ਜਵਾਬ ਕਿਸੇ ਕੋਲ ਨਹੀਂ ਸੀ।

ਮੇਰੇ ਢਾਈ ਸਾਲ ਦੇ ਹੁੰਦੇ-ਹੁੰਦੇ ਮੇਰਾ ਇਕ ਹੋਰ ਛੋਟਾ ਭਰਾ ਆ ਗਿਆ। ਸਾਰੇ ਘਰੇਲੂ ਕੰਮ ਦੋ ਵੱਡੇ ਅਤੇ ਮੇਰੇ ਛੋਟੇ ਭਰਾ ਦੀਆਂ ਜ਼ਿੰਮੇਵਾਰੀਆਂ ਉਠਾਉਂਦੇ-2 ਮੇਰੀ ਅਨਪੜ੍ਹ ਮਾਂ ਨੂੰ ਇੰਨਾ ਸਮਾਂ ਹੀ ਨਹੀਂ ਮਿਲਦਾ ਸੀ ਕਿ ਉਹ ਮੇਰੀ ਸਹੀ ਦੇਖ਼ਭਾਲ ਕਰ ਸਕੇ, ਮੈਨੂੰ ਅਤੇ ਮੇਰੀਆਂ ਵਿਸ਼ਿਸ਼ਟ ਲੋੜਾਂ ਨੂੰ ਸਮਝ ਸਕੇ। ਪਿਤਾ ਦੇ ਦਫ਼ਤਰ ਜਾਣ ਦੇ ਬਾਅਦ ਮੈਨੂੰ ਖਿਲਾ-ਪਿਲਾ ਕੇ ਬਰਾਮਦੇ ਵਿਚ ਬਿਠਾ ਦਿੰਦੀ ਅਤੇ ਫਿਰ ਘਰ ਦੇ ਕੰਮਾਂ ਵਿਚ ਮੇਰੇ ਛੋਟੇ ਭਰਾ ਦੀ ਦੇਖ਼ਭਾਲ ਵਿਚ ਲੱਗ ਜਾਂਦੀ। ਮੈਂ ਆਸੇ-ਪਾਸੇ ਰੌਲਾ-ਪਾਉਂਦੇ ਗਵਾਂਢੀਆਂ ਦੇ ਬੱਚਿਆਂ ਨੂੰ ਦੇਖਦੀ, ਆਪਣੀਆਂ ਸਰੀਰਕ ਅਯੋਗਤਾਵਾਂ ਤੋਂ ਅਣਜਾਣ, ਸਭ ਵਿਚ ਸ਼ਾਮਲ ਹੋਣ ਦੇ ਬਾਵਜੂਦ ਬਾਲ-ਅਣਭੋਲ ਤਰੰਗਾਂ ਮਾਣਨ ਵਿਚ ਅਸਫ਼ਲ ਕੋਸ਼ਿਸ਼ ਕਰਦੀ ਨਿਢਾਲ ਹੋ ਜਾਂਦੀ, ਬੇਵੱਸ ਮਹਿਸੂਸ ਕਰਦੀ। ਆਪਣੇ ਜ਼ਖ਼ਮਾਂ ਅਤੇ ਅਸਫ਼ਲਤਾ ਦਾ ਦੁੱਖ ਮਾਂ ਦੀ ਗੋਦ ਵਿਚ ਲੱਭਣ ਲਈ ਮੈਂ ਗਲਾ ਫਾੜਕੇ ਰੋਂਦੀ, ਪਰ ਮਾਂ ਤਾਂ ਉਥੇ ਹੁੰਦੀ ਹੀ ਕਿੱਥੇ ਸੀ, ਉਹ ਤਾਂ ਘਰ ਦੇ ਕੰਮ-ਕਾਜ ਜਾਂ ਛੋਟੇ ਭਰਾ ਵਿਚ ਉਲਝੀ ਹੁੰਦੀ। ਰੋ ਰੋ ਕੇ ਮੈਂ ਸਾਰਾ ਦਿਨ ਬੇਸੁਰਤ ਹੁੰਦੀ, ਪਰ ਮੇਰੀ ਸੁੱਧ-ਬੁੱਧ ਲੈਣ ਵਾਲਾ ਉਥੇ ਕੋਈ ਨਹੀਂ ਸੀ। ਪਿਤਾ ਜਦੋਂ ਘਰ ਵਿਚ ਵੀ ਹੁੰਦੇ ਤਾਂ ਰੋਂਦੀ ਬੱਚੀ ਨੂੰ ਚੁੱਪ ਕਰਾਉਣਾ, ਉਸਨੂੰ ਦੁਲਾਰਣਾ, ਪੁਚਕਾਰਨਾ ਅਤੇ ਉਨ੍ਹਾਂ ਦੇ ਨਿੱਤਨੇਮ ਵਿਚ ਸ਼ਾਮਲ ਨਹੀਂ ਸੀ। ਛੋਟੇ ਬੱਚਿਆਂ ਨੂੰ ਗੋਦ-ਗੂਦ ਵਿਚ ਲੈ ਕੇ ਉਨ੍ਹਾਂ ਨੂੰ ਪੁਰਸ਼-ਉਚਿੱਤ ਹਉਮੈ ਨੂੰ ਠੇਸ ਪੁੱਜਦੀ ਸੀ, ਉਨ੍ਹਾਂ ਦੀਆਂ ਕੋਮਲ-ਦਿਲੀ ਭਾਵਨਾਵਾਂ ਦਾ ਪ੍ਰਦਰਸ਼ਨ ਹੁੰਦਾ ਸੀ ਅਤੇ ਉਹ ਪੁਰਸ਼-ਉਚਿੱਤ ਕਠੋਰਤਾ ਵਾਲੀ ਛਵੀ ਵਿਚ ਥੋੜੀ ਜਿਹੀ ਵੀ ਦਰਾੜ ਬਰਦਾਸ਼ਤ ਨਹੀਂ ਕਰ ਸਕਦੇ ਸਨ। ਇਸ ਤਰ੍ਹਾਂ ਘਿਸਟ-ਘਿਸਟ, ਸਰਕ-ਸਰਕ ਕੇ ਖੁਦ ਹੀ ਖੁਦ ਦੀ ਸਹੇਲੀ ਬਣਕੇ ਕੁਝ ਖੇਡਦੀ, ਕੁਝ ਰੋਂਦੀ-ਸਿਸਕਦੀ ਨੇ, ਮੈਂ ਜੀਵਨ ਦੇ ਕੁਝ ਸਾਲ ਬਿਤਾਏ। ਹੁਣ ਮੈਂ ਪੰਜ ਸਾਲ ਦੀ ਹੋ ਗਈ ਸੀ।

ਕੁਝ ਸਮੇਂ ਬਾਅਦ ਮੈਂ ਜਿਵੇਂ-ਤਿਵੇਂ ਚਲਦੇ ਰਹਿਣ ਦਾ ਯਤਨ ਕੀਤਾ। ਸੱਜਾ ਪੈਰ 60 ਤੱਕ ਪੋਲੀਓ ਦੀ ਚਪੇਟ ਵਿਚ ਆ ਗਿਆ ਸੀ। ਖੱਬੇ ਪੈਰ ਦੀ ਦਸ਼ਾ ਕੁਝ ਠੀਕ ਸੀ, ਪਰ ਸੱਜਾ ਪੈਰ ਸਰੀਰ ਦਾ ਵਜ਼ਨ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦਾ ਸੀ। ਜਿਉਂ ਹੀ ਸੱਜਾ ਪੈਰ ਤੇ ਸਰੀਰ ਦਾ ਵਜ਼ਨ ਛੱਡ ਕੇ ਮੈਂ ਖੱਬਾ ਪੈਰ ਅੱਗੇ ਵਧਾਉਂਦੀ, ਲੜਖੜਾ ਕੇ ਡਿੱਗ ਪੈਂਦੀ। ਪਰ ਮੈਂ ਹਾਰ ਨਹੀਂ ਮੰਨੀ ਅਤੇ ਵਜ਼ਨ ਸੰਭਾਲਣ ਅਤੇ ਸੰਤੁਲਨ ਕਾਇਮ ਰੱਖਣ ਲਈ ਹੱਥਾਂ ਦਾ ਸਹਾਰਾ ਲੈਣਾ ਆਰੰਭ ਕਰ ਦਿੱਤਾ।

ਕੁਝ ਸਮੇਂ ਬਾਅਦ ਆਪਣੇ ਸੱਜੇ ਹੱਥ ਨੂੰ ਸੱਜੇ ਗੋਡੇ ਦੇ ਕੁਝ ਉੱਤੇ ਰੱਖ ਕੇ ਉਸੇ ਪਾਸੇ ਝੁਕਾ ਦੇ ਕੇ ਮੈਂ ਤੁਰਨਾ ਸਿੱਖ ਗਈ ਅਤੇ ਇਸ ਤਰ੍ਹਾਂ ਮੈਂ ਬਹੁਤ ਥੋੜ੍ਹੀ ਦੂਰ ਤੱਕ ਹੀ ਤੁਰ ਸਕਦੀ ਸੀ ਅਤੇ ਬੜੀ ਛੇਤੀ ਥੱਕ ਵੀ ਜਾਂਦੀ ਸੀ, ਪਰ ਆਪਣੇ ਕਦਮਾਂ ਨਾਲ ਦੁਨੀਆਂ ਨਾਪਣ ਦਾ ਮੇਰਾ ਸਫ਼ਰ ਆਰੰਭ ਹੋ ਚੁੱਕਾ ਸੀ - ਭਾਵੇਂ ਕਦਮ ਬੜੇ ਛੋਟੇ ਹੋਣ ਅਤੇ ਧਰਾਤਲ ਦਾ ਪਰਿਮਾਪ ਬੜਾ ਜ਼ਿਆਦਾ।

ਮੇਰੇ ਦੋਵੇਂ ਭਰਾ ਸਰਕਾਰੀ ਸਕੂਲ ਵਿਚ ਪੜ੍ਹਦੇ ਸਨ, ਪਰ ਮੇਰਾ ਦਾਖ਼ਿਲਾ "ਸਰਸਵਤੀ ਬਾਲ ਮੰਦਿਰ" ਨਾਮ ਦੇ ਅੰਗਰੇਜ਼ੀ ਸਕੂਲ ਵਿਚ ਕਰਵਾਇਆ ਗਿਆ। ਪ੍ਰਾਇਮਰੀ ਸਕੂਲ ਵਿਚ ਥੋੜ੍ਹੇ ਜਿਹੀ ਸਮੇਂ ਲਈ ਬੱਚਿਆਂ ਨੂੰ ਯੂਨੀਫਾਰਮ ਦੇ ਬੰਧਨ ਤੋਂ ਮੁਕਤ ਰੱਖਿਆ ਜਾਂਦਾ ਹੈ। ਪੜ੍ਹੇ-ਲਿਖੇ ਸ਼ਹਿਰੀ ਮਾਹੌਲ ਵਿਚ ਭਿੱਜੇ ਮਾਪੇ ਆਪਣੇ ਬੱਚਿਆਂ ਨੂੰ ਫੈਸ਼ਨ ਅਨੁਸਾਰ ਪਹਿਰਾਵਾ ਪਵਾ ਕੇ, ਵਾਲ ਸੰਵਾਰ-ਤਰਾਸ਼ ਕੇ ਅਤੇ ਹੋਰ ਰੂਪ-ਸੱਜਾ ਕਰਕੇ ਬੱਚੇ ਨੂੰ ਸਕੂਲ ਭੇਜਦੇ ਨੇ, ਪਰ ਮੇਰੀ ਅਨਪੜ੍ਹ ਮਾਂ ਘਰ ਦੇ ਕੰਮ-ਕਾਜ ਵਿਚ ਹੀ ਜੀਵਨ-ਮੁਕਤੀ ਸਮਝਦੀ (ਜੋ ਕਿਸੇ ਤਰ੍ਹਾਂ ਦੇ ਫ਼ੈਸ਼ਨ ਦੇ ਬਿਲਕੁਲ ਵਿਰੁੱਧ ਸੀ, ਇਨ੍ਹਾਂ ਗੱਲਾਂ ਤੋਂ ਅਣਭਿੱਜ ਅਤੇ ਇਨ੍ਹਾਂ ਦੀ ਵਿਰੋਧੀ ਸੀ। ਉਹ ਮੇਰੇ ਸਿਰ ਵਿਚ ਢੇਰ ਸਾਰਾ ਤੇਲ ਪਾ ਕੇ, ਕਸ-ਕਸ ਕੇ ਦੋ ਉੱਚੀਆਂ ਗੁੱਤਾਂ ਬਣਾਉਂਦੀ, ਉਨ੍ਹਾਂ ਨੂੰ ਮੋੜ ਕੇ ਰਿਬਨ ਨਾਲ ਸਿਰ ਤੇ ਖੂਬ ਵੱਡੇ-ਵੱਡੇ ਦੋ ਫੁੱਲ ਬਣਾ ਦਿੰਦੀ। ਕੱਪੜੇ ਵੀ ਰਿਵਾਜ ਅਨੁਸਾਰ ਨਾ ਹੁੰਦੇ। ਮੇਰਾ ਸਧਾਰਣ ਜਿਹਾ ਚਿਹਰਾ ਹੋਰ ਵੀ ਕਰੂਪ ਲੱਗਣ ਲੱਗਦਾ। ਸਕੂਲ ਦੇ ਹੋਰ ਬੱਚੇ ਤਰ੍ਹਾਂ-2 ਦੇ ਵੈੱਲ-ਬਾਟੇਮ, ਸਕੱਰਟ, ਫੈਸ਼ਨੇਬਲ ਫਰਾੱਕ ਆਦਿ ਪਹਿਨਕੇ ਅਤੇ ਫੈਸ਼ਨ ਅਨੁਸਾਰ ਲਹਿਰਾਉਂਦੇ ਵਾਲ ਕਟਵਾ ਕੇ ਆਉਂਦੇ, ਮੈਂ ਉਨ੍ਹਾਂ ਨੂੰ ਹਸਰਤ-ਭਰੀਆਂ ਨਜ਼ਰਾਂ ਨਾਲ ਦੇਖਦੀ, ਪਰ ਮੇਰਾ ਬਾਲ-ਮਨ ਉਦੋਂ ਤੋਂ ਹੀ ਇਹ ਕਹਿਣ ਲੱਗਾ ਸੀ, ਕਿ ਇਹ ਸਭ ਮੇਰੇ ਲਈ ਨਹੀਂ ਹੈ। ਮੈਂ ਹੀਣ ਭਾਵਨਾ ਦਾ ਸ਼ਿਕਾਰ ਰਹਿਣ ਲੱਗੀ ਅਤੇ ਮੇਰਾ ਆਤਮ-ਵਿਸ਼ਵਾਸ਼ ਖੰਡਿਤ ਹੋਣਾ ਆਰੰਭ ਹੋ ਗਿਆ।

ਕੁਝ ਸਮੇਂ ਬਾਅਦ ਪੜ੍ਹਾਈ-ਲਿਖਾਈ ਆਰੰਭ ਹੋ ਗਈ। ਜਮਾਤ ਵਿਚ ਅਧਿਆਪਕਾ ਪੜ੍ਹਾਉਂਦੀ, ਮਾਪਿਆਂ ਲਈ ਡਾਇਰੀ ਤੇ ਨੋਟ ਲਿਖਦੀ ਅਤੇ ਘਰ-ਦਾ-ਕੰਮ ਵੀ ਮਿਲਦਾ ਸੀ। ਮਾਂ ਹੋਮ-ਵਰਕ ਕਰਵਾ ਨਹੀਂ ਸਕਦੀ ਸੀ, ਪਿਤਾ ਜੀ ਕੋਲ ਸਮਾਂ ਨਹੀਂ ਸੀ, ਨਾ ਹੀ ਅਭਿਆਸ। ਉਨ੍ਹਾਂ ਲਈ ਤਾਂ ਐਨਾ ਬਹੁਤ ਸੀ ਕਿ ਕੁੜੀ ਨੂੰ ਵਧੀਆ ਸਕੂਲ ਵਿਚ ਦਾਖ਼ਲਾ ਦਿਵਾ ਦਿੱਤਾ ਹੈ। ਹੁਣ ਆਪਣੇ ਆਪ ਪੜ੍ਹੇ। ਉਹ ਆਪਣਾ ਅਨੁਭਵ ਦੱਸਦੇ ਕਿ ਕਿਸ ਤਰ੍ਹਾਂ ਉਹ ਤੀਜੀ ਜਮਾਤ ਤੱਕ ਤਖਤੀ ਲਿਖਦੇ ਰਹੇ, ਅਤੇ ਪੰਜਵੀਂ ਤੱਕ ਗਣਿਤ, ਹਿੰਦੀ ਅਤੇ ਸਮਾਜਿਕ ਵਿਗਿਆਨ ਆਦਿ ਦੀਆਂ ਹੀ ਕਿਤਾਬਾਂ ਸਨ। ਪਰ ਹੁਣ ਤਾਂ ਮਾਹੌਲ ਬਦਲ ਗਿਆ ਹੈ। ਦੁਨੀਆਂ ਭਰ ਦੇ ਵਿਸ਼ੇ, ਸਰਗਰਮੀਆਂ ਅਤੇ ਪ੍ਰਤੀਯੋਗਤਾਵਾਂ। ਪੂਰੀ ਤਰ੍ਹਾਂ ਸੰਕੋਚ ਨਾਲ ਭਰੀ ਮੈਂ ਜਮਾਤ ਵਿਚ ਖ਼ਾਮੋਸ਼ ਰਹਿੰਦੀਆਂ - ਸਮਝ ਨਾ ਆਉਣ ਤੇ ਵੀ ਅਧਿਆਪਕ ਤੋਂ ਕੁਝ ਪੁੱਛ ਨਾ ਸਕਦੀ। ਸਹਿਪਾਠੀ ਵੀ ਮੇਰੀ ਦਿੱਖ ਕਰਕੇ ਅਤੇ ਮੇਰੀ ਸਰੀਰਕ ਅਯੋਗਤਾ ਕਰਕੇ ਮੇਰੇ ਨਾਲ ਘੁਲ-ਮਿਲ ਨਾ ਪਾਉਂਦੇ। ਕੁਝ ਉਜੱਡ ਜਿਹੇ ਬੱਚੇ ਤਾਂ ਮੈਨੂੰ ਸਤਾ ਕੇ ਖੁਸ਼ੀ-ਆਨੰਦ ਹਾਸਲ ਕਰਦੇ। ਕਈ ਧੱਕਾ ਮਾਰ ਕੇ ਸੁੱਟ ਦਿੰਦੇ। ਕਈ ਮੈਨੂੰ ਚਿੜਾਉਣ ਲਈ ਆਖਦੇ -

ਲੰਗੜਦੀਨ, ਵਜਾਵੇ ਬੀਨ
ਘੜੀ ਤੇ ਵੱਜ ਗਏ, ਸਾਢੇ ਤੀਨ।



ਹੰਝੂਆਂ ਦੇ ਘੁੱਟ ਪੀ ਕੇ ਰਹਿ ਜਾਂਦੀ ਮੈਂ, ਤੇ ਇਸ ਬਿਨਾਂ ਚਾਰਾ ਵੀ ਕੀ ਸੀ ਮੇਰੇ ਕੋਲ, ਕਿਉਂਕਿ ਹੰਝੂ ਵਹਾਉਣ ਦੀ ਵੀ ਇਕ ਸੀਮਾ ਹੁੰਦੀ ਹੈ।

ਕੁਝ ਹੀਣ-ਭਾਵਨਾ, ਕੁਝ ਅੰਤਰ-ਮੁਖੀ ਸੁਭਾਅ, ਕੁਝ ਲੋਕਾਂ ਦੀ ਨਜ਼ਰ-ਅੰਦਾਜ਼ੀ ਅਤੇ ਕੁਝ ਘਰ ਦੇ ਮਾਹੌਲ ਕਰਕੇ ਮੈਂ ਪੜ੍ਹਾਈ ਵਿਚ ਚੰਗੀ ਨਹੀਂ ਸੀ। ਪਬਲਿਕ ਸਕੂਲ ਦੇ ਖ਼ਰਚੇ ਵੀ ਕਾਫ਼ੀ ਹੁੰਦੇ ਹਨ। ਜਦੋਂ ਮੇਰੇ ਪਿਤਾ ਜੀ ਨੇ ਵੇਖਿਆ ਕਿ ਅੰਗਰੇਜ਼ੀ ਸਕੂਲ ਵਿਚ ਪੜ੍ਹਣ ਦੇ ਬਾਵਜੂਦ ਮੈਂ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਰਹੀ ਤਾਂ ਉਨ੍ਹਾਂ ਇਸ ਗੱਲ ਦੇ ਤੈਅ ਵਿਚ ਜਾ ਕੇ ਇਸਦਾ ਕਾਰਣ ਲੱਭਣ ਦੀ ਥਾਂ ਚੌਥੀ ਜਮਾਤ ਵਿਚ ਮੇਰਾ ਦਾਖ਼ਲਾ ਸਰਕਾਰੀ ਸਕੂਲ ਵਿਚ ਕਰਵਾ ਦਿੱਤਾ। ਅੰਗਰੇਜ਼ੀ ਮਾਧਿਅਮ ਵਿਚ ਪੜ੍ਹੀ ਮੈਂ ਵਿਗਿਆਨ, ਸਮਾਜਿਕ ਸਿੱਖਿਆ, ਗਣਿਤ ਆਦਿ ਦੇ ਅੰਗਰੇਜ਼ੀ ਦੇ ਸ਼ਬਦਾਂ ਨਾਲ ਵੱਧ ਜਾਣੂ ਸੀ, ਬਹੁਤ ਸਾਰੇ ਸ਼ਬਦਾਂ ਦੇ ਅੰਗਰੇਜ਼ੀ ਅਰਥ ਮੈਂ ਇਕਦਮ ਨਹੀਂ ਦੱਸ ਸਕਦੀ ਸੀ, ਜਿਸ ਕਰਕੇ ਅਕਸਰ ਘਰਦਿਆਂ ਦੇ ਗੁੱਸੇ ਦਾ ਸ਼ਿਕਾਰ ਬਣਦੀ।

ਕਈ ਵਾਰ ਮੇਰੇ ਪਿਤਾ ਨੂੰ ਬੱਚਿਆਂ ਦੀ ਪੜ੍ਹਾਈ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ, ਤਾਂ ਅਚਾਨਕ (ਦੋ - ਤਿੰਨ ਮਹੀਨੇ ਵਿਚ ਇਕ ਵਾਰ) ਇਕ ਦਿਨ ਉਹ ਸਭ ਬੱਚਿਆਂ ਦੀ ਪ੍ਰਖਿਆ ਲੈ ਲੈਂਦੇ। ਅੰਗਰੇਜ਼ੀ ਜਾਂ ਗਣਿਤ ਦੀਆਂ ਕਿਤਾਬਾਂ ਕੱਢਕੇ ਕਿਤੋਂ ਵੀ ਪ੍ਰਸ਼ਨ ਪੁੱਛਣ ਲੱਗਦੇ। ਐਨੀ ਤਿਆਰੀ ਤਾਂ ਕਿਸੇ ਦੀ ਵੀ ਨਹੀਂ ਹੁੰਦੀ ਸੀ। ਤਾਂ ਗੁੱਸੇ ਵਿਚ ਉਹ ਮੇਰੇ ਭਰਾਵਾਂ ਨੂੰ ਸਜ਼ਾ ਦੇ ਕੇ ਮੁਰਗਾ ਬਣਾ ਦਿੰਦੇ। ਇਸ ਤੋਂ ਮੈਂ ਬਹੁਤ ਸਹਿਮ ਕੇ ਘਬਰਾ ਜਾਂਦੀ ਅਤੇ ਆਉਂਦਾ ਹੋਣ ਦੇ ਬਾਵਜੂਦ ਵੀ ਕੁਝ ਨਾ ਦੱਸ ਸਕਦੀ, ਜਿਸ ਕਰਕੇ ਮੇਰੇ ਚਪੇੜਾਂ ਪੈਂਦੀਆਂ।

ਮੇਰੀ ਗਣਿਤ ਦੀ ਅਧਿਆਪਕਾ, ਸਵਾਲ ਨੂੰ ਫਾਰਮੂਲੇ ਨਾਲ ਸਮਝਾਉਣ ਦੀ ਬਜਾਇ ਸਿੱਧਾ ਬਲੈਕ-ਬੋਰਡ ਤੇ ਲਿਖ ਦਿੰਦੀ ਅਤੇ ਅਸੀਂ ਉਸਨੂੰ ਕਾਪੀਆਂ ਤੇ ਉਤਾਰ ਲੈਂਦੇ। ਇਸ ਤਰ੍ਹਾਂ ਨਾਲ ਗਣਿਤ ਨੂੰ ਸਮਝਣਾ ਅਸੰਭਵ ਸੀ। ਘਰ ਵਿਚ ਕੋਈ ਪੜ੍ਹਾਉਣ ਵਾਲਾ ਨਹੀਂ ਸੀ। ਮੇਰੇ ਪਿਤਾ ਜੀ ਦੇ ਅਨੇਕ ਸਿਧਾਂਤਾਂ ਵਿਚੋਂ ਇਕ ਇਹ ਵੀ ਸੀ ਕਿ ਕਦੇ ਬੱਚਿਆਂ ਨੂੰ ਪ੍ਰਾਈਵੇਟ ਟਿਊਸ਼ਨ ਦੀ ਆਦਤ ਨਾ ਪਾਓ। ਜਿਵੇਂ ਅਤੇ ਜੋ ਵੀ ਹੈ, ਸਕੂਲ ਵਿਚ ਹੀ ਪੜ੍ਹੋ। ਗਣਿਤ ਦੇ ਬਿਨਾਂ ਹੋਰ ਵਿਸ਼ਿਆਂ ਵਿਚ ਮੈਨੂੰ ਕੋਈ ਸਮੱਸਿਆ ਨਹੀਂ ਸੀ।

ਮੇਰੇ ਮਾਤਾ-ਪਿਤਾ ਮੇਰੀ ਅੰਗਹੀਣਤਾ ਦਾ ਬੋਝ ਮੇਰੇ ਭਰਾਵਾਂ ਤੇ ਨਹੀਂ ਪਾਉਣਾ ਚਾਹੁੰਦੇ ਸੀ। ਉਨ੍ਹਾਂ ਦਾ ਸੋਚਣਾ ਸੀ ਕਿ ਸਾਡੀ ਲੜਕੀ ਹੈ, ਅਸੀਂ ਜੋ ਕਰ ਸਕੀਏ, ਇਸ ਲਈ ਕਰਾਂਗੇ, ਪਰ ਸਾਡੇ ਹੋਰ ਬੱਚੇ ਇਸਦੇ ਕਰਕੇ ਦੁੱਖ ਨਾ ਸਹਿਣ ਕਰਨ। ਇਸੇ ਕਰਕੇ ਮੇਰੇ ਭਰਾ ਮੈਨੂੰ ਸਾਈਕਲ ਤੇ ਬੈਠਾ ਕੇ ਕਿਤੇ ਵੀ ਛੱਡ ਕੇ ਨਹੀਂ ਆਉਂਦੇ ਸਨ, ਜਾਂ ਲੈ ਕੇ ਨਹੀਂ ਜਾਂਦੇ ਸੀ। ਹਰ ਥਾਂ ਮੈਂ ਇਕੱਲੀ ਹੀ ਜਾਂਦੀ।

ਛੇਵੀਂ ਜਮਾਤ ਵਿਚ ਮੈਂ ਸੀਨੀਅਰ ਸੈਕੰਡਰੀ ਸਕੂਲ ਜਾਣ ਲੱਗੀ। ਘਰ ਤੋਂ ਇਹ ਸਕੂਲ ਡੇਢ ਕਿਲੋਮੀਟਰ ਦੂਰ ਸੀ। ਸਵੇਰੇ ਮੇਰੇ ਪਿਤਾ ਜੀ ਸਕੂਲ ਛੱਡ ਆਉਂਦੇ, ਪਰ ਦੁਪਹਿਰ ਨੂੰ ਸਕੂਲ ਤੋਂ ਘਰ ਤੱਕ ਲਿਆਉਣ ਦੀ ਕੋਈ ਵਿਵਸਥਾ ਉਨ੍ਹਾਂ ਨੇ ਨਹੀਂ ਕੀਤੀ ਸੀ। ਆਪਣੀ ਅਯੋਗਤਾ ਦੇ ਚਲਦਿਆਂ, ਕੜਕਦੀ ਧੁੱਪ ਵਿਚ ਇੰਨੀ ਦੂਰ ਚਲ ਕੇ ਆਉਣਾ ਮੇਰੀ ਲਈ ਦੁੱਖ-ਭਰਿਆ ਸੀ। ਰਸਤੇ ਵਿਚ ਸਭ ਦੀਆਂ ਨਜ਼ਰਾਂ ਦਾ ਕੇਂਦਰ ਬਣਨਾ ਅਤੇ ਆਪਣੇ ਲਈ ਲਾਚਾਰੀ ਦੇ ਭਾਵਾਂ ਨੂੰ ਸਹਿਣਾ ਉਸਤੋਂ ਵੀ ਜ਼ਿਆਦਾ ਦੁਖਦਾਈ, ਪਰ ਸਭ ਕੁਝ ਸਹਿੰਦੇ ਹੋਏ ਵੀ ਪੜ੍ਹਾਈ ਛੱਡਣ ਦਾ ਖ਼ਿਆਲ ਮੇਰੇ ਮਨ ਵਿਚ ਕਦੀ ਨਾ ਆਇਆ, ਕਿਉਂਕਿ ਬਚਪਨ ਵਿਚ ਮੇਰੇ ਮੱਥੇ ਵਿਚ ਜੜੇ ਅਮਿੱਟ ਅੱਖ਼ਰ "ਮੈਂ ਬਹੁਤ ਪੜ੍ਹਨਾ ਹੈ" ਮੇਰੇ ਅੰਦਰ ਤੱਕ ਧਸੇ ਹੋਏ ਸੀ।

ਸਕੂਲ ਵਿਚ ਛੁੱਟੀ ਦੀ ਘੰਟੀ ਵਜਦਿਆਂ ਹੀ ਮੇਰੇ ਪੈਰ ਮਣ-ਮਣ ਭਾਰੀ ਹੋ ਜਾਂਦੇ ਅਤੇ ਦਿਲ ਤੇ ਸੈਂਕੜੇ ਮਣ ਬੋਝ ਲੱਦ ਜਾਂਦਾ ਕਿ ਮੈਂ ਘਰ ਤੱਕ ਕਿਵੇਂ ਜਾਵਾਂਗੀ। ਹਰ ਰੋਜ਼ ਮੇਰੇ ਲਈ ਇਹ ਮੁਸ਼ਕਲ ਚੁਣੌਤੀ

ਲੈ ਕੇ ਆਉਂਦਾ ਸੀ। ਬਾਅਦ ਵਿਚ ਇਸਦਾ ਹੱਲ ਵੀ ਮੈਂ ਖੁਦ ਦੀ ਕੱਢਿਆ। ਮੈਂ ਸਕੂਲ ਦੇ ਬਾਹਰ ਸਥਿਤ ਬੱਸ ਸਟਾਪ ਤੋਂ ਡੀ ਟੀ ਸੀ ਦੀ ਬੱਸ ਵਿਚ ਬੈਠਕੇ ਘਰ ਵਾਪਸ ਆਉਣ ਲੱਗੀ। ਮੋਢੇ ਤੇ ਬਸਤਾ, ਲੱਤਾਂ ਭੀੜ-ਭਰੀਆਂ, ਉੱਚੀਆਂ-ਉੱਚੀਆਂ ਬੱਸਾਂ ਵਿਚ ਸਵਾਰ ਹੋਣ ਵਿਚ ਮੈਨੂੰ ਮੁਸ਼ਕਲ ਹੁੰਦੀ। ਕਈ ਵਾਰ ਬੱਸ ਵਿਚ ਭੀੜ ਐਨੀ ਹੁੰਦੀ ਕਿ ਬੱਸ ਸਟਾੱਪ 'ਤੇ ਚੱਜ ਨਾਲ ਉਤਰਨਾ ਔਖਾ ਹੋ ਜਾਂਦਾ, ਪਰ ਪੈਦਲ ਚੱਲਣ ਨਾਲੋਂ ਇਹ ਮੁਸ਼ਕਲ ਸੌਖੀ ਲਗਦੀ।

ਉਸ ਸਮੇਂ ਬਲੂ ਲਾਈਨ, ਰੈੱਡ ਲਾਈਨ ਜਾਂ ਪ੍ਰਾਈਵੇਟ ਬੱਸਾਂ ਨਹੀਂ ਹੁੰਦੀਆਂ ਸਨ। ਇਧਰ-ਉਧਰ ਜਾਣ ਲਈ ਇਕੋ-ਇਕ ਡੀ ਟੀ ਸੀ ਬੱਸਾਂ ਹੀ ਸੀ। ਦੁਪਹਿਰ ਨੂੰ ਡ੍ਰਾਈਵਰ, ਕੰਡਕਟਰ ਆਦਿ ਦੇ ਲੰਚ ਆੱਵਰ ਵਿਚ ਡੀ. ਟੀ. ਸੀ. ਸੇਵਾ ਘੱਟ ਜਾਂਦੀ ਸੀ। ਇਸ ਸਮੇਂ ਕਈ ਵਾਰ ਇਕ-ਡੇਢ ਘੰਟੇ ਤੱਕ ਬੱਸ ਨਾ ਆਉਂਦੀ। ਗਰਮੀਆਂ ਨੂੰ ਦੁਪਹਿਰ ਵੇਲੇ ਬੱਸ ਦਾ ਇੰਤਜ਼ਾਰ ਕਰਦੀ ਹਾਲੋਂ-ਬੇਹਾਲ ਹੋ ਜਾਂਦੀ। ਇਥੇ ਬੱਸ-ਸਟਾੱਪ ਤਾਂ ਸੀ, ਪਰ ਕੋਈ ਸ਼ੈੱਡ ਨਹੀਂ ਸੀ। ਤਪਦੀ ਧੁੱਪ ਵਿਚ ਕੋਈ ਹੋਰ ਛਾਂ ਨਾ ਹੋਣ ਕਰਕੇ ਮੈਂ ਬਿਜਲੀ ਦੇ ਖੰਭੇ ਦੀ ਪਤਲੀ, ਲੰਬੋਤਰੀ ਛਾਂ ਦੀ ਓਟ ਵਿਚ ਹੋ ਜਾਂਦੀ। ਛਾਂ ਇੰਨੀ ਘੱਟ ਹੁੰਦੀ ਕਿ ਮੇਰੇ ਪੂਰੇ ਵਜੂਦ ਨੂੰ ਆਪਣੇ ਵਿਚ ਸਮੇਟ ਨਾ ਸਕਦੀ, ਪਰ ਫਿਰ ਵੀ ਅੱਧੀ ਛਾਂ ਅਤੇ ਅੱਧੀ ਧੁੱਪ ਆਪਣੇ ਸਰੀਰ ਤੇ ਝੱਲਦੀ ਮੈਂ ਕਦੇ ਖੜੇ ਹੋ ਕੇ ਕਦੇ ਮਿੱਟੀ ਵਿਚ ਹੇਠਾਂ ਬੈਠ ਕੇ ਬੱਸ ਦਾ ਇੰਤਜ਼ਾਰ ਕਰਦੀ। ਜਨਤਕ ਸਥਾਨ ਤੇ ਜ਼ਮੀਨ ਤੇ ਹੇਠਾਂ ਬੈਠਣ ਤੋਂ ਸ਼ਰਮ ਤਾਂ ਆਉਂਦੀ, ਪਰ ਮੈਂ ਮਜਬੂਰ ਸੀ। ਬਹੁਤ ਲੰਬੇ ਸਮੇਂ ਤੱਕ ਖੜੇ ਰਹਿਣ ਦੀ ਤਾਕਤ ਮੇਰੀਆਂ ਕਮਜ਼ੋਰ ਲੱਤਾਂ ਵਿਚ ਨਹੀਂ ਸੀ। ਸੁੰਨਸਾਨ ਬੱਸ ਸਟਾੱਪ ਤੇ ਕਦੀ-ਕਦੀ ਅਧੇੜ-ਉਮਰ ਦੇ ਮਰਦ ਮੈਨੂੰ ਇਕੱਲੀ ਵੇਖ ਕੇ ਅਸ਼ਲੀਲ ਇਸ਼ਾਰੇ ਕਰਦੇ, ਮੈਂ ਡਰ ਨਾਲ ਅੰਦਰੋਂ-ਬਾਹਰੋਂ ਕੰਬਣ ਲੱਗਦੀ।

ਕਦੇ-ਕਦੇ ਆਸੇ-ਪਾਸੇ ਦੀ ਪੁਨਰ-ਵਸੀਆਂ ਬਸਤੀਆਂ ਦੇ ਲਫੰਗੇ ਮੈਨੂੰ ਇਕੱਲੀ ਅਤੇ ਬੇਸਹਾਰਾ ਦੇਖ ਕੇ ਫ਼ਿਕਰੇ ਕਸਦੇ। ਮੈਂ ਅਣਸੁਣਾ ਕਰ ਕੇ ਮੂੰਹ ਫੇਰ ਲੈਂਦੀ, ਪਰ ਅੰਦਰ-ਹੀ-ਅੰਦਰ ਡਰ ਨਾਲ ਥਰਥਰਾਉਂਦੀ।

ਹੌਲੀ-ਹੌਲੀ ਮੈਂ ਪੜ੍ਹਾਈ ਵਿਚ ਹੋਰ ਦਿਲਚਸਪੀ ਲੈਣੀ ਆਰੰਭ ਕਰ ਦਿੱਤੀ। ਮੈਂ ਨਿਯਮ ਨਾਲ ਪੜ੍ਹਦੀ। ਮਿਹਨਤ ਦਾ ਫ਼ਲ ਹਮੇਸ਼ਾ ਹੀ ਮਿੱਠਾ ਹੁੰਦਾ ਹੈ। ਗਣਿਤ ਦੇ ਬਿਨਾਂ ਹੋਰ ਵਿਸ਼ਿਆਂ ਵਿਚ ਮੇਰੇ ਬੜੇ ਵਧੀਆ ਅੰਕ ਆਉਣ ਲੱਗੇ। ਅਧਿਆਪਕਾਂ ਮੇਰੀ ਪ੍ਰਸੰਸਾ ਕਰਦੀਆਂ ਅਤੇ ਜਮਾਤ ਵਿਚ ਵੀ ਮੇਰੀ ਕੁਝ ਲੜਕੀਆਂ ਨਾਲ ਦੋਸਤੀ ਹੋ ਗਈ। ਹੌਲੀ-2 ਮੇਰਾ ਰੁਝਾਨ ਸਾਹਿਤ ਵੱਲ ਵਧਿਆ ਅਤੇ ਮੈਂ ਪੁਸਤਕਾਲੇ ਵਿਚ ਮੌਜੂਦ ਮੁਨਸ਼ੀ ਪ੍ਰੇਮ ਚੰਦ, ਸ਼ਰਤ ਚੰਦਰ, ਯਸ਼ਪਾਲ, ਅੰਮ੍ਰਿਤ ਲਾਲ ਨਾਗਰ ਆਦਿ ਨੂੰ ਪੜ੍ਹਿਆ। ਜੋ ਪ੍ਰੇਰਨਾ, ਉਤਸ਼ਾਹ ਅਤੇ ਦਿਸ਼ਾ-ਨਿਰਦੇਸ਼ ਮੈਂ ਇਨਸਾਨਾਂ ਵਿਚ ਲੱਭਦੀ ਸੀ, ਉਹ ਮੈਨੂੰ ਕਿਤਾਬਾਂ ਵਿਚੋਂ ਮਿਲੀ, ਮੇਰੀ ਹਿੰਮਤ ਅਤੇ ਆਤਮ-ਵਿਸ਼ਵਾਸ਼ ਹੌਲੀ-2 ਵਧਣ ਲੱਗਾ।

ਘਰ ਵਿਚ ਮਾਂ ਘਰੇਲੂ ਕੰਮਾਂ ਵਿਚ ਉਲਝੀ ਰਹਿੰਦੀ। ਮੈਂ ਵੀ ਘਰ ਦੇ ਸਾਰੇ ਕੰਮ ਸਿੱਖ ਲਏ, ਪਰ ਮੇਰੇ ਮਾਤਾ-ਪਿਤਾ ਨੇ ਘਰੇਲੂ ਕੰਮਾਂ ਦਾ ਬੋਝ ਕਦੇ ਮੇਰੇ ਤੇ ਨਾ ਪਾਇਆ। ਆਪਣੇ ਸੰਸਕਾਰਾਂ ਅਤੇ ਗਿਆਨ ਕਰਕੇ ਉਹ ਮੇਰੀਆਂ ਜ਼ਰੂਰੀ ਲੋੜਾਂ ਅਤੇ ਮੇਰੀ ਮਨੋਦਿਸ਼ਾ ਸਮਝ ਨਹੀਂ ਸਕੇ, ਇਹ ਵੱਖਰੀ ਗੱਲ ਹੈ।

ਪਤਾ ਨਹੀਂ ਇਹ ਮੇਰੀ ਚੰਗੀ ਕਿਸਮਤ ਹੈ ਜਾਂ ਮਾੜੀ ਕਿ ਮੇਰੇ ਮਾਤਾ-ਪਿਤਾ ਨੇ ਮੇਰਾ ਪਾਲਣ-ਪੋਸ਼ਣ ਇਕ ਆਮ ਬੱਚੇ ਵਾਂਗ ਕੀਤਾ।

ਇਨ੍ਹਾਂ ਹਾਲਾਤਾਂ ਵਿਚ ਮੇਰੇ ਲਈ ਸੁਖਾਵਾਂ ਇਹ ਰਿਹਾ ਕਿ ਮੈਂ ਬਚਪਨ ਵਿਚ ਹੀ ਆਪਣੀਆਂ ਸਮੱਸਿਆਵਾਂ ਨਾਲ ਲੜਨਾ ਸਿੱਖ ਲਿਆ। ਜੇਕਰ ਕਦਮ-ਕਦਮ ਤੇ ਉਹ ਮੈਨੂੰ ਸੰਭਾਲਿਆ ਗਿਆ ਹੁੰਦਾ ਤਾਂ ਸ਼ਾਇਦ ਐਨੀ ਸ਼ਿੱਦਤ ਨਾਲ ਤੁਰਨਾ ਹੀ ਨਾ ਸਿੱਖ ਸਕਦੀ। ਜਾਂ ਇਹ ਵੀ ਹੋ ਸਕਦਾ ਹੈ, ਕਿ ਢੁਕਵੀ ਸਰੀਰਕ ਬਣਤਰ ਅਤੇ ਮਾਨਸਿਕ ਸੰਭਾਲ, ਉਤਸ਼ਾਹ, ਪ੍ਰੇਰਨਾ ਅਤੇ ਸਹਿਯੋਗ ਹਾਸਲ ਕਰਕੇ ਮੈਂ ਸਫ਼ਲਤਾ ਦੇ ਹੋਰ ਉੱਚੀ ਮੰਜ਼ਲ ਛੋਹ ਲੈਂਦੀ।



ਸਾਡੀ ਮਾਂ ਬੱਚਿਆਂ ਦੀਆਂ ਇਛਾਵਾਂ ਨੂੰ ਪੂਰਾ ਕਰਨ ਦਾ ਮਤਲਬ ਬੱਚੇ ਨੂੰ ਵਿਗਾੜਣਾ ਸਮਝਦੀ ਸੀ, ਜਿਸ ਕਰਕੇ ਸਖਤ ਅਨੁਸ਼ਾਸ਼ਨ ਵਿਚ ਸਾਡਾ ਪਾਲਣ-ਪੋਸ਼ਣ ਕੀਤਾ ਗਿਆ। ਮੈਂ ਦੱਬੂ ਪ੍ਰਵਿਰਤੀ ਦੀ ਹੋਣ ਕਰਕੇ ਇੱਛਾ ਪੂਰਤੀ ਲਈ ਕਦੇ ਅੜ ਨਹੀਂ ਸਕਦੀ ਸੀ। ਉਂਵ ਵੀ ਰੋਣ ਜਾਂ ਖਾਣਾ ਨਾ ਖਾਣ ਤੇ ਉਹ ਸਾਡੇ ਪ੍ਰਤੀ ਹੋਰ ਸਖਤ ਹੋ ਜਾਂਦੀ। ਬੱਚਿਆਂ ਦੀਆਂ ਸਭ ਇਛਾਵਾਂ ਪੂਰੀਆਂ ਕਰਨਾ ਤਾਂ ਕਿਸੇ ਵੀ ਮਾਪਿਆਂ ਲਈ ਸੰਭਵ ਨਹੀਂ ਨਾ ਜ਼ਾਇਜ਼, ਪਰ ਲੋੜ ਅਨੁਸਾਰ ਬੱਚਿਆਂ ਦੀਆਂ ਉਚਿਤ ਇਛਾਵਾਂ ਦਾ ਖ਼ਿਆਲ-ਮਾਣ ਤਾਂ ਰੱਖਣਾ ਹੀ ਚਾਹੀਦਾ ਹੈ। ਮੇਰੇ ਰੋਣ ਨਾਲ ਮਾਂ ਖਿਝਦੀ, ਉਹ ਗੁੱਸੇ ਨਾਲ ਚੀਖਦੀ, ਭਰਾ ਮੇਰੇ ਰੋਣ ਦੀ ਨਕਲ ਕਰਕੇ ਮੇਰਾ ਮਜ਼ਾਕ ਉਡਾਉਂਦੇ। ਚਿੜਾਉਣਾ, ਦੂਜਿਆਂ ਦਾ ਮਜ਼ਾਕ ਉਡਾਉਣਾ, ਹਰ ਕੰਮ ਵਿਚ ਨੁਕਤਾਚੀਨੀ, ਮੇਰੇ ਇਕ ਭਰਾ ਦੀ ਆਦਤ ਸੀ। ਉਹ ਮੇਰੇ ਤੇ ਕੁੜੀਆਂ ਤੇ ਲਾਈਆਂ ਜਾਣ ਵਾਲੀਆਂ ਪਾਬੰਦੀਆਂ ਲਾਉਂਦਾ। ਉਥੇ ਨਹੀਂ ਜਾਣਾ, ਇਸ ਨਾਲ ਨਹੀਂ ਬੋਲਣਾ, ਵਾਲ ਇੰਵ ਨਹੀਂ ਬਣਾਉਣੇ/ਕਟਵਾਉਣੇ, ਵਧੀਆ ਫੈਸ਼ਨ ਦੇ ਕੱਪੜੇ ਤਾਂ ਦੂਰ, ਉਨ੍ਹਾਂ ਦੀ ਇੱਛਾ ਵੀ ਮਨ ਵਿਚ ਨਹੀਂ ਲਿਆਉਣੀ - ਉਸਦੀਆਂ ਰੋਜ਼ ਦੀਆਂ ਪਾਬੰਦੀਆਂ ਵਿਚ ਸ਼ਾਮਲ ਸੀ। ਮਾਂ ਉਸਦਾ ਵਿਰੋਧ ਕਰਨ ਦੀ ਥਾਂ ਖ਼ਾਮੋਸ਼ ਸਮਰਥਨ ਕਰਦੀ।

ਮੇਰੇ ਬਿਨਾਂ ਸਾਡੀ ਗਲੀ-ਮੁਹੱਲੇ ਦੀਆਂ ਸਾਰੀਆਂ ਲੜਕੀਆਂ ਪੜ੍ਹਣ ਦੀ ਥਾਂ ਘਰ ਦਾ ਕੰਮ ਕਰਦੀਆਂ, ਉਨ੍ਹਾਂ ਦੀਆਂ ਮਾਵਾਂ ਜਾਂ ਤਾਂ ਚਾਰ-ਪੰਜ ਜਣੀਆਂ ਬੈਠ ਕੇ ਗੱਲਾਂ ਕਰਦੀਆਂ, ਜਿਸ ਨੂੰ "ਪੰਚਾਇਤ ਲਾਉਣਾ" ਕਹਿੰਦੇ ਹਨ, ਜਾਂ ਰਿਸ਼ਤੇ-ਨਾਤੇਦਾਰੀਆਂ ਵਿਚ ਘੁੰਮਦੀਆਂ। ਪਰ, ਸਾਡੀ ਮਾਂ ਨੇ ਕਦੇ ਮੇਰੇ ਤੇ ਕੰਮ ਦਾ ਬੋਝ ਨਹੀਂ ਪਾਇਆ। ਜਿਥੋਂ ਤੱਕ ਬੱਚਿਆਂ ਦੇ ਮਨੋਵਿਗਿਆਨ ਨੂੰ ਸਮਝਣ ਦੀ ਗੱਲ ਸੀ, ਇਸ ਤਰ੍ਹਾਂ ਦਾ ਨਾ ਉਨ੍ਹਾਂ ਨੂੰ ਗਿਆਨ ਸੀ, ਨਾ ਪਾਲਣ-ਪੋਸ਼ਣ ਅਤੇ ਨਾ ਸੰਸਕਾਰ। ਜਨਰੇਸ਼ਨ ਗੈਪ ਨੇ ਵੀ ਕੁਝ ਭੂਮਿਕਾ ਜ਼ਰੂਰ ਨਿਭਾਈ ਹੋਵੇਗੀ।

ਬਾਹਰਵੀਂ ਜਮਾਤ ਵਿਚ ਮੈਂ ਸਕੂਲ ਟਾੱਪ ਕੀਤਾ ਅਤੇ ਪਹਿਲੀ ਸ਼੍ਰੇਣੀ ਨਾਲ ਪ੍ਰੀਖਿਆ ਪਾਸ ਕੀਤੀ। ਦਿੱਲੀ ਸਥਿਤ "ਕਮਲਾ ਨਹਿਰੂ ਕਾਲਜ" ਵਿਚ ਮੈਂ ਬੀ ਏ ਵਿਚ ਦਾਖ਼ਲਾ ਲੈ ਲਿਆ। ਉੱਚ ਵਰਗ ਵਿਚ ਘਿਰੇ ਹੋਏ ਇਸ ਕਾਲਜ ਵਿਚ ਜ਼ਿਆਦਾਤਰ ਉੱਚ-ਮੱਧ ਜਾਂ ਮੱਧ ਵਰਗ ਦੀਆਂ ਲੜਕੀਆਂ ਹੀ ਆਉਂਦੀਆਂ ਸਨ। ਇਕ ਤੋਂ ਇਕ ਖ਼ੂਬਸੂਰਤ ਲੜਕੀਆਂ ਆਧੁਨਿਕ, ਮਹਿੰਗੇ ਪਹਿਰਾਵੇ, ਫੈਸ਼ਨ ਅਨੁਸਾਰ ਕੱਟੇ-ਸੰਵਾਰੇ ਵਾਲ, ਠਹਿਠਹਾਉਂਦੀਆਂ ਹੀਲਾਂ ਵਾਲੇ ਸੈਂਡਲਾਂ ਪਾ ਕੇ ਤਿਤਲੀਆਂ ਵਾਂਗ ਇਧਰ-ਉਧਰ ਮੰਡਰਾਉਂਦੀਆ। ਇਸ ਹਾਲਤ ਵਿਚ ਸਧਾਰਣ ਚਿਹਰਾ-ਮੋਹਰਾ ਅਤੇ ਵਿਸ਼ਿਸ਼ਟ ਸਰੀਰਕ ਪਹਿਚਾਣ ਵਾਲੀ ਮੈਂ, ਉਨ੍ਹਾਂ ਦੀ ਜਮਾਤ ਵਿਚ ਆਪਣਾ ਸਥਾਨ ਨਾ ਬਣਾ ਪਾਉਂਦੀ। ਮੇਰੇ ਵਿਅਕਤੀਤਵ ਵਿਚ ਕੋਈ ਅਜਿਹੀ ਗੱਲ ਨਹੀਂ ਸੀ, ਕਿ ਹੋਰ ਕੋਈ ਮੇਰੇ ਵਿਚ ਰੁਚੀ ਲਵੇ ਅਤੇ ਨਾ ਹੀ ਮੈਨੂੰ ਨਜ਼ਰਅੰਦਾਜ਼ ਹੋ ਕੇ ਜਾਂ ਬੇਇੱਜ਼ਤੀ ਸਹਿ ਕੇ ਉਨ੍ਹਾਂ ਵਿਚ ਬਣੇ ਰਹਿਣ ਦੀ ਕੋਈ ਲਾਲਸਾ ਸੀ। ਇਸ ਲਈ ਮੈਂ ਆਪਣੇ ਆਪ ਨੂੰ ਅਧਿਐਨ ਪ੍ਰਤੀ ਸਮਰਪਿਤ ਕਰਨ ਦਾ ਨਿਸ਼ਚਾ ਕੀਤਾ। ਲੈਕਚਰ ਦੇ ਬਾਅਦ ਜੋ ਸਮਾਂ ਬੱਚਦਾ ਮੈਂ ਪੁਸਤਕਾਲੇ ਚਲੀ ਜਾਂਦੀ ਅਤੇ ਅਧਿਐਨ ਵਿਚ ਆਪਣਾ ਸਮਾਂ ਬਤੀਤ ਕਰਦੀ। ਹੌਲੀ-ਹੌਲੀ ਕਲੀ ਦੇ ਚਮਕਣ ਦਾ ਹਲਕਾ-ਹਲਕਾ ਆਭਾਸ - ਹਰ ਜਵਾਨ ਮੁਟਿਆਰ ਵਾਂਗ ਨਵੀਂ ਉਮਰ ਦੀਆਂ ਕਈ ਤਰੰਗਾਂ ਅਤੇ ਸੁਪਨੇ ਮੇਰੀਆਂ ਅੱਖਾਂ ਵਿਚ ਵੀ ਜਾਗਣ ਲੱਗੇ, ਪਰ ਉਨ੍ਹਾਂ ਦੇ ਪੂਰੇ ਹੋਣ ਦਾ ਕੋਈ ਵੀ ਆਸਾਰ ਦੂਰ-ਦੂਰ ਤੱਕ ਨਜ਼ਰ ਨਹੀਂ ਸੀ ਆ ਰਿਹਾ। ਕਿਸੇ ਦਾ ਪਿਆਰ, ਹਮਦਰਦੀ, ਕਿਸੇ ਦਾ ਪਿਆਰ-ਭਰਿਆ ਸਰੋਕਾਰ ਬਣਨ ਦੀ ਮੇਰੀ ਇੱਛਾ ਤਿਲਮਲਾਉਂਦੀ, ਮੇਰਾ ਤਨ ਹੀ ਅਪਾਹਜ ਸੀ, ਮਨ ਤਾਂ ਪੂਰੇ ਦਾ ਪੂਰਾ ਇਛਾਵਾਂ-ਕਾਮਨਾਵਾਂ ਨਾਲ ਭਰਪੂਰ ਸੀ, ਲੈਸ ਸੀ ਅਤੇ ਹਰ ਵਾਰ ਦੀ ਤਰ੍ਹਾਂ ਹਰ ਵਾਰ ਮੈਨੂੰ ਮਨ ਮਾਰਨਾ ਪੈਂਦਾ।

ਬੀ ਏ ਦੀ ਪ੍ਰੀਖਿਆ ਪਾਸ ਕਰਨ ਦੇ ਬਾਅਦ ਮੈਂ ਐਮ ਏ (ਹਿੰਦੀ) ਕਰਨ ਲਈ ਦੱਖਣੀ ਕੈਂਪਸ, ਦਿੱਲੀ ਵਿਸ਼ਵਵਿਦਿਆਲਿਆ ਵਿਚ ਦਾਖ਼ਲਾ ਲੈ ਲਿਆ। ਮੈਂ ਬੱਸ ਤੇ ਦੱਖਣੀ ਕੈਂਪਸ ਜਾਣ ਲੱਗੀ। ਬੱਸ ਸਟਾੱਪ ਤੋਂ ਕੈਂਪਸ ਦੀ ਇਮਾਰਤ, ਇਮਾਰਤ ਤੋਂ ਪੁਸਤਕਾਲਾ ਕੈਂਟੀਨ ਆਦਿ ਸਭ ਕਾਫ਼ੀ ਦੂਰ-ਦੂਰ ਹਨ। ਮੇਰੇ ਭਰਾ ਨੇ ਫ਼ਤਵਾ ਜਾਰੀ ਕਰ ਦਿੱਤਾ ਕਿ ਮੈਂ ਬੱਸ ਸਟੈਂਡ ਤੋਂ ਇਮਾਰਤ ਤੱਕ ਪਹੁੰਚ ਹੀ ਨਹੀਂ ਸਕੇਗੀ। ਉਸ ਖ਼ੇਤਰ ਵਿਚ ਸਾਈਕਲ-ਰਿਕਸ਼ਾ ਆਦਿ ਨਹੀਂ ਚਲਦੇ ਸੀ, ਪਰ ਮੈਂ ਹਾਰ ਮੰਨਣ ਵਾਲੀ ਨਹੀਂ ਸੀ। ਬੱਸ ਤੋਂ ਉਤਰ ਕੇ ਮੈਂ ਲੰਮੇ ਸਾਹ ਭਰ ਕੇ ਇਕ ਨਿਸ਼ਚਤ ਦੂਰੀ ਤੈਅ ਕਰਨ ਦਾ ਨਿਸ਼ਚਾ ਆਪਣੇ ਮਨ ਵਿਚ ਰੱਖ ਕੇ ਲੰਗੜਾਉਂਦੇ ਕਦਮਾਂ ਨਾਲ ਤੇਜ਼ੀ-ਤੇਜ਼ੀ ਨਾਲ ਚਲਦੀ ਨਿਯਤ ਸਥਾਨ ਤੇ ਪਹੁੰਚ ਕੇ ਦਮ ਲੈਂਦੀ। ਕੁਝ ਮਿੰਟ ਸੁਸਤਾ ਕੇ ਫਿਰ ਟੀਚਾ ਤੈਅ ਕਰਦੀ ਅਤੇ ਤੁਰ ਪੈਂਦੀ, ਇਸ ਤਰ੍ਹਾਂ ਬਰੇਕਾਂ ਲਾ-ਲਾ ਕੇ ਮੈਂ ਇਮਾਰਤ ਤੱਕ ਪੁੱਜ ਹੀ ਜਾਂਦੀ। ਇਹੀ ਪ੍ਰਕ੍ਰਿਆ ਵਾਪਸੀ ਵੇਲੇ ਦੁਹਰਾਉਂਦੀ। ਅੱਜ ਇਸ ਬਾਰੇ ਸੋਚਦੀ ਹਾਂ ਤਾਂ ਹਾਸਾ ਆਉਂਦਾ ਹੈ, ਕੈਂਪਸ ਵਿਚ ਆਉਣ-ਜਾਣ ਵਾਲੇ ਇੰਨੇ ਬਾਈਕ-ਧਾਰਕ ਮੇਰੇ ਕੋਲੋਂ ਦੀ ਗੁਜ਼ਰਦੇ ਸਨ। ਇੰਨਾ ਦੁੱਖ ਉਠਾਉਣ ਦੀ ਥਾਂ ਮੈਂ ਕਿਸੇ ਨੂੰ ਬੇਨਤੀ ਕਰਦੀ ਤਾਂ ਉਹ ਮਨ੍ਹਾਂ ਤਾਂ ਨਾ ਕਰਦਾ, ਪਰ ਲਿਫ਼ਟ ਮੰਗਣਾ ਚੰਗਾ ਨਹੀਂ ਮੰਨਿਆ ਜਾਂਦਾ ਸੀ ਅਤੇ ਸਹੀ-ਗ਼ਲਤ ਨੂੰ ਆਪਣੇ ਅਨੁਸਾਰ ਵਿਆਖਿਆਕ੍ਰਿਤ ਕਰਨ ਦੀ ਮੇਰੀ ਸੋਚ ਵਿਕਸਤ ਨਹੀਂ ਹੋਈ ਸੀ। ਐਮ ਏ ਕਰਨ ਦੇ ਬਾਅਦ ਦੱਖਣੀ ਕੈਂਪਸ ਤੋਂ ਹੀ ਮੈਂ ਐਮ ਫਿੱਲ ਕੀਤੀ ਅਤੇ ਪੀ ਐਚ ਡੀ ਲਈ ਦਿੱਲੀ ਵਿਸ਼ਵਵਿਦਿਆਲੇ ਵਿਚ ਰਜਿਸਟ੍ਰੇਸ਼ਨ ਕਰਵਾ ਲਈ।

ਇਸਦੇ ਕੁਝ ਸਮੇਂ ਬਾਅਦ ਹੀ ਸਰੀਰਕ ਰੂਪ ਵਿਚ ਅਪਾਹਜ ਲੋਕਾਂ ਲਈ ਬੈਂਕਾਂ ਵਿਚ ਵਿਸ਼ੇਸ਼ ਭਰਤੀ ਆਰੰਭ ਹੋਈ। ਮਨ ਤਾਂ ਮੇਰਾ ਲੈਕਚਰਾੱਰ ਬਣਨ ਦਾ ਸੀ, ਪਰ ਆਰਥਿਕ ਰੂਪ ਵਿਚ ਆਤਮ-ਨਿਰਭਰ ਹੋਣ ਦਾ ਇਹ ਸੁਨਹਿਰਾ ਮੌਕਾ ਵੀ ਮੈਂ ਗਵਾਉਣਾ ਨਹੀਂ ਚਾਹੁੰਦੀ ਸੀ। ਇਸੇ ਲਈ ਇਕ ਵਾਰ ਮੈਨੂੰ ਪੂਸਾ ਰੋਡ ਜਾਣਾ ਸੀ। ਐਨ ਅਣਜਾਣ ਥਾਂ ਇਕੱਲੇ ਜਾਣ ਤੋਂ ਮੈਂ ਕੁਝ ਘਬਰਾ ਰਹੀ ਸੀ, ਪਰ ਕੋਈ ਵੀ ਮੇਰੇ ਨਾਲ ਜਾਣ ਨੂੰ ਤਿਆਰ ਨਾ ਹੋਇਆ। ਬੇਵੱਸ ਹੋ ਕੇ ਇਕੱਲੀ ਹੀ ਕਈ ਬੱਸਾਂ ਬਦਲ-ਬਦਲ ਕੇ ਪੂਸਾ ਰੋਡ ਪੁੱਜ ਗਈ, ਪਰ ਉਹ ਸਥਾਨ ਮੈਨੂੰ ਮਿਲ ਹੀ ਨਹੀਂ ਰਿਹਾ ਸੀ। ਕਿਸੇ ਚੰਗੇ ਇਨਸਾਨ ਨੇ ਮੈਨੂੰ ਉਥੇ ਜਾਣ ਦਾ ਰਸਤਾ ਦੱਸਿਆ। ਮੇਰੇ ਪੈਦਲ ਚੱਲਣ ਦੇ ਹਿਸਾਬ ਨਾਲ ਉਹ ਥਾਂ ਬੜੀ ਦੂਰ ਸੀ, ਸਾਈਕਲ-ਰਿਕਸ਼ਾ ਤਾਂ ਉਥੇ ਚਲਦੀ ਨਹੀਂ ਸੀ ਅਤੇ ਆਟੋ ਵਾਲੇ ਪੈਸੇ ਬਹੁਤ ਮੰਗਦੇ ਸੀ। ਟੁੱਟੇ ਜਿਹੇ ਮਨ ਨੂੰ ਲੈ ਕੇ ਮੈਂ ਤੁਰ ਪਈ। ਹੰਝੂ ਵਹਿ-ਵਹਿ ਕੇ ਮੇਰੀਆਂ ਗੱਲਾਂ ਨੂੰ ਭਿਉਂਦੇ ਜਾਂਦੇ ਸੀ, ਤੇ ਮੈਂ ਤੁਰੀ ਜਾਂਦੀ ਸੀ। ਮੇਰੇ ਨੇੜ ਤੋਂ ਗੁਜ਼ਰਨ ਵਾਲੇ ਹੈਰਾਨੀ ਨਾਲ ਮੇਰੇ ਵੱਲ ਦੇਖਦੇ, ਪਰ ਕਿਸੇ ਨੂੰ ਨਾ ਦੇਖਦੀ ਮੈਂ ਬੱਸ ਤੁਰੀ ਜਾਂਦੀ ਸੀ, ਤੁਰੀ ਜਾਂਦੀ ਸੀ। ਇਹ ਕੇਹਾ ਸਫ਼ਰ ਹੈ? ਕਿੱਥੇ ਅੰਤ ਹੋਵੇਗਾ ਇਸਦਾ?

ਨਿਯਤ ਸਥਾਨ ਤੇ ਬਹੁਤ ਸਾਰੇ ਅਪਾਹਜ ਆਪਣੇ ਮਾਂ, ਬਾਪ, ਭਰਾ, ਭੈਣ ਆਦਿ ਦੇ ਨਾਲ ਆਏ ਹੋਏ ਸਨ। ਉਨ੍ਹਾਂ ਨੂੰ ਦੇਖ ਕੇ ਮੇਰਾ ਮਨ ਹੋਰ ਘਬਰਾਇਆ। ਹਾਏ! ਕੀ ਮੈਂ ਹੀ ਇਸ ਸੰਸਾਰ ਵਿਚ ਐਨੀ ਇਕੱਲੀ ਹਾਂ!

ਕੁਝ ਸਮੇਂ ਬਾਅਦ ਮੇਰੀ ਬੈਂਕ ਵਿਚ ਨਿਯੁਕਤੀ ਹੋ ਗਈ। ਮੇਰੀ ਖ਼ੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਮੈਨੂੰ ਕਨਾੱਟ ਪੈਲੇਸ ਵਿਚ ਸਥਿਤ ਬੈਂਕ ਸ਼ਾਖਾ ਵਿਚ ਨਿਯੁਕਤ ਕੀਤਾ ਗਿਆ। ਬੈਂਕ ਵਿਚ ਪਹਿਲਾਂ ਤਾਂ ਸਭ ਨੇ ਮੈਨੂੰ ਬੜੀ ਹੈਰਾਨੀ ਨਾਲ ਵੇਖਿਆ ਪਰ ਹੌਲੀ-2 ਸਵੀਕਾਰ ਕਰ ਲਿਆ। ਸਾਹਿਤ ਦੀ ਦੁਨੀਆਂ ਵਿਚ ਜਿਉਣ ਵਾਲੀ ਮੈਂ ਰੁਪਏ-ਪੈਸੇ ਦੇ ਲੈਣ-ਦੇਣ ਦੀ ਦੁਨੀਆਂ ਨਾਲ ਰੂਬਰੂ ਹੋਈ।

ਨੌਕਰੀ ਲਗਦਿਆਂ ਹੀ ਮੇਰੇ ਸਮੇਂ ਦਾ ਵੱਡਾ ਹਿੱਸਾ ਨੌਕਰੀ ਦੀ ਭੇਂਟ ਚੜ੍ਹਨ ਲੱਗਾ। ਪੀ ਐਚ ਡੀ ਲਈ ਪੜ੍ਹਨ ਦਾ ਸਮਾਂ ਹੀ ਨਹੀਂ ਬਚਦਾ ਸੀ। ਪਰ ਬੈਂਕ ਦੀ ਨੌਕਰੀ ਤਾਂ ਮੇਰਾ ਟੀਚਾ ਨਹੀਂ ਸੀ, ਮੈਂ ਤਾਂ ਬਹੁਤ ਅੱਗੇ ਜਾਣਾ ਸੀ, ਅਤੇ ਉਸ ਲਈ ਪੜ੍ਹਨਾ ਬਹੁਤ ਜ਼ਰੂਰੀ ਸੀ - ਕੀ ਕਰਾਂ, ਸਖਤ ਮਿਹਨਤ ਦੇ ਬਿਨਾਂ ਕੋਈ



ਹੋਰ ਰਸਤਾ ਨਹੀਂ ਸੀ। ਮੈਂ ਦੇਰ ਰਾਤ ਤੱਕ ਪੜ੍ਹਦੀ, ਸਵੇਰੇ ਤਿਆਰ ਹੋਕੇ ਬੈਂਕ ਜਾਂਦੀ। ਉਥੋਂ ਸ਼ਾਮ ਸਾਢੇ ਛੇ-ਸੱਤ ਤੱਕ ਵਾਪਸ ਆਉਂਦੀ ਅਤੇ ਰਾਤ ਨੌਂ ਵਜੇ ਤੋਂ ਲੈ ਕੇ ਬਾਰਾਂ-ਇਕ ਵਜੇ ਤੱਕ ਅਧਿਐਨ ਵਿਚ ਡੁੱਬੀ ਰਹਿੰਦੀ। ਐਤਵਾਰ ਨੂੰ ਆਪਣੇ ਨਿਰਦੇਸ਼ਕ ਡਾ ਵਿਸ਼ਵਨਾਥ ਤ੍ਰਿਪਾਠੀ ਜੀ ਨੂੰ ਮਿਲ ਕੇ ਜ਼ਰੂਰੀ ਦਿਸ਼ਾ-ਨਿਰਦੇਸ਼ ਲੈ ਕੇ ਆਪਣੇ ਖੋਜ-ਕਾਰਜ ਨੂੰ ਨਿਸ਼ਚਤ ਮੁਕਾਮ ਤੇ ਪਹੁੰਚਾਉਣ ਦੇ ਨਾਲ-2 ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਤਨ-ਮਨ ਤੋਂ ਇਕ ਵਾਰ ਫਿਰ ਸਮਰਪਤ ਹੋ ਜਾਂਦੀ।

ਰੋਜ਼ ਬਚਪਨ ਤੋਂ ਡੀ ਟੀ ਸੀ ਬੱਸਾਂ ਦੇ ਇੰਤਜ਼ਾਰ, ਧੱਕਾ-ਮੁੱਕੀ, ਭੀੜ ਨੂੰ ਝੱਲਦੇ-2 ਮੈਂ ਇਸ ਪੱਧਰ ਤੱਕ ਪੁੱਜ ਚੁੱਕੀ ਸੀ, ਪਰ ਆਉਣ-ਜਾਣ ਦਾ ਕੋਈ ਹੋਰ ਵਿਕਲਪ ਵੀ ਨਹੀਂ ਸੀ। ਇਸੇ ਦੌਰਾਨ ਮੈਨੂੰ ਪਤਾ ਲੱਗਾ ਕਿ ਤ੍ਰਿਨਗਰ ਵਿਚ ਕਿਸੇ ਨੇ ਕਾਇਨੇਟਿਕ ਹੌਂਜ ਸਕੂਟਰ ਦੇ ਇੰਜਣ ਨੂੰ ਲਗਾ ਕੇ ਇਕ ਤਿੰਨ-ਪਹੀਆ ਵਾਹਨ ਬਣਾਇਆ ਹੈ, ਜੋ ਬਟਨ ਨਾਲ ਸਟਾਰਟ ਹੁੰਦਾ ਹੈ। ਰੇਸ ਅਤੇ ਬਰੇਕ ਦੋਵੇਂ ਹੱਥਾਂ ਨਾਲ ਚਲਾਉਣੇ ਪੈਂਦੇ ਹਨ। ਮੈਂ ਝਟਪਟ ਉਸ ਵਿਅਕਤੀ ਨਾਲ ਸੰਪਰਕ ਕੀਤਾ ਅਤੇ ਉਸ ਵਾਹਨ ਨੂੰ ਖਰੀਦ ਲਿਆ। ਮੈਂ ਬੜੀ ਖ਼ੁਸ਼ੀ-2 ਆਪਣੇ ਉਸ ਵਾਹਨ ਨੂੰ ਲੈ ਕੇ ਘਰ ਆਈ। ਬਹੁਤ ਛੇਤੀ ਹੀ ਮੈਂ ਉਸਨੂੰ ਚਲਾਉਣਾ ਵੀ ਸਿੱਖ ਲਿਆ। ਚਾਬੀ ਘੁਮਾ ਕੇ ਇਕ ਬਟਨ ਦਬਾਉਂਦੇ ਹੀ ਉਹ ਸਟਾਰਟ ਹੋ ਜਾਂਦਾ। ਹੱਥਾਂ ਵਿਚ ਰੇਸ ਦੇ ਹੈਂਡਲ ਨੂੰ ਥੋੜਾ ਦਬਾਓ ਦਿੰਦੇ ਹੀ ਅੱਗੇ ਵਧ ਜਾਂਦਾ। ਬੜੀ ਛੇਤੀ ਹੀ ਉਸਨੂੰ ਮੋੜਨਾ, ਘੁਮਾਉਣਾ ਸਿੱਖ ਗਈ ਮੈਂ।

ਇਕ ਦਿਨ ਘਰ ਤੋਂ ਬੈਂਕ ਜਾਣ ਲਈ ਉਸ ਵਾਹਨ ਨੂੰ ਲੈ ਕੇ ਮੈਂ ਬਾਹਰ ਆਈ। ਥੋੜੀ ਜਿਹੀ ਰੇਸ ਦਿੰਦੇ ਹੀ ਮੇਰੀ ਗੱਡੀ ਹਵਾ ਨਾਲ ਗੱਲਾਂ ਕਰਨ ਲੱਗੀ। ਰਾਹ ਵਿਚ ਦੋਵੇਂ ਪਾਸੇ ਖੜੇ ਰੁੱਖ, ਮਕਾਨ, ਇਮਾਰਤਾਂ, ਸਭ ਪਿੱਛੇ ਛੱਡਦੀ ਹੋਈ, ਮੈਂ ਅੱਗੇ ਵਧਦੀ ਜਾਂਦੀ, ਅਜੀਬ-ਜਿਹਾ ਰੋਮਾਂਚ, ਡਰ ਅਤੇ ਖ਼ੁਸ਼ੀ ਮੈਨੂੰ ਮਹਿਸੂਸ ਹੁੰਦੀ। ਹੁਣ ਮੈਨੂੰ ਕਿਤੇ ਆਉਣ-ਜਾਣ ਲਈ ਨਾ ਬੱਸ ਦੇ ਇੰਤਜ਼ਾਰ, ਧੱਕਾ-ਮੁੱਕੀ ਦੀ ਲੋੜ ਸੀ ਨਾ ਦੂਸਰਿਆਂ ਦੇ ਰਹਿਮ ਦੀ। ਆਪਣੀ ਗੱਡੀ ਵਿਚ ਚਾਬੀ ਘੁਮਾਓ ਅਤੇ ਆਪਣੀ ਉਡਾਨ/ਪਰਵਾਜ਼ ਤੇ ਨਿਕਲ ਪਵੋ। ਰੈੱਡ ਲਾਈਟ ਤੇ ਮੈਨੂੰ ਆਪਣਾ ਵਾਹਨ ਰੋਕਣਾ ਪਿਆ ਤੇ ਮੇਰੀ ਨਜ਼ਰ ਖੱਬੇ-ਸੱਜੇ ਗਈ। ਆਸੇ-ਪਾਸੇ ਦੇ ਲੋਕ ਅੱਖਾਂ ਫਾੜ-2 ਕੇ ਮੇਰੇ ਵਾਹਨ ਨੂੰ ਅਤੇ ਮੈਨੂੰ ਦੇਖ ਰਹੇ ਸੀ ਕਿ ਇਹ ਕਿਹੋ ਜਿਹੀ ਗੱਡੀ ਹੈ, ਅਜਿਹਾ ਮਾੱਡਲ ਤਾਂ ਉਨ੍ਹਾਂ ਨੇ ਕਦੀ ਦੇਖਿਆ ਨਹੀਂ ਸੀ ਅਤੇ ਚਲਾਉਣ ਵਾਲੀ ਵੀ ਲੜਕੀ। ਅਣਗਿਣਤ ਅੱਖਾਂ ਨੂੰ ਆਪਣੇ ਤੇ ਕੇਂਦਰਿਤ ਦੇਖ ਕੇ ਮੈਂ ਸ਼ਰਮਾ ਗਈ। ਐਨੇ ਨੂੰ ਲਾਈਟ ਗਰੀਨ ਹੋਈ ਅਤੇ ਮੈਂ ਅੱਗੇ ਵਧੀ, ਪਰ ਜਿਥੋਂ-2 ਮੇਰੀ ਗੱਡੀ ਗੁਜ਼ਰਦੀ, ਲੋਕ ਬੜੀ ਹੈਰਾਨੀ ਨਾਲ ਮੈਨੂੰ ਵੇਖਦੇ। ਸੜਕ ਤੇ ਚਲਦੀ ਹੋਈ ਮੇਰੀ ਗੱਡੀ ਕਿਸੇ ਅਜੂਬੇ ਤੋਂ ਘੱਟ ਨਹੀਂ ਸੀ। ਹੁਣ ਗੱਡੀ ਚਲਾਉਂਦੇ ਹੋਏ, ਮੈਨੂੰ ਆਵਾਜਾਦੀ ਦੇ ਬਿਨਾਂ ਕਿਸੇ ਨੂੰ ਵੀ ਨਾ ਦੇਖਣ ਦਾ ਪੱਕਾ ਮਨ ਬਣਾ ਲਿਆ। ਲੋਕਾਂ ਦੇ ਦੇਖਣ ਦੇ ਡਰ ਕਰਕੇ ਮੈਂ ਗੱਡੀ ਚਲਾਉਣਾ ਤਾਂ ਛੱਡ ਨਹੀਂ ਸਕਦੀ ਸੀ। ਇਹ ਗੱਡੀ ਨਹੀਂ ਮੇਰੇ ਪੈਰ ਸੀ, ਜੋ ਮੇਰੀ ਇੱਛਾ ਅਨੁਸਾਰ ਮੈਨੂੰ ਕਿਤੇ ਵੀ ਲੈ ਜਾਂਦੇ ਸੀ। ਬੈਂਕ ਦੀ ਨੌਕਰੀ ਦੌਰਾਨ ਇਸ ਗੱਡੀ ਨਾਲ ਮੈਨੂੰ ਬਹੁਤ ਆਸਾਨੀ ਹੋਈ ਅਤੇ ਆਤਮ-ਵਿਸ਼ਵਾਸ਼ ਵਧਿਆ। ਪਰ ਲੋਕਾਂ ਦੀਆਂ ਘੂਰਦੀਆਂ ਅੱਖਾਂ ਤੋਂ ਛੁਟਕਾਰਾ ਪਾਉਣ ਲਈ ਮੈਂ ਚਾਹਿਆ ਕਿ ਕਾਸ਼ ਮੈਂ ਵੀ ਸਧਾਰਣ ਆਮ ਲੋਕਾਂ ਦੇ ਕਿਸੇ ਵਾਹਨ ਨੂੰ ਚਲਾਵਾਂ। ਸਕੂਟਰ ਤਾਂ ਮੈਂ ਚਲਾ ਨਹੀਂ ਸਕਦੀ ਸੀ, ਕਿਉਂਕਿ ਉਸ ਵਿਚ ਬਰੇਕ ਪੈਰ ਨਾਲ ਲਗਾਉਣ ਦੇ ਬਿਨਾਂ ਸਕੂਟਰ ਦਾ ਸੰਤੁਲਨ ਵੀ ਬਣਾਉਣਾ ਹੁੰਦਾ ਹੈ। ਸਿਰਫ਼ ਆਟੋਮੈਟਿਕ (ਬਿਨਾਂ ਕਲੇ ਗੇਅਰ ਦੀ) ਕਾਰ ਹੀ ਚਲਾ ਸਕਦੀ ਸੀ। ਪਰ ਇਹ ਕਾਰ ਐਨੀ ਮਹਿੰਗੀ ਸੀ, ਕਿ ਅਜੇ ਇਸ ਨੂੰ ਖਰੀਦਣਾ ਮੇਰੇ ਲਈ ਸੰਭਵ ਨਹੀਂ ਸੀ।

ਕੁਝ ਸਮੇਂ ਬਾਅਦ ਜੈਪੁਰ ਦੇ ਸਵਾਈ ਮਾਨ ਸਿੰਘ ਹਸਪਤਾਲ ਤੋਂ ਫਾਈਬਰ ਦਾ ਬਣਿਆ ਇਕ ਵਿਸ਼ਿਸ਼ਟ ਕੈਲਿਪਰ ਵੀ ਮੈਂ ਬਣਵਾ ਲਿਆ। ਪੋਲੀਓਗ੍ਰਸਤ ਪੈਰ ਵਿਚ ਇਸਨੂੰ ਪਹਿਣਨ ਦੇ ਬਾਅਦ, ਤੁਰਨ

ਵਿਚ ਮੈਨੂੰ ਕਾਫ਼ੀ ਸੁਵਿਧਾ ਹੋ ਗਈ। ਲੰਗੜਾਪਣ ਵੀ ਘੱਟ ਗਿਆ ਸੀ। ਗੋਡਿਆਂ ਤੇ ਹੱਥ ਰੱਖ ਕੇ ਸੱਜੇ ਪਾਸੇ ਝੁਕ-ਝੁਕ ਕੇ ਚੱਲਣ ਦੀ ਥਾਂ ਹੁਣ ਮੈਂ ਸਿੱਧੀ ਖੜੀ ਹੋ ਕੇ ਬਿਨਾਂ ਗੋਡਿਆਂ ਤੇ ਹੱਥ ਰੱਖਿਆ ਸੱਜੇ ਪਾਸੇ ਥੋੜਾ ਜਿਹਾ ਝੁਕ ਕੇ ਤੁਰਨ ਦੇ ਸਮਰੱਥ ਹੋ ਗਈ ਸੀ।

ਹੁਣ ਮੇਰੀ ਹਮਉਮਰ ਸਾਰੀਆਂ ਕੁੜੀਆਂ ਦੇ ਵਿਆਹ ਹੋ ਚੁੱਕੇ ਸਨ, ਪਰ ਮੈਨੂੰ ਬੜੀ ਹੈਰਾਨੀ ਹੁੰਦੀ ਕਿ ਮੇਰੇ ਵਿਆਹ ਲਈ ਮੇਰੇ ਪਰਿਵਾਰ ਵਾਲੇ ਥੋੜ੍ਹਾ ਜਿਹਾ ਵੀ ਯਤਨ ਨਹੀਂ ਕਰ ਰਹੇ ਸੀ। ਬਹੁਤ ਸਮੇਂ ਬਾਅਦ ਜਦੋਂ ਉਨ੍ਹਾਂ ਨੂੰ ਲੱਗਾ ਕਿ ਕੁੜੀ ਦਾ ਵਿਆਹ ਹੋ ਜਾਣਾ ਚਾਹੀਦਾ ਹੈ ਤਾਂ ਉਨ੍ਹਾਂ ਨੇ ਵਿਚੋਲਾ-ਟਾਈਪ ਲੋਕਾਂ ਦਾ ਸਹਿਯੋਗ ਲੈਣਾ ਆਰੰਭ ਕਰ ਦਿੱਤਾ। ਮੈਨੂੰ ਬੜਾ ਧੱਕਾ ਲੱਗਾ, ਜਦੋਂ ਚਪੜਾਸੀ-ਪੱਧਰ ਤੱਕ ਦੇ ਲੜਕਿਆਂ ਨੂੰ ਮੈਨੂੰ ਰਿਜੈਕਟ ਕਰ ਦਿੱਤਾ। ਅਸਲ ਵਿਚ ਉਨ੍ਹਾਂ ਨੇ ਗ਼ਲਤ ਦਿਸ਼ਾ ਵਿਚ ਖੋਜ ਆਰੰਭ ਕੀਤੀ ਸੀ। ਅਪਣੀ ਸਰੀਰਕ ਦੋਸ਼ ਵਾਲੀ ਲੜਕੀ ਲਈ ਅੰਸ਼ਿਕ ਅੰਗਹੀਣ, ਪਰ ਹੋਰ ਬੁਰਾਈਆਂ ਤੋਂ ਮੁਕਤ, ਯੋਗ ਲੜਕਾ ਲੱਭਣ ਦੀ ਥਾਂ ਉਨ੍ਹਾਂ ਸਰੀਰਕ ਰੂਪ ਵਿਚ ਸਮਰਥ ਲੜਕਾ ਲੱਭਣਾ ਆਰੰਭ ਕਰ ਦਿੱਤਾ, ਚਾਹੇ ਸਮਾਜਿਕ, ਆਰਥਿਕ, ਮਾਨਸਿਕ ਦ੍ਰਿਸ਼ਟੀ ਤੋਂ ਉਹ ਬਿਲਕੁਲ ਸਿਫ਼ਰ ਹੀ ਕਿਉਂ ਨਾ ਹੋਵੇ। ਨਤੀਜਾ ਤਾਂ ਇਹੀ ਨਿਕਲਣਾ ਸੀ।

ਮੇਰੀ ਉਮਰ 28 ਸਾਲ ਦੀ ਹੋ ਚੁੱਕੀ ਸੀ। ਇਸੇ ਦੌਰਾਨ ਮੇਰੇ ਮਾਮਾ ਜੀ ਨੇ ਇਕ ਵਿਆਹ-ਸੰਬੰਧੀ ਵਿਗਿਆਪਨ ਪੜ੍ਹਿਆ ਅਤੇ ਖ਼ਤ ਲਿਖ ਦਿੱਤਾ। ਖ਼ਤ ਵਿਚ ਮੇਰੇ ਬਾਰੇ ਸਾਰੀਆਂ ਗੱਲਾਂ ਸਾਫ਼-ਸ਼ਪੱਸ਼ਟ ਲਿਖੀਆਂ ਹੋਈਆਂ ਸਨ। ਕੁਝ ਸਮੇਂ ਬਾਅਦ ਵਿਗਿਆਪਨ-ਦਾਤਾ ਲੜਕੇ ਨਾਲ ਸਾਡਾ ਸੰਪਰਕ ਹੋਇਆ। ਸ਼ੁਰੂ ਦੀਆਂ ਰਸਮਾਂ ਦੇ ਬਾਅਦ ਉਸਨੇ ਖੁਸ਼ੀ ਨਾਲ ਸਵੀਕ੍ਰਿਤੀ ਦੇ ਦਿੱਤੀ। ਲੜਕਾ ਉੱਤਰ ਪ੍ਰਦੇਸ਼ ਦੇ ਸਿਹਤ ਵਿਭਾਗ ਵਿਚ ਫਾਰਮਾਸਿਸਟ ਸੀ। ਸਿੱਖਿਆ ਐਮ ਏ ਤੱਕ ਸੀ ਅਤੇ ਦੇਖਣ-ਦੂਖਣ ਨੂੰ ਵੀ ਠੀਕ-ਠਾਕ ਸੀ। ਪਰ ਮੇਰੇ ਮਨ ਵਿਚ ਸ਼ੱਕ ਸੀ। ਆਖ਼ਿਰ ਉਸਦੀ ਸਵੀਕ੍ਰਿਤੀ ਪਿੱਛੇ ਕੀ ਕਾਰਣ ਸੀ। ਉਸਨੂੰ ਤਾਂ ਹਰ ਪੱਖ ਤੋਂ ਯੋਗ ਕੁੜੀ ਮਿਲ ਸਕਦੀ ਸੀ, ਫਿਰ ਉਹ ਅਪੰਗ ਕੁੜੀ ਨੂੰ ਕਿਉਂ ਸਵੀਕਾਰ ਕਰ ਰਿਹਾ ਸੀ। ਮੈਂ ਇਕੱਲੇ ਨੂੰ ਉਸਨੂੰ ਇਸ ਦਾ ਕਾਰਣ ਪੁੱਛਿਆ, ਉਸਦਾ ਜਵਾਬ ਸੀ, "ਕਈ ਤਰ੍ਹਾਂ ਦੀ ਮਾਨਸਿਕ ਅਪੰਗਤਾਵਾਂ ਨੂੰ ਝੱਲਣ ਦੀ ਥਾਂ ਸਰੀਰਕ ਅਪੰਗਤਾ ਨੂੰ ਅਣਦੇਖਾ ਕਰਨਾ ਜ਼ਿਆਦਾ ਸਹੀ ਹੈ।"

ਖ਼ੈਰ, ਮੈਂ ਵੀ ਹਾਂ ਕਰ ਦਿੱਤੀ ਅਤੇ ਸਾਡਾ ਵਿਆਹ ਹੋ ਗਿਆ। ਵਿਆਹ ਦੇ ਕੁਝ ਸਮੇਂ ਪਹਿਲਾਂ ਹੀ ਮੇਰਾ ਖੋਜ-ਕਾਰਜ ਪੂਰਾ ਹੋ ਗਿਆ ਸੀ ਅਤੇ ਮੈਨੂੰ ਪੀ ਐਚ ਡੀ ਦੀ ਉਪਾਧੀ ਹਾਸਲ ਹੋ ਗਈ ਸੀ।

ਮੇਰੇ ਪਤੀ ਦਾ ਸਾਕਾਰਾਤਮਕ ਸਹਿਯੋਗ ਮੇਰੇ ਨਾਲ ਸੀ। ਇਹ ਰੱਬ ਦੀ ਕਿਰਪਾ ਹੀ ਹੈ ਕਿ ਸਰੀਰਕ ਰੂਪ ਵਿਚ ਸਮਰਥ, ਸ਼ਾਂਤ, ਸਰਲ, ਉਦਾਰ ਅਤੇ ਮਿੱਠ-ਬੋਲੜਾ ਮੇਰਾ ਪਤੀ ਦਾ ਸਹਿਯੋਗ ਮੈਨੂੰ ਮਿਲਿਆ। ਉਨ੍ਹਾਂ ਨੇ ਕਦੇ ਵੀ ਮੇਰੀ ਅਪੰਗਤਾ-ਅੰਗਹੀਣਤਾ ਦਾ ਮੈਨੂੰ ਬੋਧ ਨਹੀਂ ਕਰਾਇਆ। ਮੈਂ ਵੀ ਜਿੱਥੋਂ ਤੱਕ ਹੋ ਸਕਿਆ, ਉਨ੍ਹਾਂ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦਿੰਦੀ।

ਦਿਲਸ਼ਾਦ ਕਲੋਨੀ ਵਿਚ ਆਰੰਭ ਵਿਚ ਗਵਾਂਢੀਆਂ ਨਾਲ ਸਾਡੇ ਮਿੱਠੇ ਸੰਬੰਧ ਸਨ, ਪਰ ਸਾਡਾ ਸੰਬੰਧ ਦਲਿਤ ਜਾਤੀ ਨਾਲ ਹੈ। ਇਸਦਾ ਸ਼ੱਕ ਪੈਂਦੇ ਹੀ ਗਵਾਂਢੀ ਸਾਡੇ ਨਾਲ ਗੈਰ-ਰਸਮੀ ਹੋ ਜਾਂਦੇ। ਸਮਾਜਿਕ ਸਮਾਰੋਹਾਂ ਵਿਚ ਸਾਨੂੰ ਬੁਲਾਇਆ ਤਾਂ ਜਾਂਦਾ, ਪਰ ਢੁਕਵਾਂ ਮਾਣ-ਸਨਮਾਨ ਨਾ ਮਿਲਣ ਕਰਕੇ ਹੀਣ-ਭਾਵਨਾ ਸਾਡਾ ਪਿੱਛਾ ਨਾ ਛੱਡਦੀ। ਸਮੂਹ ਵਿਚ ਇਕੱਲਾ ਛੱਡੇ ਜਾਣ ਦਾ ਦਰਦ ਅਕਸਰ ਮੈਨੂੰ ਸਤਾਉਂਦਾ। ਪਰ ਮੈਂ ਲਾਚਾਰ/ਬੇਵੱਸ ਸੀ, ਆਖ਼ਿਰ ਕਿਸੇ ਦੀ ਸੋਚ ਤਾਂ ਮੈਂ ਬਦਲ ਨਹੀਂ ਸਕਦੀ ਸੀ। ਵਧੀਆ ਸਿੱਖਿਆ, ਸੰਸਕਾਰ, ਨੌਕਰੀ, ਘਰ, ਰਹਿਣ-ਸਹਿਣ ਹੋਣ ਦੇ ਬਾਅਦ ਵੀ ਮੁੱਖ ਧਾਰਾ ਵਿਚ ਸ਼ਾਮਿਲ ਨਾ ਹੋ ਸਕਣ ਦਾ ਹਉਂਕਾ ਮੈਨੂੰ ਤਣਾਓ ਵਿਚ ਪਾ ਦਿੰਦਾ, ਚਿੰਤਾਗ੍ਰਸਤ ਕਰ ਦਿੰਦਾ। ਇਕ ਨਿਸ਼ਚਤ ਦੂਰੀ ਮੇਨਟੇਨ ਕਰਦੇ ਹੋਏ ਲੋਕ ਸਾਡੇ ਨਾਲ ਸੰਬੰਧ ਰੱਖਦੇ। ਬਹੁਤ ਹੀ ਰਸਮੀ ਜਿਹੀ ਮੁਸਕਾਨ ਅਤੇ ਨਮਸਕਾਰ ਤੋਂ ਅਗੇ ਮੇਰੇ



ਯਤਨ ਕਰਨ ਦੇ ਬਾਵਜੂਦ ਸੰਬੰਧ ਨਾ ਬਣਦੇ। ਮੇਰੇ ਪਿਆਰ ਅਤੇ ਆਪਣੇਪਣ ਭਰੇ ਦੋਸਤੀ ਦਾ ਸੁਨੇਹਾ ਦਿੰਦੇ ਹੱਥਾਂ ਨੂੰ ਲੋਕ ਬੜੀ ਸਫ਼ਾਈ ਨਾਲ ਵਾਪਸ ਕਰ ਦਿੰਦੇ। ਬਚਪਨ ਤੋਂ ਠੁਕਰਾਏ ਜਾਣ ਅਤੇ ਇਕੱਲੇਪਣ ਨੂੰ ਝੱਲਦੇ ਹੋਏ ਮੇਰਾ ਮਨ ਲਹੂ-ਲੁਹਾਨ ਹੋ ਜਾਂਦਾ।

ਦੂਹਰੇ-ਤੀਹਰੇ ਸਰਾਪ ਝੱਲਦੀ ਮੈਂ ਜਿੰਨਾ ਲੋਕਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਦੀ, ਰਸਮਾਂ ਦਾ ਚਾਬੁਕ ਚਲਾਉਂਦੇ ਹੋਏ ਲੋਕ ਉੱਨਾ ਹੀ ਦੂਰ ਹੁੰਦੇ ਜਾਂਦੇ। ਕਈ ਪੱਧਰਾਂ ਤੇ ਹਾਸ਼ੀਏ ਤੇ ਰਹਿਣ ਦਾ ਬੋਧ ਇਕ ਡੂੰਘੇ ਦੁੱਖ ਨਾਲ ਮੈਨੂੰ ਰੂਬਰੂ ਕਰਵਾਉਂਦਾ। ਕਿਸੇ ਸਮੇਂ ਮੈਂ ਸੋਚਦੀ ਸੀ ਕਿ ਖੂਬ ਪੜ੍ਹ ਲਿਖ ਕੇ ਕੋਈ ਵਧੀਆ ਪਦ-ਰੁਤਬੇ ਹਾਸਲ ਕਰਕੇ ਸ਼ਾਇਦ ਮੈਨੂੰ ਇਸ ਦਰਦ ਤੋਂ ਮੁਕਤੀ ਮਿਲ ਜਾਵੇਗੀ, ਪਰ ਹੁਣ ਇਸ ਭਰਮ ਤੋਂ ਵੀ ਮੇਰਾ ਮੋਹ-ਭੰਗ ਹੋ ਗਿਆ ਸੀ।

ਦਸੰਬਰ, 1997 ਵਿਚ ਮੈਨੂੰ ਸ਼ਿਆਮ ਲਾਲ ਕਾਲਜ ਤੋਂ ਇੰਟਰਵਿਯੂ ਪੱਤਰ ਮਿਲਿਆ। ਉਮੀਦ ਨਾ ਹੁੰਦੇ ਹੋਏ ਵੀ ਮੈਂ ਪੂਰੇ ਧਿਆਨ ਨਾਲ ਇੰਟਰਵਿਯੂ ਦੀ ਤਿਆਰੀ ਵਿਚ ਜੁੱਟ ਗਈ। ਨਿਸ਼ਚਤ ਦਿਨ ਨੂੰ ਮੇਰਾ ਇੰਟਰਵਿਯੂ ਹੋਇਆ, ਅਤੇ ਕੁਝ ਦਿਨਾਂ ਬਾਅਦ ਹੀ ਮੈਨੂੰ ਮੇਰੇ ਸਫ਼ਲ ਹੋਣ ਦੀ ਅਵਿਸ਼ਵਾਸ਼ਯੋਗ ਸੂਚਨਾ ਮਿਲੀ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਅਤੇ ਮੈਂ ਜਿਵੇਂ ਆਕਾਸ਼ ਵਿਚ ਉੱਡ ਰਹੀ ਹੋਵਾਂ। ਜੋ ਖੁਸ਼ੀ ਮੈਨੂੰ ਮਿਲੀ, ਉਸਦਾ ਬਿਆਨ ਸ਼ਬਦਾਂ ਦੇ ਵੱਸ ਵਿਚ ਨਹੀਂ, ਜਾਂ ਮੇਰੇ ਵੱਸ ਵਿਚ ਨਹੀਂ।

ਪਰ ਖੁਸ਼ੀਆਂ ਦਾ ਛੱਪਰ ਤਾਂ ਅੱਧਾ ਹੀ ਮੇਰੇ ਤੇ ਫਟਿਆ ਸੀ। ਕਿਸੇ ਦੇ ਛੋਟੇ-ਛੋਟੇ ਨੰਨ੍ਹੇ ਕਦਮਾਂ ਦੀ ਆਹਟ ਇਸਤੋਂ ਕੁਝ ਦਿਨਾਂ ਬਾਅਦ ਸਾਨੂੰ ਸੁਣਨ ਨੂੰ ਮਿਲੀ। ਇਕ ਹੀ ਮਹੀਨੇ ਵਿਚ ਅਰਥਾਤ ਦਸੰਬਰ 1997 ਵਿਚ ਮਰੇ ਦੋਵੇਂ ਮਨੋਰਥ ਨਾਲੋਂ-ਨਾਲ ਪੂਰੇ ਹੋ ਗਏ। ਇਹ ਕਹਾਵਤ ਮੇਰੇ ਤੇ ਪੂਰੀ ਤਰ੍ਹਾਂ ਢੁਕਦੀ ਹੈ ਕਿ ਜਦੋਂ ਰੱਬ ਦਿੰਦਾ ਹੈ ਤਾਂ ਛੱਪਰ ਪਾੜ ਕੇ ਦਿੰਦਾ ਹੈ। 9 ਸਤੰਬਰ, 1998 ਨੂੰ ਮੇਰੇ ਵੱਡੇ ਬੇਟੇ ਸ਼ੁਭਮ ਦਾ ਜਨਮ ਹੋਇਆ ਅਤੇ ਸਤੰਬਰ, 2000 ਵਿਚ ਛੋਟੇ ਬੇਟੇ ਸ਼ਿਵਮ ਦਾ। ਸ਼ਿਆਮ ਲਾਲ ਮਹਾਂਵਿਦਿਆਲਿਆ ਮੈਂ 18 ਸਤੰਬਰ, 1997 ਨੂੰ ਜਵਾਇਨ ਕਰ ਲਿਆ।

ਬੱਚਿਆਂ ਦੇ ਜਨਮ ਬਾਅਦ ਸਕੂਟਰ ਤੇ ਆਉਣ-ਜਾਣ ਵਿਚ ਕਾਫ਼ੀ ਸਮੱਸਿਆ ਆਉਂਦੀ ਸੀ। ਸਰਦੀ, ਮੀਂਹ ਅਤੇ ਤਪਦੀ ਦੁਪਹਿਰ ਵਿਚ ਇਹ ਮੁਸ਼ਕਲ ਹੋਰ ਵੀ ਵਧ ਜਾਂਦੀ। ਆਪਣੇ ਫੁੱਲ-ਜਿਹੇ ਬੱਚਿਆਂ ਨੂੰ ਮੈਂ ਝੁਲਸਦੀ ਲੂ ਅਤੇ ਠੰਢੀ ਹਵਾ ਦਾ ਇਕ ਵੀ ਬੁੱਲਾ ਨਹੀਂ ਲੱਗਣ ਦੇਣਾ ਚਾਹੁੰਦੀ ਸੀ। ਸੋ, ਬਹੁਤ ਸੋਚ-ਵਿਚਾਰ ਕਰਕੇ ਮੈਂ ਆਟੋਮੇਟਿਕ ਜੈਨ ਮਾਰੂਤੀ ਕਾਰ ਖਰੀਦ ਲਈ, ਜਿਸਨੂੰ ਮੈਂ ਵੀ ਬੜੇ ਆਰਾਮ ਨਾਲ ਚਲਾ ਲੈਂਦੀ ਹਾਂ।

ਉਸਨੂੰ ਚਲਾਉਂਦੇ ਸਮੇਂ ਮੈਨੂੰ ਨਾ ਲੋਕਾਂ ਦੀਆਂ ਹੈਰਾਨੀ-ਭਰਪੂਰ ਨਜ਼ਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਨਾ ਕਿਸੇ ਤੋਂ ਨਜ਼ਰਾਂ ਚੁਰਾਉਣ ਦੀ ਲੋੜ ਪੈਂਦੀ ਹੈ, ਪਰ ਉਸਨੂੰ ਚਲਾਉਂਦੇ ਹੋਏ ਹੰਝੂਆਂ ਨਾਲ ਭਰਿਆ ਚਿਹਰਾ ਲੈ ਕੇ ਪਸੀਨੇ ਵਿਚ ਨਹਾਈ, ਬੜੇ ਦਰਦ ਨਾਲ ਦੋਹਰੀ ਹੋ-ਹੋ ਕੇ ਚਲਦੀ, ਇਕੱਲੀ ਲੜਕੀ ਦੇ ਸੈਂਕੜੇ ਬਿੰਬ ਅਕਸਰ ਮੇਰੀਆਂ ਅੱਖਾਂ ਨੂੰ ਭਿਉਂ ਦਿੰਦੇ ਹਨ।

ਮੇਰਾ ਪਿਆਰ - ਮੇਰੇ ਪਤੀ, ਮਿੱਤਰ, ਪ੍ਰੇਮੀ ਸਤੀਸ਼, ਮੇਰੀਆਂ ਖੁਸ਼ੀਆਂ ਸੁਭਮ-ਸ਼ਿਵਮ, ਮੇਰਾ ਅਤੀਤ – ਕਦੇ-ਕਦੇ ਮੈਂ ਆਪਣੀਆਂ ਲੱਤਾਂ ਅਤੇ ਵਿਸ਼ਿਸ਼ਟ ਚਿਹਰੇ ਨੂੰ ਦੇਖਦੀ ਹਾਂ - ਤੁਹਾਡੇ ਹੀ ਸਹਾਰੇ ਕਿੰਨੀਆਂ ਦੂਰੀਆਂ ਤੈਅ ਕਰ ਸਕੇ ਹਾਂ ਅਸੀਂ - ਕਿ ਨਹੀਂ !

**ਅਨੁਵਾਦਕ : 2919, ਪਿਲਕਨ ਸਟਰੀਟ, ਅਨਾਰਕਲੀ ਬਜ਼ਾਰ, ਜਗਰਾਓਂ ,**
**ਮੋਬਾਈਲ - 9888569669**
**ਮੂਲ ਲੇਖਿਕਾ ਦਾ ਸੰਪਰਕ : ਡੀ-160, ਗਰਾਊਂਡ ਫਲੋਰ, ਰਾਮਪ੍ਰਸਤ,**
**ਗਾਜ਼ੀਆਬਾਦ - 201011, ਮੋਬਾਈਲ - 9312045796**

# ਇਕ ਕੁਸ਼ਲ ਅਨੁਵਾਦਿਕਾ: ਜਸਵਿੰਦਰ ਕੌਰ ਬਿੰਦਰਾ

ਡਾ. ਬਲਦੇਵ ਸਿੰਘ 'ਬੱਦਨ'



ਪੰਜਾਬੀ ਆਲੋਚਨਾ ਦੇ ਖੇਤਰ ਵਿਚ ਡਾ. ਜਸਵਿੰਦਰ ਕੌਰ ਬਿੰਦਰਾ ਇਕ ਸਥਾਪਿਤ ਹਸਤਾਖ਼ਰ ਹੈ। ਉਸ ਦੀ ਆਲੋਚਨਾ ਦੀ ਨੁਹਾਰ ਨਿਵੇਕਲੀ, ਸਰਲ, ਸਪਸ਼ਟ ਤੇ ਡੂੰਘੀ ਹੈ। ਪਰ ਕਾਫ਼ੀ ਸਾਰੇ ਸਾਹਿਤ ਪ੍ਰੇਮੀ ਇਹ ਨਹੀਂ ਜਾਣਦੇ ਹੋਣਗੇ ਆਲੋਚਕ ਦੇ ਨਾਲ ਨਾਲ ਉਹ ਇਕ ਕੁਸ਼ਲ ਅਨੁਵਾਦਿਕਾ ਵੀ ਹੈ। ਹੁਣ ਤੱਕ ਉਹ 25 ਤੋਂ ਵੱਧ ਪੁਸਤਕਾਂ ਦਾ ਅਨੁਵਾਦ ਪੰਜਾਬੀ ਤੇ ਹਿੰਦੀ ਵਿੱਚ ਕਰ ਚੁੱਕੀ ਹੈ। ਹਿੰਦੀ ਦੇ ਨਾਲ ਨਾਲ ਕਈ ਅਨੁਵਾਦ ਉਸ ਨੇ ਸਿੱਧੇ ਅੰਗ੍ਰੇਜ਼ੀ ਤੋਂ ਵੀ ਕੀਤੇ ਹਨ।

ਨੈਸ਼ਨਲ ਬੁਕ ਟਰੱਸਟ ਵਿੱਚ ਪਹਿਲਾਂ ਪੰਜਾਬੀ ਸੰਪਾਦਕ, ਫਿਰ ਸਾਰੀਆਂ ਭਾਰਤੀ ਭਾਸ਼ਾਵਾਂ ਦਾ ਸਾਹਿਤ ਸੰਪਾਦਕ (ਆਦਾਨ ਪ੍ਰਦਾਨ ਪੁਸਤਕਮਾਲਾ) ਤੇ ਫਿਰ ਮੁੱਖ ਸੰਪਾਦਕ / ਸੰਯੁਕਤ ਨਿਰਦੇਸ਼ਕ ਦੇ ਤੌਰ ਤੇ ਸੇਵਾ ਨਿਭਾਉਂਦਿਆਂ ਮੇਰਾ ਵਾਹ ਲੇਖਕਾਂ, ਸੰਪਾਦਕਾਂ, ਪੱਤਰਕਾਰਾਂ ਤੇ ਅਨੁਵਾਦਕਾਂ ਨਾਲ ਵਿਸ਼ੇਸ਼ ਤੌਰ ਤੇ ਪੈਂਦਾ ਰਿਹਾ ਹੈ। ਸਿਰਫ਼ ਪੰਜਾਬੀ ਨਾਲ ਹੀ ਨਹੀਂ ਸਗੋਂ ਦੂਜੀਆਂ ਭਾਰਤੀ ਭਾਸ਼ਾਵਾਂ ਦੇ ਲੇਖਕਾਂ, ਸਾਹਿਤਕਾਰਾਂ ਤੇ ਅਨੁਵਾਦਕਾਂ ਨਾਲ ਵੀ, ਪਰੰਤੂ ਪੰਜਾਬੀ ਭਾਸ਼ਾ ਨਾਲ ਜੁੜਿਆ ਹੋਣ ਕਾਰਣ ਪੰਜਾਬੀ ਲੇਖਕਾਂ ਆਦਿ ਨੂੰ ਮੈਨੂੰ ਬੜੇ ਨੇੜਿਓਂ ਦੇਖਣ ਤੇ ਮਿਲਣ ਦਾ ਮੌਕਾ ਵਧੇਰੇ ਮਿਲਿਆ ਹੈ।

ਨੈਸ਼ਨਲ ਬੁਕ ਟਰੱਸਟ ਦੇ ਵਿਸ਼ਾਲ ਕਾਰਜ ਖੇਤਰ ਕਾਰਣ ਅਦਾਰੇ ਵਲੋਂ ਦੂਜੀਆਂ ਭਾਸ਼ਾਵਾਂ ਦੇ ਚੋਣਵੇਂ ਸਾਹਿਤ ਨੂੰ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਉਲਥਾਇਆ ਜਾਣ ਦਾ ਕੰਮ ਵੱਡੇ ਪੱਧਰ 'ਤੇ ਹੁੰਦਾ ਹੈ। ਐਨ. ਬੀ. ਟੀ. 'ਚ ਹੁਣ ਤਕ ਕੰਮ ਕਰਦਿਆਂ ਘੱਟੋ ਘੱਟ 400 ਪੁਸਤਕਾਂ ਦਾ ਪੰਜਾਬੀ ਵਿੱਚ ਤੇ ਕਈ ਪੰਜਾਬੀ ਪੁਸਤਕਾਂ ਦਾ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਇਆ। ਇਸ ਸਿਲਸਿਲੇ ਵਿੱਚ ਮੈਨੂੰ ਕਈ ਮਿੱਠੇ ਕੌੜੇ ਤਜਰਬੇ ਹੋਏ, ਜਿਨ੍ਹਾਂ ਬਾਬਤ ਮੈਂ ਫਿਰ ਕਦੇ ਲਿਖਾਂਗਾ, ਹੁਣ ਸਿਰਫ਼ ਅਨੁਵਾਦ ਦੀ ਗੱਲ ਕਰਾਂਗਾ ਤੇ ਉਹ ਵੀ ਇਕ ਕੁਸ਼ਲ ਅਨੁਵਾਦਿਕਾ ਬਾਰੇ।

ਮੈਨੂੰ ਯਾਦ ਹੈ ਜਸਵਿੰਦਰ ਕੌਰ ਬਿੰਦਰਾ ਨੇ ਆਲੋਚਨਾ ਤੇ ਅਨੁਵਾਦ ਦੀ ਸ਼ੁਰੂਆਤ ਨੈਸ਼ਨਲ ਬੁਕ ਟਰੱਸਟ ਤੋਂ ਹੀ ਕੀਤੀ ਸੀ। ਜਿਵੇਂ ਤਕਰੀਬਨ ਸਾਰੇ ਹੀ ਅਨੁਵਾਦਕਾਂ ਨੂੰ ਸ਼ੁਰੂਆਤ ਕਰਨ ਵੇਲੇ ਮੈਂ ਉਨ੍ਹਾਂ ਨੂੰ ਉਤਸ਼ਾਹ ਤੇ ਪ੍ਰੇਰਣਾ ਦੇਂਦੇ ਹੋਏ, ਉਨ੍ਹਾਂ ਦੀ ਸਮਰੱਥਾ ਉੱਤੇ ਭਰੋਸਾ ਕਰਦੇ ਹੋਏ ਬੱਚਿਆਂ ਦੀ ਕੋਈ ਛੋਟੀ ਪੁਸਤਕ ਹੀ ਅਨੁਵਾਦ ਕਰਨ ਲਈ ਦੇਂਦਾ ਹਾਂ। ਕਈ ਅਨੁਵਾਦਕ ਤਾਂ ਇਸ ਛੋਟੀ ਪੁਸਤਕ ਨੂੰ ਪ੍ਰਸ਼ਾਦ ਸਮਝ



ਕੇ ਗ੍ਰਹਿਣ ਕਰਦੇ ਹਨ। ਕਈ ਇਹ ਸੋਚਦੇ ਹਨ ਕਿ ਇਸ ਛੋਟੀ ਪੁਸਤਕ ਮਗਰੋਂ ਛੇਤੀ ਹੀ ਕਿਸੇ ਵੱਡੀ ਪੁਸਤਕ ਦਾ ਨੰਬਰ ਲੱਗੇਗਾ ਤੇ ਕਈ ਆਪਣੇ ਆਪ ਨੂੰ ਵੱਡਾ ਲੇਖਕ ਸਮਝਦੇ ਹੋਏ ਛੋਟੀ ਬੱਚਿਆਂ ਦੀ ਪੁਸਤਕ ਨੂੰ ਅਨੁਵਾਦ ਕਰਨਾ ਗਵਾਰਾ ਨਹੀਂ ਕਰਦੇ, ਇਸ ਲਈ ਭੇਜੀ ਪੁਸਤਕ ਨੂੰ ਵੀ ਅਣਗੌਲਿਆਂ ਕਰ ਜਾਂਦੇ ਹਨ। ਪਰ ਜਸਵਿੰਦਰ ਬਿੰਦਰਾ ਨੇ ਕਈ ਬੱਚਿਆਂ ਦੀਆਂ ਛੋਟੀਆਂ ਛੋਟੀਆਂ ਪੁਸਤਕਾਂ ਬੜੀ ਖ਼ੁਸ਼ੀ ਨਾਲ ਅਨੁਵਾਦ ਕੀਤੀਆਂ। ਮੈਨੂੰ ਯਾਦ ਹੈ ਜਦੋਂ ਮੈਂ ਉਨ੍ਹਾਂ ਨੂੰ ਅਨੁਵਾਦ ਦੀਆਂ ਕਈ ਗ਼ਲਤੀਆਂ ਬਾਰੇ ਦੱਸਿਆ ਤਾਂ ਉਨ੍ਹਾਂ ਗ਼ਲਤੀ ਨੂੰ ਸਵੀਕਾਰ ਕੀਤਾ ਪਰੰਤੂ ਨਾਲ ਹੀ ਆਪਣੀ ਸੋਧਾਈ ਲਈ ਆਪ ਹੀ ਕਮਰ ਕੱਸ ਲਈ।

ਹੌਲੀ ਹੌਲੀ ਅਨੁਵਾਦ ਦਾ ਕੰਮ ਕਰਦੇ ਕਰਦੇ ਅੱਜ ਉਹ ਇਸ ਮੁਕਾਮ 'ਤੇ ਆ ਖੜੀ ਹੋਈ ਹੈ ਜਿਥੇ ਉਸ ਦੀ ਸੂਚੀ ਵਿੱਚ ਸਿਰਫ਼ ਨੈਸ਼ਨਲ ਬੁਕ ਟਰੱਸਟ ਦੀਆਂ ਪੁਸਤਕਾਂ ਹੀ ਨਹੀਂ ਸਗੋਂ ਭਾਰਤੀ ਸਾਹਿਤ ਅਕਾਦਮੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਿਲਾਲੇਖ ਪ੍ਰਕਾਸ਼ਕ ਦਿੱਲੀ, ਦੇ ਨਾਲ ਹਿੰਦੀ ਦੇ ਪ੍ਰਮੁੱਖ ਪ੍ਰਕਾਸ਼ਨ ਵਾਣੀ ਪ੍ਰਕਾਸ਼ਨ ਦਿੱਲੀ ਅਤੇ ਆਲੇਖ ਪ੍ਰਕਾਸ਼ਨ ਤੇ ਹੋਰ ਕਈ ਪ੍ਰਕਾਸ਼ਕਾਂ ਦੇ ਨਾਂ ਸਾਮਿਲ ਹਨ।

ਕੁਝ ਥੋੜ੍ਹੇ ਜਿਹੇ ਸਮੇਂ ਵਿਚ ਜਸਵਿੰਦਰ ਕੌਰ ਬਿੰਦਰਾ ਦਾ ਨਾਂ ਵੱਡੇ ਅਦਾਰਿਆਂ ਦੇ ਪ੍ਰਕਾਸ਼ਕਾਂ ਨਾਲ ਜੁੜਿਆ ਤਾਂ ਇਸ ਦਾ ਕਾਰਣ ਕੋਈ ਸਿਫ਼ਰਿਸ਼ ਜਾਂ ਉਸ ਦਾ ਕੋਈ ਗਾਡ ਫਾਦਰ ਦਾ ਹੋਣਾ ਨਹੀਂ ਸਗੋਂ ਉਸ ਦੀ ਆਪਣੀ ਸਾਧਨਾ, ਲਗਨ, ਰੁਚੀ ਤੇ ਸਮਰਥਾ ਦੇ ਬਲਬੂਤੇ ਦੀ ਗੱਲ ਹੈ। ਉਹ ਕਿਸੇ ਕਾਲਜ, ਯੂਨੀਵਰਸਿਟੀ ਵਿੱਚ ਪੜ੍ਹਾਉਂਦੀ ਨਹੀਂ ਪਰੰਤੂ ਜਿੰਨਾ ਪੰਜਾਬੀ ਤੇ ਹੋਰ ਭਾਸ਼ਾਵਾਂ ਦਾ ਸਾਹਿਤ ਉਹ ਪੜ੍ਹਦੀ ਹੈ, ਉਹ ਹੈਰਾਨੀ ਦੀ ਗੱਲ ਹੈ। ਵਧੀਆ ਸਾਹਿਤ ਪੜ੍ਹਨਾ ਸਿਰਫ਼ ਲੇਖਕ ਹੋਣ ਲਈ ਹੀ ਨਹੀਂ ਅਨੁਵਾਦਕ ਹੋਣ ਵਿੱਚ ਵੀ ਮਦਦ ਕਰਦਾ ਹੈ।

ਉਸ ਨੇ ਹਿੰਦੀ ਪੰਜਾਬੀ ਦੇ ਤਕਰੀਬਨ ਵਿਸ਼ਿਸ਼ਟ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਉਲਥਾਇਆ ਹੈ। ਪੰਜਾਬੀ ਵਿੱਚ ਉਸ ਨੇ ਡਾ. ਧਰਮਵੀਰ ਭਾਰਤੀ ਦਾ ਨਾਵਲ 'ਸੂਰਜ ਦਾ ਸੱਤਵਾਂ ਘੋੜਾ' ਉੜੀਆ ਦੇ ਮਹਾਨ ਲੇਖਕ ਫ਼ਕੀਰ ਮੋਹਨ ਸੈਨਾਪਤੀ ਦੀ ਆਤਮਕਥਾ, ਵਿਸ਼ਨੂ ਪ੍ਰਭਾਕਰ ਦੀਆਂ ਚੋਣਵੀਆਂ ਕਹਾਣੀਆਂ, ਚਿੱਤਰਾ ਮੁਦਗਲ ਦੀਆਂ ਚੋਣਵੀਆਂ ਕਹਾਣੀਆਂ, ਪ੍ਰੇਮ ਚੰਦ ਦੀਆਂ ਕਹਾਣੀਆਂ (ਮਾਨਸਰੋਵਰ ਦੇ 4 ਭਾਗ), ਕਮਲੇਸ਼ਵਰ ਦੇ ਚਾਰ ਨਾਵਲ ਤੇ ਬਟੁਕੇਸ਼ਵਰ ਦੱਤ ਦੀ ਜੀਵਨੀ ਆਦਿ ਪੁਸਤਕਾਂ ਦਾ ਸਫ਼ਲ ਅਨੁਵਾਦ ਕੀਤਾ ਹੈ।

ਹਿੰਦੀ ਵਿੱਚ ਉਸ ਨੇ ਇਕ ਵੱਡ ਆਕਾਰੀ ਪੁਸਤਕ 'ਪੰਜਾਬੀ ਕਹਾਣੀ-ਸਦੀ ਦੇ ਆਰ ਪਾਰ' ਅਨੁਵਾਦ ਕੀਤੀ ਜਿਸ ਵਿੱਚ ਕਹਾਣੀਆਂ ਦੀ ਚੋਣ ਵੀ ਉਸ ਨੇ ਆਪ ਹੀ ਕੀਤੀ। ਆਲੇਖ ਪ੍ਰਕਾਸ਼ਨ ਵਲੋਂ ਛਪੀ ਇਸ ਪੁਸਤਕ ਦੀ ਪੰਜਾਬੀ ਹਲਕਿਆਂ ਵਿਚ ਕਾਫੀ ਚਰਚਾ ਰਹੀ। ਇਸ ਪੁਸਤਕ ਦਾ 'ਪੰਜਾਬੀ ਕਹਾਣੀ-ਇਕ ਸਰਵੇਖਣ' ਅਧੀਨ ਨਵਾਂ ਜ਼ਮਾਨਾ ਦੇ ਐਤਵਾਰਤਾ ਅੰਕ ਵਿਚ ਜ਼ਿਕਰ ਕੀਤਾ ਗਿਆ। ਇਸ ਪੁਸਤਕ ਦਾ ਅਨੁਵਾਦ ਲਈ ਉਸ ਨੂੰ ਹਿੰਦੀ ਦੇ ਅਨੇਕ ਲੇਖਕਾਂ ਵਲੋਂ ਪ੍ਰਸੰਸਾ ਪ੍ਰਾਪਤ ਹੋਈ।

ਵਾਣੀ ਪ੍ਰਕਾਸ਼ਨ ਵਲੋਂ ਉਸ ਦੀ ਸੰਪਾਦਨਾ ਤੇ ਅਨੁਵਾਦਿਤ 'ਗੁਰਬਚਨ ਸਿੰਘ ਭੁੱਲਰ ਦੀਆਂ ਚੋਣਵੀਆਂ ਕਹਾਣੀਆਂ' ਪ੍ਰਕਾਸਿਤ ਹੋਈਆਂ। ਸ਼ਿਲਾਲੇਖ ਵਲੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ-ਇਕ ਵਿਸ਼ਿਸ਼ਟ ਵਿਅਕਤਿਤਵ' ਹਿੰਦੀ ਵਿੱਚ ਤੇ ਕ੍ਰਿਤੀ ਪ੍ਰਕਾਸ਼ਨ ਵੱਲੋਂ ਡਾ. ਕਰਨਜੀਤ ਸਿੰਘ ਦੀ ਸਵੈ ਜੀਵਨੀ 'ਭਾਸ਼ੀਏ ਦੀ ਇਬਾਰਤ' ਨੂੰ ਹਿੰਦੀ ਵਿੱਚ 'ਧਰਾ ਸੇ ਉਠਤੇ ਕਦਮ' ਸਿਰਲੇਖ ਅਧੀਨ ਅਨੁਵਾਦ ਕੀਤਾ। ਇਸ ਤੋਂ ਇਲਾਵਾ ਪ੍ਰੋ. ਪ੍ਰੀਤਮ ਸਿੰਘ ਦੀ ਸਵੈ-ਜੀਵਨੀ 'ਕੱਚੀਆਂ ਪੱਕੀਆਂ' ਦੇ ਭਾਗਾਂ ਨੂੰ ਵੀ ਹਿੰਦੀ ਵਿਚ ਅਨੁਵਾਦ ਕੀਤਾ ਹੈ ਜੋ ਪ੍ਰਕਾਸ਼ਨ ਅਧੀਨ ਹੈ। ਇਨ੍ਹਾਂ ਤੋਂ ਇਲਾਵਾ ਵੀ ਕਈ ਛੋਟੀਆਂ ਵੱਡੀਆਂ ਪੁਸਤਕਾਂ ਬੱਚਿਆਂ ਲਈ ਅਨੁਵਾਦ ਕੀਤੀਆਂ ਹਨ।

ਭਾਰਤੀ ਸਾਹਿਤ ਅਕਾਦਮੀ ਵਲੋਂ ਉਸ ਨੇ ਕੋਂਕਣੀ ਭਾਸ਼ਾ ਦੇ ਲੇਖਕ ਦਾਮੋਦਰ ਮੋਜ਼ੋ ਰਚਿਤ 'ਕਾਰਮੇਲਿਨ' ਨਾਵਲ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਇਸ ਦੇ ਨਾਲ ਹੀ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਵਲੋਂ ਆਯੋਜਿਤ ਅਨੁਵਾਦ ਕਾਰਜਸ਼ਾਲਾਵਾਂ ਵਿੱਚ ਵੀ ਹਿੱਸਾ ਲੈਣ ਦਾ ਤਿੰਨ ਚਾਰ ਵਾਰ ਮੌਕਾ ਪ੍ਰਾਪਤ ਹੋਇਆ, ਜਿਸ ਵਿਚ ਉਤਰੀ ਭਾਰਤ ਦੀਆਂ ਕਈ ਭਾਸ਼ਾਵਾਂ ਜਿਵੇਂ ਰਾਜਸਥਾਨੀ, ਡੋਗਰੀ, ਕਸ਼ਮੀਰੀ ਉਰਦੂ ਤੇ ਹਿੰਦੀ ਦੀਆਂ ਰਚਨਾਵਾਂ ਨੂੰ ਵੀ ਅਨੁਵਾਦ ਕਰਨ ਦਾ ਮੌਕਾ ਮਿਲਿਆ, ਜੋ ਪੁਸਤਕਾਂ ਪ੍ਰਕਾਸ਼ਨ ਅਧੀਨ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਕਾਸ ਵਿਭਾਗ ਵਲੋਂ ਉਸ ਨੂੰ ਨੋਬਲ ਪੁਰਸਕਾਰ ਪ੍ਰਾਪਤ ਸਪੇਨਿਸ਼ ਲੇਖਕ ਕਾਮੀਲੋ ਜੋਜ਼ ਸਿਲੇ ਦੇ ਲਿਖੇ ਨਾਵਲ 'ਪਾਸਕੁਆਲ ਦੁਆਤ ਦਾ ਪਰਿਵਾਰ' ਨੂੰ ਅਨੁਵਾਦ ਕਰਨ ਦਾ ਮੌਕਾ ਮਿਲਿਆ। ਹੁਣ ਵਿਸ਼ਵ ਪ੍ਰਸਿੱਧ ਰੋਮਾਂ ਰੋਲਾ ਰਚਿਤ 'ਮਹਾਤਮਾ ਗਾਂਧੀ ਦੀ ਜੀਵਨੀ' ਨੂੰ ਪੰਜਾਬੀ ਵਿਚ ਉਲਥਾਉਣ ਦਾ ਕਾਰਜ ਪਟਿਆਲਾ ਯੂਨੀਵਰਸਿਟੀ ਵਲੋਂ ਉਸ ਨੂੰ ਸੋਪਿਆ ਗਿਆ ਹੈ।

ਮੇਰੀ ਜ਼ਿੰਦਗੀ ਲੇਖਕਾਂ, ਸਾਹਿਤਕਾਰਾਂ ਤੇ ਅਨੁਵਾਦਕਾਂ ਦੇ ਦਾਇਰੇ ਵਿੱਚ ਹੀ ਗੁਜ਼ਰੀ ਹੈ, ਪਰ ਮੈਨੂੰ ਯਾਦ ਨਹੀਂ ਆਉਂਦਾ ਕਿ ਕਿਸੇ ਹੋਰ ਲੇਖਕ ਨੇ ਐਨੇ ਥੋੜ੍ਹੇ ਅਰਸੇ ਵਿੱਚ ਅਨੁਵਾਦ ਦਾ ਐਨਾ ਭਰਪੂਰ ਤੇ ਮਾਣਯੋਗ ਕੰਮ ਕੀਤਾ ਹੋਵੇ। ਅਨੁਵਾਦਕ ਸਾਡੇ ਕੋਲ ਬਥੇਰੇ ਹਨ, ਚੰਗੇ ਵੀ ਹਨ ਪਰੰਤੂ ਉਨ੍ਹਾਂ ਵਿਚੋਂ ਸਿਰੜੀ ਘੱਟ ਤੇ ਘੌਲੀ ਵਧੇਰੇ ਹਨ।

ਮੈਨੂੰ ਖੁਸ਼ੀ ਹੈ ਕਿ ਜਸਵਿੰਦਰ ਕੌਰ ਬਿੰਦਰਾ ਨੇ ਆਲੋਚਨਾ ਦੇ ਖੇਤਰ ਦੇ ਨਾਲ ਨਾਲ ਅਨੁਵਾਦ ਦੇ ਖੇਤਰ ਵਿੱਚ ਵੀ ਐਨੀ ਤਰੱਕੀ ਕੀਤੀ ਹੈ। ਇਹ ਖੁਸ਼ੀ ਇਸ ਲਈ ਵੀ ਦੂਣੀ ਲੱਗਦੀ ਹੈ ਕਿਉਂਕਿ ਉਸ ਦੀ ਸ਼ੁਰੂਆਤ ਨੈਸ਼ਨਲ ਬੁੱਕ ਟਰੱਸਟ ਵਲੋਂ ਹੋਈ। ਮਿਹਨਤੀ ਬੰਦੇ ਦੇ ਕੰਮ ਵਿੱਚ ਪਕਿਆਈ ਤੇ ਸੁਘੜਤਾ ਆਪੇ ਹੀ ਆ ਜਾਂਦੀ ਹੈ। ਜਸਵਿੰਦਰ ਬਿੰਦਰਾ ਬਹੁਤ ਮਿਹਨਤੀ, ਸਿਰੜੀ ਤੇ ਧੁੰਨ ਦੀ ਪੱਕੀ ਹੈ। ਹੱਥ ਵਿੱਚ ਲਏ ਕੰਮ ਲਈ ਕਦੇ ਆਲਸ ਜਾਂ ਘੌਲ ਨਹੀਂ ਕਰਦੀ। ਅੱਵਲ ਤਾਂ ਨਿਯਤ ਸਮੇਂ ਵਿੱਚ ਹੀ, ਨਹੀਂ ਤਾਂ ਕਈ ਵਾਰ ਉਸ ਤੋਂ ਵੀ ਪਹਿਲਾਂ ਉਹ ਆਪਣਾ ਕੰਮ ਤਿਆਰ ਕਰਕੇ ਦੇ ਦੇਂਦੀ ਹੈ। ਅਜੇ ਵੀ ਉਹ ਪਰੂਫ਼ ਵਿੱਚ ਆਪਣੀਆਂ ਗ਼ਲਤੀਆਂ ਦੇਖਣ ਤੇ ਉਨ੍ਹਾਂ ਦਾ ਸੁਧਾਰ ਕਰਨ ਪ੍ਰਤੀ ਚੇਤੰਨ ਨਜ਼ਰ ਆਉਂਦੀ ਹੈ।

ਅੱਜ ਕਲ੍ਹ ਹਿੰਦੀ ਦੀਆਂ ਅਨੇਕ ਪਤ੍ਰਿਕਾਵਾਂ ਜਿਵੇਂ ਵਾਗਾਰਥ, ਸਮਕਲੀਨ ਭਾਰਤੀ ਸਾਹਿਤ, ਪ੍ਰੇਰਣਾ, ਤੇ ਹੋਰ ਕਈਆਂ ਵਿੱਚ ਹਿੰਦੀ ਅਨੁਵਾਦ ਕਰ ਕੇ ਛਪ ਰਹੀ ਹੈ। ਪੰਜਾਬੀ ਦੀਆਂ ਤਕਰੀਬਨ ਸਾਰੀਆਂ ਹੀ ਸਾਹਿਤਕ ਪੱਤਰ-ਪਤ੍ਰਿਕਾਵਾਂ ਵਿੱਚ ਉਸ ਦੇ ਸਮੀਖਿਆਤਮਕ ਲੇਖਨ, ਰੀਵਿਊ ਆਦਿ ਛਪਦੇ ਹੀ ਰਹਿੰਦੇ ਹਨ।


ਉਸ ਦੇ ਵੱਡ ਆਕਾਰੀ ਅਨੁਵਾਦ ਕਾਰਜ ਲਈ ਉਸ ਨੂੰ 2005-2006 ਵਿੱਚ ਪੰਜਾਬੀ ਅਕਾਦਮੀ ਦਿੱਲੀ ਨੇ 'ਅਨੁਵਾਦ ਪੁਰਸਕਾਰ' ਨਾਲ ਸਨਮਾਨਿਤ ਵੀ ਕੀਤਾ। ਮੇਰੀ ਦਿੱਲੀ ਇੱਛਾ ਹੈ ਕਿ ਜਸਵਿੰਦਰ ਕੌਰ ਬਿੰਦਰਾ ਜਿਹੀਆਂ ਸਿਰੜੀ ਇਸਤਰੀਆਂ ਹੋਰ ਵੀ ਅੱਗੇ ਆਉਣ ਤੇ ਆਪਣੀ ਸਮਰਥਾ ਦਾ ਲੋਹਾ ਮੰਨਵਾਉਣ। ਆਖਿਰ ਸਿਰੜੀ ਤੇ ਮਿਹਤਨੀ ਬੰਦੇ ਦੀ ਲੋੜ ਕਿਥੇ ਨਹੀਂ ਹੁੰਦੀ?

*ਪਤਾ-Dr.Baldev Singh Baddan*
*(Chief Editor& Joint Director)*
*National Book Trest India*
*Plot No.5, Institutonal Area,Phase-II, VASANT KUNJ,*
*NEW DELHI-11007, Mob.9958831357*



# ਦਲਿਤ ਯਥਾਰਥ ਦਾ ਬਹੁਪਰਤੀ ਰੁਪਾਂਤਰਣ : ਨ੍ਹੇਰੇ ਦੇ ਵਾਸੀ

**ਡਾ. ਗੁਰਮੇਲ ਸਿੰਘ**




ਅਜੋਕੇ ਪੰਜਾਬੀ ਕਥਾ ਜਗਤ ਵਿਚ ਸਰੂਪ ਸਿਆਲਵੀ ਇਕ ਜਾਣਿਆ ਪਛਾਣਿਆ ਨਾਂ ਹੈ। ਪਿੰਡ ਅਜੇ ਜਿਉਂਦਾ ਹੈ (ਕਹਾਣੀ ਸੰਗ੍ਰਹਿ) ਯਾਦ ਕਰ ਉਸ ਵੇਲੇ ਨੂੰ (ਕਾਵਿ ਸੰਗ੍ਰਹਿ), ਰਾਹੀਂ ਉਸਦੀ ਇਹ ਪਛਾਣ ਹੋਰ ਗੂੜ੍ਹੀ ਹੁੰਦੀ ਹੈ। ਉਸ ਦੀ ਕਹਾਣੀ ਕਲਾ ਨਿਮਨ ਵਰਗ ਅਤੇ ਹਾਸ਼ੀਏ ਉਤੇ ਧੱਕੇ ਗਏ ਦਲਿਤ ਮਨੁੱਖ ਦੀ ਦੁਸ਼ਵਾਰੀਆਂ ਭਰੀ ਜ਼ਿੰਦਗੀ ਅਤੇ ਸਦੀਆਂ ਤੋਂ ਸੋਸ਼ਿਤ ਹੋਣ ਦੇ ਦੁਖਾਂਤ ਨੂੰ ਬਾਖੂਬੀ ਬਿਆਨ ਕਰਦੀ ਹੈ। ਉਸਦੇ ਕਹਾਣੀ ਸੰਗ੍ਰਿਹ 'ਨ੍ਹੇਰੇ ਦੇ ਵਾਸੀ' ਦੇ ਸੰਦਰਭ 'ਚ ਇਹ ਕਹਿਣਾ ਬਣਦਾ ਹੈ ਕਿ ਉਹ ਦਲਿਤ ਯਥਾਰਥ ਦਾ ਹੀ ਕਹਾਣੀਕਾਰ ਨਹੀਂ ਹੈ, ਸਗੋਂ ਦਲਿਤ ਰਾਜਨੀਤੀ, ਦਲਿਤ ਚੇਤਨਾ, ਦਲਿਤ ਇਤਿਹਾਸ ਅਤੇ ਇਸ ਦੇ ਭੂਤ, ਵਰਤਮਾਨ ਅਤੇ ਭਵਿੱਖੀ ਸਰੋਕਾਰਾਂ ਨੂੰ ਤਲਾਸ਼ਣ ਵਾਲਾ ਲੇਖਕ ਹੈ। ਉਸ ਕੋਲੇ ਦਲਿਤ ਲਹਿਰ ਦੇ ਰਾਜਸੀ ਇਤਿਹਾਸ ਦਾ ਅਨੁਭਾਵ ਵੀ ਹੈ ਅਤੇ ਦਲਿਤ ਹੋਣੀ ਦਾ ਜ਼ੁਲਮ ਤੇ ਸੰਤਾਪ ਸਹਿੰਦੇ ਮਨੁੱਖ ਦਾ ਦਰਦ ਵੀ ਹੈ। ਉਹ ਦਲਿਤ ਯਥਾਰਥ ਦੇ ਨਿੱਕੇ, ਨੰਨ੍ਹੇ ਵੇਰਵਿਆਂ ਤੱਕ ਨਹੀਂ ਸਿਮਟਦਾ ਸਗੋਂ ਉਸਦੇ ਕਥਾ ਬਿਰਤਾਂਤ ਅੰਦਰ ਇਹ ਵੇਰਵੇ ਇਤਿਹਾਸ, ਰਾਜਨੀਤੀ ਦੇ ਪ੍ਰਿਜ਼ਮ ਵਿਚੋਂ ਨਿਕਲ ਕੇ ਬਹੁਰੰਗੀ ਤਸਵੀਰ ਬਣਦੇ ਹਨ। ਜਿਸ ਵਿਚ ਦਲਿਤ ਸ਼ੋਸ਼ਣ ਅਤੇ ਜਬਰ ਜ਼ੁਲਮ ਦੇ ਅਨੇਕਾਂ ਚਿੱਤਰ ਆਪੋ ਆਪਣੀ ਵੱਖਰੀ ਹਸਤੀ ਰੱਖਦੇ ਹੋਏ ਇਕ ਲੰਮੀ ਅਮੁੱਕ ਕੜੀ ਦੇ ਰੂਪ ਵਿਚ ਜੁੜਦੇ ਦਿਖਾਈ ਦਿੰਦੇ ਹਨ। ਸਰੂਪ ਸਿਆਲਵੀ ਦਲਿਤ ਲਹਿਰ ਦਾ ਇਕ ਸਰਗਰਮ ਕਾਰਕੁੰਨ ਰਿਹਾ ਹੈ। ਇਸ ਕਰਕੇ ਉਸ ਨੂੰ ਦਲਿਤ ਰਾਜਨੀਤੀ ਤੇ ਦਲਿਤ ਸਮਾਜ ਦੀ ਯਥਾਰਥਕ ਸੂਝ ਹੈ। ਉਸਦੇ ਕਥਾ ਵਸਤੂ ਅੰਦਰ ਅਜਿਹੇ ਵੇਰਵੇ ਉਸਦੇ ਜੀਵਨ ਅਨੁਭਵ ਦਾ ਪ੍ਰਮਾਣ ਬਣਕੇ ਪੇਸ਼ ਹੁੰਦੇ ਹਨ। ਸਰੂਪ ਸਿਆਲਵੀ ਦਲਿਤ ਦੇ ਨਿਘਾਰ ਨੂੰ ਲੈ ਕੇ ਚਿੰਤਤ ਦਿਖਾਈ ਦਿੰਦਾ ਹੈ। ਇਹ ਚਿੰਤਾ ਇਸ ਕਰਕੇ ਵੀ ਹੈ ਕਿ ਜਿਸ ਪਾਰਟੀ ਨੇ ਨਾ ਮਾਤਰ ਸਾਧਨਾਂ ਦੇ ਰਾਹੀਂ ਸਦੀਆਂ ਤੋਂ ਦੱਬੇ ਤੇ ਨਪੀੜੇ ਗਏ ਵਰਗ ਨੂੰ ਜਾਗਰੂਕ ਕਰਕੇ ਉਨ੍ਹਾਂ ਨੂੰ ਸੰਘਰਸ਼ ਦੀ ਚੇਤਨਾ ਲਾਈ ਸੀ ਉਹ ਜੋਸ਼ ਹੁਣ ਕਿੱਧਰੇ ਵੀ ਵਿਖਾਈ ਨਹੀਂ ਦਿੰਦਾ।

ਸਰੂਪ ਸਿਆਲਵੀ ਦੀ ਕਹਾਣੀ ਕਲਾ ਦੀ ਵਿਲੱਖਣਤਾ ਇਹ ਹੈ ਕਿ ਉਸਨੇ ਪੁਆਧ ਦੇ ਇਲਾਕੇ ਦੇ ਦਲਿਤਾਂ ਦੇ ਜੀਵਨ ਨੂੰ ਬਾਖੂਬੀ ਚਿੱਤਰਿਆ ਹੈ। ਇਸ ਕਥਾ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਵਿਚ ਲੇਖਕ ਨੇ ਪੁਆਧ ਦੇ ਇਲਾਕੇ ਦੇ ਉਸ ਜੀਵਨ ਨੂੰ ਚਿੱਤਰਿਆ ਹੈ ਜਦੋਂ ਇਹ ਇਲਾਕਾ ਪੇਂਡੂ ਜੀਵਨ ਵਿਚ ਆਉਣ ਵਾਲੀ ਆਧੁਨਿਕ ਤਰੱਕੀ ਤੋਂ ਪਛੜਿਆ ਹੋਇਆ ਸੀ। ਦਲਿਤਾਂ ਦੀਆਂ ਕੱਚੀਆਂ ਬਸਤੀਆਂ ਵਿਚ ਚਿੱਕੜ ਭਰੀਆਂ ਗਲੀਆਂ ਤੇ ਜੱਟਾਂ ਜ਼ਿਮੀਦਾਰਾਂ ਦੇ ਸੀਰ ਕਮਾਉਂਦੇ ਲੋਕਾਂ ਦੀ ਤੰਗ ਦਸਤੀ ਦੇ ਅਨੇਕਾਂ ਚਿੱਤਰ ਇਨ੍ਹਾਂ ਕਹਾਣੀਆਂ ਵਿਚ ਸਾਕਾਰ ਹੁੰਦੇ ਹਨ। ਜ਼ਿਮੀਦਾਰਾਂ ਵੱਲੋਂ ਕੰਮ ਦੇ ਜ਼ੋਰ ਵੇਲੇ ਦਲਿਤ ਬਸਤੀਆਂ ਵਿਚੋਂ ਕਾਮਿਆਂ ਦੀ ਭਾਲ ਕਰਨੀ ਤੇ ਖੇਤਾਂ ਵਿਚ ਘਾਹ ਖੋਤਦੀਆਂ, ਗੁਡਾਈ ਕਰਦੀਆਂ, ਗੰਨੇ ਘੜਦੀਆਂ, ਡੰਗਰ ਬੱਛਾ ਸਾਂਭਦੇ ਕਾਮਿਆਂ ਦੇ ਵੇਰਵੇ ਇਕ ਪਾਸੇ ਪੰਜਾਬ ਦੇ ਖੇਤੀ ਅਰਥਚਾਰੇ ਅੰਦਰ ਪ੍ਰਗਤੀ ਦੀ ਰੌਂਅ ਦਾ ਦਸਤਾਵੇਜ਼ ਬਣਦੇ ਦਿਖਾਈ ਦਿੰਦੇ ਹਨ, ਪਰ ਇਸ ਵਿਚ ਸਮਾਜਿਕ ਤ੍ਰਿਸਕਾਰ ਦੀ ਮਾਰ ਸਹਿੰਦੇ, ਤੰਗੀ ਤੁਰਸ਼ੀ ਦੀ ਜ਼ਿੰਦਗੀ ਬਤੀਤ ਕਰਦੇ ਦਲਿਤ ਲੋਕਾਂ ਦੀ

ਬਦਹਾਲੀ ਦਾ ਸੱਚ ਸ਼ਾਮਲ ਹੈ। ਖੇਤੀ ਅਰਥਚਾਰੇ ਦੇ ਅੰਦਰ ਇਸ ਨਵੀਂ ਰੌਂਅ ਦੇ ਸਮਾਨਾਂਤਰ ਜਦੋਂ ਦਲਿਤ ਕਿੱਤਾ ਪ੍ਰਬੰਧ ਉਦਯੋਗ ਵਿਚ ਤਬਦੀਲ ਹੋਣ ਦੇ ਰਾਹ ਪੈਂਦਾ ਹੈ ਤਾਂ ਉਦਯੋਗਿਕ ਕਿਰਤੀ ਬਣਕੇ ਦਲਿਤਾਂ ਦੀ ਇਕ ਧਿਰ ਆਪਣੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਜੀਣ ਜੋਗਾ ਕਰ ਲੈਂਦੀ ਹੈ, ਪਰ ਚਮੜਾ ਰੰਗਣ ਕਾਰਨ ਕਾਲੇ ਹੋਏ ਨੌਹਾਂ ਦੀ ਪਹਿਚਾਣ ਉਸਦੀ ਦੀ ਹੋਣੀ ਨੂੰ ਮੁੜ-ਮੁੜ ਸੁਰਜੀਤ ਕਰਦੀ ਹੋਈ ਦਲਿਤ ਹੋਂਦ ਤੇ ਹਸਤੀ ਦੇ ਤਣਾਓ ਦਾ ਕਾਰਨ ਬਣੀ ਰਹਿੰਦੀ ਹੈ।

**'ਬਲੀ ਦੇ ਬੱਕਰੇ'** ਕਹਾਣੀ ਦਲਿਤ ਦਾਸਤਾਂ ਤੇ ਦਲਿਤ ਉਭਾਰ ਦੀ ਇਕ ਰੌਚਕ ਝਾਕੀ ਪ੍ਰਸਤੂਤ ਕਰਦੀ ਹੈ। ਕਹਾਣੀ ਵਿਚ ਦਲਿਤ ਜੀਵਨ ਅਤੇ ਦਲਿਤ ਵਿਸ਼ਵਾਸ਼/ਮਾਨਤਾਵਾਂ ਦੇ ਕੁਝ ਇਕ ਅਜਿਹੇ ਦ੍ਰਿਸ਼ ਪੇਸ਼ ਹੋਏ ਹਨ, ਜਿਨ੍ਹਾਂ ਨਾਲ ਕਥਾ ਦੀ ਰੌਚਕਤਾ 'ਚ ਵਾਧਾ ਵੀ ਹੋਇਆ ਤੇ ਦਲਿਤ ਜੀਵਨ ਦੇ ਇਤਿਹਾਸਕ ਦਸਤਾਵੇਜ ਦੀ ਉਸਾਰੀ ਵੀ ਹੋਈ ਹੈ। **'ਬਲੀ ਦੇ ਬੱਕਰੇ'** ਕਹਾਣੀ ਦਾ ਸਿਰਲੇਖ ਬਹੁ ਪਰਤੀ ਹੈ। ਪਹਿਲੀ ਪਰਤ ਇਹ ਕਿ ਕਾਂਸ਼ੀ ਰਾਮ ਨੇ ਦਲਿਤ ਚੇਤਨਾ ਦੀ ਲਹਿਰ ਉਸਾਰਨ ਲਈ ਆਪਣੇ ਕੇਡਰ ਨੂੰ ਬਲੀ ਦੇ ਬੱਕਰੇ ਬਣਨ ਲਈ ਤਿਆਰ ਕੀਤਾ ਸੀ। ਦੂਜੀ ਪਰਤ ਇਹ ਕਿ ਦਲਿਤ ਲੋਕਾਂ ਦਾ ਹਮੇਸ਼ਾਂ ਇਹ ਦੁਖਾਂਤ ਰਿਹਾ ਹੈ ਕਿ ਜਗੀਰਦਾਰ ਤੇ ਸਰਮਾਏਦਾਰ ਧਿਰ ਉਸ ਨੂੰ ਆਪਣੇ ਹਿੱਤ ਲਈ ਬਲੀ ਦਾ ਬੱਕਰਾ ਬਣਾਉਂਦੀ ਆ ਰਹੀ ਹੈ। ਤੀਜੀ ਨਵੀਂ ਪਰਤ ਦੇ ਰੂਪ ਵਿਚ ਜੋ ਇਸ਼ਾਰਾ ਇਸ ਕਹਾਣੀ 'ਚ ਮਿਲਦਾ ਹੈ ਉਹ ਇਹ ਹੈ ਕਿ ਪੰਜਾਬ ਵਿਚਲੇ ਧਾਰਮਿਕ ਜਨੂੰਨੀ ਵਰਤਾਰੇ ਤੇ ਸਰਮਾਏਦਾਰੀ ਤੰਤਰ ਦਾ ਡੂੰਘਾ ਗਠਜੋੜ ਹੋਣ ਕਾਰਨ ਪਿਛਲੇ ਸਮੇਂ ਵਿਚ ਦਲਿਤ ਹੋਂਦ ਨੂੰ ਖਤਮ ਕਰ ਦੇਣ ਦਾ ਇਕ ਨਵਾਂ ਸੱਚ ਸਾਹਮਣੇ ਆਉਂਦਾ ਹੈ। ਜਿਵੇਂ ਇਸ ਕਹਾਣੀ ਵਿਚ ਖੜਕੂਆਂ ਹੱਥੋਂ ਉਹੀ ਬੰਦੇ ਮਾਰੇ ਜਾਂਦੇ ਹਨ ਜਿਹੜੇ ਦਲਿਤ ਲਹਿਰ ਦੇ ਸਰਗਰਮ ਕਾਰਕੁੰਨ ਰਹੇ ਸਨ। ਇੰਝ ਲੇਖਕ ਨੇ ਇਸ ਕਥਾ ਵੇਰਵੇ ਰਾਹੀਂ ਦਲਿਤ ਵਿਰੋਧ ਦੇ ਇਕ ਨਵੇਂ ਪ੍ਰਸਾਰ ਤੋਂ ਪਰਦਾ ਲਾਹ ਕੇ ਪੰਜਾਬ ਦੀ ਆਖੌਤੀ ਖਾੜਕੂ ਲਹਿਰ ਨੂੰ ਕਾਟੇ ਹੇਠ ਲਿਆਂਦਾ ਹੈ।

**'ਨ੍ਹੇਰੇ ਦੇ ਵਾਸੀ-1'** ਕਹਾਣੀ ਦਲਿਤ ਪਾਤਰ ਨੰਦੂ ਦੁਆਰਾ ਚਮੜਾ ਰੰਗਣ ਕਾਰਨ ਹੋ ਚੁੱਕੇ ਕਾਲੇ ਨਹੁੰਆਂ ਦੇ ਕਥਾ ਬਿਰਤਾਂਤ ਅੰਦਰ ਫੈਲਦੀ ਹੈ। ਇਹ ਕਹਾਣੀ ਜਿੱਥੇ ਦਲਿਤ ਕਿੱਤਾ ਪ੍ਰਬੰਧ ਵਿਚ ਨਿਹਿਤ ਹੀਣ-ਭਾਵਨਾ ਦੇ ਸੰਤਾਪ ਨੂੰ ਸਾਕਾਰ ਕਰਦੀ ਹੈ ਉਥੇ ਸਰਮਾਏਦਾਰੀ ਪ੍ਰਬੰਧ ਅੰਦਰ ਦਲਿਤਾਂ ਦੀ ਆਰਥਿਕ ਉੱਨਤੀ ਅੰਦਰਲੀ ਲੁਪਤ ਉਸ ਵੇਦਨਾ ਨੂੰ ਚਿੰਨ੍ਹਤ ਕਰਦੀ ਹੈ ਜਿੱਥੇ ਉਹ ਆਪਣਿਆਂ ਹੀ ਪੁਰਖਿਆਂ ਕੋਲੋਂ ਘਿਣ ਕਰਨ ਲੱਗ ਪੈਂਦਾ ਹੈ। ਇਸ ਕਹਾਣੀ ਵਿਚ ਮੋਰ ਦੀ ਚਮਕੀਲੀ ਚੁੰਝ ਤੇ ਭੱਦੇ ਪੈਰਾਂ ਦੀ ਲੋਕ ਕਥਾ ਰਾਹੀਂ ਕਥਾਕਾਰ ਨੇ ਡੂੰਘੇ ਭਾਵ ਅਰਥਾਂ ਦਾ ਸੰਚਾਰ ਕੀਤਾ ਹੈ। ਕਹਾਣੀ ਦੇ ਆਖਰ ਵਿਚ ਨੰਦੂ ਦੇ ਇਹ ਬੋਲ ਕਿ ਜਦੋਂ ਤੱਕ ਗੁਟਾਰ ਮੋਰ ਦੇ ਸੁੰਦਰ ਪੈਰ ਵਾਪਸ ਨਹੀਂ ਕਰਦੀ ਉਦੋਂ ਤੱਕ ਉਸਦੇ ਕਾਲੇ ਹੋਏ ਨਹੁੰ ਸਾਫ ਨਹੀਂ ਹੋ ਸਕਦੇ। ਰਾਹੀਂ ਇਸ ਨੁਕਤੇ 'ਤੇ ਨਜ਼ਰਸਾਨੀ ਕੀਤੀ ਹੈ ਕਿ ਵਿਕਾਸ ਦੀ ਬੁਨਿਆਦੀ ਸ਼ਕਤੀ, ਕਿਰਤ ਨੂੰ ਬ੍ਰਾਹਮਣੀ ਸੋਚ ਨੇ ਦਰਜੇਬੰਦੀ ਵਿਚ ਵੰਡ ਕੇ ਇਕ ਧਿਰ ਦੀ ਕਿਰਤ ਨੂੰ ਅਸਲੋਂ ਨਾਂਹਮੁਖੀ, ਮਲੀਨ ਤੇ ਪਲੀਤ ਹੋਣ ਦਾ ਫਤਵਾ ਦੇ ਦਿੱਤਾ ਹੈ ਤੇ ਦੂਜੀ ਧਿਰ ਦੀ ਕਿਰਤ ਉਤਮ, ਲੋਕ-ਪਾਲਕ ਅਤੇ ਗੈਰਤਮੰਦ ਬਣਾ ਦਿੱਤਾ ਹੈ। ਦਲਿਤ ਮਨੁੱਖ ਅਜਿਹੀ ਸਥਿਤੀ ਵਿਚ ਆਪਣੀ ਕਿਰਤ ਉਤੇ ਕਿਵੇਂ ਮਾਣ ਕਰ ਸਕਦਾ ਹੈ ਸਗੋਂ ਮੋਰ ਵਾਂਗ ਜਦੋਂ ਉਹ ਆਪਣੇ ਪੈਰਾਂ ਭਾਵ ਆਪਣੀ ਸਮਾਜਿਕ ਹੋਂਦ ਨੂੰ ਦੇਖਦਾ ਹੈ ਤਾਂ ਉਸਦੇ ਪੱਲੇ ਤਣਾਓ ਤੇ ਹੀਣਭਾਵਨਾ ਹੀ ਪੈਂਦੀ ਹੈ। ਜਿਵੇਂ ਇਸ ਕਹਾਣੀ ਦਾ ਪਾਤਰ ਨੰਦੂ ਆਪਣੇ ਪੋਤੇ ਪੋਤੀਆਂ ਕੋਲੋਂ ਆਪਣੇ ਕਾਲੇ ਨਹੁੰ ਛੁਪਾ ਕੇ ਰੱਖਦਾ ਹੈ।

**'ਨ੍ਹੇਰੇ ਦੇ ਵਾਸੀ-2 '** ਇਹ ਕਹਾਣੀ ਨੰਬਰ-1 ਦਾ ਵਿਸਤਾਰ ਵੀ ਹੈ ਤੇ ਉਸ ਤੋਂ ਵੱਖਰੀ ਹੋਂਦ ਵੀ ਰੱਖਦੀ ਹੈ। ਲੇਖਕ ਨੇ ਕਥਾਕਾਰੀ ਦੇ ਇਸ ਤਜ਼ਰਬੇ ਨੂੰ ਬਾਖੂਬੀ ਨਿਭਾਇਆ ਹੈ। ਇਸ ਕਥਾ ਰਾਹੀਂ ਕਥਾਕਾਰ ਨੇ ਜਾਤੀ ਸੰਕਟ ਨੂੰ ਇਕ ਲੰਮੇ ਅੰਤਰਾਲ ਵਿਚ ਰੱਖ ਕੇ ਆਧੁਨਿਕ ਸਰਮਾਏਦਾਰੀ ਯੁੱਗ ਵਿਚ ਇਸ ਦੇ



ਵਿਕਰਾਲ ਰੂਪ ਨੂੰ ਸਾਕਾਰ ਕੀਤਾ ਹੈ। ਇਹ ਕਹਾਣੀ ਜਿੱਥੇ ਸਰਮਾਏਦਾਰੀ ਸਬੰਧਾਂ ਕਾਰਨ ਜਾਤੀ ਸੰਸਕਾਰਾਂ ਦੀ ਟੁੱਟ ਭੱਜ ਨੂੰ ਦਿਖਾਉਂਦੀ ਹੈ ਉਥੇ ਅਜਿਹੇ ਸਬੰਧਾਂ ਅੰਦਰਲੇ ਅੰਤਰ-ਵਿਰੋਧਾਂ ਨੂੰ ਵੀ ਨਸ਼ਰ ਕਰਦੀ ਹੈ। ਮਸਲਾ ਇਹ ਹੈ ਕਿ ਭਾਰਤੀ ਸਮਾਜ ਵਿਚ ਜਾਤੀ ਸੰਸਕਾਰ ਅਰਧ-ਜਗੀਰੂ ਮਾਨਸਿਕਤਾ ਦਾ ਚੇਤ-ਅਚੇਤ ਹਿੱਸਾ ਬਣਿਆ ਆ ਰਿਹਾ ਹੈ। ਮੌਕਾ ਮਿਲਣ 'ਤੇ ਇਸਦਾ ਖੂਨੀ ਚਿਹਰਾ ਦਿੱਸਣ ਲੱਗ ਪੈਂਦਾ ਹੈ। ਲੇਖਕ ਨੇ ਉਸ ਮੁੱਦੇ ਨੂੰ ਸਵਾਲੀਆ ਚਿੰਨ੍ਹ ਬਣਾ ਕੇ ਪੇਸ਼ ਕੀਤਾ ਹੈ ਜਿਸ ਵਿਚ ਸਧਾਰਨ ਸੋਚ ਵਿਚ ਪਹੁੰਚ ਬਣਾ ਲੈਂਦੀ ਹੈ ਕਿ ਜਾਤੀ ਸੰਸਕਾਰ ਬੀਤੇ ਯੁੱਗ ਦੀਆਂ ਗੱਲਾਂ ਹਨ ਤੇ ਸਰਮਾਏਦਾਰੀ ਸਬੰਧਾਂ ਅੰਦਰ ਇਸਦੀ ਕੋਈ ਹੋਂਦ ਨਹੀਂ ਹੈ? ਇਸ ਕਹਾਣੀ ਦੀ ਪੀੜਤ ਪਾਤਰ ਅੰਤ ਵਿਚ ਰਵੀਦਾਸ ਟੈਂਪਲ ਵਿਚ ਆਪਣੀ ਠਾਹਰ ਭਾਲਦੀ ਹੈ। ਇਸ ਕਥਾ ਵੇਰਵੇ ਰਾਹੀਂ ਸਰੂਪ ਸਿਆਲਵੀ ਦਲਿਤ ਹੋਂਦ ਤੇ ਦਲਿਤ ਰਾਜਨੀਤੀ ਦੇ ਇਕ ਭਖਵੇਂ ਮੁੱਦੇ ਨੂੰ ਖੜ੍ਹਾ ਕਰ ਦਿੰਦਾ ਹੈ। ਕਿਉਂਕਿ ਦਲਿਤ ਸੰਕਟ ਦਾ ਸਮਾਧਾਨ ਬਰਾਦਰੀ ਸੰਬੰਧਾਂ ਵਿਚੋਂ ਵਿਖਾਕੇ ਲੇਖਕ ਨੇ ਆਰਥਿਕਤਾ ਨੂੰ ਸਮਾਜਿਕ ਰਿਸ਼ਤਿਆਂ ਦੀ ਬੁਨਿਆਦੀ ਚੂਲ ਮੰਨਣ ਵਾਲੇ ਸਿਧਾਂਤ ਦੇ ਅੱਗੇ ਪ੍ਰਸ਼ਨ ਚਿੰਨ੍ਹ ਲਾ ਕੇ ਸੰਵਾਦ ਦੀ ਸਥਿਤੀ ਪੈਦਾ ਕੀਤੀ ਹੈ।

ਇਵੇਂ ਹੀ ਕਥਾਕਾਰ ਦਰਜਾ ਚਾਰ ਕਰਮਚਾਰੀਆਂ ਦੇ ਸਮਾਜਿਕ ਸ਼ੋਸ਼ਣ ਦਾ ਮਸਲਾ 'ਸੀਨੀਆਰਟੀ' ਕਹਾਣੀ ਰਾਹੀਂ ਉਠਾਉਂਦਾ ਹੈ। ਇਸ ਕਹਾਣੀ ਦਾ ਮਸਲਾ ਇਹ ਹੈ ਕਿ ਭਾਵੇਂ ਕਾਨੂੰਨ ਮੁਤਾਬਕ ਸਮਾਜ ਦਾ ਹਰ ਨਾਗਰਿਕ ਇਕ ਬਰਾਬਰ ਹੈ। ਪਰ ਲੋਕਾਂ ਦੇ ਜ਼ਿਹਨ ਵਿਚ ਜਾਤੀ ਦਰਜੇਬੰਦੀ ਦੀ ਪਾਣ ਐਸੀ ਚੜੀ ਹੋਈ ਹੈ ਕਿ ਉਹ ਅਚੇਤ-ਸੁਚੇਤ ਇਸ ਨੂੰ ਸਮਾਜਿਕ ਵਿਹਾਰ ਦੀ ਲਾਜ਼ਮੀ ਕੜੀ ਮੰਨੀ ਤੁਰੇ ਜਾਂਦੇ ਹਨ। ਜਿਵੇਂ ਇਸ ਕਹਾਣੀ 'ਚ ਪਿਆਰਾ ਸਿੰਘ ਪੀਅਨ ਤੇ ਹਜ਼ਾਰਾ ਸਿੰਘ ਸਫਾਈ ਸੇਵਕ ਨੂੰ ਸੀਨੀਆਰਟੀ ਦੇ ਬਾਵਜੂਦ ਕਲਾਸ ਦੀ ਗਰੁੱਪ ਫੋਟੋ ਖਿਚਵਾਉਂਦਿਆਂ ਵਿਦਿਆਰਥੀਆਂ ਨਾਲ ਪਿੱਛੇ ਖੜ੍ਹੇ ਹੋਣਾ ਪੈਂਦਾ ਹੈ। ਇਸ ਦ੍ਰਿਸ਼ ਨੂੰ ਲੇਖਕ ਬਾਖੂਬੀ ਚਿੱਤਰਦਾ ਹੈ ਤੇ ਸਥਿਤੀ ਦਾ ਤਿੱਖਾਪਣ ਉਦੋਂ ਬਣਾਉਂਦਾ ਹੈ ਜਦੋਂ ਇਨ੍ਹਾਂ ਨਾਲ ਖੜ੍ਹੇ ਉਨ੍ਹਾਂ ਦੇ ਬੱਚਿਆਂ ਨੂੰ ਬਾਕੀ ਵਿਦਿਆਰਥੀ ਮਾਖੌਲ/ਟਿੱਚਰਾਂ ਕਰਨ ਲੱਗਦੇ ਹਨ। ਇੰਝ ਕਹਾਣੀਕਾਰ ਨੇ ਦਲਿਤ ਮਨੁੱਖ ਦੇ ਬਾਹਰਮੁਖੀ ਦਮਨ ਨੂੰ ਕੇਂਦਰਿਤ ਕਰਨ ਨਾਲੋਂ ਉਨ੍ਹਾਂ ਦੇ ਜ਼ਿਹਨ 'ਚ ਰਿੱਝਦੇ ਅਪਰਾਧ ਬੋਧ ਨੂੰ ਦਿਖਾਇਆ ਹੈ। ਜਿਸ ਦੀ ਮਾਰ ਪੀੜ੍ਹੀ ਦਰ ਪੀੜ੍ਹੀ ਕਾਰਜਸ਼ੀਲ ਰਹਿੰਦੀ ਹੈ। ਦੂਜੇ ਪਾਸੇ ਉਸ ਸਵਰਨ ਧਿਰ ਦੀ ਜ਼ਿਹਨੀ ਗੁਲਾਮੀ ਦਾ ਸੱਚ ਵੀ ਸਾਹਮਣੇ ਆਉਂਦਾ ਹੈ ਜਿਹੜੀ ਆਪਣੇ ਨਿੱਜੀ ਸਵਾਰਥਾਂ ਜਾਂ ਕਾਰਜ ਸਿੱਧੀ ਲਈ ਦਲਿਤ ਵਿਤਕਰੇ ਨੂੰ ਪਾਸੇ ਕਰ ਦਿੰਦੀ ਹੈ ਪਰ ਵਿਹਾਰਕ ਜੀਵਨ ਵਿਚ ਇਸਦੀਆਂ ਹੱਦਾਂ ਪਾਰ ਕਰਨਾ ਉਹ ਗਵਾਰਾ ਨਹੀਂ ਸਮਝਦੀ।

'ਉਹ ਪਰੀ ਕੌਣ ਹੈ...?' ਕਹਾਣੀ ਦੇਵ ਲੋਕ ਤੇ ਮਾਤ ਲੋਕ ਦੇ ਪਿਆਰ ਸਬੰਧਾਂ ਦੇ ਦਵੰਦ ਨੂੰ ਰੁਮਾਂਚਿਕ ਕਥਾ ਸ਼ੈਲੀ ਰਾਹੀਂ ਪ੍ਰਸਤੁਤ ਕਰਦੀ ਹੈ। ਇਸ ਕਥਾ ਵਿਚ ਲਿੱਲੀ ਤੇ ਸੁੰਗ ਵਿਛੜੇ ਭੈਣ ਭਰਾ ਹਨ ਜਿਹੜੇ ਅਣਜਾਣੇ ਵਿਚ ਪਿਆਰ ਸਬੰਧਾਂ ਵਿਚ ਬੱਝਕੇ ਪਤੀ ਪਤਨੀ ਬਣ ਜਾਂਦੇ ਹਨ। ਜਦਕਿ ਦੇਵ ਲੋਕ ਦੇ ਯਮ ਤੇ ਯਮਨੀ ਵੀ ਭੈਣ ਭਰਾ ਹਨ, ਪਰ ਉਹ ਇਕ ਦੂਜੇ ਨੂੰ ਕਾਮਨਾ ਵੱਸ ਚਾਹੁੰਣ ਲੱਗਦੇ ਹਨ। ਯਮ ਦੀਆਂ ਨਜ਼ਰਾਂ ਵਿਚ ਆਪਣੀ ਭੈਣ ਪ੍ਰਤੀ ਕਾਮ ਭਾਵ ਤਾਂ ਹਨ, ਪਰ ਉਹ ਦੇਵ ਮਰਿਯਾਦਾ ਵਿਚ ਬੱਝ ਕੇ ਰਹਿਣਾ ਚਾਹੁੰਦਾ ਹੈ। ਯਮਨੀ ਦੀ ਇਸ ਕਾਮਨਾ ਨੂੰ ਯਮ ਅਵੱਗਿਆ ਕਹਿ ਕੇ ਠੁਕਰਾ ਦਿੰਦਾ ਹੈ। ਜਿਸ ਕਰਕੇ ਯਮਨੀ ਯਮ ਨੂੰ ਸਦਾ ਲਈ ਕਿਸੇ ਨਾਲ ਵੀ ਰਿਸ਼ਤਾ ਨਾ ਬਣਾਉਣ ਦਾ ਸਰਾਪ ਦੇ ਦਿੰਦੀ ਹੈ। ਪਰ ਉਹ ਇਕ ਸ਼ਰਤ ਇਹ ਵੀ ਰੱਖ ਦਿੰਦੀ ਹੈ ਕਿ ਮਾਤ ਲੋਕ ਵਿਚ ਜਦੋਂ ਵੀ ਪਿਆਰ ਰੱਤੇ ਭੈਣ-ਭਰਾ ਆਪਸ ਵਿਚ ਸਬੰਧ ਬਣਾਉਣਗੇ ਤਾਂ ਉਸ ਨੂੰ ਵੀ ਉਹੋ ਜਿਹਾ ਰਿਸ਼ਤਾ ਬਣਾਉਣਾ ਪਵੇਗਾ। ਮਾਤ ਲੋਕ ਵਿਚ ਭਰਮਣ ਕਰਦਿਆਂ ਇਕ ਦਿਨ ਲਿੱਲੀ ਤੇ ਸੁੰਗ ਦੇ ਕਾਮ ਰੱਤੇ ਰਿਸ਼ਤੇ ਨੂੰ ਵੇਖ ਕੇ ਯਮਨੀ ਕਾਮਾਹਿਤ ਹੋ ਉਠਦੀ ਹੈ। ਕੁਝ ਅਰਸੇ ਬਾਅਦ ਜਦੋਂ ਲਿੱਲੀ ਨੂੰ ਆਪਣੇ ਤੇ ਸੁੰਗ ਦੇ ਅਸਲ ਰਿਸ਼ਤੇ ਦਾ ਪਤਾ ਲਗਦਾ ਹੈ ਤਾਂ ਉਹ ਵਿਚਲਿਤ ਹੋ ਉੱਠਦੀ ਹੈ। ਅਨੈਤਿਕਤਾ ਦਾ ਬੋਧ ਉਸ ਨੂੰ ਮਨੋਰੋਗੀ ਬਣਾ ਦਿੰਦਾ ਹੈ। ਇੰਝ ਇਹ

ਕਹਾਣੀ ਬਹੁਪਰਤੀ ਬਣਦੀ ਹੈ। ਇਸ 'ਚ ਜਿੱਥੇ ਇਕ ਪਾਸੇ ਪਿਆਰ ਸਬੰਧਾਂ ਦੀ ਮਰਿਯਾਦਾ ਨੂੰ ਲੈ ਕੇ ਸੰਸਕ੍ਰਿਤ ਮੁੱਲ ਅਤੇ ਮਾਨਵੀ ਅਕਾਂਖਿਆ ਵਿਚਾਲੇ ਟਕਰਾਅ ਨੂੰ ਦਰਸਾਇਆ ਗਿਆ ਹੈ। ਉਥੇ ਦੂਜੇ ਪਾਸੇ ਦੇਵ ਲੋਕ ਦੀ ਮਰਿਆਦਾ ਪਿੱਛੇ ਕਾਰਜ਼ਸ਼ੀਲ ਬ੍ਰਾਹਮਣਵਾਦੀ ਪਹੁੰਚ 'ਤੇ ਸੂਖਮ ਰੂਪ 'ਚ ਵਿਅੰਗ ਕੀਤਾ ਹੈ। ਪਿਆਰ ਦੇ ਕੁਦਰਤੀ ਵਰਤਾਰੇ ਅਤੇ ਹਮਉਮਰੇ ਸਾਥੀ ਦੀ ਕਾਮਨਾ ਦੇ ਮਨੁੱਖੀ ਵਿਧਾਨ ਦੇ ਉਲਟ ਦੇਵ ਲੋਕ ਦਾ ਵਿਧਾਨ ਦੇ ਬੇਜੋੜ ਕਾਮ ਸਬੰਧਾਂ ਦੀ ਬਹਾਲੀ ਨੂੰ ਅਧਿਆਤਮਕ ਰੰਗਤ ਦੇ ਕੇ ਮਨੁੱਖੀ ਜੀਵਨ ਅਕਾਂਖਿਆ ਉਤੇ ਵੱਡਾ ਡਾਕਾ ਮਾਰਦਾ ਹੈ। ਕਿਉਂਕਿ ਦੇਵ ਲੋਕ ਦੀ ਮਰਿਆਦਾ ਔਰਤ ਮਰਦ ਦੇ ਬੁਨਿਆਦੀ ਪਿਆਰ ਸਬੰਧਾਂ ਦੀ ਸੁਤੰਤਰਤਾ ਦੇ ਕਦੇ ਵੀ ਹੱਕ 'ਚ ਨਹੀਂ ਰਹੀ। ਇਸੇ ਕਰਕੇ ਯਮ ਤੇ ਯਮਨੀ ਪਿਆਰ ਸਬੰਧਾਂ ਦੀ ਸੁਤੰਤਰਤਾ ਦਾ ਅਨੰਦ ਮਾਤ ਲੋਕ 'ਚ ਆ ਕੇ ਹੀ ਮਾਣਨਾ ਚਾਹੁੰਦੇ ਹਨ। ਇਸ ਕਹਾਣੀ ਦੀ ਅਗਲੀ ਮਹੱਤਵਪੂਰਨ ਕੜੀ ਯੁੱਧ ਦੀ ਤ੍ਰਾਸਦੀ ਤੇ ਇਸ ਦੀ ਭਿਅੰਕਰ ਤਬਾਹੀ ਦੇ ਨਤੀਜੇ ਨੂੰ ਬੜੇ ਸੂਖਮ ਢੰਗ ਨਾਲ ਪੇਸ਼ ਕਰਦੀ ਹੈ। ਲੇਖਕ ਦੀ ਇਹ ਖੂਬੀ ਹੈ ਕਿ ਉਹ ਜੰਗ ਦੇ ਦ੍ਰਿਸ਼ ਨੂੰ ਚਿਤਰਪਟ ਤੇ ਨਹੀਂ ਲਿਆਉਂਦਾ ਸਗੋਂ ਉਹ ਇਸਦਾ ਵਿਕਰਾਲ ਰੂਪ ਦਿਖਾਉਂਦਾ ਹੈ ਜਿਸ ਨੇ ਸਮਾਜਕ ਉਥਲ ਪੁੱਥਲ ਲਿਆ ਕੇ ਭੈਣ-ਭਰਾ ਨੂੰ ਵੀ ਬੇਪਛਾਣ ਬਣਾ ਦਿੱਤਾ। ਜੰਗ ਦਾ ਖੌਫ ਜਿਸ ਵਿਚ ਉਸ ਦੀਆਂ ਭੈਣਾਂ ਨਾਲ ਬਲਾਤਕਾਰ, ਜਬਰ ਜ਼ੁਲਮ ਦੇ ਦ੍ਰਿਸ਼ ਲਿੱਲੀ ਨੂੰ ਮਨੋਰੋਗੀ ਬਣਾ ਦਿੰਦੇ ਹਨ। ਇਸ ਖੌਫ ਦੀ ਇੰਤਹਾ ਉਦੋਂ ਹੁੰਦੀ ਹੈ ਜਦੋਂ ਲਿੱਲੀ ਆਪਣੇ ਪਿਆਰੇ ਸੁੰਗ ਨੂੰ ਵੀ ਉਨ੍ਹਾਂ ਫੌਜੀਆਂ ਵਰਗਾ ਹੀ ਜਾਣਨ ਲੱਗ ਜਾਂਦੀ ਹੈ ਜਿਨ੍ਹਾਂ ਨੇ ਉਸ ਦੀਆਂ ਭੈਣਾਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਦੀਆਂ ਛਾਤੀਆਂ ਕੱਟ ਕੇ ਕਤਲ ਕਰ ਦਿੱਤਾ ਸੀ। ਇਹ ਕਹਾਣੀ ਜਿੱਥੇ ਸੰਸਕ੍ਰਿਤਕ ਮੁੱਲਾਂ ਅਤੇ ਮਨੁੱਖੀ ਚਾਹਤ ਵਿਚਲੇ ਦਵੰਦ ਨੂੰ ਪ੍ਰਸਤੁਤ ਕਰਦੀ ਹੈ ਉਥੇ ਜੰਗ ਦੀ ਭਿਆਨਕਤਾ ਦਾ ਬਿੰਬ ਵੀ ਸਾਕਾਰ ਕਰਦੀ ਹੈ। ਸਭ ਤੋਂ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਕਹਾਣੀ ਵਿਚ ਲੇਖਕ ਨੇ ਕਹਾਣੀ ਦੀ ਰਹੱਸਮਈ ਤੇ ਰੌਮਾਂਚਿਕ ਸੰਰਚਨਾ ਨੂੰ ਬਰਕਰਾਰ ਰੱਖਿਆ ਹੈ। ਕਹਾਣੀ ਵਿਚ ਵਿਚਾਰਾਂ ਤੇ ਮਸਲਿਆਂ ਦਾ ਪਲੜਾ ਵਜ਼ਨਦਾਰ ਨਹੀਂ ਬਣਦਾ। ਕਥਾ ਸੈਲੀ ਦੇ ਰੌਮਾਂਚਿਤ ਕਲਾਵੇ ਵਿਚ, ਪਰਾ ਸਮਾਜਿਕ ਪਹਿਲੂ ਵੀ ਪ੍ਰਸੰਗਿਕ ਬਣੇ ਰਹਿੰਦੇ ਹਨ।

**'ਇਕ ਬੇਦਾਵਾ ਹੋਰ'** ਕਹਾਣੀ ਦਲਿਤ ਸੰਘਰਸ਼ ਦੇ ਉਸ ਦੌਰ (1981-1990) ਦਾ ਗਲਪੀ ਬਿਰਤਾਂਤ ਉਸਾਰਦੀ ਹੈ ਜਿਸ ਵੇਲੇ ਬਾਮਸੇਫ ਲਹਿਰ ਦੀਆਂ ਸਰਗਰਮੀਆਂ ਆਪਣੇ ਪੂਰੇ ਜਲੌਂ ਵਿਚ ਹੁੰਦੀਆਂ ਸਨ। ਇਸ ਕਹਾਣੀ ਵਿਚ ਪੁਆਧ ਦੇ ਇਲਾਕੇ ਵਿਚ ਇਸ ਲਹਿਰ ਦੀਆਂ ਗਤੀਵਿਧੀਆਂ ਨੂੰ ਕੇਂਦਰ ਵਿਚ ਰੱਖਕੇ ਲੇਖਕ ਨੇ ਉਨ੍ਹਾਂ ਕਾਰਕੁੰਨਾਂ ਦੀ ਘਾਲਣਾ ਨੂੰ ਸਾਹਮਣੇ ਲਿਆਂਦਾ ਹੈ ਜਿਨ੍ਹਾਂ ਨੇ ਆਪਣੇ ਜੀਵਨ ਤੇ ਕਾਰੋਬਾਰ ਦੇ ਔਖੇ ਵੇਲੇ ਵਿਚ ਵੀ ਦਲਿਤ ਚੇਤਨਾ ਦੇ ਪ੍ਰਚਾਰ ਵਾਸਤੇ ਦਿਨ ਰਾਤ ਇਕ ਕੀਤਾ ਸੀ। ਇਸ ਕਹਾਣੀ ਦੀ ਖੂਬੀ ਇਹ ਹੈ ਕਿ ਲੇਖਕ ਨੇ ਇਸ ਲਹਿਰ ਦੀ ਉਸਾਰੀ ਤੋਂ ਲੈ ਕੇ ਇਸ ਦੀ ਲਾਮਬੰਦੀ ਤੇ ਦਲਿਤ ਸੰਘਰਸ਼ ਦੀ ਇਕ ਵਿਲੱਖਣ ਝਾਕੀ ਨੂੰ ਬੜੀ ਰੌਚਿਕ ਵਿਧੀ ਰਾਹੀਂ ਪੇਸ਼ ਕੀਤਾ ਹੈ। ਇਸ ਕਥਾ ਵਿਚ ਲੇਖਕ ਨੇ ਆਪਣੇ ਜੀਵਨ ਅਨੁਭਵ ਦੇ ਉਸ ਪੱਖ ਨੂੰ ਪ੍ਰਸਤੁਤ ਕੀਤਾ ਹੈ ਜਿਸ ਨਾਲ ਪੰਜਾਬੀ ਕਥਾ ਜਗਤ ਵਿਚ ਇਕ ਨਵਾਂ ਵਾਧਾ ਹੁੰਦਾ ਹੈ। ਇਹ ਪੱਖ ਜਿੱਥੇ ਦਲਿਤ ਲਹਿਰ ਦੀ ਪ੍ਰਸੰਗਕਤਾ ਨੂੰ ਸਾਡੇ ਸਨਮੁੱਖ ਲਿਆਉਂਦਾ ਹੈ। ਉਥੇ ਇਸ ਲਹਿਰ ਦੀਆਂ ਰਾਜਸੀ ਗਤੀਵਿਧੀਆਂ ਨਾਲ ਦਲਿਤ ਲੋਕਾਂ ਅੰਦਰ ਰਾਜਸੀ ਚੇਤਨਾ ਦੇ ਉਥਾਨ ਦੀ ਇਤਹਾਸਕਾਰੀ ਹੁੰਦੀ ਹੈ। ਇਸ ਪੱਖ ਨੂੰ ਚਿਤਰਣ ਸਮੇਂ ਲੇਖਕ ਨੇ ਦਲਿਤ ਰਾਜਸੀ ਪਹੁੰਚ ਦੇ ਵਿਚ ਆਏ ਉਸ ਕ੍ਰਾਂਤੀਕਾਰੀ ਅਮਲੀ ਮੋੜ ਦੀ ਇਕ ਰੌਚਿਕ ਝਾਕੀ ਨੂੰ ਪ੍ਰਸਤੁਤ ਕੀਤਾ ਹੈ ਜਿਸ ਵਿਚ ਬੰਗਾਲੇ, ਗੱਡੀਆਂ ਵਾਲੇ, ਸੱਪਾਂ ਵਾਲੇ ਆਦਿ ਬੇਗੌਰੇ ਲੋਕ ਬਾਮਸੇਫ ਲਹਿਰ ਦਾ ਇਕ ਅੰਗ ਬਣ ਕੇ ਜੇਲ੍ਹ ਭਰੋ ਅੰਦੋਲਨ ਵਿਚ ਸ਼ਰੀਕ ਹੁੰਦੇ ਹਨ।

**'ਰਜਤਨਾਮੀਏ'** ਕਹਾਣੀ ਪੰਜਾਬ ਅੰਦਰ ਸਮਾਜਕ, ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਤਬਦੀਲੀ ਦੇ ਪਰਿਪੇਖ ਵਿਚ ਦਲਿਤ ਮਨੁੱਖ ਦੇ ਗਹਿਰਾ ਰਹੇ ਸੰਕਟ ਨੂੰ ਉਠਾਉਂਦੀ ਹੈ। ਇਥੇ ਕਥਾਕਾਰ ਦੀ



ਵਿਚਾਰਧਾਰਕ ਚੇਤਨਾ ਦੀ ਮੂਲ ਸੁਰ ਸੁਣਾਈ ਦਿੰਦੀ ਹੈ ਕਿ ਸਰਮਾਏਦਾਰਾਨਾ ਲੋਕਤੰਤਰ ਰਾਹੀਂ ਦਲਿਤਾਂ ਨੂੰ ਮਿਲੀ ਸੰਵਿਧਾਨਕ ਆਜ਼ਾਦੀ ਕੋਲ ਵੀ ਦਲਿਤਾਂ ਦੀ ਮੁਕਤੀ ਦਾ ਕੋਈ ਪੱਕਾ ਹੱਲ ਨਹੀਂ ਹੈ, ਸਗੋਂ ਇਸ ਰਾਹੀਂ ਵੀ ਦਲਿਤਾਂ ਅੰਦਰ ਆਪਸੀ ਵਿਤਕਰੇ ਨੂੰ ਵਧਾ ਕੇ ਇਕ ਅਜਿਹੀ ਜਮਾਤ ਪੈਦਾ ਕੀਤੀ ਜਾ ਰਿਹੀ ਹੈ ਜਿਹੜੀ ਹਾਕਮ ਜਮਾਤ ਦੇ ਹਿੱਤਾਂ ਦੀ ਪੂਰਤੀ ਕਰਨ ਲੱਗ ਪੈਂਦੀ ਹੈ। ਕਿਉਂਕਿ ਇਹ ਢਾਂਚਾ ਦਿਖ ਪੱਖੋਂ ਦਲਿਤ ਪੱਖੀ ਹੈ, ਪਰ ਇਸ ਵਿਚ ਭ੍ਰਿਸ਼ਟਾਚਾਰ, ਲੁੱਟ ਤੇ ਦਬੇਲ ਬਣਾ ਕੇ ਰੱਖਣ ਦੀ ਜਗੀਰੂ ਪਹੁੰਚ ਵਿਦਮਾਨ ਰਹਿੰਦੀ ਹੈ। ਸਾਧਨਹੀਣ ਦਲਿਤ ਵਰਗ ਇਸਦਾ ਸੌਖਿਆਂ ਹੀ ਸ਼ਿਕਾਰ ਬਣ ਬਹਿੰਦਾ ਹੈ।

ਇਸ ਕਹਾਣੀ ਦਾ ਸਿਰਲੇਖ **'ਰਜਤਨਾਮੀਏ'** ਪੰਜਾਬ ਦੇ ਸਥਾਨਕ ਦਲਿਤ ਮਸਲੇ ਨੂੰ ਉਠਾਉਣ ਵਾਲਾ ਕਾਬਲੇ ਤਾਰੀਫ ਸਿਰਲੇਖ ਹੈ। ਰਜਤਨਾਮੀਏ ਭਾਵ ਜ਼ਿੰਮੀਦਾਰਾਂ ਦੀ ਰਜ਼ਾ ਉਤੇ ਵਸੇ (ਚੂੜ੍ਹੇ ਤੇ ਚਮਾਰ) ਲੋਕ ਜਿਨ੍ਹਾਂ ਦਾ ਘਰ ਘਾਟ ਤੇ ਵਸੇਬਾ ਜੱਟ ਜ਼ਿੰਮੀਦਾਰ ਦੀ ਮਰਜੀ 'ਤੇ ਰਜ਼ਾ ਉਤੇ ਹੈ। ਪਰ ਇਥੇ ਵੱਡਾ ਮਸਲਾ ਇਨ੍ਹਾਂ ਦੋਵੇਂ ਧਿਰਾਂ ਵਿਚ ਏਕੇ ਦਾ ਹੈ ਜਿਹੜਾ ਫਿਰ ਸਾਧਨ ਸੰਪੰਨ ਸੱਤਾਧਾਰੀ ਜਮਾਤ ਦੀ ਰਜ਼ਾ ਦੇ ਅਧੀਨ ਰਹਿੰਦਾ ਹੋਇਆ ਪਾਟੋ ਲੀਰ ਹੈ। ਲੇਖਕ ਨੇ ਇਨ੍ਹਾਂ ਮਸਲਿਆਂ ਨੂੰ ਉਠਾਉਣ ਵੇਲੇ ਸਿਰਫ ਭਾਵਨਾ ਵੱਸ ਹੋ ਕੇ ਰਚਨਾਕਾਰੀ ਨਹੀਂ ਕੀਤੀ ਸਗੋਂ ਬਹੁਤ ਸਾਰੇ ਰਾਜਨੀਤਕ ਤੇ ਕਾਨੂੰਨੀ ਤੱਥਾਂ ਨੂੰ ਲੈ ਕੇ ਆਪਣੀ ਗੱਲ ਨੂੰ ਨਿੱਗਰ ਢੰਗ ਨਾਲ ਉਠਾਇਆ ਹੈ।


**'ਵਿੰਗੀ ਗਲੀ ਸਿੱਧੀ ਗਲੀ'** ਕਹਾਣੀ ਲੇਖਕ ਦੇ ਜਾਤੀ ਤਜ਼ਰਬੇ 'ਚੋਂ ਹੁੰਦੀ ਹੋਈ ਦਲਿਤ ਸੰਕਟ ਦੇ ਇਕ ਨਵੇਂ ਪਾਸਾਰ ਨੂੰ ਚਿੱਤਰਤ ਕਰਦੀ ਹੈ। ਇਸ ਕਹਾਣੀ ਦਾ ਕਥਾ ਵਸਤੂ ਮੌਜੂਦਾ ਦੌਰ 'ਚ ਪਿੰਡ ਦੀ ਸਿਆਸਤ ਅੰਦਰ ਪਿੱਸਕੇ ਲੰਮੇ ਸਮੇਂ ਤੱਕ ਸਮਾਜਿਕ, ਆਰਥਿਕ, ਪ੍ਰਸ਼ਾਸਨਿਕ ਤੇ ਮਾਨਸਿਕ ਸ਼ੋਸਣ ਦਾ ਸ਼ਿਕਾਰ ਬਣੇ ਲੇਖਕ ਦੇ ਹੱਡੀਂ ਹੰਢਾਏ ਸੰਤਾਪ ਦੀ ਦਾਸਤਾਂ ਨੂੰ ਬਿਆਨ ਕਰਦਾ ਹੈ। ਇਸ ਕਹਾਣੀ ਰਾਹੀਂ ਲੇਖਕ ਨੇ ਦਲਿਤ ਵਿਰੋਧ ਅਤੇ ਉਤਪੀੜਨ ਦੀ ਇਕ ਅਮੁੱਕ ਗਾਥਾ ਦਾ ਚਿਤਰਨ ਕਰਦਿਆਂ ਮੌਜੂਦਾ ਦੌਰ 'ਚ ਇਸਦੀ ਵਧੇਰੇ ਭਿਆਨਕ, ਮਾਰੂ ਤੇ ਲੁਕਵੀਂ ਨੀਤੀ ਨੂੰ ਉਜਾਗਰ ਕੀਤਾ ਹੈ ਜਿਹੜੀ ਕਿਸੇ ਵੀ ਸੂਰਤ ਵਿਚ ਦਲਿਤ ਮਨੁੱਖ ਦੀ ਤਰੱਕੀ ਨੂੰ ਸਵੀਕਾਰਨ ਲਈ ਤਿਆਰ ਨਹੀਂ ਹੈ।

**'ਜਿਹੋ ਜਿਹਾ ਭੋਲਾ'** ਕਹਾਣੀ ਪੇਂਡੂ ਸਮਾਜ ਅੰਦਰਲੇ ਪਰਿਵਾਰਕ ਰਿਸ਼ਤਿਆਂ ਦੇ ਤੰਤਰ ਦੀ ਯਥਾਰਥਕ ਪੇਸ਼ਕਾਰੀ ਕਰਦੀ ਹੈ। ਇਨ੍ਹਾਂ ਰਿਸ਼ਤਿਆਂ ਦੀ ਪਾਕੀਜ਼ਗੀ ਸਮਾਜਕ ਪ੍ਰਬੰਧ ਅੰਦਰ ਸਦਾਚਾਰ ਮੁੱਲ ਪ੍ਰਬੰਧ ਬਣਦਾ ਹੈ ਤੇ ਇਸਦੇ ਉਲਟ ਇਨ੍ਹਾਂ ਮੁੱਲਾਂ ਦੀ ਅਵੱਗਿਆ ਅਨਾਚਾਰ ਬਣਦੀ ਹੈ, ਪ੍ਰੰਤੂ ਮਨੁੱਖੀ ਅਕਾਂਖਿਆ ਇਸ ਮੁੱਲ ਵਿਧਾਨ ਤੋਂ ਪਾਰ ਦੀ ਚੀਜ ਹੁੰਦੀ ਹੈ। ਵੱਡਾ ਮਸਲਾ ਇਹ ਹੈ ਕਿ ਜਦੋਂ ਵੀ ਮਨੁੱਖੀ ਅਕਾਂਖਿਆ ਮਰਿਆਦਾ ਤੋਂ ਪਾਰ ਜਾ ਕੇ ਮੁੱਲ ਵਿਧਾਨ ਤੋਂ ਉਲਟ ਹੋ ਕੇ ਕਾਮਨਾ ਦੀ ਤ੍ਰਿਪਤੀ ਹਾਸਲ ਕਰਨਾ ਚਾਹੁੰਦੀ ਹੈ ਤਾਂ ਸਮਾਜ ਜ਼ਾਲਮ ਬਣ ਜਾਂਦਾ ਹੈ। ਇਸ ਕਹਾਣੀ ਅੰਦਰ ਇਸ ਜ਼ੁਲਮ ਦੀ ਸਜ਼ਾ ਸਹਿਣ ਵਾਲੇ ਘੋਲਾ ਤੇ ਗੁਰਮੀਤ (ਮੀਤੋ) ਪਾਤਰ ਹਨ ਜਿਹੜੇ ਚਾਚੀ ਤੇ ਭਤੀਜੇ ਦੇ ਰਿਸ਼ਤੇ ਦੀ ਕਾਰ ਰੇਖਾ ਦੇ ਅਧੀਨ ਹਨ, ਪ੍ਰੰਤੂ ਇਹ ਰਿਸ਼ਤਾ ਮਰਿਆਦਾ ਦੇ ਪਰਦੇ ਓਹਲੇ ਤਾਂ ਚੱਲ ਸਕਦਾ ਹੈ, ਪਰ ਜੱਗ ਜਾਹਰ ਹੋਣ ਦੀ ਕਾਂਬ ਨਹੀਂ ਸਹਿ ਸਕਦਾ ਇਸੇ ਕਰਕੇ ਬੇਪਰਦਾ ਹੋਣ ਸਾਰ ਹੀ ਸਮਾਜ ਘੋਲਾ ਦੇ ਵਿਰੁੱਧ ਹੋ ਜਾਂਦਾ ਹੈ। ਇੰਝ ਲੇਖਕ ਨੇ ਨਿਰੋਲ ਮਨੁੱਖੀ ਅਕਾਂਖਿਆ ਦੇ ਸੰਸਾਰ ਦੀ ਸੂਖ਼ਮ ਤੰਦ ਨੂੰ ਫੜ ਕੇ ਸਖਸ਼ੀ ਅਜ਼ਾਦੀ ਦੇ ਇਕ ਪੱਖ ਦੀ ਨਜ਼ਰਸਾਨੀ ਕੀਤੀ ਹੈ। ਇੰਝ ਸਰੂਪ ਸਿਆਲਵੀ ਜਿੱਥੇ ਦਲਿਤ ਜੀਵਨ ਯਥਾਰਥ ਦਾ ਇਕ ਸਮਰੱਥ ਕਥਾਕਾਰ ਹੈ ਉਥੇ ਮਾਨਵੀ ਜੀਵਨ ਦੇ ਵੰਨ ਸੁਵੰਨੇ ਪਾਸਾਰਾਂ ਨੂੰ ਵੀ ਸਮਰੱਥਾ ਨਾਲ ਚਿਤਰਣ ਵਾਲਾ ਸਫਲ ਕਹਾਣੀਕਾਰ ਬਣਕੇ ਉਭਰਦਾ ਹੈ।

**ਪਤਾ:** 1623-**ਬੀ, ਸੈਕਟਰ**-35 **ਬੀ, ਚੰਡੀਗੜ੍ਹ,**
**ਮੋਬਾਇਲ** : 9781782474

# ਦਰਸ਼ਨ ਸਿੰਘ ਧੀਰ ਦੇ ਨਾਵਲ 'ਵਹਿਣ' ਦਾ ਬਿਰਤਾਂਤ-ਸ਼ਾਸਤਰ

**ਡਾ. ਮਿਨਾਕਸ਼ੀ ਰਾਠੌਰ**




ਬਿਰਤਾਂਤ ਤੋਂ ਭਾਵ 'Narrative' ਤੋਂ ਹੈ।ਬਿਰਤਾਂਤ ਤੇ ਬਿਰਤਾਂਤਕਾਰ ਦੋਨੋਂ ਹੀ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Narrative' ਅਤੇ 'Narrator' ਦੇ ਸਮਾਨਾਰਥਕ ਹਨ। ਇਸ ਤੋਂ ਅੱਗੇ ਬਿਰਤਾਂਤ ਦਾ ਵਿਧੀਗਤ ਅਤੇ ਸੰਰਚਨਾਤਮਕ ਅਧਿਐਨ ਕਰਨ ਵਾਲੀ ਵਿਧੀ ਬਿਰਤਾਂਤ-ਸ਼ਾਸਤਰ 'Narrotology' ਅਖਵਾਉਂਦੀ ਹੈ। O'Narrative' ਸ਼ਬਦ ਦਾ ਮੂਲ ਲਾਤੀਨੀ ਭਾਸ਼ਾ ਬਣਦੀ ਹੈ। ਜਿਸ ਦਾ ਅਰਥ : ਵਾਰਤਾ, ਵਿੱਥਿਆ, ਕਿੱਸਾ, ਕਥਾ, ਕਹਾਣੀ ਆਦਿ ਤੋਂ ਲਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਥਾ -ਕਹਾਣੀ ਕਹਿਣ ਤੇ ਸੁਣਨ ਦਾ ਇਕ ਲੰਮਾ ਇਤਿਹਾਸ ਰਿਹਾ ਹੈ। ਜਿਸ ਵਿਚ ਅਨੇਕਾਂ ਕਿਸਮ ਦੇ ਪ੍ਰਵਚਨ,ਵਾਰਤਾਵਾਂ, ਕਥਾ ਕਹਾਣੀਆਂ ਤੇ ਬਿਰਤਾਂਤਕੀ ਸਿਰਜਣਾਵਾਂ ਦੇ ਅੰਤਰਗਤ ਦੰਤ ਕਥਾਵਾਂ, ਨੀਤੀ ਕਥਾਵਾਂ, ਲੋਕ ਕਥਾਵਾਂ , ਮਿੱਥ ਕਥਾਵਾਂ , ਨਾਵਲ , ਨਾਟਕ , ਇਤਿਹਾਸ, ਸਿਨੇਮਾ, ਚਿੱਤਰਕਾਰੀ, ਖ਼ਬਰਨਾਮੇ ਆਦਿ ਸੰਮਲਿਤ ਹਨ। ਇਸ ਦਾ ਮੁੱਢ ਆਦਿ ਕਾਲ ਤੋਂ ਮਨੁੱਖਤਾ ਦੇ ਨਾਲ ਹੀ ਬੱਝਦਾ ਹੈ । ਜਿਸ ਵਿਚ ਜੀਵਨ ਦੇ ਵਿਸ਼ਾਲ ਅੰਸ਼ ਸ਼ਾਮਲ ਹੁੰਦੇ ਹਨ। ਜੇਕਰ ਅਸੀਂ ਇਤਿਹਾਸਕ ਪਰਿਪੇਖ ਤੋਂ ਵੇਖੀਏ ਤਾਂ ਕੋਈ ਵੀ ਮਨੁੱਖੀ ਸਮੂਹ ਬਿਰਤਾਂਤਕੀ ਪਰਿਪੇਖ ਤੋਂ ਬਿਨਾ ਨਹੀਂ ਮਿਲਦਾ। ਹਰ ਇਕ ਸਮੂਹ, ਜਾਤੀ ਤੇ ਕਬੀਲੇ ਦੇ ਆਪੋ-ਆਪਣੇ ਬਿਰਤਾਂਤ ਮਿਲਦੇ ਹਨ। ਇਸੇ ਲਈ ਇਹਨਾਂ ਵਿਚ ਅਨੇਕਾਂ ਹੀ ਇਤਿਹਾਸਕ, ਸਮਾਜਿਕ ਅਤੇ ਸੱਭਿਆਚਾਰਕ ਵਖਰੇਵੇਂ ਵੀ ਵਿਧਮਾਨ ਹਨ ਪਰ ਵਖਰੇਵਿਆਂ ਦੇ ਬਾਵਜੂਦ ਵੀ ਇਹਨਾਂ ਪਿੱਛੇ ਕਾਰਜਸ਼ੀਲ ਸੰਰਚਨਾਤਮਕ ਨੇਮ ਲਗਭਗ ਇਕੋ ਜਿਹੇ ਵੇਖਣ ਨੂੰ ਮਿਲਦੇ ਹਨ।

ਕਿਸੇ ਜਾਤੀ ਦੇ ਲੋਕਾਂ ਦੀ ਪਛਾਣ ਉਸ ਦੇ ਸੱਭਿਆਚਾਰਕ ਅਚੇਤ ਵਿਚ ਮੌਜੂਦ ਹੁੰਦੀ ਹੈ। ਜਿਸ ਵਿਚ ਉਸ ਜਾਤੀ ਦੀਆਂ ਯਾਦਾਂ/ ਸਿਮਰਤੀਆਂ ਦਾ ਇਕੱਠ ਹੁੰਦਾ ਹੈ। ਜਿਹਨਾਂ ਦਾ ਉਸਾਰ ਬਿਰਤਾਂਤ ਰਾਹੀਂ ਹੁੰਦਾ ਹੈ। ਜਿਸ ਵਿਚ ਸਮੇਂ ਦੇ ਨਾਲ ਅਚੇਤ/ ਸੁਚੇਤ ਰੂਪ ਵਿਚ ਬਦਲਦੀਆਂ ਪ੍ਰਸਥਿਤੀਆਂ ਦੇ ਅਨੁਸਾਰੀ ਪਰੀਵਰਤਨ ਵੀ ਆਉਂਦਾ ਰਹਿੰਦਾ ਹੈ। ਇਸੇ ਲਈ ਸੰਰਚਨਾਵਾਦੀ ਚਿੰਤਕਾਂ ਨੇ ਬਿਰਤਾਂਤ ਨੂੰ ਇਕ ਚਿਹਨਕੀ ਪ੍ਰਕ੍ਰਿਆ ਮੰਨਿਆ ਹੈ।ਸੰਰਚਨਾਵਾਦੀ ਬਿਰਤਾਂਤ ਸ਼ਾਸਤਰੀਆਂ ਨੇ ਬਿਰਤਾਂਤ ਦੀ ਹੋਂਦਵਿਧੀ ਦਾ ਚੌਖ਼ਟਾ ਭਾਸ਼ਾਈ ਸੰਰਚਨਾ ਨਾਲ ਸੰਬੰਧਤ ਸੰਕਲਪਾਂ ਤੋਂ ਦ੍ਰਿਸ਼ਟੀ ਗ੍ਰਹਿਣ ਕਰਕੇ ਹੀ ਤਿਆਰ ਕੀਤਾ ਹੈ। ਜਿਸ ਅਧੀਨ ਬਿਰਤਾਂਤਕੀ -ਪਾਠ ਦੀ ਹੋਂਦ- ਵਿਧੀ ਨੂੰ ਪ੍ਰਗਟਾਅ ਦੀ ਸੰਰਚਨਾ ,ਅਰਥ ਉਤਪਾਦਨ ਅਤੇ ਬਿਰਤਾਂਤਕੀ ਪ੍ਰਵਚਨ ਆਦਿ ਨੁਕਤਿਆਂ ਤੋਂ ਪਰਿਭਾਸ਼ਤ ਕਰਨ ਦਾ ਪ੍ਰਯਤਨ ਰਿਹਾ ਹੈ। ਵਾਸਤਵ ਵਿਚ ਕੋਈ ਵੀ ਬਿਰਤਾਂਤਕੀ ਪਾਠ ਕੇਵਲ ਘਟਨਾਵਾਂ ਦਾ ਕ੍ਰਮਕ ਵਰਤਾਰਾ ਨਹੀਂ ਹੁੰਦਾ ਸਗੋਂ ਚਿਹਨਾਤਮਕ ਪ੍ਰਕ੍ਰਿਆ ਹੈ ਭਾਵ ਕਿ ਬਿਰਤਾਂਤ ਉਹ ਨਹੀਂ ਹੁੰਦਾ ਜੋ ਨਜ਼ਰ ਆ ਰਿਹਾ ਹੁੰਦਾ ਹੈ ਸਗੋਂ ਇਹ ਇਕ ਚਿਹਨਕੀ ਪ੍ਰਕ੍ਰਿਆ ਹੈ। ਜਿਸ ਨੂੰ ਬਿਰਤਾਂਤਕਾਰ ਪਲਾਟ ਦੀ ਮੱਦਦ ਰਾਹੀਂ ਇਕ ਮਿੱਥੀ ਗਈ ਯੋਜਨਾ ਰਾਹੀਂ ਅਰਥ ਪ੍ਰਦਾਨ ਕਰਦਾ ਹੈ। ਕਿਉਂਕਿ ਜਿੰਨਾ ਚਿਰ ਮਿੱਥੀ ਗਈ ਯੋਜਨਾ ਹੋਂਦ ਵਿਚ ਨਾ ਆਵੇ ਘਟਨਾਵਾਂ ਕੋਈ ਅਰਥ ਗ੍ਰਹਿਣ ਨਹੀਂ ਕਰਦੀਆਂ । ਜਿਸ ਦੇ ਲਈ ਬਿਰਤਾਂਤਕਾਰ ਵੱਖੋ -ਵੱਖਰੀਆਂ ਬਿਰਤਾਂਤਕੀ ਜੁਗਤਾਂ



ਨੂੰ ਅਪਣਾਉਂਦਾ ਹੈ ਉਹਨਾਂ ਜੁਗਤਾਂ ਪਿੱਛੇ ਕਾਰਜਸ਼ੀਲ ਨੇਮ- ਪ੍ਰਬੰਧ ਦੀ ਨਿਸ਼ਾਨਦੇਹੀ ਕਰਨਾ ਹੀ ਬਿਰਤਾਂਤਸ਼ਾਸਤਰ ਹੈ।

ਬਿਰਤਾਂਤਸ਼ਾਸਤਰੀ ਅਧਿਐਨ ਦਾ ਮੁੱਢ 20ਵੀਂ ਸਦੀ ਦੇ ਨੇੜੇ ਜਾ ਕੇ ਬੱਝਦਾ ਹੈ। ਬਿਰਤਾਂਤ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ 1964 ਵਿਚ ਪੱਛਮੀ ਚਿੰਤਕ ਤੋਦੋਰੋਵ ਵਲੋਂ ਕੀਤੀ ਗਈ। ਪਰ ਪੰਜਾਬੀ ਵਿਚ ਇਸ ਦਾ ਪ੍ਰਚਲਨ ੨੦ਵੀਂ ਸਦੀ ਦੇ ਆਰੰਭ ਵਿਚ ਹੀ ਹੁੰਦਾ ਹੈ । ਈਸਾਈ ਮਿਸ਼ਨਰੀਆਂ ਦੇ ਆਉਣ ਨਾਲ ਛਾਪੇਖਾਨੇ ਲੱਗਣ ਦੇ ਨਾਲ ਹੀ ਗਲਪ ਦੀ ਵਿਧਾ ਵਧੇਰੇ ਹਰਮਨ ਪਿਆਰੀ ਹੁੰਦੀ ਹੈ। ਇਸ ਦੌਰਾਨ ਪੰਜਾਬੀ ਨਾਵਲ ਵਿਚ ਵਰਤੀਆਂ ਗਈਆਂ ਵਿਧੀਆਂ ਨਿਰੰਤਰ ਵਿਕਾਸ ਦੀਆਂ ਧਾਰਨੀ ਰਹੀਆਂ ਹਨ। ਕਿਉਂਕਿ ਨਾਵਲ ਵਿਚ ਮਨੁੱਖੀ ਅਨੁਭਵ ਨੂੰ ਪ੍ਰਤੱਖਣ, ਗ੍ਰਹਿਣ ਕਰਨ ਅਤੇ ਵਿਸਥਾਰ ਸਹਿਤ ਸੰਚਾਲਿਤ ਕਰਨ ਦੀ ਸਮਰੱਥਾ ਦੂਜੀਆਂ ਸਾਹਿਤਕ ਵਿਧਾਵਾਂ ਨਾਲੋਂ ਵਧੇਰੇ ਹੈ। ਇਸ ਲਈ ਨਾਵਲ ਵਿਚ ਮਨੁੱਖੀ ਜੀਵਨ ਵਿਚਲੀਆਂ ਬਾਰੀਕੀਆਂ ਵਧੇਰੇ ਵੇਰਵਿਆਂ ਸਹਿਤ ਸੰਮਲਿਤ ਹੁੰਦੀਆਂ ਹਨ। ਨਾਵਲ ਵੈਸੇ ਵੀ ਇਕ ਅਜਿਹਾ ਸਾਹਿਤ ਰੂਪ ਹੈ ਜੋ ਅਨੇਕਾਂ ਸਮਾਜਿਕ, ਸੱਭਿਆਚਾਰਕ ਤੇ ਇਤਿਹਾਸਕ ਅੰਸ਼ਾਂ ਨੂੰ ਆਪਣੇ ਕਲੇਵਰ ਵਿਚ ਲੈਣ ਦੇ ਵੱਧ ਸਮਰੱਥ ਹੈ ਤੇ ਸਮਾਜ ਨੂੰ ਡੂੰਘਾਈ ਨਾਲ ਸਮਝਣ ਵਿਚ ਪਾਠਕ ਦੀ ਮੱਦਦ ਕਰਦਾ ਹੈ।

ਨਾਵਲੀ ਵਿਧਾ ਪੂੰਜੀਵਾਦੀ ਯੁੱਗ ਦੇ ਨਾਲ ਹੀ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਜਿਸ ਦਾ ਵਿਕਾਸ ਪਦਾਰਥਵਾਦੀ ਪ੍ਰਸਥਿਤੀਆਂ ਤੇ ਆਧੁਨਿਕ ਪੂੰਜੀਵਾਦੀ ਵਿਵਸਥਾ ਅਧੀਨ ਬੜੀ ਤੇਜ਼ੀ ਨਾਲ ਹੋਇਆ। ਇਸ ਦਾ ਇਕ ਪਾਸਾਰ ਪਰਵਾਸ ਦਾ ਹੈ। ਪਰਵਾਸੀ ਨਾਵਲ ਪਰਵਾਸੀ ਮਨੁੱਖ ਦੀ ਤ੍ਰਾਸਦੀ ਤੇ ਸੰਤਾਪ ਦਾ ਬਿਰਤਾਂਤੀਕਰਨ ਬਾਖ਼ੂਬੀ ਕਰਦਾ ਹੈ। ਜਿਸ ਵਿਚ ਦਰਸ਼ਨ ਧੀਰ ਦਾ ਅਹਿਮ ਸਥਾਨ ਹੈ। ਉਹ ਇਕ ਅਜਿਹੇ ਕਥਾਕਾਰ ਵਜੋਂ ਉਭਰਦਾ ਹੈ, ਜਿਸ ਨੇ ਪਰਵਾਸੀ ਜੀਵਨ ਦੀ ਤ੍ਰਾਸਦੀ, ਵਿਡੰਬਨਾ, ਸੰਤਾਪ, ਭੂ-ਹੇਰਵੇ, ਪੀੜ੍ਹੀ-ਪਾੜਾ ਤੇ ਸਭਿਆਚਾਰਕ ਸੰਕਟ ਵਰਗੇ ਸਰੋਕਾਰਾਂ ਨੂੰ ਆਪਣੇ ਕਲਾਤਮਕ ਪ੍ਰਗਟਾਵੇ ਦਾ ਆਧਾਰ ਬਣਾਇਆ ਹੈ।ਹੁਣ ਤੱਕ ਉਹ ਪੰਜਾਬੀ ਗਲਪ ਸਾਹਿਤ ਨੂੰ ਨੌ ਮੌਲਿਕ ਨਾਵਲ ਤੇ ਛੇ ਕਹਾਣੀ ਸੰਗ੍ਰਹਿ ਦੇ ਚੁੱਕਾ ਹੈ।'ਵਹਿਣ' ਉਸ ਦਾ 2011 ਵਿਚ ਛਪਿਆ ਨਵਾਂ ਨਾਵਲ ਹੈ।

ਇਸ ਨਾਵਲ ਦੀ ਵਸਤੂ ਸਥਿਤੀ ਦੇ ਕੇਂਦਰ ਵਿਚ ਢਹਿ ਢੇਰੀ ਹੋਈਆਂ ਫ਼ਿਊਡਲ ਕਦਰਾਂ -ਕੀਮਤਾਂ ਤੇ ਉਸ ਦੇ ਨਾਲ ਨਵੀਂ ਉੱਠ ਰਹੀ ਪੂੰਜੀਵਾਦੀ ਜਮਾਤ ਦਾ ਇਤਿਹਾਸਕ ਪਰਿਪੇਖ ਹੈ।ਉਦਯੋਗਿਕ ਕਰਾਂਤੀ ਸਭ ਤੋਂ ਪਹਿਲਾਂ 18ਵੀਂ ਸਦੀ ਵਿਚ ਇੰਗਲੈਂਡ ਵਿਚ ਆਈ।ਜਿਸ ਵਿਚ ਤਿੰਨ ਨਵੇਂ ਵਰਗ ਸਨਅੱਤੀ/ਵਪਾਰੀ, ਮੱਧਵਰਗ ਅਤੇ ਮਜ਼ਦੂਰ ਹੋਂਦ ਵਿਚ ਆਉਂਦੇ ਹਨ।ਜੋ ਉਸ ਵੇਲੇ ਦੀ ਰਾਜਨੀਤੀ ਦਾ ਵੀ ਮਹਤੱਵਪੂਰਨ ਹਿੱਸਾ ਬਣਦੇ ਹਨ। ਇਸ ਦੇ ਨਾਲ ਬਿਰਤਾਂਤਕਾਰ ਨੇ ਬਸਤੀਵਾਦ ਤੇ ਪੂੰਜੀਵਾਦ ਦੀਆਂ ਦਮਨਕਾਰੀ ਤੇ ਸੋਸ਼ਣਕਾਰੀ ਨੀਤੀਆਂ ਦਾ ਬਿੰਬ ਉਸਾਰਦਿਆਂ ਉਸ ਵੇਲੇ ਦੇ ਜਮਾਤੀ ਘੋਲ ਤੇ ਕ੍ਰਾਂਤੀ ਦਾ ਗਲਪੀ ਵਿਵੇਕ ਵੀ ਪੇਸ਼ ਕੀਤਾ ਹੈ। ਜਿਸ ਵਿਚ ਬਿਰਤਾਂਤਕਾਰ ਨੇ ਹਾੱਪਰ ਐਂਡ ਕੰਪਨੀ / ਈਸਟ ਇੰਡੀਆ ਕੰਪਨੀ/ ਸ਼ਰਮਾਏਦਾਰੀ ਦੁਆਰਾ ਫ਼ੈਲਾਏ ਗਏ ਮੱਕੜੀ ਜਾਲ ਨੂੰ ਸ਼ਕਲੀਰੋਸ਼ਿਸ ਦੀ ਲਾਇਲਾਜ ਬਿਮਾਰੀ ਨਾਲ ਤੁਲਨਾ ਦਿੱਤੀ ਹੈ।ਨਾਵਲੀ -ਪਾਠ ਦਾ ਆਰੰਭ ਇੰਗਲੈਂਡ ਦੇ ਚੈਸਟਰਫ਼ੀਲਡ ਕਸਬੇ ਦੀ ਕਾਡਸਲ ਨਾਂ ਦੀ ਮਾਡਰਨ ਬਸਤੀ ਨਾਲ ਹੁੰਦਾ ਹੈ।ਜਿਥੇ ਧਰਮਿੰਦਰ ਸਿੰਘ ਕੰਗ ਦੀ ਪੰਜਵੀਂ ਪੀੜ੍ਹੀ ਦਾ ਪੋਤਾ ਤਰਲੋਚਨ ਸਿੰਘ ਕੰਗ ਰੋਜ਼ੀ ਰੋਟੀ ਦੀ ਭਾਲ ਵਿਚ ਅਜੀਤਗੜ੍ਹ( ਪੰਜਾਬ) ਤੋਂ ਇੰਗਲੈਂਡ ਆਇਆ ਹੈ।ਇੰਗਲੈਂਡ ਆ ਕੇ ਉਹ ਉਸੇ ਫ਼ਾਊਂਡਰੀ ਵਿਚ ਨੌਕਰੀ ਕਰਦਾ ਹੈ , ਜੋ ਫ਼ਾਊਂਡਰੀ ਕਦੇ ਇੰਗਲੈਂਡ ਦੇ ਫ਼ਾਊਂਡਰ ਮੱਧਵਰਗੀ ਪੂੰਜੀਪਤੀ ਮੈਨੇਜਰ ਜੈਕ ਹਾੱਪਰ ਨੇ ਫ਼ਿਊਡਲ ਜਮਾਤ ਨੂੰ ਕਿਨਾਰੇ ਲਗਾ ਆਪਣੇ ਮੁਨਾਫ਼ੇ ਲਈ ਆਰੰਭ ਕੀਤੀ ਸੀ।ਐਸ਼ੋ ਇਸ਼ਰਤ, ਸ਼ਰਾਬਖ਼ੋਰੀ ਤੇ ਜੂਏ ਵਿਚ ਡੁੱਬੀ ਫ਼ਿਊਡਲ ਜਮਾਤ ਦਾ ਮਿਸਟਰ ਰੋਨ ਚੈਸਟਰਫ਼ੀਲਡ ਆਪਣਾ ਸਭ ਕੁਝ ਧੋਖ਼ੇ ਨਾਲ ਆਪਣੇ ਗੂੜ੍ਹੇ ਮਿੱਤਰ ਜੈਕ ਕੋਲ

ਜੂਏ ਵਿਚ ਹਾਰ ਜਾਂਦਾ ਹੈ।ਨਤੀਜੇ ਵਜੋਂ ਰੋਨ ਦੀ ਸੜਕ ਹਾਦਸੇ ਵਿਚ ਮੌਤ,ਰੋਨ ਦੀ ਪਤਨੀ ਦਾ ਜੇਨ ਤੋਂ ਆਪਣੀ ਜਾਇਦਾਦ ਵਾਪਸੀ ਲਈ ਕਾਨੂੰਨੀ ਲੜਾਈ ਲੜਨਾ ਤੇ ਜੈਕ ਦੇ ਸ਼ਾਤਰ ਦਿਮਾਗ਼ ਸਨਮੁਖ ਜੇਨ ਦਾ ਕਾਨੂੰਨੀ ਲੜਾਈ ਵੀ ਹਾਰ ਜਾਣਾ ਦਾ ਚਿਹਨਾਤਮਕ ਪਰਿਪੇਖ ਫ਼ਿਊਡਲ ਜਮਾਤ ਦੇ ਪਤਨ ਤੇ ਸ਼ਰਮਾਏਦਾਰੀ/ ਵਪਾਰੀ ਜਮਾਤ ਦੇ ਉਥੱਾਨ ਦਾ ਇਤਿਹਾਸਕ ਪਰਿਪੇਖ ਉਸਾਰਦਾ ਹੈ।

ਉਦਯੋਗਿਕ ਕਰਾਂਤੀ ਦੇ ਆਉਣ ਨਾਲ ਪੂੰਜੀਵਾਦੀ ਕਦਰਾਂ-ਕੀਮਤਾਂ ਪੂਰਬਲੇ ਸਮਿਆਂ ਦੀ ਸੰਸਥਾਈ ਤੇ ਮਾਨਸਿਕ ਸੰਸਕ੍ਰਿਤੀ ਨੂੰ ਵੀ ਖ਼ੋਰਾ ਲਾਉਂਦੀਆਂ ਹਨ । ਨਵੀਂ ਉੱਭਰ ਰਹੀ ਵਪਾਰੀ ਜਮਾਤ ਆਪਣੇ ਮੁਨਾਫ਼ੇ ਲਈ ਹਰ ਤਰ੍ਹਾਂ ਦੇ ਹੱਥ ਕੰਡੇ ਅਪਣਾਉਂਦੀ ਨਜ਼ਰ ਆਉਂਦੀ ਹੈ।ਜਿਸ ਵਿਚ ਫ਼ਿਊਡਲ ਜਮਾਤ ਦੇ ਨਾਲ ਤੀਸਰੀ ਦੁਨੀਆ ਦੇ ਮੁਲਕਾਂ ਦੀ ਹਸਤ ਕਲਾ ਤੇ ਦਸਤਕਾਰੀ ਵੀ ਮਸ਼ੀਨੀ ਉਤਪਾਦਾਂ ਦੇ ਸਨਮੁਖ ਦਮ ਤੋੜਦੀ ਪ੍ਰਤੀਤ ਹੁੰਦੀ ਹੈ।ਜਿਸ ਦਾ ਮੁੱਢਲਾ ਦੌਰ ਈਸਟ ਇੰਡੀਆ ਕੰਪਨੀ ਦੀ ਆਮਦ ਨਾਲ ਆਰੰਭ ਹੁੰਦਾ ਹੈ।ਪਹਿਲਾਂ ਪਹਿਲ ਇਸ ਕੰਪਨੀ ਦਾ ਕੰਮ ਹੋਰਨਾਂ ਲੋਕਲ ਕੰਪਨੀਆਂ ਨਾਲ ਮੁਕਾਬਲੇ ਦੀ ਭਾਵਨਾ ਨਾਲ ਚੱਲਦਾ ਹੈ ਪਰ ਸਾਇੰਸ ਤੇ ਟੈਕਨੋਲੋਜੀ ਦੀ ਤਰੱਕੀ ਨਾਲ ਇਹਨਾਂ ਕੰਪਨੀਆਂ ਦੀ ਉਤਪਾਦਨੀ ਸਮਰੱਥਾ ਵੱਧਣ ਨਾਲ ਇਹ ਆਪਣਾ ਰੁਖ਼ ਦੂਜੇ ਮੁਲਕਾਂ ਵੱਲ ਨੂੰ ਕਰਦੀਆਂ ਹਨ।ਹਾੱਪਰ ਐਂਡ ਕੰਪਨੀ/ ਈਸਟ ਇੰਡੀਆ ਕੰਪਨੀ/ ਪੂੰਜੀਵਾਦ ਨੇ ਏਸ਼ੀਅਨ ਮੁਲਕਾਂ ਦੀਆਂ ਮੰਡੀਆਂ ਨੂੰ ਆਪਣੇ ਮੁਨਾਫ਼ੇ ਲਈ ਵਰਤਣਾ ਆਰੰਭ ਕਰ ਦਿੱਤਾ।ਉਸ ਵੇਲੇ ਤੱਕ ਇੰਗਲੈਂਡ ਦਾ ਸਾਰਾ ਸਰਮਾਇਆ ਹੀ ਨਹੀਂ ਉਸ ਦੀ ਸਾਰੀ ਰਾਜਸੀ ਤਾਕਤ ਵੀ ਇਸ ਕੰਪਨੀ ਅਤੇ ਇਸ ਵਰਗੀਆਂ ਹੋਰ ਵੱਡੀਆਂ ਕੰਪਨੀਆਂ ਦੇ ਹੱਥ ਆ ਚੁੱਕੀ ਸੀ। ਦੂਸਰੇ ਪਾਸੇ ਇਸ ਸਮੇਂ ਭਾਰਤ ਦੀ ਦਸਤਕਾਰੀ ਤੇ ਘਰੇਲੂ ਉਦਯੋਗ ਵੀ ਬੜਾ ਵਿਕਸਤ ਸੀ।ਖ਼ਾਸ ਕਰਕੇ ਇਥੋਂ ਦਾ ਕੱਪੜਾ ਉਦਯੋਗ।ਇਸੇ ਲਈ ਈਸਟ ਇੰਡੀਆ ਕੰਪਨੀ ਬਸਤੀਆਂ ਦੇ ਰੂਪ ਵਿਚ ਆਪਣਾ ਸਭ ਤੋਂ ਪਹਿਲਾ ਨਿਸ਼ਾਨਾ ਬੰਗਾਲ ਨੂੰ ਬਣਾਉਂਦੀ ਹੈ। ਬੰਗਾਲ ਦੇ ਨਵਾਬ ਸਿਰਾਜਉਦੁਲਾ ਦਾ ਪਲਾਸੀ ਦੀ ਲੜਾਈ ਵਿਚ ਹਾਰ ਜਾਣਾ, ਨਵਾਬ ਦੇ ਅਨੇਕਾਂ ਹੀ ਵਜ਼ੀਰਾਂ , ਅਹਿਲਕਾਰਾਂ, ਸਰਦਾਰਾਂ ਆਦਿ ਦਾ ਅੰਗਰੇਜ਼ਾਂ ਦੁਆਰਾ ਲਾਲਚ ਦਿੱਤੇ ਜਾਣ ਤੇ ਗੱਦਾਰ ਹੋ ਜਾਣਾ, ਉਸ ਤੋਂ ਬਾਅਦ ਅਵਧ, ਲਖਨਊ, ਦਿੱਲੀ, ਪੰਜਾਬ ਦੇ ਵੱਲ ਈਸਟ ਇੰਡੀਆ ਕੰਪਨੀ ਦਾ ਪੈਰ ਪਸਾਰਨਾ ਆਦਿ ਅਨੇਕਾਂ ਹੀ ਇਤਿਹਾਸਕ ਅੰਸ਼ ਬਿਰਤਾਂਤਕੀ- ਪਾਠ ਵਿਚ ਪੇਸ਼ ਕੀਤੇ ਮਿਲਦੇ ਹਨ। ਬਿਰਤਾਂਤਕਾਰ ਨੇ ਇਹਨਾਂ ਇਤਿਹਾਸ ਮੂਲਕ ਵੇਰਵਿਆਂ ਨੂੰ ਸਮੇਂ ਤੇ ਸਥਾਨ ਦੋਹਾਂ ਪਾਸਾਰਾਂ ਵਿਚ ਫ਼ੈਲਾਇਆ ਹੈ। ਜਿਸ ਵਿਚ 'ਵਹਿਣ' ਪਰੀਵਰਤਨ ਦੇ ਪ੍ਰਤੀਕ ਵਜੋਂ ਉਭਾਰਦਾ ਹੈ।ਪਰਿਵਰਤਨ ਕੁਦਰਤ ਦਾ ਨੇਮ ਹੈ। ਸਮੇਂ ਦਾ ਵਹਿਣ ਹਰ ਉਸ ਸ਼੍ਰੇਣੀ, ਜਮਾਤ ਅਤੇ ਮਨੁੱਖ ਨੂੰ ਆਪਣੇ ਵੇਗ ਵਿਚ ਵਹਾ ਕੇ , ਲਤਾੜ ਕੇ ਅੱਗੇ ਲੰਘ ਜਾਂਦਾ ਹੈ , ਜੋ ਸਮੇਂ ਦੀ ਨਬਜ਼ ਨੂੰ ਨਾ ਪਛਾਣ ਕੇ ਖ਼ੜੋਤ ਵਿਚ ਆ ਜਾਂਦੇ ਹਨ। ਨਾਵਲੀ- ਪਾਠ 'ਵਹਿਣ' ਦਾ ਇਹ ਬਹੁਦਿਸ਼ਾਵੀਂ ਬਿਰਤਾਂਤ ਸਮੇਂ ਦੀ ਪ੍ਰਵਾਹਮਾਨਤਾ ਦੇ ਮਹਤੱਵ ਨੂੰ ਦਰਸਾਉਂਦਾ ਪਰਿਵਰਤਨ ਦੇ ਕੁਦਰਤੀ ਨੇਮ ਦੀ ਸਾਖੀ ਭਰਦਾ ਮਾਨਵੀ ਚੇਤਨਾ ਨੂੰ ਝੰਜੋੜ ਸਮੇਂ ਦੇ ਵਹਿਣ ਨੂੰ ਪਛਾਨਣ ਦੀ ਚੇਤਨਾ ਜਗਾਉਂਦਾ ਹੈ।

ਬਿਰਤਾਂਤਕਾਰ ਇਸ ਸੰਬੰਧੀ ਟਿੱਪਣੀ ਕਰਦਾ ਲਿਖਦਾ ਹੈ:

ਸਮੇਂ ਦਾ ਮਹਾਂਵੇਗ ਹਰ ਉਸ ਸ਼੍ਰੇਣੀ ਜਾਂ ਮਨੁੱਖ ਨੂੰ ਲਤਾੜ ਕੇ ਅੱਗੇ ਲੰਘ ਜਾਂਦਾ ਹੈ, ਜਿਹੜਾ ਸਥਿਰ ਹੋ ਜਾਂਦਾ ਏ ਤੇ ਉਹਦੀ ਥਾਂ ਉਹ ਨਵੀਂ ਕਲਾਸ ਜਾ ਬੰਦਾ ਪੈਦਾ ਕਰ ਲੈਂਦਾ ਏ ਜੋ ਉਹਦੀ ਨਬਜ਼ ਪਛਾਣ ਸਕਦਾ ਹੈ। ਇਹ ਹਮੇਸ਼ਾਂ ਤੋਂ ਹੁੰਦੀ ਆਈ ਏ ਤੇ ਹੁੰਦੀ ਰਹੇਗੀ।ਜੰਗਲੀ ਮਨੁੱਖ ਤੋਂ ਟ੍ਰਾਇਬਲ ਸੋਸਾਇਟੀ ਦਾ ਬਣਨਾ ਤੇ ਟ੍ਰਾਇਬਲ ਸੋਸਾਇਟੀ ਨੂੰ ਲਿਤਾੜ ਕੇ ਫ਼ਿਊਡਲ ਸੋਸਾਇਟੀ ਦਾ ਹੋਂਦ 'ਚ ਆਉਣਾ ਤੇ ਹੁਣ ਫ਼ਿਊਡਲ ਸਿਸਟਮ ਨੂੰ ਰੋਲ ਕੇ ਸ਼ਰਮਾਏਦਾਰੀ ਪ੍ਰਬੰਧ ਦਾ ਆਪਣੀ ਹੋਂਦ ਅਖ਼ਤਿਆਰ ਕਰਨਾ ਏ, ਕਿਉਂਕਿ ਉਸ ਦੇ ਕਰਤੇ ਧਰਤੇ ਇਹ ਦੇ ਵੇਗ ਨੂੰ ਪਹਿਚਾਣ ਰਹੇ ਨੇ।ਜਦ ਇਸ ਪ੍ਰਬੰਧ ਦੇ ਕਰਤੇ ਧਰਤੇ ਇਹਦੇ ਵੇਗ ਨਾਲ ਚਲਣ ਤੋਂ ਪਿੱਛੇ ਰਹਿ ਗਏ ਤਾਂ ਉਹ ਉਹਦੀ ਥਾਂ ਕਿਸੇ ਹੋਰ ਸਿਸਟਮ ਨੂੰ ਕ੍ਰਿਏਟ ਕਰ ਲਵੇਗਾ।



ਨਾਵਲਕਾਰ ਇਥੇ 'ਵਹਿਣ' ਦੇ ਮਹਾਂ- ਬਿਰਤਾਂਤ ਰਾਹੀਂ ਪ੍ਰਤੀਕਾਤਮਕ ਰੂਪ ਵਿਚ ਪੂੰਜੀ ਦੀ ਹਰ ਸ਼ੈਅ ਤੇ ਕਾਬਜ਼ ਸ਼ਕਤੀ ਨੂੰ ਵੀ ਦਰਸਾਉਂਦਾ ਹੈ। ਜਿਸ ਦੇ ਵਹਿਣ ਅੱਗੇ ਕੋਈ ਨਹੀਂ ਰੁਕ ਸਕਿਆ। ਪੂੰਜੀਵਾਦ ਦੇ ਕਰਤਾ ਧਰਤਾ ਵੀ ਨਹੀਂ। ਜਿਹੜੇ ਹਾੱਪਰ ਉਦੋਂ ਰਾਜ ਕਰਦੇ ਸਨ, ਸਮੇਂ ਦੇ ਗੇੜ ਨਾਲ ਉਨ੍ਹਾਂ ਦਾ ਰਾਜ ਦਰਬਾਰ ਤੇ ਸ਼ਾਹੀ ਸ਼ਾਨੋ-ਸ਼ੌਕਤ ਵੀ ਜਾਂਦੀ ਰਹੀ ਤੇ ਉਹ ਫ਼ੈਕਟਰੀਆਂ ਤੇ ਫ਼ਾਊਂਡਰੀਆਂ ਦੇ ਮਾਲਕ ਬਣ ਕੇ ਰਹਿ ਗਏ। ਸਮੇਂ ਦੀ ਤੇਜ਼ ਰਫ਼ਤਾਰ ਨੇ ਉਹਨਾਂ ਨੂੰ ਵੀ ਆਪਣੇ ਤੇਜ਼ ਵਹਿਣ ਵਿਚ ਵਹਾਅ ਅੱਗੇ ਲੰਘ ਗਿਆ ।ਇਹ ਵਰਤਾਰਾ ਅਮੋੜ ਹੈ।ਇਸ ਨੇ ਤਾਂ ਵਾਪਰ ਕੇ ਹੀ ਰਹਿਣਾ ਹੈ।ਪਰ ਸਵਾਲ ਇਹ ਹੈ ਕਿ ਇਸ ਨੂੰ 'ਹਾਂ' ਪੱਖੀ ਕਿਵੇਂ ਬਣਾਇਆ ਜਾਵੇ।

ਬਿਰਤਾਂਤਕੀ- ਪਾਠ ਵਿਚ ਘਟਨਾਵਾਂ ਦੀ ਤਰਤੀਬ ਇਤਿਹਾਸ ਨੂੰ ਪੁਨਰ ਸਿਰਜਤ ਕਰ ਭਾਰਤੀਆਂ ਨਾਲ ਵਾਪਰੇ ਹਾਦਸਿਆਂ, ਦਮਨਾਂ ,ਤਸ਼ਦੱਦਾਂ, ਸ਼ੋਸ਼ਣ ਅਤੇ ਅੰਤਰ ਵੇਦਨਾ ਨੂੰ ਭਿੰਨ ਭਿੰਨ ਚਿਹਨਾਂ, ਪ੍ਰਤੀਕਾਂ,,ਸੰਦਰਭਾਂ, ਬਿੰਬਾਂ ਸਥਾਨਕ ਵੇਰਵਿਆਂ ਦੇ ਰਾਹੀਂ ਦਰਸਾਉਂਦੀ ਹੈ।ਜਿਸ ਵਿਚ ਈਸਟ ਇੰਡੀਆ ਕੰਪਨੀ ਦੀ ਭਾਰਤ ਵਿਚ ਆਮਦ ਤੇ ਅੰਗਰੇਜ਼ਾਂ ਦੀਆਂ ਕੁਟੀਲਨੀਤੀ ਦੇ ਵਿਰੋਧ ਵਿਚ ਆਮ ਲੋਕਾਂ ਦਾ ਲਾਮਬੰਦ ਹੋ ਸੰਘਰਸ਼ ਵਿੱਢਣਾ, ਅੰਗਰੇਜ਼ੀ ਲਾਰਡਜ਼ ਦਾ ਭਾਰਤੀਆਂ ਨਾਲ ਅਣਮਨੁੱਖੀ ਵਿਵਹਾਰ ਵਰਗੇ ਇਤਿਹਾਸਕ ਹਵਾਲੇ ਦੇਸ਼ ਦੇ ਕੋਨੇ ਕੋਨੇ ਵਿਚ ਹੋਏ ਅਜ਼ਾਦੀ ਸੰਘਰਸ਼ ਦਾ ਪ੍ਰਗਟਾਵਾ ਕਰ ਸੁਤੰਤਰਤਾ ਸੰਗਰਾਮੀਆਂ ਨੂੰ ਦਰਪੇਸ਼ ਭਿੰਨ -ਭਿੰਨ ਸਮੱਸਿਆਵਾਂ ਦੇ ਰੂਬਰੂ ਕਰਵਾਉਂਦੇ ਹਨ।

ਇਸੇ ਲਈ ਇਸ ਦਾ ਬਿਰਤਾਂਤਕੀ ਕਾਰਜ ਨਾ ਤਾਂ ਇਕਹਿਰੇ ਸੁਭਾਅ ਦਾ ਹੈ ਤੇ ਨਾ ਹੀ ਕ੍ਰਮਕ ਲੜੀ ਵਿਚ ਬੱਝਾ ਹੈ।ਜਿਸ ਦੀ ਸੰਰਚਨਾਤਮਕ ਉਸਾਰੀ ਬੜੀ ਡੂੰਘੀ ਤੇ ਜਟਿਲਤਾ ਵਾਲੀ ਹੈ।ਨਾਵਲਕਾਰ ਨੇ ਮੂਲ ਬਿਰਤਾਂਤ ਦੇ ਨਾਲ ਚਾਰ ਉਪਬਿਰਤਾਂਤ ਹੋਰ ਉਸਾਰੇ ਹਨ।ਜਿਹਨਾਂ ਵਿਚ ਮੁੱਖ ਤੌਰ ਤੇ ਬੁੱਝਾ ਸਿੰਘ ਤੇ ਸੁਰਿੰਦਰ ਕੌਰ, ਤਰਲੋਚਨ ਤੇ ਰਜਿੰਦਰ ਕੌਰ, ਜਤਿੰਦਰ ਤੇ ਗੀਤਾ, ਜਗਦੀਸ਼ ਕੁਮਾਰ ਗੁਲਾਟੀ ਤੇ ਮਾਇਆ ਦੀਆਂ ਉਪਕਥਾਵਾਂ ਦੀਆਂ ਕਥਾਤਮਕ ਤੰਦਾਂ ਮੂਲ ਪਾਠ ਦੇ ਨਾਲ ਬੱਝ ਕੇ ਕਥਾ ਪ੍ਰਵਾਹ ਨੂੰ ਅੱਗੇ ਤੋਰਨ ਵਿਚ ਮਹਤੱਵਪੂਰਨ ਰੋਲ ਅਦਾ ਕਰਦੀਆਂ ਹਨ। ਜਿਹਨਾਂ ਦੀ ਪੇਸ਼ਕਾਰੀ ਬਿਰਤਾਂਤਕਾਰ ਅਟਕਾਅ (pause), ਬਾਰੰਬਾਰਤਾ (frequency) , ਦੁਹਰਾਅ ਯੁਕਤ (repeating), ਖ਼ਾਮੋਸ਼ੀਆਂ (silences) ਦੀ ਜੁਗਤ ਰਾਹੀਂ ਕਰਦਾ ਹੈ। ਕਈ ਥਾਵਾਂ ਤੇ ਵਾਰਤਾਲਾਪੀ ਪ੍ਰਸੰਗ ਵਿਚ ਓਹਲਾ ਸਿਰਜਣ ਲਈ ਸ਼ਬਦਲੋਪ (ellipais) ਦੀ ਜੁਗਤ ਵੀ ਵਰਤੀ ਗਈ ਹੈ।

ਪਾਠ ਵਿਚ ਕੇਂਦਰੀ ਪੰਜਾਬੀ ਦੁਆਬੀ, ਮਲਵਈ ਤੇ ਅੰਗਰੇਜ਼ੀ ਭਾਸ਼ਾ ਦਾ ਮਿਸ਼ਰਣ ਹੈ।ਅਖਾਣਾਂ ਤੇ ਮੁਹਾਵਰਿਆਂ ਦੀ ਭਰਮਾਰ ਹੈ।ਪਰਵਾਸੀ ਗਲਪਕਾਰ ਹੋਣ ਕਰਕੇ ਇੰਗਲੈਂਡ ਦੀ ਧਰਤੀ ਦੇ ਦ੍ਰਿਸ਼ਾਂ ਤੇ ਵਾਤਾਵਰਣ ਨੂੰ ਭਲੀ-ਭਾਂਤ ਉਘਾੜਦਾ ਹੈ।

ਇਸ ਦੇ ਨਾਲ ਹੀ ਪਾਠ ਦੀ ਪੜ੍ਹਤ ਦੌਰਾਨ ਕੁਝ ਕਮਜ਼ੋਰੀਆਂ ਵੀ ਨਜ਼ਰ ਆਉਂਦੀਆਂ ਹਨ।ਕੁਝ ਅਪ੍ਰਮਾਣਿਕ ਵੇਰਵੇ ਕਥਾਨਕ ਨੂੰ ਕਮਜ਼ੋਰ ਕਰਦੇ ਜਾਪਦੇ ਹਨ।ਨਾਵਲੀ ਵਰਤਾਰੇ ਵਿਚ ਕਈ ਥਾਵਾਂ ਤੇ ਲੰਮੇ ਲੰਮੇ ਦ੍ਰਿਸ਼ ਤੇ ਘਟਨਾਵਾਂ ਦਾ ਬੇਲੋੜਾ ਵਿਸਤਾਰ ਨਾਵਲੀ ਸੰਰਚਨਾ ਨੂੰ ਢਿੱਲਾ ਕਰਦਾ ਅਕੇਵਾਂ ਪੈਦਾ ਕਰਦਾ ਹੈ।ਪਾਤਰਾਂ ਦੀ ਜ਼ਿੰਦਗੀ ਦਾ ਰੋਜ਼ਮੱਰਾ ਜੀਵਨ ਦਾ ਫ਼ਜ਼ੂਲ ਦਾ ਦੁਹਰਾਅ ਤੇ ਬਿਰਤਾਂਤਕਾਰ ਦੀ ਆਪਣੀ ਭਾਸ਼ਣਬਾਜ਼ੀ ਥਾਂ ਪਰ ਥਾਂ ਰੜਕਦੀ ਹੈ।

ਪਰ ਇਸ ਸਭ ਕੁਝ ਦੇ ਬਾਵਜੂਦ ਦਰਸ਼ਨ ਸਿੰਘ ਧੀਰ ਦਾ ਨਾਵਲ 'ਵਹਿਣ' ਇਕ ਦਸਤਾਵੇਜ਼ੀ ਨਾਵਲ ਹੈ ਜੋ ਪਰਵਾਸੀ ਪੰਜਾਬੀ ਸਾਹਿਤ ਵਿਚ ਇਕ ਵੱਖਰੀ ਤਰ੍ਹਾਂ ਦਾ ਸੰਵਾਦ ਰਚਾਉਂਦਾ ਹੈ। ਇਸ ਤਰ੍ਹਾਂ ਦਰਸ਼ਨ ਧੀਰ ਦਾ ਇਹ ਨਾਵਲ ਵੱਖੋ-ਵੱਖਰੀਆਂ ਬਿਰਤਾਂਤਕੀ ਜੁਗਤਾਂ ਦੇ ਰਾਹੀਂ ਵਿਸ਼ੇ ਦੀ ਗੰਭੀਰਤਾ ਨੂੰ ਰੂਪਮਾਨ ਕਰਦਾ ਨਵੀਨ ਦਿਸਹੱਦਿਆਂ ਦੀ ਪੇਸ਼ਕਾਰੀ ਕਰਦਾ ਹੈ।ਜੋ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਬੜਾ ਸ਼ਲਾਘਾਯੋਗ ਕਦਮ ਹੈ। •

**ਸੰਵਾਦ-1**

# ਪੂੰਜੀਵਾਦੀ ਵਿਸ਼ਵੀਕਰਨ ਦੀ ਕਰੂਰਤਾ ਅਤੇ ਬਰਬਰਤਾ ਦਾ ਯਥਾਰਥ : ਆਪੋ ਆਪਣੇ ਜਮਨੇਜੇ

**ਡਾ. ਸੁਰਜੀਤ ਬਰਾੜ**

ਕਹਾਣੀ ਧਾਰਾ ਅਪ੍ਰੈਲ-ਜੂਨ, 2011 'ਵਿਸ਼ੇਸ਼ ਨਾਵਲ ਅੰਕ' ਮੇਰੇ ਸਨਮੁੱਖ ਹੈ। ਭਗਵੰਤ ਰਸੂਲਪੁਰੀ ਇਕ ਚਰਚਿਤ ਨਵ ਕਥਾਕਾਰ ਹੈ। ਉਸਦਾ ਇਹ ਰਸਾਲਾ ਨਵੀਨ ਪੰਜਾਬੀ ਕਥਾ ਦਾ ਬੁਲਾਰਾ ਹੈ। ਭਗਵੰਤ ਦੀ ਰਹਿਨੁਮਾਈ ਅਤੇ ਮਿਹਨਤ ਨਾਲ ਇਹ ਰਸਾਲਾ ਪੰਜਾਬੀ ਦੇ ਦੋ ਚਾਰ ਪ੍ਰਮੁੱਖ ਰਸਾਲਿਆਂ 'ਚੋਂ ਇਕ ਬਣ ਗਿਆ ਹੈ। ਇਸ ਹੱਥਲੇ ਵਿਸ਼ੇਸ਼ ਅੰਕ ਵਿੱਚ ਸਾਡੇ ਸਪ੍ਰਸਿੱਧ ਕਥਾਕਾਰ ਗੁਰਪਾਲ ਲਿੱਟ ਦਾ ਪੂਰਾ ਨਾਵਲ 'ਆਪੋ ਆਪਣੇ ਜਮਨੇਜੇ' ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਨਾਵਲ ਦੀ ਵਿਸ਼ਾਗਤ ਸੁਰ ਅਤੇ ਆਭਾ ਵਿਕੋਲਿਤਰੀ ਹੈ। ਪੂੰਜੀਵਾਦੀ ਵਿਸ਼ਵੀਕਰਨ ਖੁੱਲ੍ਹੀ ਮੰਡੀ ਅਰਥ ਵਿਵਸਥਾ, ਕਾਰਪੋਰੇਟ ਜਗਤ ਅਤੇ ਪੂੰਜੀ ਦੀ ਖੁੱਲ੍ਹ ਖੇਡ ਉੱਪਰ ਆਧਾਰਤ ਹੈ ਜੋ ਮਨੁੱਖ ਦੀ ਅੰਨ੍ਹੀ ਉਪਭੋਗਤਾਵਾਦੀ ਦ੍ਰਿਸ਼ਟੀ ਬਣਾਉਂਦਾ ਹੈ, ਜੋ ਮਨੁੱਖ ਨੂੰ ਮੰਡੀ ਦੀ ਵਸਤ ਅਤੇ ਪਰਾਧੀਨ ਬਣਾਉਂਦਾ ਹੈ। ਪੂੰਜੀਵਾਦੀ ਵਿਸ਼ਵੀਕਰਨ ਬਰਬਰ ਅਤੇ ਕਰੂਰ ਸਰੰਚਨਾ ਹੈ ਜੋ ਮਾਨਵੀ ਰਿਸ਼ਤਿਆਂ ਨੂੰ ਮਹਿਜ ਕੁ-ਪ੍ਰਭਾਵਤ ਹੀ ਨਹੀਂ ਕਰਦੀ ਸਗੋਂ ਪੂਰੀ ਤਰ੍ਹਾਂ ਫਨਾਹ ਵੀ ਕਰਦੀ ਹੈ। ਗੁਰਪਾਲ ਲਿੱਟ ਦੇ ਇਸ ਮਾਰਮਕ ਨਾਵਲ ਦਾ ਅਧਿਐਨ ਕਰਦਿਆਂ ਸਾਡੇ ਸਾਹਮਣੇ ਵਿਸ਼ਵੀਕਰਨ ਦੀਆਂ ਉਕਤ ਧਾਰਨਾਵਾਂ ਅਤੇ ਦ੍ਰਿਸ਼ਟੀਆਂ ਸਮੂਰਤ ਹੁੰਦੀਆਂ ਹਨ। ਇਹ ਨਾਵਲ ਇਸ ਪੱਖੋਂ ਗੌਰਤਲਬ ਅਤੇ ਮਹਿਮਾਯੋਗ ਹੈ ਕਿ ਇਹ ਨਾਵਲ ਸਮਕਾਲੀ ਪੂੰਜੀਵਾਦੀ ਵਿਸ਼ਵੀਕਰਨ ਦੀਆਂ ਅਮਾਨਵੀ ਪਰਤਾਂ, ਅਤੇ ਕੁਚਾਲਾਂ ਪਕੜਣ, ਉਭਾਰਨ, ਸਮਝਾਉਣ ਅਤੇ ਪ੍ਰਸਾਰਨ ਵਿੱਚ ਸਫ਼ਲ ਰਿਹਾ ਹੈ। ਪੂੰਜੀਵਾਦੀ ਵਿਸ਼ਵੀਕਰਨ ਨੂੰ ਸਮਝਣ ਸਮਝਾਉਣ ਵਾਲਾ ਇਹ ਪਹਿਲਾ ਮਹੱਤਵਸ਼ਾਲੀ ਅਤੇ ਸਮਰੱਥ ਨਾਵਲ ਹੈ। ਮੇਰਾ ਇਹ ਦਾਅਵਾ ਹੈ ਕਿ ਅਜਿਹੀ ਟੋਨ ਦਾ ਨਾਵਲ ਮੈਨੂੰ ਪਹਿਲਾਂ ਕਦੇ ਨਜ਼ਰ ਨਹੀਂ ਆਇਆ।

ਗੁਰਪਾਲ ਲਿੱਟ ਨੇ ਕਾਰਪੋਰੇਟ ਜਗਤ ਦੇ ਨੁਮਾਇੰਦੇ ਅਤੇ ਕਾਰਕੁਨ ਜਮਨੇਜੇ ਨੂੰ ਮੁੱਖ ਪਾਤਰ ਵਜੋਂ ਇਸ ਨਾਵਲ 'ਚ ਅੰਕਤ ਕੀਤਾ ਹੈ। ਉਹ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਅਮਾਨਵੀ ਤੇ ਭ੍ਰਿਸ਼ਟ ਹੱਥ ਕੰਡੇ ਵਰਤਦਾ ਹੈ। ਉਹ ਮਿ. ਦੱਤੇ ਵਰਗੇ ਭ੍ਰਿਸ਼ਟ ਅਫ਼ਸਰ ਨੂੰ ਪੂੰਜੀ ਦੇ ਬਲ ਰਾਹੀਂ ਹੀ ਨਹੀਂ ਖਰੀਦਦਾ ਸਗੋਂ ਆਪਣੀ ਪਤਨੀ ਸਿੰਮੀ ਨੂੰ ਵੀ ਉਸਦੇ ਹਰਮ 'ਚ ਭੇਜਦਾ ਹੈ। ਸਮਕਾਲੀ ਅਫ਼ਸਰਸ਼ਾਹੀ ਦਾ ਨਜ਼ਰੀਆਂ ਉਪਭੋਗਤਾਵਾਦੀ ਹੈ। ਉਹ ਪੂੰਜੀ ਅਤੇ ਔਰਤ ਦੀ ਗੁਲਾਮ ਬਣ ਚੁੱਕੀ ਹੈ। ਇਨ੍ਹਾਂ ਦੋ ਪ੍ਰਮੁੱਖ ਸਾਧਨਾਂ ਨਾਲ ਕਿਸੇ ਲਈ ਆਪਣਾ ਕਾਰੋਬਾਰ ਵਪਾਰ ਪ੍ਰਫੁੱਲਤ ਕਰਨਾ ਮੁਸ਼ਕਲ ਨਹੀਂ ਜਮਨੇਜਾ ਦੋਨੋਂ ਸਾਧਨਾਂ ਦੀ ਵਰਤੋਂ ਕਰਕੇ ਆਪਣੇ ਨਿੱਜੀ ਮੁਫ਼ਾਦਾਂ ਹਿੱਤਾਂ ਦੀ ਪੂਰਤੀ ਕਰਦਾ ਹੈ। ਪੂੰਜੀਵਾਦੀ ਵਿਸ਼ਵੀਕਰਨ ਅਮਾਨਵੀ ਚਿਹਰੇ ਦਾ ਲਖਾਇਕ ਹੋਣ ਕਰਕੇ ਇਸ ਪ੍ਰਬੰਧ ਵਿੱਚ ਕੋਈ ਕਿਸੇ ਦਾ ਸਕਾ ਸੋਧਰਾ (ਰਿਸ਼ਤੇਦਾਰ ਆਦਿ) ਜਾਂ ਯਾਰ ਦੋਸਤ ਨਹੀਂ ਹੁੰਦਾ, ਸਿਰ ਕਾਟਵੀਂ ਮੁਕਾਬਲੇਬਾਜੀ ਹੁੰਦੀ ਹੈ, ਕਦਮ ਕਦਮ ਤੇ ਪ੍ਰਤੀਰੋਧ ਹੁੰਦੇ ਹਨ। ਮੁਕਾਬਲੇਬਾਜੀ 'ਚ ਇਕ ਦੂਜੇ ਨੂੰ ਮਾਤ ਪਾਉਣ, ਜਿੱਤ ਪ੍ਰਾਪਤ ਕਰਨ ਲਈ, ਪ੍ਰਤੀਰੋਧ ਨਵਿਰਤ ਕਰਨ ਲਈ ਪੂੰਜੀ ਅਤੇ ਔਰਤ ਹੀ ਸਫ਼ਲ ਸਾਧਨ ਹਨ। ਔਰਤ ਨੂੰ ਮੰਡੀ ਦੀ ਵਸਤ ਬਣਾ ਦਿੱਤਾ ਗਿਆ ਹੈ। ਇਸ ਦੀ ਭਰਪੂਰ ਕੀਮਤ ਕਾਰਪੋਰੇਟ ਜਗਤ ਵਸੂਲ ਰਿਹਾ ਹੈ। ਪੂੰਜੀ ਦਾ ਕਾਰਜ ਪੂੰਜੀ ਨੂੰ ਖਿੱਚਣਾ ਹੈ। ਜਮਨੇਜੇ ਨੂੰ ਦੋਨਾਂ ਤਰੀਕਿਆਂ ਦੀ ਵਰਤੋਂ ਕਰਨ 'ਚ ਕੋਈ ਪਰਹੇਜ਼ ਨਹੀਂ। ਪੂੰਜੀਵਾਦੀ ਵਿਸ਼ਵੀਕਰਨ ਰਿਸ਼ਤਿਆਂ, ਸਮਾਜਿਕ ਰਿਸ਼ਤਿਆਂ (ਜਿਵੇਂ ਯਾਰੀਆਂ-ਦੋਸਤੀਆ) ਅਤੇ ਲਿਹਾਜਦਾਰੀਆਂ ਦਾ ਭੰਜਨ ਕਰਦਾ ਹੈ। ਦੂਜੇ ਸ਼ਬਦਾਂ



ਵਿੱਚ ਇਹ ਸਰੰਚਨਾ ਸਭ ਕਿਸਮ ਦੇ ਰਿਸ਼ਤਿਆਂ ਨਾਤਿਆਂ ਨੂੰ ਬੇਅਰਥਾ ਕਰ ਦਿੰਦੀ ਹੈ। ਜਮਨੇਜਾ ਕਰੂਰ, ਬਰਬਰ, ਵਹਿਸ਼ੀ ਦੰਭੀ ਲਾਲਚੀ ਲੋਭੀ ਪਾਖੰਡੀ, ਕਾਮੀ, ਦੋਧਾਰੀ(ਜਿਸਦੀ ਕਹਿਣੀ ਅਤੇ ਕਰਨੀ ਵਿੱਚ ਨਾਮਾਤਰ ਵੀ ਸੁਮੇਲ ਨਹੀਂ) ਵਿਭਚਾਰੀ, ਵਹਿਸ਼ੀ ਜ਼ਾਲਮ, ਧੋਖੇਬਾਜ ਕਿਰਦਾਰ ਵਿਵਹਾਰ ਅਤੇ ਆਚਰਨ ਦਾ ਲਖਾਇਕ (ਭਾਵ ਖਲਨਾਇਕ ਹੈ) ਹੈ। ਵਿਸ਼ਵੀਕਰਨ ਅਜਿਹੇ ਹੀ ਆ-ਮਨੁੱਖ ਨੂੰ ਘੜਦਾ ਸੰਵਾਰਦਾ ਹੈ। ਇੰਜ ਕਹਿਣਾ ਵੀ ਵਾਜਬ ਹੈ ਕਿ ਸਹੀ ਮਾਹਨਿਆਂ ਵਿੱਚ ਜਮਨੇਜਾ ਵਿਸ਼ਵੀਕਰਨ ਦੀ ਸਿਰਫ਼ ਪੈਦਾਇਸ਼ ਹੀ ਨਹੀਂ ਸਗੋਂ ਇਸ ਦਾ ਵਰਤਾ ਬੁਲਾਰਾ ਵੀ ਹੈ। ਜਮਨੇਜਾ ਆਪਣੇ ਇਕ ਕਰਮ ਰੋਗ ਤੋਂ ਪੀੜਤ ਦੋਸਤ ਜੱਸੀ (ਜੋ ਦਲਿਤ ਵਰਗ ਨਾਲ ਸਬੰਧਤ ਹੈ, ਜੋ ਕਲਰਕ ਹੈ, ਬੀਮਾਰ ਹੈ, ਜਿਸਦੀ ਸੀਮਤ ਤਨਖ਼ਾਹ ਨਾਲ ਵੱਡਾ ਪਰਿਵਾਰ ਪਾਲਣਾ ਮੁਸ਼ਕਲ ਹੈ, ਬੀਮਾਰੀ ਤੇ ਖਰਚ ਹੋਣ ਕਾਰਨ ਉਸਦੀ ਆਰਥਕ ਸਥਿਤੀ ਬਦਤਰ ਹੈ। ਬੱਚਿਆਂ ਦੇ ਪੜ੍ਹਾਈ ਦੇ ਖ਼ਰਚੇ ਵੱਖਰੇ ਹਨ। ਘਰ ਦੀ ਆਈ ਚਲਾਈ ਵੀ ਨਹੀਂ ਚੱਲਦੀ। ਜੱਸੀ ਮੁਥਾਜ ਹੋ ਚੁੱਕਾ ਹੈ) ਦੀਆਂ ਆਰਥਕ ਮਜਬੂਰੀਆਂ ਅਤੇ ਭੰਗੀਆਂ ਦਾ ਫ਼ਾਇਦਾ ਉਠਾਉਂਦਾ ਹੈ। ਜੱਸੀ ਅਤੇ ਉਸਦੇ ਪਰਿਵਾਰ ਦੀ ਆਰਥਕ ਸਹਾਇਤਾ ਕਰਕੇ ਉਸਦੀਆਂ ਤਿੰਨ ਮਾਸੂਮ ਨੌਜਵਾਨ ਲੜਕੀਆਂ ਦੇ ਜਜ਼ਬਾਤਾਂ, ਭਾਵਨਾਵਾਂ ਅਤੇ ਕਾਮਨਾਵਾਂ ਨੂੰ ਭੜਕਾ ਕੇ (ਭਾਵ ਉਨ੍ਹਾਂ ਨੂੰ ਵਰਗਲਾ ਕੇ) ਉਨ੍ਹਾਂ ਦਾ ਸਰੀਰਕ ਸ਼ੋਸ਼ਨ ਕਰਦਾ ਹੈ। ਜਮਨੇਜਾ ਇਨ੍ਹਾਂ ਅੱਲੜ੍ਹ ਨੌਜਵਾਨ ਲੜਕੀਆਂ ਨੂੰ ਧੀਆਂ ਕਹਿ ਕੇ, ਬੇਟੇ ਕਹਿ ਕੇ ਪੁਕਾਰਦਾ ਹੈ ਪਰੰਤੂ ਇਨ੍ਹਾਂ ਸ਼ਬਦਾਂ ਦੀ ਪਵਿੱਤਰਾ ਦੀ ਉਸਨੂੰ ਕੋਈ ਪ੍ਰਵਾਹ ਨਹੀਂ, ਉਨ੍ਹਾਂ ਨਾਲ ਕੁਕਰਮ ਕਰਨ ਲੱਗਿਆਂ ਉਹ ਪਾਕ ਪਾਵਨ ਰਿਸ਼ਤਿਆਂ ਦੀ ਕੋਈ ਸ਼ਰਮ ਹਯਾ ਨਹੀਂ ਖਾਂਦਾ, ਸਗੋਂ ਲੜਕੀਆਂ ਨਾਲ ਕੀਤੇ ਸਰੀਰਕ ਸ਼ੋਸ਼ਣ ਨੂੰ ਉਹ ਫ਼ਖ਼ਰ ਅਤੇ ਜਿੱਤ ਗਰਦਾਨਦਾ ਹੈ। ਜਮਨੇਜੇ ਕੋਲ ਪੂੰਜੀ ਦੀ ਤਾਕਤ ਹੈ, ਪੂੰਜੀ ਦੀ ਤਾਕਤ ਨਾਲ ਉਹ ਸਾਰੇ ਪਰਿਵਾਰ ਨੂੰ ਆਪਣੇ ਅਹਿਸਾਨਾਂ ਹੇਠ ਦੱਬ ਲੈਂਦਾ ਹੈ। ਨਾਵਲ 'ਚੋਂ ਇਹ ਸਪੱਸ਼ਟ ਧਾਰਨਾ ਉਭਰਦੀ ਹੈ ਕਿ ਪੂੰਜੀ ਨਾਲ ਜਿਸ ਨੂੰ ਮਰਜੀ ਖਰੀਦਿਆਂ ਜਾ ਸਕਦਾ ਹੈ। ਪ੍ਰਤੀਏਕ ਵਸਤ (ਮਨੁੱਖ ਵੀ ਇਕ ਵਸਤ ਹੈ) ਪੂੰਜੀ ਨਾਲ ਖਰੀਦਣਯੋਗ ਹੈ। ਪੂੰਜੀ ਦੀ ਸਰਦਾਰੀ ਹੈ, ਪੂੰਜੀ ਸਾਹਮਣੇ ਰਿਸ਼ਤੇ ਸੂਨਯ ਹਨ। ਜਮਨੇਜੇ ਲਈ ਵੀਰਾਂ, ਮੀਤਾਂ, ਦੀਪਾਂ (ਭਾਵੇਂ ਇਹ ਕੁੜੀਆਂ ਸਥਿਤੀਆਂ ਪ੍ਰਸਥਿਤੀਆਂ ਕਾਰਨ ਬੇਵਸ ਹੁੰਦੀਆਂ ਹਨ।) ਸਿਰਫ਼ ਵਸਤਾਂ ਹਨ। ਇਹ ਉਨ੍ਹਾਂ ਨੂੰ ਵਸਤਾਂ ਵਾਂਗ ਭੋਗਦਾ ਹੈ। ਜਮਨੇਜਾ ਤਾਂ ਆਪਣੀ ਪਤਨੀ ਨੂੰ ਵੀ ਵਸਤ ਤੋਂ ਵੱਧ ਕੁਝ ਨਹੀਂ ਸਮਝਦਾ। ਉਹ ਪੂੰਜੀ ਦੀ ਪ੍ਰਾਪਤੀ ਲਈ ਆਪਣੀ ਪਤਨੀ ਨੂੰ ਦੱਤੇ ਕੋਲ ਪੇਸ਼ ਕਰਦਾ ਹੈ। ਜਮਨੇਜਾ ਪੂੰਜੀ ਨਾਲ ਵਸਤਾਂ ਖਰੀਦਦਾ ਹੈ ਅਤੇ ਵਸਤਾਂ (ਆਪਣੀ ਪਤਨੀ) ਨਾਲ ਪੂੰਜੀ ਵਧਾਉਂਦਾ ਹੈ। ਪੂੰਜੀ ਖ਼ਾਤਰ ਉਹ ਨਿਵਾਣਾਂ ਛੂਹ ਸਕਦਾ ਹੈ, ਪੂੰਜੀ ਨਾਲ ਉਹ ਆਪਣੀ ਅਬੁਝ ਕਾਮਕ ਹਵਸ ਬੁਝਾ ਸਕਦਾ ਹੈ। ਇਹ ਇਸ ਸਮਕਾਲੀ ਸੰਰਚਨਾ ਦੀ ਕਰੂਰਤਾ ਅਤੇ ਬਰਬਰਤਾ ਹੈ ਜਿਸਦੇ ਗਤੀਸ਼ੀਲ ਰੂਪ ਨੂੰ ਗੁਰਪਾਲ ਲਿੱਟ ਆਪਣੇ ਇਸ ਨਾਵਲ ਦੇ ਧਰਾਤਲ ਤੇ ਅੰਕਿਤ ਕਰਦਾ ਹੈ, ਜੇਕਰ ਕੋਈ ਇਸ ਕਾਰਪੋਰੇਟ ਜਗਤ ਦੇ ਅਕੀਦਿਆਂ, ਵਿਸ਼ਵਾਸਾਂ, ਧਾਰਨਾਵਾਂ, ਮਨੌਤਾਂ ਅਤੇ ਦ੍ਰਿਸ਼ਟੀਆਂ ਨੂੰ ਮਾਨਤਾ ਦੇਣ ਤੋਂ ਮੁਨਕਰ ਹੁੰਦਾ ਹੈ ਤਾਂ ਉਸਨੂੰ ਕਈ ਕਿਸਮ ਦੇ ਹੱਥ ਕੰਡੇ ਵਰਤ ਕੇ ਕਾਬੂ ਕਰਨ ਲਈ ਜਤਨ ਕੀਤੇ ਜਾਂਦੇ ਹਨ ਜਿਵੇਂ ਜਮਨੇਜਾ ਜੱਸੀ ਦੀ ਚੌਥੀ ਲੜਕੀ ਨੀਲੂ ਨੂੰ ਵਰਗਲਾਉਣ ਲਈ ਵਰਤਦਾ ਹੈ। ਇਸਨੂੰ ਅਪਵਾਦ ਹੀ ਕਿਹਾ ਜਾ ਸਕਦਾ ਹੈ ਕਿ ਨੀਲੂ ਉਸਦੇ ਕਾਬੂ ਨਹੀਂ ਆਉਂਦੀ ਸਗੋਂ ਪ੍ਰਤੀਰੋਧ ਕਰਦੀ ਹੈ। ਇਹ ਵੀ ਸੱਚ ਹੈ ਕਿ ਨੀਲੂ ਦੇ ਪ੍ਰਤਿਰੋਧ ਜਾਂ ਨਾਬਰੀ ਨਾਲ ਇਸ ਸਰੰਚਨਾ ਨੂੰ ਕੋਈ ਫ਼ਰਕ ਨਹੀਂ ਪੈਂਦਾ। ਨੀਲੂ, ਉਸ ਘੱਟ ਗਿਣਤੀ ਦਾ ਚਿਹਨਕ ਹੈ ਜੋ ਅੱਗੇਵਧੂ ਵਿਚਾਰਾਂ ਦੀ ਧਾਰਨੀ ਹੁੰਦੀ ਹੈ। ਇਸ ਵਰਗ ਕੋਲ ਕੋਈ ਸ਼ਕਤੀ ਨਹੀਂ ਹੁੰਦੀ। ਇਹ ਘੱਟ ਗਿਣਤੀ ਅਜਗਰਨੁਮਾ ਸਰੰਚਨਾ ਦਾ ਕੁਝ ਵੀ ਵਿਗਾੜਣ ਤੋਂ ਅਸਮਰੱਥ ਹੁੰਦੀ ਹੈ। ਕਾਰਪੋਰੇਟ ਜਗਤ ਦੈਂਤਕਾਰੀ ਸ਼ਕਤੀ ਰੱਖਦਾ ਹੈ। ਗੁਰਪਾਲ ਲਿੱਟ ਨੇ ਇਸ ਜਗਤ ਅਤੇ ਇਸ ਜਗਤ ਦੇ ਨੁਮਾਇੰਦੇ ਜਮਨੇਜੇ ਦਾ ਕਰੂਰਤਮ ਰੂਪ ਬੜੀ ਕਲਾਤਮਕ ਜੁਗਤ ਨਾਲ ਉਘਾੜ ਕੇ ਸਾਡੇ ਸਨਮੁੱਖ ਕੀਤਾ ਹੈ।

ਨਾਵਲ 'ਚੋਂ ਕੁਝ ਮਿਸਾਲਾਂ ਪ੍ਰਮਾਣ ਵਜੋਂ ਲਈਆਂ ਜਾ ਸਕਦੀਆਂ ਹਨ। ਨਾਵਲ 'ਚ ਉਪਲੱਬਧ ਹੈ, "ਇਹ ਅਦਾਕਾਰੀ ਕਰਨ ਵਿੱਚ ਉਸਨੂੰ ਕਾਫੀ ਮਿਹਨਤ ਕਰਨੀ ਪੈ ਰਹੀ ਹੈ। ਦੋਸਤੀ ਆਦਿ ਦੀ ਕੋਈ ਭਾਵਨਾ ਉਸਦੇ ਅੰਦਰ ਨਹੀਂ ਲਰਜ਼ੀ। ਉਸਦੇ ਅੰਦਰ ਦੜ੍ਹ ਵੱਟੀ ਬੈਠੇ ਮਨੁੱਖ ਦਾ ਨਿਸ਼ਾਨਾ ਜੱਸੀ ਦੀ ਧੀ ਦੀਪਾਂ ਹੈ।" ਇਹ ਮਿਸਾਲ ਯਾਰੀਆਂ ਦੋਸਤੀਆਂ ਦੇ ਕੱਚ ਸੱਚ ਨੂੰ ਸਮਝਣ ਲਈ ਕਾਫ਼ੀ ਹੈ। ਇਕ ਮਿਸਾਲ ਵਪਾਰ ਦੇ ਕ੍ਰਮ ਸਬੰਧੀ ਪਰਖਣਯੋਗ ਹੈ। ਕਾਰਪੋਰੇਟ ਜਗਤ ਨੂੰ ਵਪਾਰ 'ਚ ਘਾਟਾ ਬਰਦਾਸ਼ਤ ਨਹੀਂ ਹੁੰਦਾ, ਵਪਾਰ ਕਾਰਨ ਉਹ ਕਿਸੇ ਕਿਸਮ ਦੀਆਂ ਪੰਗੇਬਾਜੀਆਂ 'ਚ ਨਹੀਂ ਪੈਂਦਾ। ਜੇ ਕਿਤੇ ਕਿਸੇ ਕਾਰਨ ਕੋਈ ਪੰਗੇਬਾਜੀ ਪੈ ਵੀ ਜਾਵੇ ਤਾਂ ਫਿਰ ਅਜਿਹੀ ਘਟਨਾ ਤੋਂ ਬਾਅਦ ਉਹ ਆਪਣਾ ਪੁਨਰ ਮੁਲੰਕਣ ਵੀ ਕਰਦਾ ਹੈ ਜਿਵੇਂ ਜਮਨੇਜਾ ਕਰਦਾ ਹੈ। ਇਕ ਪ੍ਰਸੰਗ ਦੇਖਣਯੋਗ ਹੈ, "ਦਰਵਾਜਾ ਭੇੜ ਕੇ ਉਹ ਛੱਤ ਉੱਤੇ ਆ ਗਿਆ। ਅੱਜ ਦੀ ਘਟਨਾ ਬਾਰੇ ਵਿਚਾਰਨ ਲੱਗ ਪਿਆ। ਕਿੰਨਾ ਹੌਂਸਲਾ ਵਿਖਾਉਣਾ ਪਿਆ ਹੈ। ਸਭ ਤੋਂ ਵੱਧ ਜ਼ੋਰ ਬੋਲੀ ਨੂੰ ਪੇਂਡੂ ਰੰਗਣ ਦੇਣ ਲਈ ਲੱਗਿਆ। ਉਂਝ ਏਹੋ ਜਿਹੇ ਉੱਜਡ ਰੌਲ਼ੇ ਗੌਲ਼ੇ ਤੋਂ ਉਹ ਦੂਰ ਹੀ ਰਹਿੰਦਾ ਹੈ। ਬਿਜਨੈਸ ਦਾ ਤਕਾਜਾ ਵੀ ਨਹੀਂ ਹੈ ਇਸ ਤਰ੍ਹਾਂ ਦੀਆਂ ਫ਼ਾਲਤੂ ਗੱਲਾਂ ਵਿੱਚ ਉਲਝਣ ਦਾ।" ਕਾਰਪੋਰੇਟ ਜਗਤ ਅਫ਼ਸਰ ਸਾਹੀ ਨੂੰ ਕਈ ਹਰਬਿਆਂ ਨਾਲ ਖਰੀਦਣ ਦੇ ਸਮਰੱਥ ਹੁੰਦਾ ਹੈ। ਸ਼ਰਾਬ ਨਾਲ ਜਮਨੇਜਾ ਕਿਵੇਂ ਅਫ਼ਸਰਾਂ ਨੂੰ ਖਰੀਦਦਾ ਹੈ, ਆਪਣੇ ਇਸ ਅਨੁਭਵ ਨੂੰ ਉਹ ਜੱਸੀ ਕੋਲ ਪ੍ਰਗਟ ਕਰਦਾ ਹੈ (ਹਾਲਾਂ ਕਿ ਜੱਸੀ ਦੀ ਵੀ ਸ਼ਰਾਬ ਕਮਜੋਰੀ ਹੈ, ਉਹ ਜੱਸੀ ਨੂੰ ਬੇਹੱਦ ਸ਼ਰਾਬ ਪਿਆ ਕੇ ਸ਼ਰਾਬੀ ਕਰ ਦਿੰਦਾ ਹੈ। ਇਸ ਉਪਰੰਤ ਉਹ ਉਸ ਦੀਆਂ ਧੀਆਂ ਦੀਪਾਂ ਅਤੇ ਵੀਰਾਂ ਨਾਲ ਸਰੀਰਕ ਸੰਬੰਧ ਬਣਾਉਂਦਾ ਹੈ।) ਜਮਨੇਜੇ ਦੇ ਸ਼ਬਦਾਂ ਵਿੱਚ,"ਅੱਛਾ ਔਹ! ਗੱਲ ਇਹ ਹੈ ਜੱਸੀ, ਮੇਰਾ ਕਿੱਤਾ ਹੀ ਐਸਾ ਹੈ ਕਿਸੇ ਕੰਮ ਨੂੰ ਓ. ਕੇ ਕਰਵਾਣ ਲਈ ਜਾਂ ਬਿੱਲ ਆਦਿ ਪਾਸ ਕਰਾਣ ਲਈ ਅਕਸਰ ਇਸਦੀ (ਭਾਵ ਸ਼ਰਾਬ) ਲੋੜ ਪੈਂਦੀ ਰਹਿੰਦੀ ਹੈ। ਅਫ਼ਸਰਾਂ ਨੂੰ ਖ਼ੁਸ਼ ਤਾਂ ਰੱਖਣਾ ਹੀ ਪੈਂਦਾ ਹੈ। ਕਈਆਂ ਲਈ ਤਾਂ ਬਹੁਤ ਮਹਿੰਗੀ ਸ਼ਰਾਬ ਲਿਆ ਕੇ ਰੱਖਣੀ ਪੈਂਦੀ ਹੈ। ਹੁਣ ਔਹ ਜਿਹੜੀ ਖੱਬੇ ਹੱਥ ਬੋਤਲ ਪਈ ਹੈ ਦਸ ਸਕਦੈਂ ਉਸਦੀ ਕੀਮਤ ਕਿੰਨੀ ਹੋਏਗੀ।" ਬਿਜਨੈਸ ਜਮਨੇਜੇ ਲਈ ਪ੍ਰਮੁੱਖ ਹੈ, ਇਸ ਦੀ ਬਿਨਾ ਤੇ ਉਹ ਕੋਈ ਰਿਸ਼ਕ ਨਹੀਂ ਲੈਂਦਾ। ਜਮਨੇਜਾ ਭਾਵੇਂ ਇਕ ਸਿਰੇ ਦਾ ਅੱਯਾਸ਼ ਹੈ ਪਰੰਤੂ ਉਹ ਅੱਯਾਸੀਆਂ ਨੂੰ ਦੋਮ ਦਰਜੇ ਤੱਕ ਸੀਮਤ ਰੱਖਦਾ ਹੈ। ਬਿਜ਼ਨੈਸ ਵਿੱਚ ਘਾਟਾ ਵੀ ਉਸਨੂੰ ਬਰਦਾਸ਼ਤ ਨਹੀਂ ਹੁੰਦਾ। ਟੈਂਡਰ ਆਪਣੇ ਹੱਕ 'ਚ ਕਰਵਾਉਣ ਲਈ (ਭਾਵ ਠੇਕਾ ਪ੍ਰਾਪਤ ਕਰਨ ਲਈ) ਉਹ ਹਰ ਚੀਜ ਦਾਅ ਤੇ ਲਾ ਸਕਦਾ ਹੈ, ਹੋਰ ਤਾਂ ਹੋਰ ਉਹ ਆਪਣੀ ਪਤਨੀ ਸਿੰਮੀ ਨੂੰ ਵੀ ਵੇਚ ਸਕਦਾ ਹੈ, ਇਕ ਠੇਕੇ ਦੀ ਪ੍ਰਾਪਤੀ ਲਈ ਇਕ ਦਫ਼ਾ ਨਹੀਂ ਉਹ ਕਈ ਵਾਰ ਅਜਿਹਾ ਕਰਦਾ ਹੈ, ਨਿਮਨ ਬਿਰਤਾਂਤਕ ਇਕਾਈ ਇਕ ਜੀਵੰਤ ਮਿਸਾਲ ਹੈ, "ਇਕ ਟੈਂਡਰ ਲਈ ਪਤਨੀ ਸੁਮੀਤ ਸ਼ਾਇਦ ਕਾਮਯਾਬ ਹੋ ਹੀ ਜਾਵੇ। ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਹੋ ਚੁੱਕਿਆ ਹੈ ਸਿੰਮੀ ਦੀ ਸਹਾਇਤਾ ਲੈਣੀ ਪੈਂਦੀ ਰਹੀ ਹੈ। ਹੁਣ ਤਾਂ ਕਿਸੇ ਕਿਸਮ ਦੀ ਹਿਚਕਿਚਾਹਟ ਵੀ ਉਨ੍ਹਾਂ ਵਿੱਚ ਬਾਕੀ ਨਹੀਂ ਰਹੀ। ਪਹਿਲਾਂ ਪਹਿਲ ਇਕ ਦੋ ਵਾਰ ਇਹ ਕੁਝ ਬੋਝਲ ਲੱਗਿਆ ਸੀ। ਸਿੰਮੀ ਨੇ ਆਨਾਕਾਨੀ ਵੀ ਕੀਤੀ। ਪਰ ਸੁਸਾਇਟੀ ਵਿੱਚ ਆਪਣੀ ਥਾਂ ਹੋਰ ਉੱਚੀ ਕਰਨ ਦੀ ਇੱਛਾ ਅਧੀਨ ਮੰਨ ਗਈ। ਉਦੋਂ ਤੋਂ ਜਦੋਂ ਵੀ ਲੋੜ ਪਵੇ ਐਸੇ ਕੰਮਾਂ ਵਿੱਚ ਜਮਨੇਜੇ ਦੀ ਮਦਦ ਕਰਦੀ ਆ ਰਹੀ ਹੈ। ਹੁਣ ਤਾਂ ਉਸਦਾ ਸਿੰਮੀ ਉੱਪਰ ਵਿਸ਼ਵਾਸ਼ ਵੀ ਬਹੁਤ ਡੂੰਘਾ ਹੋ ਚੁੱਕਿਆ ਹੈ। ਇਕ ਮਿਕਨਾਤੀਸੀ ਖਿੱਚ ਹੈ ਸਿੰਮੀ ਦੇ ਵਰਤਾਉ ਵਿੱਚ ਅਤੇ ਇਸ ਖਿੱਚ ਦਾ ਲੋਹਾ ਉਸਦੀ ਸੁਸਾਇਟੀ ਦਾ ਹਰ ਬੰਦਾ ਮੰਨਦਾ ਹੈ। ਕਈ ਤਾਂ ਅੰਦਰੋਂ ਅੰਦਰੀਂ ਜਮਨੇਜੇ ਨਾਲ ਈਰਖਾ ਕਰਦੇ ਨੇ। ਸਾਲਾ ਬੀਵੀ ਦੇ ਸਹਾਰੇ ਕਿਥੋਂ ਕਿੱਥੇ ਪਹੁੰਚ ਗਿਆ ਹੈ।" ਸੋ ਇਹ ਨਾਵਲ ਪੂੰਜੀਵਾਦੀ ਸੁਸਾਇਟੀ ਅਤੇ ਸਭਿਆਚਾਰ ਦੇ ਨੇਮਾਂ-ਨਿਯਮਾਂ, ਮੁੱਲਾਂ-ਪ੍ਰਤਿਮਾਨਾਂ ਦੇ ਯਥਾਰਥ ਨੂੰ ਸਮਝਾਉਂਦਾ ਹੈ ਪੂੰਜੀਵਾਦੀ ਵਿਸ਼ਵੀਕਰਨ ਰਿਸ਼ਤਿਆਂ ਦੀ ਨਵੀਂ ਸਰੰਚਨਾ ਪੈਦਾ ਕਰ ਰਿਹਾ ਹੈ, ਨਾਵਲ ਇਸ ਸਰੰਚਨਾ ਦੀ ਟੋਹ ਵੀ ਦਿੰਦਾ ਹੈ। ਇਸ



ਨਵ-ਪੂੰਜੀਵਾਦੀ ਸਰੰਚਨਾ ਵਿੱਚ ਹਰ ਰਿਸਤਾ ਨਿੱਜੀ ਹਿੱਤਾਂ ਅਤੇ ਮੁਫ਼ਾਦਾਂ ਨਾਲ ਜੁੜ ਚੁੱਕਾ ਹੈ। ਜਮਨੇਜੇ ਦਾ ਹਰ ਕਾਰਜ, ਕਾਰ-ਵਿਹਾਰ, ਆਚਰਨ ਸਿਰਫ ਤੇ ਸਿਰਫ਼ ਆਪਣੇ ਨਿੱਜੀ ਹਿੱਤਾਂ ਉੱਪਰ ਟਿਕਿਆ ਹੋਇਆ ਹੈ। ਪਤਨੀ ਸਮੇਤ ਕੋਈ ਰਿਸ਼ਤਾ ਵੀ ਉਸ ਲਈ ਮਹੱਤਵਪੂਰਨ ਨਹੀਂ। ਪੂੰਜੀ ਦਾ ਇਕੱਤਰੀਕਰਨ ਅਤੇ ਕਾਮ ਦੀ ਪੂਰਤੀ ਹੀ ਉਸ ਲਈ ਮਹੱਤਵ ਪੂਰਨ ਮੁੱਦੇ ਹਨ। ਗੁਰਪਾਲ ਲਿੱਟ ਦਾ ਇਹ ਨਾਵਲ ਇਨ੍ਹਾਂ ਪੱਖਾਂ ਕਾਰਨ ਹੀ ਮਾਰਮਕ ਅਤੇ ਬੇਸ਼ਕੀਮਤੀ ਹੈ।

ਗੁਰਪਾਲ ਲਿੱਟ ਅੱਗੇ ਵਧੂ ਵਿਚਾਰਧਾਰਾ ਦਾ ਲਖਾਇਕ ਲੇਖਕ ਹੈ। ਸੋ ਉਸ ਨੇ ਵਿਸ਼ਵੀਕਰਨ ਦੀਆਂ ਪ੍ਰਮੁੱਖ ਅਲਾਮਤਾਂ, ਇਸਦੀ ਕਰੂਰਤਾ ਅਤੇ ਬਰਬਰਤਾ ਦੇ ਵਰਨਣ ਰਾਹੀਂ ਪਾਠਕ ਵਰਗ ਅੰਦਰ ਇਸ ਸਰੰਚਨਾ ਪ੍ਰਤੀ ਨਫ਼ਰਤ ਅਤੇ ਰੋਹ ਉਤਪੰਨ ਕੀਤਾ ਹੈ। ਦੂਜਾ ਇਸ ਨਾਵਲ ਦਾ ਮਹੱਤਵਸ਼ਾਲੀ ਪਹਿਲੂ ਇਹ ਹੈ ਕਿ ਵਪਾਰੀ ਵਰਗ ਹਰ ਵਿਅਕਤੀ ਨੂੰ ਆਪਣੇ ਅਕੀਦਿਆਂ, ਮੁੱਲਾਂ-ਪ੍ਰਤਿਮਾਨਾਂ ਅਤੇ ਆਪਣੀ ਸੋਚ ਅਨੁਸਾਰ ਢਾਲ, ਵਰਤ ਜਾਂ ਖਰੀਦ ਨਹੀਂ ਸਕਦਾ। ਨੀਲੂ ਅਜਿਹੀ ਹੋਣਹਾਰ ਲੜਕੀ ਹੈ ਜਿਹੜੀ ਜਮਨੇਜੇ ਦੀ ਹਰ ਸ਼ਤਰੰਜੀ ਕੁਚਾਲ ਸਮਝਦੀ ਹੈ, ਪ੍ਰਤੀਕਰਮ ਵਜੋਂ ਤਿੱਖਾ ਵਿਰੋਧ ਵੀ ਪ੍ਰਗਟ ਕਰਦੀ ਹੈ। ਨੀਲੂ ਦਾ ਇਹ ਵਿਰੋਧ ਜਮਾਤੀ ਹੈ ਜੋ ਪਾਠਕ ਵਰਗ ਲਈ ਲਾਭਵੰਤ ਹੋਏਗਾ ਕਿਉਂਕਿ ਇਹ ਵਿਰੋਧ ਪਾਠਕ ਵਰਗ ਦੀ ਚੇਤਨਾ ਪ੍ਰਚੰਡ ਕਰਦਾ ਹੈ। ਜਮਨੇਜੇ ਦਾ ਹਾਰ ਮੰਨਣਾ ਨੀਲੂ ਦੀ ਜਿੱਤ ਦਾ ਪ੍ਰਤੀਕ ਹੈ। ਨਾਵਲ 'ਚ ਦਰਜ ਹੈ ਕਿ ਰਾਤ ਚੁੱਪ ਚਾਪ ਰੀਂਗਦੀ ਜਾ ਰਹੀ ਹੈ। ਇਹ ਪ੍ਰਤੀਕ ਵੀ ਰਾਤ ਦੇ ਖ਼ਾਤਮੇ ਦਾ ਪ੍ਰਤੀਕ ਹੈ। ਨਿਰਸੰਦੇਹ ਰਾਤ ਖਤਮ ਹੋਵੇਗੀ ਚੁਫੇਰੇ ਉਜਾਲਾ ਫੈਲੇਗਾ, ਨਾਵਲ ਦਾ ਇਹ ਸੁਨੇਹਾ ਸਾਰਥਕ ਹੈ, ਗ਼ੌਰਤਲਬ ਹੈ।

**ਪਤਾ: ਪਿੰਡ ਤੇ ਡਾਕ. ਘੋਲੀਆਂ ਕਲਾਂ, ਮੋਗਾ, ਮੁਬਾਇਲ 98553-71313**

**ਸੰਵਾਦ-1**

# 'ਆਪਣੇ ਆਪਣੇ ਜਮਨੇਜੇ' ਰਾਹੀ ਇਕ ਨਾਵਲਕਾਰ ਦਾ ਜਨਮ

**ਪ੍ਰੋ: ਐਚ ਐਸ ਡਿੰਪਲ**

ਕਹਾਣੀ ਧਾਰਾ -21 ਵਿਚ ਛਪੇ ਗੁਰਪਾਲ ਸਿੰਘ ਲਿੱਟ ਦੇ ਨਾਵਲ "ਆਪਣੇ ਆਪਣੇ ਜਮਨੇਜੇ" ਨੂੰ ਮੈਂ ਇਕ ਮੀਲ ਪੱਥਰ ਰਚਨਾ ਕਹਾਂਗਾ। ਜਿਨ੍ਹਾਂ ਵਰਜਿਤ ਰਿਸ਼ਤਿਆਂ ਨੂੰ ਆਧਾਰ ਬਣਾ ਕੇ ਪ੍ਰੇਮ ਪ੍ਰਕਾਸ਼ ਨੇ ਕਹਾਣੀਕਾਰਾਂ ਦੀ ਚੌਥੀ ਕੂਟ ਦੀ ਨਿਸ਼ਾਨਦੇਹੀ ਕੀਤੀ ਸੀ, ਉਹ ਇਸ ਲਘੂ-ਨਾਵਲ ਰਾਹੀਂ ਨਾਵਲ ਦੇ ਪਿੜ ਵਿਚ ਘੁਸਪੈਠ ਕਰਦੇ ਦਿਖਾਈ ਦੇ ਰਹੇ ਹਨ, ਜਿਸ ਕਰਕੇ ਨਾਵਲ ਇਕ ਨਵੀਂ ਪੁਲਾਂਘ ਪੁੱਟਦਾ ਨਜ਼ਰ ਆ ਰਿਹਾ ਹੈ ਅਤੇ ਇਸ ਪ੍ਰਾਪਤੀ ਦਾ ਸਿਹਰਾ ਲਿੱਟ ਨੂੰ ਜਾਂਦਾ ਹੈ। ਲਿੱਟ ਨੂੰ ਮੈਂ ਇਕ ਚੰਗੇ ਕਹਾਣੀਕਾਰ ਵਜੋਂ ਜਾਣਦਾ ਹਾਂ। ਪਰ ਇਸ ਲਘੂ-ਨਾਵਲ ਰਾਹੀਂ ਉਸ ਨੇ ਆਪਣੀ ਨਾਵਲ-ਸਮਰਥਾ ਪ੍ਰਗਟ ਕੀਤੀ ਹੈ। ਜਿਸ ਤਰ੍ਹਾਂ ਸਾਂਵਲ ਧਾਮੀ ਨੇ "ਗਾਈਡ" ਅਤੇ "ਪੇਂਜੀ ਦੇ ਫੁੱਲ" ਕਹਾਣੀਆਂ ਰਾਹੀਂ ਮਹਾਂਵਿਦਿਆਲਿਆਂ ਵਿਚ ਹੋ ਰਹੇ ਦਾ ਪਰਦਾ ਉਠਾਇਆ, ਸੰਤੋਖ ਸਿੰਘ ਧੀਰ ਨੇ "ਸਟਰਿੰਗਰ" ਕਹਾਣੀ ਰਾਹੀਂ ਅਖ਼ਬਾਰ-ਨਵੀਸੀ ਦੇ ਖੇਤਰ ਵਿਚ ਝਾਤ ਪਵਾਈ ਅਤੇ ਜਤਿੰਦਰ ਹਾਂਸ ਨੇ "ਆਓ ਪਿਆਰ ਕਰੀਏ" ਵਿਚ ਸਕੂਲ ਪ੍ਰਬੰਧਨ ਤੇ ਰੌਸ਼ਨੀ ਪਾਈ ਹੈ, ਤਿਵੇਂ ਇਹ ਨਾਵਲ ਵੀ ਇਸੇ ਕੜੀ ਵਿਚ ਇਕ ਹੋਰ ਨਿੱਗਰ ਵਾਧਾ ਕਰਦਾ ਹੋਇਆ, ਠੇਕੇਦਾਰ-ਅਧਿਕਾਰੀ ਸੰਬੰਧਾਂ ਦਾ ਪਰਦਾਫਾਸ ਕਰਦਾ ਹੋਇਆ, ਕਈ ਹੋਰ ਪ੍ਰਤੱਖ ਅਤੇ ਗੌਣ ਵਿਸ਼ਿਆਂ ਤੇ ਰੌਸ਼ਨੀ ਪਾਉਂਦਾ ਹੈ, ਜਿਨ੍ਹਾਂ ਵਿਚੋਂ ਸਭ ਤੋਂ ਅਹਿਮ ਪਾਤਰਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਹੈ। ਨਾਵਲ ਰੌਚਿਕਤਾ ਦਾ ਸ਼ਿਖ਼ਰ ਤਾਂ ਹੈ ਹੀ, ਜਿਸ ਤਰ੍ਹਾਂ ਲਿੱਟ ਨੇ ਨਾਵਲ ਦੇ ਮੁੱਖ ਪਾਤਰ ਜਮਨੇਜਾ ਸਿੰਘ

ਦੇ ਸ਼ੈਤਾਨੀ ਦਿਮਾਗ ਦੀਆਂ ਵੱਖ-ਵੱਖ ਪਰਤਾਂ ਨੂੰ ਪੇਸ਼ ਕਰਦਾ ਹੋਇਆ, ਅਤਿ-ਸੰਜੀਦਗੀ ਦਿਖਾਉਂਦਾ ਹੈ।

ਉੱਘੇ ਕਹਾਣੀਕਾਰ ਗੁਰਪਾਲ ਲਿੱਟ ਨੇ ਆਪਣੀ ਇਸ ਤਾਜ਼ੀ ਗਲਪ ਰਚਨਾ ਰਾਹੀਂ ਆਪਣੇ ਅੰਦਰ ਵਸੀ ਨਾਵਲਕਾਰੀ ਦੀ ਪ੍ਰਤਿਭਾ ਦਾ ਸਫ਼ਲ ਮੁਜ਼ਾਹਰਾ ਕਰਨ ਦੇ ਨਾਲ ਨਾਲ ਮਾਨਵੀ ਮਨ ਦੀਆਂ ਅਨੇਕ ਅੰਤਰੀਵ ਪਰਤਾਂ ਤੇ ਝਾਤ ਪਵਾ ਕੇ ਪਾਠਕ ਲਈ ਅਨੇਕ ਸੋਚ-ਸੂਤਰ ਮੁਹੱਈਆ ਕੀਤੇ ਹਨ। ਨਾਵਲ ਦਾ ਅੰਤਰ-ਪਾਠ ਪਾਠਕ ਨੂੰ ਵਾਰ-ਵਾਰ ਸੋਚਣ ਲਈ ਮਜਬੂਰ ਕਰਦਾ ਹੈ ਕਿਉਂਕਿ ਕਥਾਕਾਰ ਨੇ ਇਸ ਗਲਪੀ ਬਿਰਤਾਂਤ ਵਿਚ ਅਨੇਕ ਅਜਿਹੇ ਚਿਹਨ ਛੱਡੇ ਹਨ, ਜਿਨ੍ਹਾਂ ਦਾ ਸਰੋਕਾਰ ਹਰ ਇਨਸਾਨ ਦੇ ਜੀਵਨ ਨਾਲ ਹੈ। ਭਾਵੇਂ ਕਿ ਪ੍ਰਮੁੱਖ ਰੂਪ ਵਿਚ ਲਿੱਟ ਅੰਦਰਲਾ ਨਾਵਲਕਾਰ ਬਿਲਡਰਾਂ ਤੇ ਮਹਿਕਮੇ ਦੇ ਆਹਲਾ ਅਫ਼ਸਰਾਂ ਵਿਚਕਾਰ ਸੰਬੰਧਾਂ ਦੀ ਰੌਸ਼ਨੀ ਵਿਚ ਪੈਸੇ, ਤਾਕਤ ਅਤੇ ਚੁਸਤੀ ਦੇ ਸਿਰ ਤੇ ਕਿਸੇ ਸੈਕਸ ਦੇ ਭੁੱਖੇ ਇਨਸਾਨ ਵਲੋਂ ਕਿਸੇ ਦੀਆਂ ਕਮਜ਼ੋਰੀਆਂ ਪਛਾਣ ਕੇ ਦੋਸਤੀ ਦੀ ਆੜ ਹੇਠ ਉਸਦੀਆਂ ਧੀਆਂ ਦਾ ਰੱਜ ਕੇ ਸ਼ੋਸ਼ਣ ਕਰਨ ਅਤੇ ਆਪਣੀ ਪਤਨੀ ਦੀ "ਵਰਤੋਂ" ਕਰਕੇ ਇੰਜੀਨੀਅਰਾਂ ਨੂੰ ਖੁਸ਼ ਕਰਕੇ ਠੇਕੇ ਹਥਿਆਉਣ ਅਤੇ ਵੱਧ ਮੁਨਾਫ਼ਾ ਹਾਸਲ ਕਰਨ ਤੇ ਆਧਾਰਤ ਹੈ, ਪਰ ਜਿਸ ਤਰ੍ਹਾਂ ਲਿੱਟ ਦੇ ਇਸ ਨਾਵਲ ਵਿਚ ਰੌਚਿਕਤਾ, ਪੜ੍ਹਣਯੋਗਤਾ ਅਤੇ ਮਨੋਵਿਗਿਆਨ ਪਾਤਰ ਵਿਕਾਸ ਅਤੇ ਚਿਤਰਨ ਨੂੰ ਬਰਕਰਾਰ ਰੱਖਿਆ ਹੈ, ਉਸ ਕਰਕੇ ਇਹ ਨਾਵਲ ਪੰਜਾਬੀ ਸਾਹਿਤ ਦਾ ਸਦੀਵੀ ਸਿੰਬਲ ਚੁੱਕਾ ਹੈ।

ਇਹ ਨਾਵਲ ਅੱਜ ਦੇ ਤਣਾਓਗ੍ਰਸਤ ਅਤੇ ਸੰਵੇਦਨਹੀਣ ਇਨਸਾਨ ਅੰਦਰ ਚੱਲ ਰਹੇ ਅੰਤਰ-ਵਿਰੋਧਾਂ ਨੂੰ ਪ੍ਰਗਟਾਉਂਦਾ, ਅਜੋਕੇ ਨਾਵਲ ਸਾਸ਼ਤਰ ਨਾਲ ਟਕਰਾਉਂਦਾ ਨਜ਼ਰ ਆਉਂਦਾ ਹੈ। ਮੈਂ ਗਲਪਕਾਰ ਲਿੱਟ ਦੀਆਂ ਕਹਾਣੀਆਂ ਪੜ੍ਹੀਆਂ ਹਨ, ਅਤੇ ਜਿਥੇ ਇਹ ਨਾਵਲ ਕਥਾ-ਬਿਰਤਾਂਤ ਸਿਰਜਦਾ ਘਟਨਾ ਨੂੰ ਕੇਂਦਰ ਵਿਚ ਲਿਆ ਕੇ ਅੱਗੇ ਵਧਦਾ ਹੈ, ਉਥੇ ਉਸਦੀਆਂ ਵਧੇਰੇ ਕਹਾਣੀਆਂ, ਖਾਸ ਕਰਕੇ ਪਿਛਲੇ 3 ਦਹਾਕਿਆਂ ਵਿਚ ਪ੍ਰਕਾਸ਼ਿਤ ਕਥਾ-ਜਗਤ ਵਿਚ ਪਾਤਰਾਂ ਨੂੰ ਸਰਲ ਤੋਂ ਪੇਚੀਦਾ ਸੋਚ ਅਖਤਿਆਰ ਕਰਦਿਆਂ ਵਿਖਾਇਆ ਹੈ। ਅਜਿਹਾ ਆਮ ਕਰਕੇ ਕਿਸੇ ਵੀ ਲੇਖਕ ਦੇ ਪ੍ਰੋੜ ਹੋਣ ਦਾ ਸੰਕੇਤ ਹੁੰਦਾ ਹੈ। ਹਰ ਲੇਖਕ ਉਮਰ ਨਾਲ ਘਟਨਾ ਚਿਤਰਣ ਤੋਂ ਚਿੰਤਾ-ਚਿੰਤਨ ਵੱਲ ਵਿਕਾਸ ਕਰਦਾ ਹੈ। ਭਾਵੇਂ ਕਿ ਕਥਾਕਾਰ ਦੇ ਇਸ ਵਰਤਾਰੇ ਬਾਰੇ ਕਿਸੇ ਆਲੋਚਕ ਵਲੋਂ ਇਹ ਗੱਲ ਕਹੀ ਜਾਂ ਫੜੀ ਹੋਣ ਬਾਰੇ ਮੈਂ ਦਾਅਵੇ ਨਾਲ ਤਾਂ ਕੁਝ ਨਹੀਂ ਕਹਿ ਸਕਦਾ, ਪਰ ਨਾਨਕ ਸਿੰਘ, ਜਸਵੰਤ ਕੰਵਲ, ਗੁਰਦਿਆਲ ਸਿੰਘ ਅਤੇ ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਵਿਕਾਸ ਰੁੱਖ ਦਾ ਅਧਿਐਨ ਕਰਦਿਆਂ ਮੈਂ ਇਹ ਗੱਲ ਵੇਖੀ ਹੈ। ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਵਿਚ ਜਤਿੰਦਰ ਹਾਂਸ ਦੀ ਸ਼ਾਹਕਾਰ ਕਹਾਣੀ "ਪਾਵੇ ਨਾਲ ਬੰਨ੍ਹਿਆ ਹੋਇਆ ਕਾਲ" ਵਿਚ ਘਟਨਾ ਬਿਰਤਾਂਤ ਸਾਰੀ ਕਥਾ ਵਿਚ ਫੈਲਿਆ ਹੈ, ਪਰ "ਈਸ਼ਵਰ ਦਾ ਜਨਮ" ਇਕ ਚਿੰਤਾ-ਚਿੰਤਨ ਦੀ ਸਿਰਜਣਾ ਹੈ। ਭਗਵੰਤ ਰਸੂਲਪੁਰੀ ਦੀ ਕਹਾਣੀ "ਕਸੂਰਵਾਰ" ਅਤੇ "ਆਦੀ ਡੰਕਾ" ਜਾਂ "ਮਰਨ ਰੁੱਤ" ਦਾ ਤੁਲਨਾਤਮਕ ਅਧਿਐਨ ਵੀ ਇਸ ਤੱਥ-ਤੱਤ ਵੱਲ ਇਸ਼ਾਰਾ ਕਰਦਾ ਹੈ। 'ਸਿਖ਼ਰ ਦੁਪਹਿਰਾ' ਜਾਂ 'ਚੂੜੇ ਵਾਲੀ ਬਾਂਹ' ਵਰਗੀਆਂ ਸ਼ਾਹਕਾਰ ਕਹਾਣੀਆਂ ਦਾ ਸਿਰਜਕ ਜਸਵੀਰ ਰਾਣਾ ਹੁਣ "ਘੁੰਗਰੂ ਕਥਾ" ਵਿਚ ਚਿੰਤਾ-ਚਿੰਤਨ ਵੱਲ ਵੱਧ ਰੁਚਿਤ ਦਿਖਾਈ ਦਿੰਦਾ ਹੈ।

ਸੰਤੋਖ ਸਿੰਘ ਧੀਰ ਦੀ ਮੁੱਢਲੇ ਦੌਰ ਦੀ ਚਰਚਿਤ ਕਹਾਣੀ "ਸਵੇਰ ਹੋਣ ਤੱਕ" ਜਾਂ "ਕੋਈ ਇਕ ਸਵਾਰ" ਘਟਨਾ-ਕੇਂਦਰਤ ਹਨ, ਜਦੋਂ ਕਿ "ਸਟਰਿੰਗਰ" ਜਾਂ "ਯੂਨੀਵਰਸਿਟੀ" ਵਰਗੀਆਂ ਕਹਾਣੀਆਂ ਚੇਤਨਾ-ਚਿੰਤਨ ਆਧਾਰਿਤ। ਦੂਰ ਕੀ ਜਾਣਾ, ਗੁਰਮੀਤ ਕੜਿਆਲਵੀ ਦੀ ਮੁੱਢਲੀ ਕਹਾਣੀ ਹੱਡਾ ਰੋੜੀ ਵਿਚ ਘਟਨਾ ਹੈ, ਆਤੂ ਖੋਜੀ ਚਿੰਤਨ ਵੱਲ ਵਿਕਾਸ ਹੈ ਅਤੇ ਤਾਜ਼ਾ ਕਹਾਣੀ "ਚੀਕ" ਵਿਚ ਚਿੰਤਨ ਦਾ ਸਿਖ਼ਰ। ਅਜਮੇਰ ਸਿੱਧੂ (ਇਕਬਾਲ ਹੁਸੈਨ ਮੋਇਆ ਨਹੀਂ ਤੋਂ 'ਇਵਾਨ ਇਲੀਚ ਦੀ ਦੂਸਰੀ ਮੌਤ) ਅਤੇ



ਬਲਵੀਰ ਪਰਵਾਨਾ ਵੀ ਨਿਰੰਤਰ ਚਿੰਤਨ ਵੱਲ ਵਧ ਰਹੇ ਹਨ। ਪਰ, ਲਿੱਟ ਦੇ ਇਸ ਨਾਵਲ ਵਿਚ ਉਹ "ਚਿੰਤਨ" ਅੰਸ਼ ਨਹੀਂ ਹਨ, ਜੋ ਕੁਝ ਦੇਰ ਪਹਿਲਾਂ ਛਪੀਆਂ ਕਹਾਣੀਆਂ ਵਿਚ ਹਨ। ਉਸਦੀ ਚਰਚਿਤ ਕਹਾਣੀ "ਦੁਰਗ ਟੁੱਟਦੇ ਨੇ" ਮੇਰੇ ਸਾਹਮਣੇ ਪਈ ਹੈ। ਕਹਾਣੀ ਦੀ ਮੁੱਖ ਪਾਤਰਾ ਅਤੇ ਨਰੇਟਰ ਨੀਰੂ ਦੀ "ਮੱਮ" ਆਖਦੀ ਹੈ, "ਮਰਦ ਕੇਵਲ ਮਰਦ ਹੀ ਹੁੰਦਾ ਹੈ, ਨੀਰੂ। ਆਖ਼ਰੀ ਸੱਚ। ਉਹ ਕੇਵਲ ਮਰਦ ਹੁੰਦਾ ਹੈ। ਜਿੰਨਾ ਕੁ ਮੌਕਾ ਮਿਲਦਾ ਹੈ, ਓਨਾ ਕੁ ਨੰਗਾ ਚਿੱਟਾ ਹੁੰਦਾ ਚਲਾ ਜਾਂਦਾ ਹੈ। ਜ਼ਾਹਰਾ ਤੋਰ 'ਤੇ ਨਾ ਵੀ ਸਹੀ, ਪਰ ਅੰਦਰੋਂ ਤਾਂ ਜ਼ਰੂਰ ਹੀ।" ਇਨ੍ਹਾਂ ਦੋ ਸਤਰਾਂ ਵਿਚ ਸਿਮਟਿਆ "ਨੰਗਾ-ਚਿੱਟਾ" ਸੱਚ ਆਲੋਚਨਾ-ਅਧੀਨ ਸਮੁੱਚੇ ਨਾਵਲ ਵਿਚ ਫ਼ੈਲਿਆ ਹੋਇਆ ਹੈ, ਜਿਸ ਤੋਂ ਇਸ ਨਾਵਲ ਦੇ 'ਪਹਿਲਾਂ ਰਚੇ ਹੋਣ ਦੀ ਗਵਾਹੀ ਮਿਲਦੀ ਹੈ।

ਸੋ ਇਸ ਗੱਲ ਤੋਂ ਮੈਂ ਇਹੀ ਸਿੱਟਾ ਕੱਢਿਆ ਹੈ ਕਿ ਹੋ ਸਕਦਾ ਹੈ ਕਿ ਗੁਰਪਾਲ ਲਿੱਟ ਨੇ ਇਹ ਨਾਵਲ ਢੇਰ ਪਹਿਲਾਂ ਲਿਖਿਆ ਹੋਵੇ ਅਤੇ ਉਦੋਂ ਢੁਕਵਾਂ ਮਾਹੌਲ ਨਾ ਹੋਣ ਕਰਕੇ ਕਿਸੇ ਸਾਹਿਤਕ ਪੱਤ੍ਰਿਕਾ ਨੇ ਨਾ ਤਾਂ ਪ੍ਰਕਾਸ਼ਿਤ ਕਰਨ ਦੀ ਜੁਅਰਤ ਦਿਖਾਈ ਹੋਵੇ ਅਤੇ ਨਾ ਹੀ ਕਿਸੇ ਪ੍ਰਕਾਸ਼ਿਕ ਨੇ ਏਨਾ ਜੇਰਾ ਕੀਤਾ ਹੋਵੇ, ਪਰ ਹੁਣ 'ਲਿੰਗੀ ਖੁੱਲ੍ਹਾਂ ਵਾਲੇ ਗਲਪ ਨੂੰ ਪਾਠਕ ਅਤੇ ਆਲੋਚਕ ਵਰਗ ਵਲੋਂ ਪ੍ਰਵਾਨਗੀ ਮਿਲਣ ਤੇ ਲਿੱਟ ਨੇ (ਅਤੇ ਸੰਪਾਦਕ ਨੇ) ਜੁਅਰਤ ਕੀਤੀ ਹੋਵੇ। ਮੈਨੂੰ ਇਸ ਨਾਵਲ ਦਾ ਰਚਨਾਕਾਰ ਅੱਜ ਦਾ ਲਿੱਟ ਨਹੀਂ, ਸਗੋਂ ਤਿੰਨ, ਸਾਢੇ ਤਿੰਨ ਦਹਾਕੇ ਪਹਿਲਾਂ ਦਾ ਲਿੱਟ ਜਾਪਦਾ ਹੈ। ਹੋ ਸਕਦਾ ਹੈ, ਮੈਂ ਗ਼ਲਤ ਹੋਵਾਂ! ਨਾਵਲ ਵਿਚ ਮੋਬਾਈਲ ਫ਼ੋਨ, ਟੈਲੀਫ਼ੋਨ ਅਤੇ ਇਥੋਂ ਤੱਕ ਟੈਲੀਵਿਯਨ ਦੀ ਗੈਰ-ਮੌਜੂਦਗੀ ਵੀ ਇਸ ਗੱਲ ਦੀ ਸਾਖੀ ਭਰਦੀ ਹੈ, ਕਿਉਂਕਿ ਨਾਵਲ ਦਾ ਵਿਸ਼ਾ ਅਤੇ ਪ੍ਰਕਿਰਤੀ ਇਸ ਦੇ ਰਚਨਾਕਾਰ ਵਲੋਂ ਸਮਕਾਲੀ ਵਰਤਾਰੇ ਦੇ ਚਿਤਰਣ ਦੀ ਪ੍ਰੋੜਤਾ ਕਰਦੇ ਹਨ, ਅਤੇ ਅਜਿਹੀ ਹਾਲਤ ਵਿਚ ਜਨਮੇਜੇ ਵਰਗੇ ਹੰਢੇ ਹੋਏ ਦੇ ਪੂਰੇ ਠੇਕੇਦਾਰ ਕੋਲ, ਖਾਸ ਕਰਕੇ ਜਦੋਂ ਉਸਦੇ ਸ਼ੌਂਕ ਵੀ 'ਇਹੋ ਜਿਹੇ ਹੋਣ, ਅਤੇ ਉਸਨੂੰ ਢੇਰ-ਦੇਰ ਬਾਹਰ ਰਹਿਣਾ ਪੈਂਦਾ ਹੋਵੇ, ਮੋਬਾਈਲ ਫ਼ੋਨ ਹੀ ਨਹੀਂ, ਹੋਰ ਬੜੇ ਇਲੈਕਟ੍ਰੋਨਿਕ ਗੱਜਟ/ਯੰਤਰ ਹੋਣੇ ਚਾਹੀਦੇ ਸਨ। ਇਸ ਸੰਦਰਭ ਵਿਚ ਵੀ ਨਾਵਲ ਦਾ ਮੁੱਖ ਪਾਤਰ ਘੱਟੋ-ਘੱਟ ਤਿੰਨ ਦਹਾਕੇ ਪੁਰਾਣਾ ਜਾਪਦਾ ਹੈ।

ਨਾਵਲ ਦੀ ਵੱਡੀ ਖ਼ੂਬੀ ਇਹ ਹੈ ਕਿ ਇਸ ਵਿਚ ਲਿੱਟ ਨੇ ਸਮਾਜਿਕ ਕੋਹਜ ਨੂੰ ਨੰਗਾ ਕਰਨ ਲਈ ਆਪਣੀ ਕਲਮ ਦਾ ਕੈਮਰਾ ਮੁੱਖ ਪਾਤਰ/ਸ਼ੋਸ਼ਕ ਦੇ ਲਗਭਗ ਸਿਰ ਤੇ ਹੀ ਫਿੱਟ ਕੀਤਾ ਹੈ, ਜਿਸ ਕਰਕੇ ਉਸਦੀਆਂ ਸਭ ਹਰਕਤਾਂ/ਕਰਤੂਤਾਂ ਪਾਠਕ ਦੇ ਸਨਮੁੱਖ ਹਨ। ਇਸਤੋਂ ਵੀ ਵੱਡੀ ਅਤੇ ਅਹਿਮ ਗੱਲ ਇਹ ਹੈ ਕਿ ਪਾਠਕ ਨੂੰ ਸ਼ੋਸ਼ਕ ਜਨਮੇਜੇ ਦੇ ਮਨ ਅੰਦਰ ਚੱਲ ਰਹੇ ਵਰਤਾਰੇ ਤੇ ਵੀ ਨਿਰੰਤਰ ਝਾਕਣ ਦਾ ਮੌਕਾ ਮਿਲ ਰਿਹਾ ਹੈ। ਚੰਗੇ ਸਾਹਿਤ ਦੀ ਸਿਫ਼ਤ ਇਹ ਹੁੰਦੀ ਹੈ ਕਿ ਉਹ ਪਾਠਕ ਨੂੰ ਮਨੋਰੰਜਨ, ਗਿਆਨ ਅਤੇ ਚੇਤਨਾ ਦੀ ਤਿਕੋਣ ਵਿਚ ਬੰਨ੍ਹ ਕੇ ਰੱਖਦਾ ਹੈ ਅਤੇ ਆਪਣੇ ਕਥਾ-ਜਗਤ ਵਾਂਗ ਲਿੱਟ ਇਸ ਲਘੂ ਨਾਵਲ ਵਿਚ ਆਪਣੇ ਬਾਰੇ ਬਣੀ ਪਾਠਕਾਂ ਅਤੇ ਆਲੋਚਕਾਂ ਦੀ ਰਾਏ ਕਾਇਮ ਰੱਖਣ ਵਿਚ ਸਫ਼ਲ ਹੋਇਆ ਹੈ। ਜਿਸ ਤਰ੍ਹਾਂ ਸਆਦਤ ਹਸਨ ਮੰਟੋ ਆਪਣੀਆਂ ਕਹਾਣੀਆਂ ਰਾਹੀਂ ਸਮਾਜਿਕ ਕੋਹਜ ਨੰਗਾ ਕਰਦਾ ਹੋਇਆ ਨਾਂਹ ਵਾਚਕ ਪਾਤਰਾਂ ਰਾਹੀਂ ਆਦਰਸ਼ਕ ਸਮਾਜ ਸਿਰਜਣ ਦਾ ਯਤਨ ਕਰਦਾ ਹੈ, ਉਵੇਂ ਹੀ ਲਿੱਟ ਦੇ ਯਤਨ ਵੀ ਉਸਦੇ ਦਿਸ਼ਾ ਵਿਚ ਅਗਰਸਰ ਹਨ। ਮੈਨੂੰ ਜਾਪਦਾ ਹੈ ਕਿ ਜਿੱਥੇ ਭਾਈ ਵੀਰ ਸਿੰਘ ਦਾ ਨਾਵਲ ਖਤਮ ਹੁੰਦਾ ਹੈ, ਉਥੋਂ ਨਾਨਕ ਸਿੰਘ ਆਰੰਭ ਹੁੰਦਾ ਹੈ, ਅਤੇ ਜਿਥੇ ਨਾਨਕ ਸਿੰਘ ਦਾ ਅੰਤ ਹੁੰਦਾ ਹੈ, ਉਥੋਂ ਜਸਵੰਤ ਸਿੰਘ ਕੰਵਲ ਦਾ ਆਗਾਜ਼ ਹੁੰਦਾ ਹੈ, ਅਤੇ ਕੰਵਲ ਦਾ ਉੱਤਰਾਧਿਕਾਰੀ ਗੁਰਦਿਆਲ ਸਿੰਘ ਬਣਦਾ ਹੈ, ਜਿਸ ਤੋਂ ਨਾਵਲ ਕਰਮਜੀਤ ਕੁੱਸਾ ਦੇ ਹੱਥ ਚਲਾ ਜਾਂਦਾ ਹੈ, ਅਤੇ ਸਿਖ਼ਰਲੀ ਕੜੀ ਵਿਚ ਗੁਰਪਾਲ ਲਿੱਟ ਬੈਠਾ ਜਾਪਦਾ ਹੈ, ਭਾਵੇਂ ਕਿ ਇਹ ਉਸਦਾ ਪਹਿਲਾ ਨਾਵਲ ਜਾਂ ਨਾਵਲੀ ਯਤਨ ਹੈ।

ਨਾਵਲ ਦਾ ਨਾਮ ਵਿਲੱਖਣ ਹੈ, ਜੋ ਕਿ ਮੁੱਖ ਪਾਤਰ ਜਮਨੇਜੇ ਤੇ ਆਧਾਰਤ ਹੈ, ਪਰ ਸਾਡੇ ਇਤਿਹਾਸ ਵਿਚ ਜਨਮੇਜੇ ਦਾ ਜ਼ਿਕਰ ਤਾਂ ਮਿਲਦਾ ਹੈ, ਜਮਨੇਜੇ ਦਾ ਨਹੀਂ। ਜਮਨੇਜਾ ਤਾਂ ਜਮ+ਨੇਜਾ ਜਾਪਦਾ ਹੈ, ਅਤੇ ਜਮ ਅਤੇ ਨੇਜਾ ਦੋਵੇਂ ਹੀ ਡਰਾਉਣੇ ਹਨ, ਇਕ ਮਿੱਥ ਪਾਤਰ, ਦੂਜਾ ਔਜ਼ਾਰ। ਕੀ ਇਸ ਸਿਰਲੇਖ਼ ਰਾਹੀਂ ਨਾਵਲਕਾਰ ਹਰ ਇਨਸਾਨ, ਖਾਸ ਕਰਕੇ ਮਰਦ ਅੰਦਰ ਵਸਦੇ "ਘਿਨਾਉਣੇ" ਰੂਪ ਵੱਲ ਸੰਕੇਤ ਤਾਂ ਨਹੀਂ ਕਰ ਰਿਹਾ, ਜਿਸ ਦਾ ਜ਼ਿਕਰ ਨੀਰੂ ਦੀ "ਮੱਮ" 'ਦੁਰਗ ਟੁੱਟਦੇ ਨੇ' ਕਹਾਣੀ ਵਿਚ 'ਉੱਪਰ ਦੱਸੇ ਅਨੁਸਾਰ  ਕਰਦੀ ਹੈ। ਇਕ ਮਨੋਵਿਗਿਆਨਕ ਵਿਸ਼ਲੇਸ਼ਕ ਹੋਣ ਦੇ ਨਾਤੇ ਮੈਂ ਇਸ ਵਰਤਾਰੇ ਜਾਂ ਪ੍ਰਕਿਰਤੀ ਨੂੰ ਸਮਝਣ ਲਈ ਸਿਗਮੰਡ ਫਰਾਇਡ ਦੇ ਤ੍ਰੈ-ਸੂਤਰ ਦਾ ਸਹਾਰਾ ਲਵਾਂਗਾ। ਫਰਾਇਡ ਅਨੁਸਾਰ ਹਰ ਇਨਸਾਨ ਦਾ ਸੁਭਾਅ ਉਸਦੇ ਪਿਛੋਕੜ ਅਤੇ ਅਚੇਤ ਮਨ ਦੀਆਂ ਦੱਬੀਆਂ-ਘੁੱਟੀਆਂ ਇਛਾਵਾਂ ਦਾ ਸਿੱਟਾ ਹੁੰਦਾ ਹੈ, ਅਤੇ ਸਮਾਂ/ਮੌਕਾ ਮਿਲਣ ਤੇ ਇਨ੍ਹਾਂ ਖਵਾਹਿਸ਼ਾਂ-ਸੁਪਨਿਆਂ ਦੀ ਪੂਰਤੀ ਕਰਨਾ ਇਕ ਸਹਿਜ ਮਾਨਵੀ ਵਰਤਾਰਾ ਹੈ, ਅਤੇ ਸਮਾਂ/ਮੌਕਾ ਨਾ ਮਿਲਣ ਤੇ ਇਨਸਾਨ ਅਪੂਰਤ ਉਮੰਗਾਂ ਨੂੰ ਅਸਿੱਧੇ ਢੰਗ ਨਾਲ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਗੱਲ ਖੁਸ਼ੀ ਦੀ ਘੱਟ ਅਤੇ ਸੰਤੁਸ਼ਟੀ ਦੀ ਵੱਧ ਹੈ। ਨੈਤਿਕਤਾ, ਧਰਮ ਅਤੇ ਸਮਾਜ ਸੁਚੇਤ ਮਨ ਨਾਲ ਸੰਬੰਧਤ ਹਨ, ਪਰ ਵਧੇਰੇ ਮਾਨਵੀ ਵਰਤਾਰਾ ਅਤੇ ਸੋਚ ਅਚੇਤ ਮਨ ਦੁਆਲੇ ਘੁੰਮਦਾ ਹੈ। ਇਕ ਅਸੰਤੁਸ਼ਟ ਵਿਅਕਤੀ ਲਈ ਇਹ ਸਮਾਜਿਕ ਰਹੁ-ਰੀਤਾਂ ਅਤੇ ਮਰਿਯਾਦਾ ਰਾਹ ਦਾ ਰੋੜਾ ਹਨ, ਜਿਨ੍ਹਾਂ ਨੂੰ ਪਾਰ ਕਰਨ ਲਈ ਉਹ ਹਰ ਜ਼ਾਇਜ਼-ਨਜ਼ਾਇਜ਼ ਢੰਗ-ਤਰੀਕਾ ਅਪਣਾਉਂਦਾ ਹੈ, ਅਤੇ ਆਮ ਕਰਕੇ ਉਸ ਦਾ ਇਨ੍ਹਾਂ ਸਮਾਜਿਕ ਪੱਖਾਂ ਪ੍ਰਤੀ ਕੋਈ ਸਰੋਕਾਰ ਨਹੀਂ ਹੁੰਦਾ, ਨਾ ਹੀ ਆਪਣੇ ਸ਼ਿਕਾਰ ਨਾਲ। ਇਸ ਨੂੰ ਹੋਰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਫਰਾਇਡ ਦੇ ਤ੍ਰੈ-ਸੂਤਰ ਨੂੰ ਹੋਰ ਬਾਰੀਕੀ ਨਾਲ ਸਮਝਣਾ ਪਵੇਗਾ। ਹਰ ਇਨਸਾਨ ਅੰਦਰ "ਇੱਡ", "ਈਗੋ" ਅਤੇ "ਸੁਪਰ ਈਗੋ" ਦਾ ਵਾਸ ਹੁੰਦਾ ਹੈ। ਇੱਡ, ਮਾਨਵ ਅੰਦਰ "ਪਸ਼ੂ ਬਿਰਤੀ" ਦਾ ਲਖਾਇਕ ਹੈ, ਜੋ "ਖੁਸ਼ੀ ਸਿਧਾਂਤ" (pleasure principle) ਤੇ ਆਧਾਰਤ ਹੈ, ਭਾਵ ਇਨਸਾਨ ਵੱਧ ਤੋਂ ਵੱਧ ਖੁਸ਼ੀ, ਤ੍ਰਿਪਤੀ, ਪੂਰਤੀ ਅਤੇ ਸੰਤੁਸ਼ਟੀ ਹਾਸਲ ਕਰਨ ਲਈ ਕੁਝ ਵੀ ਕਰ ਸਕਦਾ ਹੈ, ਜਦੋਂ ਕਿ "ਸੁਪਰ ਈਗੋ" ਆਦਰਸ਼ਕ ਸ਼ਖਸੀਅਤ ਦਾ ਅਕਸ ਹੈ। ਇਹ ਧਰਮ, ਸਮਾਜ ਅਤੇ ਨੈਤਿਕਤਾ ਦਾ ਸਿਖ਼ਰ ਹੈ। ਇਛਾਵਾਂ ਖਤਮ ਹੋਣ ਤੇ ਸੁਪਰ ਈਗੋ ਦੀ ਆਦਰਸ਼ਕ ਸਥਿਤੀ ਹਾਸਲ ਕੀਤੀ ਜਾ ਸਕਦੀ ਹੈ, ਜੋ ਕਿ ਧੱਕੇ ਨਾਲ ਹੀ ਲਾਗੂ ਕੀਤੀ ਜਾ ਸਕਦੀ ਹੈ। ਇਸ ਵਰਤਾਰੇ ਦੀ ਹੋਂਦ ਨਾਂਹ ਦੇ ਬਰਾਬਰ ਹੁੰਦੀ ਹੈ, ਸਿਰਫ਼ ਦਿਖਾਵੇ ਲਈ ਹੁੰਦੀ ਹੈ, ਅਤੇ ਇਹ ਦਿਖਾਵਾ ਫਰਾਇਡ ਦੇ "ਈਗੋ" ਸਿਧਾਂਤ ਦਾ ਪ੍ਰਤੀਕ ਹੈ - ਭਾਵ ਸਮਾਜਿਕ ਸੰਤੁਲਨ। ਫਰਾਇਡ ਈਗੋ ਨੂੰ social tightrope  ਆਖਦਾ ਹੈ, ਜਿਸ ਵਿਚ ਇਨਸਾਨ ਸਮਾਜਿਕ ਮਰਿਯਾਦਾ ਜਾਂ ਨੈਤਿਕਤਾ ਦੇ ਕੁੰਡੇ ਦੇ ਅੰਦਰ-ਅੰਦਰ ਆਪਣੀਆਂ ਇਛਾਵਾਂ ਦੀ ਵੱਧ ਤੋਂ ਵੱਧ ਪੂਰਤੀ ਕਰਨ ਦੇ ਯਤਨ ਕਰਦਾ ਹੈ। ਜਦੋਂ ਕਿਸੇ ਇਨਸਾਨ ਕੋਲ ਸਰੋਤ, ਤਾਕਤ ਅਤੇ ਪੈਸਾ ਆ ਜਾਂਦਾ ਹੈ ਤਾਂ ਉਹ ਨੈਤਿਕਤਾ, ਧਰਮ ਅਤੇ ਸਮਾਜ ਦੇ ਠੇਕੇਦਾਰਾਂ ਨੂੰ ਆਪਣੇ "ਪ੍ਰਭਾਵ" ਨਾਲ ਅਸਰ ਅੰਦਾਜ਼ ਕਰ ਜਾਂ ਖਰੀਦ ਲੈਂਦਾ ਹੈ, ਜਿਸ ਦੇ ਸਿੱਟੇ ਵਜੋਂ ਉਸ ਕੋਲ ਆਪਣੀ "ਇੱਡ" ਨੂੰ ਸੰਤੁਸ਼ਟ ਕਰਨ ਦਾ ਮੌਕਾ ਮਿਲ ਜਾਂਦਾ ਹੈ। ਇਸ ਨਾਵਲ ਦਾ ਮੁੱਖ ਪਾਤਰ ਜਮਨੇਜਾ ਵੀ ਇਸੇ ਵਿਧੀ ਦਾ ਪ੍ਰਯੋਗ ਕਰਦਾ ਹੈ।

ਪਤਾ: 2919, ਪਿਲਕਨ ਸਟਰੀਟ, ਅਨਾਰਕਲੀ ਬਜ਼ਾਰ, ਜਗਰਾਉਂ - 142026 (ਪੰਜਾਬ)
9888569669 ,  Email – sohnanaam@gmail.com



## ਪੁਸਤਕ ਰੀਵਿਊ

### ਚਰਿੱਤਰਹੀਣ (ਨਾਵਲ) ਸ਼ਰਤਚੰਦਰ ਚੱਟੋਪਾਧਿਆਏ
### ਅਨੁਵਾਦ: ਡਾ. ਬਲਦੇਵ ਸਿੰਘ 'ਬੱਦਨ'
### ਮੁੱਲ: 395, ਪੰਨੇ: 344, ਪ੍ਰਕਾਸ਼ਕ: ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ





ਸ਼ਰਤ ਚੰਦਰ ਬੰਗਲਾ ਸਾਹਿਤ ਦਾ ਬੜਾ ਹੀ ਤੀਖਣ ਦ੍ਰਿਸ਼ਟੀ ਵਾਲਾ ਅਜਿਹਾ ਨਾਵਲਕਾਰ ਹੋਇਆ ਹੈ ਜਿਸ ਦੇ ਪੂਰੇ ਭਾਰਤ ਵਿਚ ਵੱਡੀ ਮਾਤਰਾਂ ਵਿਚ ਪਾਠਕ ਹਨ। ਪੰਜਾਬੀ ਦੇ ਪਾਠਕਾਂ ਲਈ ਸਰਤ ਚੰਦਰ ਦਾ ਨਾਂ ਕੋਈ ਨਵਾਂ ਨਹੀਂ ਹੈ। ਹਥਲਾ ਨਾਵਲ ਸ਼ਰਤ ਚੰਦਰ ਦਾ ਪ੍ਰਸਿੱਧ ਨਾਵਲ ਹੈ । ਇਹ ਵੱਡ ਆਕਾਰੀ ਨਾਵਲ ਹੈ ਜਿਸ ਦਾ ਅਨੁਵਾਦ ਪੰਜਾਬੀ ਦੇ ਸਫ਼ਲ ਅਨੁਵਾਦਕ ਤੇ ਵਿਲੱਖਣ ਦ੍ਰਿਸ਼ਟੀ ਵਾਲੇ ਡਾ. ਬਲਦੇਵ ਸਿੰਘ 'ਬੱਦਨ' ਨੇ ਬੜੀ ਮਿਹਨਤ ਨਾਲ ਕੀਤਾ ਹੈ। ਉਸ ਦੇ ਅਨੁਵਾਦ ਦੀ ਇਹ ਖ਼ੂਬੀ ਹੈ ਕਿ ਡਾ. ਬਲਦੇਵ ਨਾਵਲ ਵਿਚ ਪਾਤਰਾਂ ਦੀ ਆਤਮਾ ਨੂੰ ਮਰਨ ਨਹੀਂ ਦਿੰਦਾ। ਘਟਨਾਵਾਂ ਤੇ ਸਮਾਜਿਕ ਪਿੱਠ ਭੂਮੀ ਦੇ ਅਧਾਰ ਤੇ ਉਸ ਨੇ ਇਸ ਨਾਵਲ ਦਾ ਢੁੱਕਵਾ ਅਨੁਵਾਦ ਕੀਤਾ ਹੈ। ਉਸ ਨੇ ਅਨੁਵਾਦ ਕਰਦਿਆਂ ਕਿਸੇ ਖਾਸ ਖਿੱਤੇ ਦੀ ਉਪ ਭਾਸ਼ਾ ਦਾ ਪ੍ਰਯੋਗ ਨਹੀਂ ਕੀਤਾ ਬਲਕਿ ਕੇਂਦਰੀ ਭਾਸ਼ਾ ਵਿਚ ਅਨੁਵਾਦ ਕੀਤਾ ਹੈ ਕਿਉਂਕਿ ਇਹ ਨਾਵਲ ਸ਼ਹਿਰੀ ਮੱਧਵਰਗੀ ਸ਼ੈਣੀ ਤੇ ਉਸਰਿਆ ਨਾਵਲ ਹੈ ਇਸ ਲਈ ਉਸ ਨੇ ਭਾਸ਼ਾ ਦਾ ਬਹੁਤ ਖਿਆਲ ਰੱਖਿਆ ਕਿ ਇਸ ਖਿੱਤੇ ਦੇ ਪਾਤਰ ਕਿਹੋ ਜਿਹੀ ਭਾਸ਼ਾ ਵਰਤਦੇ ਹਨ। ਪੰਜਾਬੀ ਸ਼ਹਿਰੀ ਮੱਧਵਰਗੀ ਲੋਕਾਂ ਦੀ ਭਾਸ਼ਾ ਅਨੇਕਾਂ ਭਾਸ਼ਾਵਾਂ ਦਾ ਮਿਸ਼ਰਨ ਹੁੰਦੀ ਹੈ। ਲੇਖਕ ਨੇ ਅਤੇ ਅੱਗੋਂ ਅਨੁਵਾਦਕ ਨੇ ਵੀ ਇਸ ਕਿਸਮ ਦੀ ਭਾਸ਼ਾ ਅਨੁਵਾਦ ਵਿਚ ਵਰਤ ਦੇ ਪਾਠਕ ਨੂੰ ਆਪਣੇ ਨਾਲ ਜੋੜਿਆ ਹੈ। ਇਹ ਨਾਵਲ ਜਦੋਂ ਛਪਿਆ ਸੀ ਤਾਂ ਲੇਖਕ ਦੀ ਬੜੀ ਭੰਡੀ ਹੋਈ। ਇਸ ਨਾਵਲ ਵਿਰੁੱਧ ਅਤੇ ਲੇਖਕ ਖਿਲਾਫ਼ ਲਿਖਣ ਦੀ ਹੋੜ ਲੱਗ ਗਈ। ਭਾਵੇਂ ਕਿ ਉਸ ਵੇਲੇ ਆਲੋਚਕਾ ਨੇ ਵੀ ਇਸ ਨਾਵਲ ਦੀ ਰੱਜ ਦੇ ਨਿੰਦਾ ਕੀਤੀ ਪਰ ਇਹ ਨਾਵਲ ਬਹੁਤ ਹੀ ਪੜ੍ਹਿਆ ਗਿਆ। ਸ਼ਰਤ ਚੰਦਰ ਨੂੰ ਇਸ ਨਾਵਲ ਰਾਹੀਂ ਇਕ ਬਹੁਤ ਵੱਡਾ ਪਾਠਕ ਵਰਗ ਮਿਲਿਆ ਜਿਨ੍ਹਾਂ ਵਿਚ ਔਰਤਾਂ ਵੱਧ ਸਨ।

ਸ਼ਰਤ ਚੰਦਰ ਅਪਣੇ ਇਸ ਨਾਵਲ ਵਿਚ ਬੰਗਲਾ ਸਮਾਜ ਦੀਆਂ ਅਖੌਤੀ ਟੁੱਟ ਰਹੀਆਂ ਵਰਜਣਵਾਂ 'ਤੇ ਤਰਕ ਨਾਲ ਸੱਟ ਮਾਰਦਾ ਹੈ। ਇਸ ਨਾਵਲ ਵਿਚ ਆਈਆਂ ਨਾਰੀਆਂ ਚਾਹੇ ਉਹ ਸਵਿਤਰੀ ਹੋਵੇ, ਜਾਂ ਮਹੇਸ਼ਵਰੀ,  ਜਗਤਾਰਿਣੀ, ਸਰੋਜਿਨੀ ਜਾਂ ਕਿਰਣਮਈ (ਜਿਹੜੀ ਸਮਾਜ ਦੀ ਦ੍ਰਿਸ਼ਟੀ ਵਿਚ ਵੇਸਵਾ ਹੈ) ਇਹ ਸਾਰੀਆਂ ਨਾਰੀ ਪਾਤਰਾਂ ਰਾਹੀਂ ਮਰਦ ਪ੍ਰਧਾਨ ਸਮਾਜ ਤੇ ਲੇਖਕ ਨੇ ਸੱਟ ਮਾਰੀ ਹੈ। ਦੂਜੇ ਪਾਸੇ ਸਤੀਸ਼, ਦਿਵਾਕਰ ਮਰਦ ਪ੍ਰਧਾਨ ਸਮਾਜ ਦੀ ਪ੍ਰਤੀਨਿੱਧਤਾ ਕਰਦੇ ਹਨ। ਇਨ੍ਹਾਂ ਦੋਹਾਂ ਮਰਦ ਪਾਤਰਾਂ ਵਿਚ ਇਹ ਉਪਰੋਕਤ ਨਾਰੀ ਪਾਤਰਾਂ ਦੀਆਂ ਭਾਵਨਾਵਾਂ, ਖਾਹਿਸ਼ਾ ਤੇ ਚਾਹਤਾ ਪਿਸ ਰਹੀਆਂ ਹਨ, ਇਸ ਨੂੰ ਸ਼ਰਤ ਚੰਦਰ ਨੇ ਬੜੀ ਦਲੇਰੀ ਨਾਲ ਉਭਾਰਿਆ ਹੈ। ਲੇਖਕ ਨਿਮਨ ਜਾਤਾਂ ਅਤੇ ਨਾਰੀ ਦੇ ਹੱਕ ਵਿਚ ਨਾਵਲ ਵਿਚ ਖੜਦਾ ਹੈ। ਇਸ ਨਾਵਲ ਵਿਚ ਸ਼ੋਸ਼ਿਤ ਸਮਾਜ ਦਾ ਚਿਤਰਨ ਬੜੀ ਖ਼ੂਬਸੂਰਤੀ ਨਾਲ ਹੋਇਆ ਹੈ। ਨਾਵਲ ਦਾ ਆਰੰਭ ਇਕ ਡੇਰੇ ਤੋਂ ਹੁੰਦਾ ਹੈ ਜਿੱਥੇ ਸਤੀਸ਼ ਰਹਿੰਦਾ ਹੈ। ਡੇਰੇ ਵਿਚ ਨੀਵੀਂ ਜਾਤੀ ਦੀ ਸਵਿਤਰੀ ਹੈ, ਜਿਹੜੀ ਕਿ ਬੰਗਾਲ ਦੀ ਹੈ ਤੇ  ਜਿਹੜੀ ਉਥੇ ਕੰਮ ਕਰਦੀ ਹੈ। ਸਤੀਸ਼ ਹੋਮਿਊਪੈਥਿਕ ਸਕੂਲ ਵਿਚ ਪੜ੍ਹਦਾ ਹੈ ਉਹ ਇਕ ਅਜਿਹਾ ਪਾਤਰ ਹੈ ਜਿਹੜਾ ਪੜ੍ਹਨਾ ਨਹੀਂ ਚਾਹੁੰਦਾ ਪਰ ਉਸਦਾ ਪਿਤਾ ਸਤੀਸ਼

ਨੂੰ ਪੜਾਉਣਾ ਚਾਹੁੰਦਾ ਹੈ। ਪਰ ਇਸ ਦੇ ਨਾਲ ਨਾਲ ਸਤੀਸ਼ ਹੋਮਿਉਪੈਥਿਕ ਡਾਕਟਰ ਬਣ ਕੇ ਆਪਣੇ ਪਿੰਡ ਦੇ ਹੈਜ਼ੇ ਦਾ ਇਲਾਜ਼ ਕਰਨਾ ਚਾਹੁੰਦਾ ਹੈ। ਅੱਗੇ ਨਾਵਲ ਵਿਚ ਬੜੇ ਉਤਾਰ ਚੜਾ ਆਉਂਦੇ ਹਨ। ਸਵਿਤਰੀ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਤੇ ਬਹੁਤ ਊਂਝਾ ਲੱਗਦੀਆਂ ਹਨ। ਨਾਵਲ ਦੇ ਅੰਤ ਵਿਚ ਉਪੇਂਦਰ ਬਹੁਤ ਬਿਮਾਰ ਹੋ ਜਾਂਦਾ ਹੈ। ਉਹਦੀ ਇੱਛਾ ਹੈ ਕਿ ਸਵਿੱਤਰੀ ਦਾ ਹੱਥ ਸਤੀਸ਼ ਫੜ ਲਵੇ। ਉਪੇਂਦਰ ਕਹਿੰਦਾ ਹੈ , "ਤੁਹਾਡੇ ਦੋਵਾਂ ਦਾ ਵਿਆਹ ਆਪਣੀ ਅੱਖੀਂ ਨਹੀਂ ਦੇਖ ਸਕਿਆ, ਪਰੰਤੂ ਮੇਰੀ ਇਸ ਲੱਛਮੀ ਭੈਣ ਨੂੰ ਤੂੰ ਕਦੇ ਦੁਖੀ ਨਾ ਹੋਣ ਦੇਈਂ। ਤੂੰ ਜਰਾ ਆਪਣਾ ਸੱਜਾ ਹੱਥ ਤਾਂ ਉਰੇ ਕਰ। ਅੱਜ ਮੈਂ ਹੀ ਪੁਰੋਹਿਤ ਦਾ ਕੰਮ ਕਰ ਜਾਵਾਂ।" ਉਪੇਂਦਰ ਵਲੋਂ ਸਰੋਜਿਨੀ ਨੂੰ ਦਿੱਤਾ ਵਚਨ ਉਹ ਅੰਤ ਵਿਚ ਪੂਰਾ ਕਰਦਾ ਹੈ। ਨਾਵਲ ਦੇ ਐਨੇ ਪਸਾਰ ਨੇ ਕਿ ਥੋੜ੍ਹੇ ਜਿਹੇ ਸ਼ਬਦਾਂ ਵਿਚ ਸਭ ਬਾਰੇ ਵਿਸ਼ਲੇਸ਼ਣ ਕਰਨਾ ਕਠਿਨ ਹੈ। ਅੰਤ ਵਿਚ ਡਾ. 'ਬੱਦਨ' ਹੁਰਾਂ ਨੇ ਇਸ ਨਾਵਲ ਦਾ ਪੰਜਾਬੀ ਵਿਚ ਅਨੁਵਾਦ ਕਰਕੇ ਸਲਾਘਾਯੋਗ ਉਪਰਾਲਾ ਕੀਤਾ ਹੈ।

### ਮਹਿੰਦਰ ਸਿੰਘ ਸਰਨਾ ਦੀਆਂ ਚੋਣਵੀਆਂ ਕਹਾਣੀਆਂ
### ਸੰਪਾਦਕ: ਡਾ. ਬਲਦੇਵ ਸਿੰਘ 'ਬੱਦਨ'
### ਮੁੱਲ:150 ਪੰਨੇ: 392, ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ





ਕਹਾਣੀ ਵਿਧਾ ਨਾਲ ਸਥਾਪਤ ਹੋਇਆ ਸਰਨਾ ਅਜਿਹਾ ਨਾਂ ਹੈ ਜਿਸ ਨੇ ਪੰਜਾਬੀ ਸਾਹਿਤ ਨੂੰ ਅਨੇਕਾਂ ਮੁੱਲਵਾਨ ਕਹਾਣੀਆਂ ਦੇ ਕੇ ਪੰਜਾਬੀ ਕਹਾਣੀ ਨੂੰ ਅਮੀਰ ਕੀਤਾ ਹੈ। ਵਿਰਕ ਵਾਂਗ ਸਰਨਾ ਦਾ ਨਾਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਇਸ ਪੁਸਤਕ ਵਿਚ ਸੰਪਾਦਕ 'ਬੱਦਨ' ਨੇ ਮਹਿੰਦਰ ਸਿੰਘ ਸਰਨਾ ਦੀਆਂ 58 ਕਹਾਣੀਆਂ ਦੀ ਚੋਣ ਕੀਤੀ ਹੈ। ਜਿਨ੍ਹਾਂ ਨੂੰ ਪੜ੍ਹਨ ਤੋਂ ਇਹ ਪ੍ਰਭਾਵ ਬਣਦਾ ਹੈ ਕਿ ਸਰਨਾ ਨੇ ਆਪਣੀਆਂ ਕਹਾਣੀਆਂ ਵਿਚ ਮੱਧ ਵਰਗੀ ਲੋਕਾਂ ਦੇ ਜੀਵਨ ਯਥਾਰਥ ਨੂੰ ਬਖੂਬੀ ਚਿਤਰਿਆ ਹੈ। ਉਸ ਨੇ ਯਥਾਰਥਵਾਦੀ ਦ੍ਰਿਸ਼ਟੀ ਨਾਲ ਸਮਾਜਿਕ ਕਰੂਰਤਾ ਨੂੰ ਨੰਗਿਆ ਕੀਤਾ ਹੈ। ਦੇਸ਼ ਵੰਡ ਦੇ ਦੁਖਾਂਤ ਨੂੰ ਉਸ ਨੇ ਬੜੀ ਕੁਸ਼ਲਤਾ ਨਾਲ ਚਿਤਰਿਆ ਹੈ। ਮਨੋਵਿਗਿਆਨਕ ਛੋਹਾਂ ਰਾਹੀਂ ਉਹ ਆਪਣੇ ਪਾਤਰਾਂ ਨੂੰ ਘੜਦਾ ਹੈ। ਪਾਤਰਾਂ ਦੇ ਜੀਵੰਤ ਚਿੱਤਰਨ ਉਹਦੀਆਂ ਕਹਾਣੀਆਂ ਦੇ ਮੀਰੀ ਗੁਣ ਵਿਚੋਂ ਇੱਕ ਹਨ। ਉਸ ਦੀਆਂ ਕਹਾਣੀਆਂ ਦੇ ਪਾਤਰ ਉੱਚ ਵਰਗ ਦੇ ਹਨ। ਵਿਅੰਗ ਨਾਲ ਉਹ ਇਨ੍ਹਾਂ ਦੇ ਚਿਹਰੇ ਨੰਗਿਆ ਕਰਦਾ ਹੈ।

ਸਰਨਾ ਦੀ ਕਹਾਣੀ ਦੀ ਪਛਾਣ ਦੇਸ਼ ਵੰਡ ਦੀਆਂ ਕਹਾਣੀਆਂ ਨਾਲ ਹੋਈ ਹੈ। 'ਛਵ੍ਹੀਆਂ ਦੀ ਰੁੱਤ', 'ਕਤਲ ਪੰਜਾਂ ਪਾਣੀਆਂ ਦਾ', 'ਜਥੇਦਾਰ ਮੁਕੰਦ ਸਿੰਘ', 'ਹੀਰਾ ਮਿਰਗ', 'ਗਾਜੀ', 'ਗੋਂਦਲਾ ਵਾਲਾ', 'ਔਰਤ ਈਮਾਨ', 'ਇਨਸਾਨੀਅਤ ਦਾ ਸਿਪਾਹੀ' ਅਤੇ 'ਲੱਧੇ ਵਾਲਾ ਵੜੈਚ' ਇਸੇ ਥੀਮ ਨਾਲ ਸੰਬੰਧਤ ਕਹਾਣੀਆਂ ਹਨ। ਵੰਡ ਦੇ ਦੁਖਾਂਤ ਨੂੰ ਨਿਰਪੱਖ ਹੋ ਚਿਤਰਦਾ ਹੈ। ਇਸਦੇ ਨਾਲ ਹੀ ਕਿਸੇ ਇਕ ਫਿਰਕੇ ਨਾਲ ਨਫ਼ਰਤ ਤੇ ਈਰਖਾ ਪੈਦਾ ਨਹੀਂ ਕਰਦੀਆਂ। ਇਨ੍ਹਾਂ ਕਹਾਣੀਆਂ ਦੇ ਪਾਤਰ ਇਨਸਾਨੀਅਤ ਦਾ ਪੱਖ ਪੂਰਦੇ ਹਨ। ਜਿਨ੍ਹਾਂ ਵਿਚ ਸਮਾਜਿਕ ਯਥਾਰਥ ਨੂੰ ਬੜੀ ਸਿੱਦਤ ਨਾਲ ਨੰਗਿਆ ਕੀਤਾ ਹੈ। ਦਹਿਸ਼ਤ ਵਿਚ ਵਿਚਰਦੇ ਪਾਤਰਾਂ ਦੀ ਪਾਰੇ ਵਾਂਗ ਡੋਲਦੀ ਮਾਨਸਿਕਾ ਨੂੰ 'ਛਵ੍ਹੀਆਂ ਦੀ ਰੁੱਤ' ਕਹਾਣੀ ਵਿਚ ਚਿਤਰਿਆ ਹੈ। 'ਛਵੀਆਂ ਦੀ ਰੁੱਤ' ਦਾ ਪਾਤਰ ਦੀਨਾ ਲੁਹਾਰ ਨੂੰ ਦਹਿਸ਼ਤ ਦੇ ਦਬਾਓ ਕਾਰਨ ਛਵ੍ਹੀਆਂ, ਬਰਮੇ,



ਬਲਮੇ ਬਣਾਉਣੇ ਪੈ ਰਹੇ ਹਨ। ਕਿਉਂਕਿ ਉਸ 'ਤੇ ਪੁੱਤ ਦੀ ਦਹਿਸ਼ਤ ਹੈ। ਇਸੇ ਤਰ੍ਹਾਂ ਕਹਾਣੀ 'ਲੱਧੇ ਵਾਲਾ ਵੜੈਚ' ਦਾ ਪਾਤਰ ਚੌਧਰੀ ਖ਼ੁਦਾ ਬਖ਼ਸ਼ ਵੀ ਮਜਬੂਰ ਬਾਪ ਹੈ ਆਪਣੇ ਪੁੱਤਰ ਤੇ ਲੋਕਾਂ ਨੂੰ ਸਮਝਾ ਕਤਲ ਤੇ ਲੁੱਟ-ਖਸੁੱਟ ਤੋਂ ਵਰਜਦਾ ਹੈ ਪਰ ਬੇਵੱਸ ਹੈ। ਗਰਮ ਖ਼ੂਨ ਕਿਵੇਂ ਜਾਤੀ ਨਫ਼ਰਤ ਨਾਲ ਭਰ ਜਾਂਦਾ ਹੈ। ਇਨ੍ਹਾਂ ਕਹਾਣੀਆਂ ਵਿਚ ਪੇਸ਼ ਹੋਇਆ ਹੈ। ਸਰਨਾ ਨੇ 1984 ਦੇ ਦੁਖਾਂਤ ਨੂੰ ਵੀ ਆਪਣੀਆਂ ਕਹਾਣੀਆਂ 'ਅਫ਼ਵਾਹ' , 'ਬੱਸ ਨੰਬਰ 541', 'ਇਕ ਕਿਰਨ ਇਕ ਦਲਦਲ' ਵਿਚ ਪੇਸ਼ ਕੀਤਾ ਹੈ। ਛਾਇਆ ਦੇਵੀ (ਅਫ਼ਵਾਹ), ਸੱਸ ਨੂੰਹ (ਬੱਸ ਨੰਬਰ 541) ਪਾਤਰ ਦਹਿਸਤ ਦੀ ਵਿਆਕਰਣ ਸਿਰਜਦੇ ਹਨ। ਇਸੇ ਤਰ੍ਹਾਂ ਸਰਨਾ ਆਪਣੀਆਂ ਕੁਝ ਕਹਾਣੀਆਂ ਵਿਚ ਸਮਾਜਿਕ ਆਰਥਿਕ ਨਿਜਾਮ ਨੂੰ ਨਿਸ਼ਾਨਾ ਵੀ ਬਣਾਉਂਦਾ ਹੈ। ਆਰਥਿਕ ਤੌਰ ਤੇ ਪਛੜੇ ਪਾਤਰਾਂ ਨੂੰ ਵੀ ਉਹ ਆਪਣੀਆਂ ਕਹਾਣੀਆਂ ਵਿਚ ਲੈ ਕੇ ਆਇਆ ਹੈ। 'ਮੇਰੀ ਬੱਚੀ', 'ਕਲਿੰਗਾ', 'ਪ੍ਰੀਤਾਂ ਦੇ ਵਣਜਾਰੇ', 'ਕਾਲੇ ਗੁਲਾਮ ਬੱਗਾ ਸ਼ੇਰ', 'ਮੁਨਸ਼ੀ ਧਨੀ ਰਾਮ' ਆਦਿ ਕਹਾਣੀਆਂ ਦੇ ਪਾਤਰ ਇਕ ਤਾਂ ਉਹ ਹਨ ਜਿਨ੍ਹਾਂ ਨੂੰ ਖਾਣ ਨੂੰ ਰੋਟੀ ਵੀ ਨਹੀਂ ਮਿਲਦੀ ਇਕ ਉਹ ਹਨ ਜਿਹੜੇ ਮੌਜ਼ ਮਸਤੀ ਕਰਦੇ ਹਨ। ਇਨ੍ਹਾਂ ਕਹਾਣੀਆਂ ਵਿਚ ਲੇਖਕ ਦੋ ਵਰਗਾਂ ਨੂੰ ਚਿਤਰਦਾ ਹੈ। ਸਮਾਜਿਕ ਵਰਤਾਰੇ, ਆਰਥਿਕ ਵਰਤਾਰੇ , ਪਤੀ ਪਤਨੀ ਅਤੇ ਔਰਤ ਮਰਦ ਦੇ ਰਿਸ਼ਤੇ ਵੀ ਉਹਦੀਆਂ ਕਹਾਣੀਆਂ ਦੇ ਪ੍ਰਮੁੱਖ ਅੰਗ ਬਣੇ ਹਨ। ਇੰਝ ਉਸ ਨੇ ਇਨ੍ਹਾਂ ਕਹਾਣੀਆਂ ਵਿਚ ਵਿਭਿੰਨ ਜੀਵਨ ਯਥਾਰਥ ਨੂੰ ਚਿਤਰਿਆ ਹੈ।


### ਪ੍ਰੇਮ ਚੰਦ ਦੀਆਂ ਚੋਣਵੀਆਂ ਕਹਾਣੀਆਂ (ਸੰਪਾਦਕ ਰਾਮਬਖ਼ਸ਼)
### ਅਨੁਵਾਦ : ਕੁਲਦੀਪ ਸਿੰਘ ਬੇਦੀ
### ਮੁੱਲ: 100 ਰੁਪਏ, ਪੰਨੇ: 235, ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ




ਪ੍ਰੇਮ ਚੰਦ ਦੀਆਂ ਅਨੇਕਾਂ ਕਹਾਣੀਆਂ ਤੇ ਨਾਵਲ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਪਾਠਕਾਂ ਤੀਕ ਪਹੁੰਚੀਆਂ ਹਨ। ਪ੍ਰੇਮ ਚੰਦ ਦੀਆਂ ਦਲਿਤ ਸਰੋਕਾਰਾਂ ਨਾਲ ਸਬੰਧਤ ਕਹਾਣੀਆਂ ਦਾ ਹਿੰਦੀ ਜਗਤ ਵਿਚ ਵਾਦ-ਵਿਵਾਦ ਵੀ ਚੱਲਿਆ ਹੈ। ਪੁਸਤਕ ਵਿਚ ਪ੍ਰੇਮ ਚੰਦ ਦੀਆਂ ਚਰਚਿਤ 29 ਕਹਾਣੀਆਂ ਹਨ। ਜਿਸ ਵਿਚ ਉਸ ਵੇਲੇ ਦੇ ਭਾਰਤੀ ਸਮਾਜ ਦੀ ਸਮਾਜਿਕ, ਆਰਥਿਕ ਦਸਾ ਦੇ ਕਰੂਰ ਯਥਾਰਥ ਦਾ ਪਤਾ ਲੱਗਦਾ ਹੈ। ਸੰਪਾਦਕ ਨੇ ਇਸ ਪੁਸਤਕ ਵਿਚ ਜਾਤੀਵਾਦ, ਧਾਰਮਿਕ ਸਹਿਣਸ਼ੀਲਤਾ ਅਤੇ ਦਲਿਤ ਚੇਤਨਾ ਨਾਲ ਸੰਬੰਧਤ ਕਹਾਣੀਆਂ ਲਈਆਂ ਹਨ। ਪ੍ਰੇਮ ਇਨ੍ਹਾਂ ਕਹਾਣੀਆਂ ਵਿਚ ਸਮਾਜ 'ਤੇ ਤਿੱਖਾ ਵਿਅੰਗ ਕਰਦਾ ਹੈ। ਇਨ੍ਹਾਂ ਕਹਾਣੀਆਂ ਦੀ ਅੱਜ ਦੇ ਸਮੇਂ ਵਿਚ ਬਹੁਤ ਪ੍ਰਸੰਗਇਕਤਾ ਹੈ। ਪੁਸਤਕ ਵਿਚ ਬਲੀਦਾਨ, ਵਫ਼ਾ ਦਾ ਖ਼ੰਜਰ, ਬ੍ਰਹਮ ਦਾ ਸਵਾਂਗ, ਤਬਾਹੀ, ਨਿਰਾਸ਼ਾ ਦਾ ਦਿਖਾਵਾ, ਮੁਕਤੀ ਧੰਨ, ਖ਼ਿਮਾ, ਨਿਕਾਲਾ, ਨਿਰਾਸ਼ਾ, ਸੁਭਾਗ ਦੇ ਕੋੜੇ, ਉਦਾਰ, ਮਜ਼ਾਕ, ਤਿੱਖਲ, ਸਭਿਅਤਾ ਦਾ ਭੇਤ, ਦੰਡ, ਟਾਂਗੇ ਵਾਲੇ ਦੀ ਫੜ੍ਹ, ਸੱਦਾ, ਹਿੰਸਾ ਪਰਮੋ ਧਰਮ, ਮੰਦਰ, ਕਮੀਨਾ, ਕਾਨੂੰਨੀ ਕੁਮਾਰ, ਗ਼ਮੀ, ਘਾਹਵਾਲੀ, ਦੇਸ਼ ਦਾ ਸੇਵਕ, ਸਦਗਤੀ, ਠਾਕਰ ਦਾ ਖੂਹ, ਬਾਲਕ, ਦੁੱਧ ਦਾ ਮੁੱਲ, ਪੰਡਿਤ ਮੋਟੇ ਰਾਮ ਦੀ ਡਾਇਰੀ ਆਦਿ ਕਹਾਣੀਆਂ ਵਿਚ ਉਸ ਨੇ ਆਮ ਮਨੁੱਖ ਦੀ ਗੱਲ ਕੀਤੀ ਹੈ। ਖਾਸ ਕਰਕੇ ਔਰਤ ਦੀ ਜਿਹੜੀ ਸਮਾਜਿਕ ਸਿਸਟਮ ਵਿਚ ਦਰੜੀ ਜਾ ਰਹੀ ਹੈ। 'ਬਲੀਦਾਨ' ਕਹਾਣੀ ਉਸ ਖੇਤ ਮਜਦੂਰ ਸੁਭਾਗੀ ਤੇ ਉਸਦੇ ਪਤੀ ਦੀ ਕਹਾਣੀ ਹੈ ਜਿਹੜੀ ਮੰਗਲ ਸਿੰਘ ਦੇ ਪੈਸੇ ਨਾ ਦੇਣ ਕਾਰਨ ਬੇਜ਼ਮੀਨਾ ਹੋ ਜਾਂਦਾ ਹੈ।

'ਵਫ਼ਾ ਦਾ ਖ਼ੰਜਰ' ਕਹਾਣੀ ਜੈਗੜ੍ਹ ਤੇ ਵਿਜੈਗੜ੍ਹ ਰਾਜਾਂ ਦੀ ਕਹਾਣੀ ਹੈ। ਦੋਹਾਂ ਦੀ ਹਉਮੈ, ਤਾਕਤ ਵਿਚ ਆਮ ਬੰਦਾ ਪਿਸਦਾ ਦਿਖਾਇਆ ਗਿਆ ਹੈ। 'ਤਬਾਹੀ' ਨਾਰੀ ਚੇਤਨਾ ਦੀ ਕਥਾ ਬਿਆਨ ਕਰਦੀ ਹੈ। ਇਸ ਕਹਾਣੀ ਵਿਚ ਦਾਣੇ ਭੁੰਨਣ ਵਾਲੀ ਭੁਨਗੀ ਪਾਤਰ ਆਉਂਦੀ ਹੈ ਜਿਸ ਰਾਹੀ ਪ੍ਰੇਮ ਨੇ ਨਾਰੀ ਚੇਤਨਾ ਦੀ ਗੱਲ ਉਭਾਰੀ ਹੈ। 'ਮੁਕਤੀ ਧਨ' ਤੇ 'ਖਿਮਾ' ਕਹਾਣੀਆਂ ਮੁਸਲਿਮ ਪਰਿਵਾਰ ਦੀਆਂ ਕਹਾਣੀਆਂ ਹਨ। 'ਪੁਰਸ਼ੂਰਾਮ', 'ਨਿਰਾਸ਼ਾ' ਕਹਾਣੀਆਂ ਨਾਟਕੀ ਸੰਵਾਦ ਵਾਲੀਆਂ ਹਨ। ਕਹਾਣੀ 'ਦਸਗਤੀ' ਦੁਖੀ ਤੇ ਉਹਦੀ ਪਤਨੀ ਝੁਰੀਆਂ ਜਿਹੜੇ ਕਿ ਚਮਾਰ ਜਾਤੀ ਦੇ ਹਨ ਦੀ ਵੇਦਨਾ ਦੀ ਕਹਾਣੀ ਹੈ। ਪੰਡਤ ਦੇ ਘਰ ਕੰਮ ਕਰਦਾ ਕਰਦਾ ਦੁਖੀ ਮਰ ਜਾਂਦਾ ਹੈ। ਉਧਰ ਉਸ ਦੀ ਜਾਤੀ ਦੇ ਲੋਕ ਲਾਸ਼ ਨਹੀਂ ਚੁੱਕਦੇ। ਪੰਡਤ ਇਸ ਗੱਲੋਂ ਪਰੇਸ਼ਾਨ ਹੈ ਅਖੀਰ ਉਹ ਲਾਸ਼ ਨੂੰ ਪਿੰਡ ਬਾਹਰ ਆਪ ਹੀ ਸੁੱਟ ਕੇ ਗੰਗਾ ਜਲ ਨਾਲ ਇਸ਼ਨਾਨ ਕਰਕੇ ਪਵਿੱਤਰ ਹੋ ਜਾਂਦਾ ਹੈ। ਭਾਰਤੀ ਜਾਤੀ ਪਾਤੀ ਸਮਾਜ ਦੇ ਕਰੂਰ ਯਥਾਰਥ ਨੂੰ ਇਹ ਕਹਾਣੀ ਬਿਆਨ ਕਰਦੀ ਹੈ। ਪ੍ਰੇਮ ਚੰਦ ਦੀਆਂ ਸਮੁੱਚੀਆਂ ਕਹਾਣੀਆਂ ਦਾ ਅਧਿਐਨ ਕਰਨ ਉਪਰੰਤ ਇਹ ਗੱਲ ਉਭਰ ਕੇ ਆਉਂਦੀ ਹੈ ਕਿ ਉਹਦੀਆਂ ਕਹਾਣੀ ਵਿਚ ਪਾਤਰਾਂ ਨੂੰ ਇਕ ਪਾਸੇ ਕਰਕੇ ਆਪ ਦਾਖਲ ਹੋ ਕੇ ਦਖਲ-ਅੰਦਾਜੀ ਬਹੁਤ ਕਰਨ ਲੱਗ ਪੈਂਦਾ ਹੈ। ਜਿਸ ਕਾਰਨ ਕਹਾਣੀ ਦੀ ਗਤੀ ਰੁਕ ਜਾਂਦੀ ਹੈ। ਇਨ੍ਹਾਂ ਕਹਾਣੀਆਂ ਦਾ ਅਨੁਵਾਦ ਪੰਜਾਬੀ ਦੇ ਸਮਰੱਥ ਨਾਵਲਕਾਰ ਕੁਲਦੀਪ ਸਿੰਘ ਬੇਦੀ ਨੇ ਪੰਜਾਬੀ ਮੁਹਾਵਰੇ ਨਾਲ ਕੀਤਾ ਹੈ। ਅਨੁਵਾਦ ਕਰਦਿਆਂ ਕੁਲਦੀਪ ਸਿੰਘ ਬੇਦੀ ਨੇ ਢੁੱਕਵੇਂ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ ਅਤੇ ਕਹਾਣੀ ਦੀ ਭਾਵਨਾਵਾਂ ਨੂੰ ਮਰਨ ਨਹੀਂ ਦਿੱਤਾ। ਕਹਾਣੀ ਦਾ ਮੁਹਾਵਰਾ ਪੰਜਾਬੀ ਲੱਗਦਾ ਹੈ ਇਹੀ ਅਨੁਵਾਦਕ ਦਾ ਕਮਾਲ ਹੁੰਦੀ ਹੈ।


**ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ (ਡਾ. ਮਹਿੰਦਰ ਕੌਰ ਗਿੱਲ)**
**ਮੁੱਲ 100 ਰੁਪਏ, ਪੰਨੇ 223, ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ, ਇੰਡੀਆ**




ਡਾ. ਗਿੱਲ ਗੁਰਬਾਣੀ ਤੇ ਕਾਰਜ ਕਰਨ ਵਾਲੀ ਇਕੋ ਇਕੋ ਅਜਿਹੀ ਔਰਤ ਹੈ ਜਿਸ ਨੇ ਇਸ ਫੀਲਡ ਵਿਚ ਨਿੱਠ ਕੇ ਕਾਰਜ ਕੀਤਾ। ਉਸਦੀ ਸਮੀਖਿਆ ਸ਼ਰਧਾ ਵਾਲੀ ਹੈ। ਡਾ. ਗਿੱਲ ਦਾ ਮੱਤ ਹੈ ਕਿ ਇਸ ਪਾਵਨ ਗ੍ਰੰਥ ਦਾ ਘੇਰਾ ਬਹੁਤ ਹੀ ਸੰਘਣਾ ਤੇ ਵਿਆਪਕ ਹੈ। ਉਸ ਨੇ ਪੁਸਤਕ ਵਿਚ ਭਗਤੀ ਸ਼ਾਸਤਰ, ਸਾਹਿਤ ਸ਼ਾਸਤਰ, ਸੰਗੀਤ ਸ਼ਾਸਤਰ, ਭਾਸ਼ਾ ਸ਼ਾਸਤਰ, ਸੁਹਜ ਸ਼ਾਸਤਰ ਸਮਾਜ ਸ਼ਾਸਤਰ, ਲੋਕ ਸਭਿਆਚਾਰਕ ਵੇਰਵੇ, ਇਤਿਹਾਸਕ, ਰਾਜਸੀ ਅਤੇ ਸਮਕਾਲੀ ਪਰਿਸਥਿਤੀਆਂ ਦੇ ਵੇਰਵਿਆਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਉਸ ਨੇ ਇਸ ਗ੍ਰੰਥ ਨੂੰ ਕੌਮੀ ਏਕੇ ਦੇ ਚਿੰਤਕੀ ਰੂਪ ਵਜੋਂ, ਵਿਸ਼ਵ ਵਿਆਪੀ ਸਰੋਕਾਰ ਵਜੋਂ, ਰੱਬੀ ਗਿਆਨ ਦੇ ਸ੍ਰੋਤ ਤੇ ਮਨੁੱਖਤਾ ਵਜੋਂ, ਵਿਦਿਆਕ ਫਿਲਾਸਫ਼ੀ ਵਜੋਂ, ਤਤਕਾਲੀ ਇਤਿਹਾਸਕ ਪਰਿਪੇਖ, ਭਗਤਾਂ ਦੀ ਬਾਣੀ ਦੇ ਸਮਾਜਿਕ ਸਰੋਕਾਰ, ਉਦਾਸੀ ਸੰਤ ਦਾ ਮੱਤ, ਨਿਰਮਲ ਸੰਪ੍ਰਦਾਇ ਆਦਿ ਸੰਦਰਭਾ ਨਾਲ ਨਿੱਠ ਕੇ ਗੱਲ ਕੀਤੀ ਹੈ। ਗੁਰਮਿਤ ਦਾ ਪਹਿਲੋਂ ਪਹਿਲ ਪ੍ਰਚਾਰ ਉਦਾਸੀ ਸੰਤਾਂ ਨੇ ਮੌਖਿਕ ਰੂਪ ਵਿਚ ਕੀਤਾ ਤੇ ਦੂਰ ਦੂਰ ਤਕ ਬਾਬੇ ਨਾਨਕ ਦੀ ਮਾਨਵੀ ਏਕਤਾ ਦਾ ਪੈਗ਼ਾਮ ਪੁਚਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਵੋਤਮ ਵਿਚਾਰਕ 'ਨਿਰਮਲ ਸੰਪ੍ਰਦਾਇ' ਚੈਪਟਰ ਬਹੁਤ ਅਹਿਮ ਹੈ। ਇਸ ਪੁਸਤਕ ਰਾਹੀਂ ਡਾ. ਗਿੱਲ ਨੇ ਸ਼ਰਧਾ ਭਾਵਨਾ ਨਾਲ ਅਨੇਕਾਂ ਵਿਚਾਰ ਉਤੇਜਿਕ ਮੁੱਦੇ ਉਭਾਰੇ ਹਨ।



**ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ (ਡਾ. ਸਤੀਸ਼ ਕੁਮਾਰ ਵਰਮਾ)**
**ਮੁੱਲ 70 ਰੁਪਏ, ਪੰਨੇ 155, ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ, ਇੰਡੀਆ**




ਨਾਟਕ ਦੇ ਖੇਤਰ ਵਿਚ ਡਾ. ਵਰਮਾ ਨੇ ਵਿਸ਼ੇਸ਼ ਤੇ ਗੌਲਣਯੋਗ ਕਾਰਜ ਕੀਤਾ ਹੈ। ਇਸ ਪੁਸਤਕ ਵਿਚ ਪੰਜਾਬੀ ਨਾਟ ਮੰਚ ਦੇ ਨਾਟਕਾਂ ਦੇ ਇਤਿਹਾਸਕ ਹਵਾਲਿਆਂ ਨਾਲ ਨਿਕਾਸ ਤੇ ਵਿਕਾਸ ਦੀ ਗੱਲ ਤਰਕ ਨਾਲ ਕੀਤੀ ਹੈ। ਇਹ ਨਾਟ ਪ੍ਰੰਪਰਾ ਹੀ ਹੈ ਜਿਸ ਨੇ ਪੰਜਾਬੀਆਂ ਦੇ ਮਨ ਵਿਚ ਡੂੰਘੀਆਂ ਜੜ੍ਹਾਂ ਜਮਾਈਆਂ ਹੋਈਆਂ ਹਨ। ਸਮੇਂ ਸਮੇਂ ਪੰਜਾਬ ਦਾ ਰਾਜਨੀਤਿਕ, ਸਭਿਆਚਾਰਕ, ਸਮਾਜਿਕ ਵਰਤਾਰਾ ਇਸ ਨਾਟ ਪ੍ਰੰਪਰਾ ਤੋਂ ਪ੍ਰਭਾਵ ਗ੍ਰਹਿਣ ਕਰਦਾ ਆ ਰਿਹਾ ਹੈ। ਪੁਸਤਕ ਵਿਚ ਨਾਟਕ ਅਤੇ ਰੰਗਮੰਚ ਨੂੰ ਸੰਯੁਕਤ ਰੂਪ ਵਿਚ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ। ਉਸ ਨੇ ਪਹਿਲੀ ਵਾਰੀ ਸ਼ਬਦ 'ਨਾਟ ਮੰਚ' ਇਸ ਪੁਸਤਕ ਰਾਹੀਂ ਵਰਤਿਆ ਹੈ। ਇਸ ਰਾਹੀਂ ਹੀ ਡਾ. ਵਰਮਾ ਨੇ ਪੰਜਾਬੀ ਨਾਟਕ ਦੀ ਨਿਕਾਸ ਪ੍ਰਕਿਰਿਆ ਨੂੰ ਸਮਝ ਕੇ ਇਸ ਦੀ ਵਿਕਾਸ ਪ੍ਰਕਿਰਿਆ ਨੂੰ ਬਿਆਨ ਕੀਤਾ ਹੈ। ਪੁਸਤਕ ਨੂੰ ਅੱਠ ਚੈਪਟਰਾਂ ਵਿਚ ਵੰਡ ਕੇ ਆਪਣੀ ਗੱਲ ਕਹੀ ਗਈ ਹੈ। ਇਨ੍ਹਾਂ ਚੈਪਟਰਾਂ ਵਿਚ ਪੰਜਾਬੀ ਮਨ ਤੇ ਨਾਟ ਮੰਚ ਦੇ ਅੰਤਰ ਸਰੋਕਾਰ, ਨਿਕਾਸ ਪ੍ਰਕਿਰਿਆ, ਨਿਕਾਸ ਤੋਂ ਵਿਕਾਸ ਵੱਲ, ਵਿਕਾਸ ਯਾਤਰਾ, ਨਵੇਂ ਪ੍ਰਯੋਗ, ਨਵੇਂ ਪਾਸਾਰ, ਨਵੇਂ ਦਿਸਹੱਦੇ ਅਤੇ ਪੰਜਾਬੀ ਨਾਟ ਮੰਚ ਤੇ ਇੱਕੀਵ੍ਹੀ ਸਦੀ ਆਦਿ ਵਿਸ਼ਿਆ ਤੇ ਨਾਟ ਹਵਾਲਿਆ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਆਖਰੀ ਚੈਪਟਰ ਵਿਚ ਡਾ. ਵਰਮਾਂ ਨੇ ਅੱਜ ਦੇ ਨਾਟ ਦੀ ਗੱਲ ਬੜੀ ਵਿਸਥਾਰ ਨਾਲ ਕੀਤੀ ਹੈ। ਅੱਜ ਦੇ ਦੌਰ ਵਿਚ ਕਿਹੜੇ ਕਿਹੜੇ ਨਾਟਕਕਾਰ ਤੇ ਕਿਸ ਤਰ੍ਹਾਂ ਦੇ ਵਿਸ਼ੇ ਨਾਟਕਾਂ ਵਿਚ ਲੈ ਕੇ ਆ ਰਹੇ ਹਨ। ਇਸ ਸੰਦਰਭ ਵਿਚ ਉਨ੍ਹਾਂ ਦਲਿਤ ਸਰੋਕਾਰ ਵਾਲੇ ਨਾਟਕਾਂ ਦੀ ਗੱਲ ਵੀ ਕੀਤੀ ਹੈ।

**ਖਾਜ (ਨਾਵਲ) ਨਾਵਲਕਾਰ ਜਸਬੀਰ ਮੰਡ**
**ਮੁੱਲ : 200 ਰੁਪਏ, ਪੰਨੇ : 275 , ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**




ਜਸਬੀਰ ਮੰਡ ਪੰਜਾਬੀ ਨਾਵਲ ਦੇ ਖੇਤਰ ਵਿਚ ਘੱਟ ਲਿਖ ਕੇ ਵੱਧ ਚਰਚਾ ਵਿਚ ਆਇਆ ਅਜਿਹਾ ਨਾਵਲਕਾਰ ਹੈ, ਜਿਸ ਨੇ ਮਨੁੱਖੀ ਮਨ ਦੀਆਂ ਪਰਤਾਂ ਨੂੰ ਬੜੇ ਮਨੋਵਿਗਿਆਨ ਢੰਗ ਨਾਲ ਪੇਸ਼ ਕਰਕੇ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣੀ ਪੈਂਠ ਬਣਾ ਲਈ ਹੈ। ਇਸ ਨਾਵਲ ਵਿਚ ਮੰਡ ਨੇ ਪੁਆਧ ਦੇ ਲੋਕਾਂ ਨੂੰ ਬੜੀ ਭਰਪੂਰਤਾ ਨਾਲ ਚਿੱਤਰਿਆ ਹੈ। ਨਾਵਲ ਦਾ ਕਥਾਨਕ ਘਾੜ ਦਾ ਇਲਾਕਾ ਹੈ। ਨਾਵਲ ਦੀਆਂ ਬਹੁਤੀਆਂ ਘਟਨਾਵਾਂ 'ਅਵਤਾਰ ਕੀ ਗਲੀ' ਵਿਚ ਵਾਪਰਦੀਆਂ ਹਨ। ਸੰਤਾਲੀ ਦੇ ਹੱਲਿਆਂ ਵੇਲੇ ਦੇ ਵੇਰਵੇ ਬੜੇ ਪ੍ਰਮਾਣਿਕ ਹਨ। ਨਾਵਲ ਦਾ ਨਾਂ 'ਖਾਜ' ਸਿੰਬੋਲਿਕ ਹੈ। ਖਾਜ ਦਾ ਪ੍ਰਚੱਲਤ ਅਰਥ ਇਕ ਚਮੜੀ ਰੋਗ ਹੈ ਪਰ ਇਥੇ ਨਾਵਲਕਾਰ ਨੇ ਇਸ ਚਿਹਨ ਨੂੰ ਸਮਾਜਿਕ ਤੇ ਮਾਨਸਿਕ ਪਰਤਾਂ ਰਾਹੀਂ ਉਭਾਰਿਆ ਹੈ। ਨਾਵਲ ਵਿਚ ਹਿੰਸਾ, ਅਤਿਵਾਦ ਤੇ ਕਤਲੇਆਮ ਖਾਜ ਦੇ ਚਿਹਨ ਵਜੋਂ ਲੇਖਕ ਉਭਾਰਦਾ ਹੈ। ਨਾਵਲ ਵਿਚ ਸੰਤਾਲੀ ਤੇ ਚੁਰਾਸੀ ਦੇ ਸਮੇਂ ਪੰਜਾਬ ਵਿਚ

ਵਪਰੇ ਦੰਗਿਆਂ ਦੀ ਪੀੜ ਤੇ ਉਸ ਦੇ ਮਨੁੱਖੀ ਮਨ ਤੇ ਖਾਜ ਰੂਪ ਵਿਚ ਪਏ ਪ੍ਰਭਾਵਾਂ ਨੂੰ ਮੰਡ ਨੇ ਬੜੀ ਕੁਸ਼ਲਤਾ ਨਾਲ ਕਲਮੀ ਜੁਗਤ ਨਾਲ ਇਸ ਵਰਤਾਰੇ ਨੂੰ ਪੇਸ਼ ਕੀਤਾ ਹੈ। ਨਾਵਲ ਕਦੇ ਸੰਤਾਲੀ ਤੇ ਕਦੀ ਚੁਰਾਸੀ ਦੇ ਦੰਗਿਆ ਦੀਆਂ ਪਰਤਾਂ ਫਰੋਲਦਾ ਹੈ। ਹਿੰਸਾ ਦੀ ਮਾਨਸਿਕਤਾ ਦਾ ਗਲਪੀ ਰੂਪ ਮੰਡ ਪਾਤਰਾਂ ਰਾਹੀਂ, ਸੰਵਾਦ, ਦ੍ਰਿਸ਼ ਵਰਨਣ, ਪਿੱਛਲਝਾਤ ਆਦਿ ਜੁਗਤਾਂ ਨਾਲ ਪੇਸ਼ ਕਰਦਾ ਹੈ। ਨਾਵਲ ਵਿਚ ਇਹ ਬ੍ਰਿਤਾਂਤ ਉਭਰਦਾ ਹੈ ਕਿ ਜੇਕਰ ਸੰਤਾਲੀ ਦੇ ਉਜਾੜੇ ਸਮੇਂ ਮਨੁੱਖ ਜਿਹੜੇ ਸਦੀਆਂ ਤੋਂ ਸਾਂਝ ਦੀ ਤੰਦ ਨਾਲ ਬੱਝੇ ਵਸਦੇ ਮਨ ਉਨ੍ਹਾਂ ਨੂੰ ਉਜੜਨ ਲਈ ਮਜਬੂਰ ਕੀਤਾ ਉਸੇ ਤਰ੍ਹਾਂ ਚੁਰਾਸੀ ਵਿਚ ਵੀ ਆਪਣੇ ਅਖਵਾਉਂਦੇ ਹਿੰਸਾ ਦਾ ਪ੍ਰਵਚਨ ਉਸਾਰਨ ਵਾਲੇ ਲੋਕਾਂ ਨੇ ਸਧਾਰਨ ਲੋਕਾਂ ਨੂੰ ਅਨੇਕਾਂ ਕਸਟਾਂ ਵਿਚ ਉਤਾਰ ਦਿੱਤਾ। ਨਾਵਲ ਵਿਚ ਪਾਕਿਸਤਾਨ ਤੋਂ ਆਈ ਪਾਤਰ ਸਾਦੀਆਂ ਬੀਤੇ ਸਮੇਂ ਦੇ ਪਰਛਾਵੇਂ ਨੂੰ ਸਹਿਮੀ ਸਹਿਮੀ ਪਛਾਣਦੀ ਹੈ ਪਰ ਸਮੇਂ ਦੇ ਬਦਲੇ ਹਾਲਾਤਾਂ ਨੂੰ ਦੇਖ ਕੇ ਅੰਦਰੋਂ ਜ਼ਖ਼ਮੀ ਹੋ ਜਾਂਦੀ ਹੈ। ਨਾਵਲ ਦਾ ਘਟਨਾ ਸਥਾਨ ਕੁਰਾਲੀ, ਰੋਪੜ ਤੇ ਆਸ ਪਾਸ ਦੇ ਇਲਾਕੇ ਨਾਲ ਸੰਬੰਧਤ ਹੈ ਜਿਥੇ ਨਾਵਲ ਵਿਚ ਸੰਤਾਲੀ ਦੀ ਮਾਰਧਾੜ ਹੁੰਦੀ ਹੈ। ਫਿਰ ਚੁਰਾਸੀ ਦੇ ਦੰਗਿਆਂ ਨੇ ਅਗਲੀ ਪੀੜ੍ਹੀ ਨੂੰ ਮੌਤ ਦਾ ਤਾਂਡਵ ਨਾਚ ਦਿਖਾ ਦਿੱਤਾ ਜਾਂਦਾ ਹੈ। ਘਰ ਵਿਚ ਕੋਈ ਮਰਦ ਨਹੀਂ, ਚਿੱਟੀਆਂ ਚੁੰਨੀਆਂ ਦੇ ਦ੍ਰਿਸ਼ ਵੈਰਾਗ ਪੈਦਾ ਕਰਦੇ ਹਨ। ਲੇਖਕ ਨੇ ਨਾਵਲ ਵਿਚ ਅਜਿਹੇ ਸੰਵਾਦ ਸਿਰਜੇ ਹਨ ਜਿਹੜੇ ਮਨੁੱਖੀ ਰਿਸ਼ਤਿਆਂ ਦੇ ਘ੍ਰਿਣਾਜਨਕ ਰੂਪ ਪੇਸ਼ ਕਰਦੇ ਹਨ। ਨਾਵਲ ਵਿਚ ਚਲਦੇ ਹਿੰਸਾਂ ਤੇ ਡਰ ਦੇ ਬਿਰਤਾਂਤ ਵਿਚ ਜੀਵਾਂ, ਪਸ਼ੂ ਪੰਛੀਆਂ ਤੇ ਪ੍ਰਕ੍ਰਿਤੀ 'ਤੇ ਕਿਵੇਂ ਪ੍ਰਭਾਵ ਪੈਂਦਾ ਹੈ ਮੰਡ ਨੇ ਬੜੀ ਸਮਰੱਥਾ ਨਾਲ ਪੇਸ਼ ਕੀਤਾ ਹੈ। ਪੁਆਧੀ ਭਾਸ਼ਾ ਦੀ ਵਰਤੋਂ ਨਾਵਲ ਨੂੰ ਰੌਚਿਤ ਬਣਾਉਂਦੀ ਹੈ। ਨਾਵਲ ਦੀ ਕਹਾਣੀ ਸਾਦੀਆਂ ਤੇ ਅਵਤਾਰ ਦੀ ਕਹਾਣੀ ਕਾਂਡ ਇਕ ਤੋਂ ਆਰੰਭ ਹੁੰਦੀ ਹੈ ਅਤੇ ਅਠਤਾਲੀਵੇਂ ਕਾਂਡ ਤੱਕ ਉਹੀ ਸਾਦੀਆਂ ਗੁਜਰੇ ਸਮੇਂ ਤੋਂ ਬਾਅਦ ਆਪਣੇ ਬੱਚਿਆਂ ਨਾਲ ਆਉਂਦੀ ਹੈ ਤਾਂ ਉਹ ਸਾਦੀਆਂ ਨੂੰ ਪੁੱਛਦੇ ਹਨ, " ਅੰਮੀ, ਨਾਨੇ ਤੇ ਮਾਮੇ ਵਾਂਗਰਾਂ ਇਨ੍ਹਾਂ ਕਬਰਾਂ ਦੇ ਨੇੜੇ ਜਾਣ ਤੋਂ ਵੀ ਬੱਚਿਆਂ ਨੂੰ ਖਾਜ ਹੋ ਜਾਂਦੀ ਹੈ?' ਤਾਂ ਉਹ ਬੇਬੇ ਵਾਂਗ ਸਿਰ ਹਿਲਾਉਂਦੀ ਤੇ ਹੌਲੀ ਜਿਹੇ ਕਹਿ ਦਿੰਦੀ, "ਹਾਂ" ਇਹ ਕਿੱਡਾ ਵੱਡਾ ਦੁਖਾਂਤਕ ਸੱਚ ਹੈ ! ਇਸ ਸੱਚ ਨੂੰ ਜਸਬੀਰ ਮੰਡ ਨੇ 'ਖਾਜ' ਦੇ ਬਹੁਪਸਾਰੀ ਅਰਥਾਂ ਨਾਲ ਇਸ ਨਾਵਲ ਵਿਚ ਬੜੀ ਪੁਖਤਗੀ ਨਾਲ ਪੇਸ਼ ਕੀਤਾ ਹੈ।

### ਚੋਣਵੇਂ ਪੰਜਾਬੀ ਰੇਖਾ-ਚਿੱਤਰ (ਸੰਪਾਦਕ ਨਿੰਦਰ ਘੁਗਿਆਣਵੀ)
### ਮੁੱ 375 ਰੁਪਏ, ਪੰਨੇ: 375, ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ





ਨਿੰਦਰ ਘੁਗਿਆਣਵੀ ਬਰੀਕ ਦ੍ਰਿਸ਼ਟੀ ਵਾਲਾ ਵਾਰਤਕ ਲਿਖਣ ਵਾਲਾ ਲੇਖਕ ਹੈ। ਇਸ ਦੇ ਨਾਲ ਉਹ ਤੀਖਣ ਦ੍ਰਿਸ਼ਟੀ ਵਾਲਾ ਸੰਪਾਦਕ ਵੀ ਹੈ। ਇਸ ਦੀ ਗਵਾਹੀ ਸੰਪਾਦਤ ਰੇਖਾਂ ਚਿੱਤਰਾਂ ਦੀ ਇਸ ਪੁਸਤਕ ਤੋਂ ਲਿਆ ਜਾ ਸਕਦਾ ਹੈ। ਨਿੰਦਰ ਨੇ ਇਸ ਪੁਸਤਕ ਵਿਚ ਸਤਵਿੰਦਰ ਕੌਰ ਕੁੱਸਾ ਦਾ ਆਪਣੀ ਪਤੀ ਬਾਰੇ ਲਿਖਿਆ ਰੇਖਾ ਚਿੱਤਰ 'ਮੇਰੇ ਯਾਰ ਦਾ ਚੌਮੁਖੀਆਂ ਦੀਵਾ' ਸਾਂਵਲ ਧਾਮੀ ਦਾ 'ਜੋਗਿੰਦਰ ਬਾਹਰਲਾ' ਬਾਰੇ ਲਿਖਿਆ ਰੇਖਾ ਚਿੱਤਰ, ਉਸ ਦਾ ਧੀਰ ਬਾਰੇ ਲਿਖਿਆ ਰੇਖਾ ਚਿੱਤਰ ਅਤੇ ਅਜੀਤ ਕੌਰ ਦਾ ਖੁਸ਼ਵੰਤ ਸਿੰਘ ਬਾਰੇ ਅਤੇ ਅਮਰੀਕ ਗਿੱਲ ਦੇ ਬਲਵੰਤ ਗਾਰਗੀ ਬਾਰੇ ਲਿਖੇ ਚਰਚਿਤ ਰੇਖਾਂ ਚਿੱਤਰ ਪੜ੍ਹਨ ਨੂੰ ਮਿਲਦੇ ਹਨ। ਇਹ ਬਹੁਤ ਹੀ ਚਰਚਿਤ ਰੇਖਾ ਚਿੱਤਰ ਹਨ। ਬਾਕੀ ਰੇਖਾ ਚਿੱਤਰ ਵਿਚ ਆਪਣੀ



ਆਪਣੀ ਥਾਂ ਕਮਾਲ ਦੇ ਹਨ। ਇਸ ਪੁਸਤਕ ਵਿਚ ਵਧੇਰੇ ਕਰਕੇ ਲੇਖਕਾਂ ਦੇ ਲੇਖਕਾਂ ਬਾਰੇ ਰੇਖਾਂ ਚਿੱਤਰ ਹਨ। ਪਰ ਕੁਲਬੀਰ ਬਡੇਸਰੋਂ ਨੇ ਆਪਣਾ ਪਾਪਾ ਬਾਰੇ ਲਿਖਿਆ ਹੈ, ਨਿੰਦਰ ਨੇ ਰੇਖਾਂ ਚਿੱਤਰਾਂ ਦੀ ਚੋਣ ਵਿਚ ਵੰਨ ਸੁਵੰਨਤਾ ਵਰਤੀ ਹੈ। ਇਨ੍ਹਾਂ ਤੋਂ ਇਲਾਵਾ ਇਕਬਾਲ ਮਾਹਲ ਨੇ ਸੁਰਿੰਦਰ ਕੌਰ ਦਾ ਰੇਖਾ ਚਿੱਤਰ ਬਹੁਤ ਰੀਝ ਨਾਲ ਲਿਖਿਆ ਹੈ। ਆਪਣੀ ਸੰਪਾਦਕੀ ਵਿਚ ਨਿੰਦਰ ਨੇ ਰੇਖਾ ਚਿੱਤਰਾਂ ਦੇ ਸਫ਼ਰ ਬਾਰੇ ਵਿਸਥਾਰ ਨਾਲ ਜਿਕਰ ਕੀਤਾ ਹੈ। ਜਿਸ ਵਿਚ ਉਸ ਨੇ ਰੇਖਾ ਚਿੱਤਰ ਦੀ ਮਾਹਰ ਅਜੀਤ ਕੌਰ, ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਕੁਲਬੀਰ ਸਿੰਘ ਕਾਂਗ, ਇਕਬਾਲ ਮਾਹਲ ਅਤੇ ਪ੍ਰੇਮ ਪ੍ਰਕਾਸ਼ ਦਾ ਜ਼ਿਕਰ ਕੀਤਾ ਹੈ। ਪ੍ਰੇਮ ਪ੍ਰਕਾਸ਼ ਦੇ ਸਮੇਂ ਸਮੇਂ ਲਿਖੇ ਰੇਖਾ ਚਿੱਤਰ ਕਾਫੀ ਚਰਚਾ ਦਾ ਵਿਸ਼ਾ ਰਹੇ, ਚਾਹੇ ਉਹ ਚਰਚਾ ਪ੍ਰੇਮ ਦੇ ਖਿਲਾਫ਼ ਜਾਂਦੀ ਸੀ ਪਰ ਉਸ ਨੇ ਅਜਿਹੇ ਕਮਾਲ ਦੇ ਰੇਖਾ ਚਿੱਤਰ ਲਿਖੇ ਜਿਨ੍ਹਾਂ ਵਿਚ ਆਪਣੇ ਸਮਕਾਲੀ ਲੇਖਕਾਂ ਦੇ ਅਜਿਹੇ ਸੱਚ ਪੇਸ਼ ਕੀਤੇ ਕਿ ਲੇਖਕ ਦੇ ਪ੍ਰਸੰਸਕ ਹੈਰਾਨ ਰਹਿ ਗਏ। 'ਕਹਾਣੀ ਧਾਰਾ' ਨੇ ਦੋ ਰੇਖਾ ਚਿੱਤਰ ਵਿਸ਼ੇਸ਼ੇ ਅੰਕ ਪ੍ਰਕਾਸ਼ਤ ਕੀਤੇ ਇਕ ਸੀ 'ਪਿਤਾ ਵਿਸ਼ੇਸ਼ ਅੰਕ' ਦੂਜਾ ਸੀ 'ਮਾਂ ਵਿਸ਼ੇਸ਼ ਅੰਕ' ਪਰ ਨਿੰਦਰ ਨੇ ਪਰਚੇ ਦਾ ਆਪਣੀ ਸੰਪਾਦਕੀ ਵਿਚ ਕਿਤੇ ਵੀ ਜ਼ਿਕਰ ਨਹੀਂ ਕੀਤਾ। ਹਲਾ ਕਿ ਉਸ ਨੇ ਮੇਰੇ ਪਰਚੇ ਵਿਚੋਂ ਕੁਲਬੀਰ ਬਡੇਸਰੋਂ ਦਾ ਆਪਣੇ ਪਾਪਾ ਬਾਰੇ ਲਿਖਿਆ ਰੇਖਾ ਚਿੱਤਰ ਸਾਮਿਲ ਕੀਤਾ ਸੀ।


### ਵੱਡਿਆਂ ਦੀ ਸੱਥ (ਰੇਖਾ ਚਿੱਤਰ) ਨਿੰਦਰ ਘੁਗਿਆਣਵੀ
### ਮੁੱਲ: 350 ਰੁਪਏ, ਪੰਨੇ: 288, ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ




ਨਿੰਦਰ ਘੁਗਿਆਣਵੀ ਤੇਜ ਦਿਮਾਗ਼ ਦਾ ਬੰਦਾ ਹੈ। ਉਸ ਦਾ ਦਿਮਾਗ ਪਤਾ ਨਹੀਂ ਕਾਹਦਾ ਬਣਿਆ ਹੋਇਆ ਹੈ। ਇਕ ਵਾਰ ਜਿਹੜੀ ਗੱਲ ਉਹਦੇ ਦਿਮਾਗ ਵਿਚ ਸਟੋਰ ਹੋ ਜਾਵੇ ਤਾਂ ਉਹ ਉਹਨੂੰ ਭੁੱਲਦੀ ਨਹੀਂ। ਹਰਫ਼ਨਮੌਲਾ ਕਲਾਕਾਰ ਤੇ ਲੇਖਕ। ਉਸ ਨਾਲੋਂ ਵਧੀਆਂ ਵਾਰਤਕ ਮੈਂ ਪਹਿਲਾਂ ਕਦੇ ਨਹੀਂ ਪੜ੍ਹੀ। ਜਿਸ ਬਾਰੇ ਵੀ ਲਿਖ ਰਿਹਾ ਹੁੰਦਾ ਹੈ ਉਸ ਦੇ ਸੁਭਾਓ, ਪਹਿਰਾਵੇ, ਸਰੀਰਕ ਬਣਤਰ ਅਤੇ ਉਹ ਕਿਵੇਂ ਬੋਲਦਾ, ਤੁਰਦਾ, ਖਾਂਦਾ ਤੇ ਉਠਦਾ ਬੈਠਦਾ ਹੈ ਇਨ ਬਿਨ ਉਸ ਦੀ ਸਾਂਗ ਲਾ ਕੇ ਦਰਸ਼ਕ-ਪਾਠਕ ਨੂੰ ਹੈਰਾਨ ਤੇ ਹਸਾ ਦਿੰਦਾ ਹੈ। ਇਨ੍ਹਾਂ ਰੇਖਾ ਚਿੱਤਰਾ ਵਿਚ ਸਭ ਤੋਂ ਪਹਿਲਾਂ ਉਸ ਨੇ ਆਪਣੀ ਖਿੱਲੀ ਉਡਾਈ ਹੈ। ਨਿੰਦਰ ਕੋਲ ਜਾਦੂਈ ਵਾਰਤਕ ਲਿਖਣ ਵਾਲੇ ਗੁਣ ਮਜੂਦ ਹਨ। ਇਕ ਵਾਰ ਉਸ ਨੇ ਰਾਮਗੜ੍ਹੀਆਂ ਮੰਚ ਦੇ ਮਾਲਕ ਕ੍ਰਿਪਾਲ ਸਿੰਘ ਉੱਭੀ ਬਾਰੇ ਕਿਸੇ ਅਖ਼ਬਾਰ ਵਿਚ ਲਿਖਿਆ ਉਸ ਨੂੰ ਪੜ੍ਹ ਕੇ ਮੈਂ ਕਿਨਾਂ ਚਿਰ ਹੱਸਦਾ ਰਿਹਾ ਕਿਉਂਕਿ ਮੈਂ ਵੀ ਉਥੇ ਕੰਮ ਕੀਤਾ ਸੀ। ਇਹ ਨਿੰਦਰ ਵਿਚ ਹੀ ਸਮਰੱਥਾ ਹੈ ਕਿ ਉਹ ਜਿਸ ਬਾਰੇ ਵੀ ਲਿਖਦਾ ਹੈ ਉਸ ਨੂੰ ਨੰਗਾ ਕਰਕੇ ਤੁਹਾਡੇ ਮੋਹਰੇ ਲਿਆ ਖੜ੍ਹਾ ਕਰਦਾ ਹੈ। ਇਸ ਪੁਸਤਕ ਵਿਚ ਵੀ ਉਸ ਨੇ ਕਈ ਲੇਖਕਾਂ ਨੂੰ ਨਿਰਵਸਤਰ ਕੀਤਾ ਹੈ। ਪਰ ਕੀਤਾ ਕਲਾ ਨਾਲ ਹੈ ਕਿ ਪਾਠਕ ਨੂੰ ਨਿਰਵਸਤ ਕੀਤਾ ਲੇਖਕ ਅਸ਼ਲੀਲ ਨਾ ਲੱਗੇ। ਪੁਸਤਕ ਦੇ ਆਰੰਭ ਵਿਚ ਚੂਹੜ ਸਿੰਘ ਵੱਲੋਂ ਲਿਖੇ ਨਿੰਦਰ ਦਾ ਰੇਖਾ ਚਿੱਤਰ ਲਿਖਿਆ ਗਿਆ ਹੈ। ਜਿਸ ਵਿਚ ਨਿੰਦਰ ਨੂੰ ਬੜੀ ਨਿਰਪੱਖਤਾ ਨਾਲ ਉਭਾਰਿਆ ਹੈ। ਉਪਰੰਤ ਸੰਤੋਖ ਸਿੰਘ ਧੀਰ, ਸਨਮੁਖ ਸਿੰਘ ਆਜ਼ਾਦ, ਕਿਰਪਾਲ ਕਜ਼ਾਕ, ਗੁਰਦੇਵ ਸਿੰਘ ਰੁਪਾਣਾ, ਬਾਬੂ ਸਿੰਘ ਮਾਨ, ਚਾਚਾ ਵਿਰਸਾ ਸਿੰਘ, ਪੂਰਨ ਸ਼ਾਹਕੋਟੀ, ਹਰਨਾਮ ਦਾਸ ਸਹਿਰਾਈ, ਦੀਪਕ ਜੈਤੋਈ, ਅਜੀਤ ਸਿੰਘ ਪੱਤੋ, ਜਗਦੇਵ ਸਿੰਘ ਜੱਸੋਵਾਲ, ਉਸਤਾਦ ਲਾਲ ਚੰਦ ਯਮਲਾ ਜੱਟ ਅਤੇ ਹਰਭਜਨ ਬਾਜਵਾ ਬਾਰੇ

ਬਹੁਤ ਹੀ ਦਿਲ ਟੁੰਬਵੇ ਰੇਖਾ ਚਿੱਤਰ ਲਿਖੇ ਹਨ। ਜਦੋਂ ਧੀਰ, ਕਜ਼ਾਕ, ਗੁਰਦੇਵ ਸਿੰਘ ਰੁਪਾਣਾ ਅਤੇ ਜਗਦੇਵ ਸਿੰਘ ਜੱਸੋਵਾਲ ਬਾਰੇ ਰੇਖਾ ਚਿੱਤਰ ਛਪੇ ਤਾਂ ਇਨ੍ਹਾਂ ਅਦੀਬਾ ਨੇ ਬਹੁਤ ਗੁੱਸਾ ਕੀਤਾ। ਕਿਰਪਾਲ ਕਜ਼ਾਕ ਦੇ ਪ੍ਰਸੰਗ ਬਾਰੇ ਉਹ ਦੱਸਦਾ ਹੈ, "ਕਿਰਪਾਲ ਕਜ਼ਾਕ ਬਾਰੇ ਛਪਿਆ ਤਾਂ ਉਹ ਵੀ ਗੁੱਸੇ ਹੋਏ ਬਿਨਾਂ ਨਾ ਰਹਿ ਸਕੇ, ਇੱਕ ਦਿਨ, ਫੋਨ ਕਰਕੇ ਮੈਨੂੰ ਵਾਹਵਾਂ ਖੁੱਲ੍ਹੀਆਂ ਡੁੱਲ੍ਹੀਆਂ ਗਾਲ੍ਹਾਂ ਕੱਢੀਆਂ। ਕੁਝ ਪਲਾ ਪਿੱਛੋਂ ਜਦ ਠੰਢੇ ਹੋਏ ਤਾਂ ਕਹਿਣ ਲੱਗੇ, 'ਜਿਸ ਨਿੰਦਰ ਨਾਲ ਮੈਂ ਹੁਣ ਗੱਲ ਕਰ ਰਿਹਾ ਵਾਂ... ਉਹ ਨਿੰਦਰ ਹੋਰ ਏ...ਜਿਸ ਨੇ ਰੇਖਾ ਚਿੱਤਰ ਲਿਖਿਐ ... ਉਹ ਨਿੰਦਰ ਹੋਰ ਸੀ... ਜਿਹੜਾ ਕਜ਼ਾਕ ਹੁਣੇ ਤੈਨੂੰ ਗਾਲ੍ਹਾਂ ਕੱਢ ਰਿਹਾ ਸੀ... ਉਹ ਹੋਰ ਏ ਤੇ ਜਿਸ ਬਾਰੇ ਤੂੰ ਲਿਖਿਆ ਏ... ਉਹ ਕਜ਼ਾਕ ਹੋਰ ਸੀ।" ਕਿਤਾਬ ਇਕ ਬੈਠਕ 'ਚ ਪੜ੍ਹੇ ਬਿਨਾ ਪਾਠਕ ਛੱਡਦਾ ਨਹੀਂ।

## ਵਿਸ਼ਵੀਕਰਣ ਅਤੇ ਸਾਹਿਤ ਚਿੰਤਨ (ਆਲੋਚਨਾ) ਸੁਰਜੀਤ ਸਿੰਘ ਭੱਟੀ
## ਮੁੱਲ: 200 ਰੁਪਏ, ਪੰਨੇ: 148, ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ





ਉੱਘੇ ਮਾਰਕਸਵਾਦੀ ਚਿੰਤਕ ਸੁਰਜੀਤ ਭੱਟੀ ਹੁਰਾਂ ਦੀ ਇਹ ਨਵੀਂ ਪੁਸਤਕ ਹੈ। ਉਨ੍ਹਾਂ ਦੀ ਪਛਾਣ ਨਵੀਨ ਆਲੋਚਨਾ ਪ੍ਰਣਾਲੀਆਂ ਤੇ ਕਾਰਜ ਕਰਨ ਦੀ ਰਹੀ ਹੈ। ਇਸ ਪੁਸਤਕ ਵਿਚ ਉਨ੍ਹਾਂ ਸਮੇਂ ਸਮੇਂ ਲਿਖੇ ਆਲੋਚਨਾ ਦੇ ਲੇਖਾਂ 'ਤੇ ਅਧਾਰਤ ਪੁਸਤਕ ਹੈ। ਇਨ੍ਹਾਂ ਲੇਖਾਂ ਦਾ ਚਿੰਤਨ ਉਸਦੀ ਚਿੰਤਾ ਤੋਂ ਉਪਜਿਆ ਹੈ। ਇਹ ਲੇਖ ਪੰਜਾਬੀ ਸਾਹਿਤ, ਗੁਰਬਾਣੀ, ਦਲਿਤ ਚੇਤਨਾ, ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ ਅਤੇ ਪੁਸਤਕ ਸਭਿਆਚਾਰ ਆਦਿ ਵਿਸ਼ਿਆ ਨਾਲ ਸੰਬੰਧ ਰੱਖਦੇ ਹਨ। ਸਾਹਿਤ ਅਧਿਐਨ ਪ੍ਰਣਾਲੀਆਂ ਸਥਾਨਕ ਪਰਿਪੇਖ, ਪੰਜਾਬੀ ਅਧਿਐਨ ਅਤੇ ਅਧਿਆਪਨ ਨਵ ਪਰਿਪੇਖ ਲੇਖਾਂ ਵਿਚ ਸੰਸਾਰ ਸਾਹਿਤ ਚਿੰਤਨ ਨੂੰ ਲਿਆ ਹੈ। ਲੇਖਕ ਵਿਚ ਪੱਛਮੀ ਚਿੰਤਨ ਪ੍ਰਣਾਲੀਆਂ ਦੇ ਹਵਾਲੇ ਨਾਲ ਸਾਹਿਤ ਦੀ ਗੱਲ ਕੀਤੀ ਹੈ। ਪੰਜਾਬੀ ਅਧਿਐਨ ਅਤੇ ਅਧਿਆਪਨ ਬਾਰੇ ਉਨ੍ਹਾਂ ਦਾ ਮੱਤ ਹੈ ਕਿ ਮੌਜੂਦਾ ਅਧਿਆਪਨ ਇਕ ਪਾਸੜ ਹੈ। ਸਾਹਿਤ ਦ੍ਰਿਸ਼ਟੀਆਂ ਜਾਂ ਧਾਰਾਵਾਂ ਦੇ ਸੰਬੰਧ ਵਿਚ ਉਨ੍ਹਾਂ ਦਾ ਮੱਤ ਹੈ ਕਿ ਨਵੇਂ ਸਿਧਾਂਤ ਐਨੇ ਉਤਪਨ ਹੋ ਗਏ ਹਨ ਕਿ ਕਿਸੇ ਸਿਧਾਂਤ ਦੀ ਸਰਬਵਿਆਪਕਤਾ ਅਤੇ ਸਦੀਵਤਾ ਦਾ ਸਵਾਲ ਹੀ ਨਹੀਂ ਉਠਦਾ। ਪੱਛਮ ਤੋਂ ਆਈਆਂ ਦ੍ਰਿਸ਼ਟੀਆਂ ਨੂੰ ਜਦੋਂ ਸਾਡੇ ਚਿੰਤਕ ਸਾਹਿਤ ਉਪਰ ਲਾਗੂ ਕਰਦਿਆਂ ਤੱਤਫੱਟ ਸਿੱਟੇ ਕੱਢਣ ਦੇ ਰੁਝਾਨ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦਾ ਇਹ ਵੀ ਮੱਤ ਹੈ ਕਿ ਦਲਿਤਵਾਦ, ਵਿਰਚਨਾਵਾਦ, ਨਾਰੀਵਾਦ ਨੂੰ ਮੂਲੋਂ ਹੀ ਰੱਦ ਕਰਨਾ ਠੀਕ ਨਹੀਂ। ਉਨ੍ਹਾਂ ਦਾ 'ਦਲਿਤ ਚੇਤਨਾ ਅਤੇ ਪੰਜਾਬ ਵਿਚ ਸਮਾਜਿਕ ਪਰਿਵਰਤਨ' ਪਾਠਕ ਦੇ ਮਨ ਵਿਚ ਸਵਾਲ ਪੈਦਾ ਕਰਦਾ ਲੇਖ ਹੈ। ਦਲਿਤ ਚੇਤਨਾ ਤੇ ਸਾਹਿਤ ਪ੍ਰਤੀ ਆਪਣੀ ਧਾਰਨਾ ਬਣਾਉਣ ਲਈ ਲੇਖਕ ਦੋ ਪੁਸਤਕਾਂ 'ਭਾਰਤੀ ਲੋਕ ਨੀਚ ਕਿਵੇਂ ਬਣੇ' ਅਤੇ ਦਲਿਤ ਸਾਹਿਤ ਅਤੇ ਸਭਿਆਚਾਰ' ਦਾ ਜ਼ਿਕਰ ਕਰਦਾ ਹੈ। ਜਦ ਕਿ ਇਹ ਪੁਸਤਕਾਂ ਦਲਿਤ ਸਾਹਿਤ ਤੇ ਚੇਤਨਾ ਵਿਚ ਬਹੁਤ ਵੱਡਾ ਧੁੰਦਲਕਾ ਪਾਉਂਦੀਆਂ ਸਵੈ ਵਿਰੋਧੀ ਗੱਲਾਂ ਕਰਦੀਆਂ ਹਨ। ਕੇਵਲ ਅੰਬੇਡਕਰ ਦਾ ਚਿੰਤਨ ਜਿਹੜਾ ਕਿ 12 ਖੰਡਾਂ ਵਿਚ ਉਪਲੱਬਧ ਹੈ ਸਾਰਥਕ ਹੈ। ਲੇਖਕ ਦੀ ਇਹ ਧਾਰਨਾ ਵੀ ਅੰਬੇਡਕਰੀ ਚਿੰਤਨ ਅਨੁਸਾਰ ਗਲਤ ਹੈ ਕਿ ਪੰਜਾਬ ਵਿਚ ਦਲਿਤਾਂ ਦੀ ਆਰਥਿਕ ਸਥਿਤੀ ਦਾ ਸੰਬੰਧ ਸਿੱਧੇ ਤੌਰ ਤੇ ਪੰਜਾਬ ਦੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਜਦ ਕਿ ਇਹ ਪੰਜਾਬ ਦੀ ਸਮਾਜਿਕ ਹਾਲਤ ਤੇ ਜਾਤੀ ਵਰਣ ਨਾਲ ਜੁੜਿਆ ਹੋਇਆ ਹੈ। ਸਾਡੇ ਭਾਰਤੀ ਸਮਾਜ ਦੀ



ਸਮਾਜਿਕ ਬਣਤਰ ਹੀ ਇਸ ਤਰ੍ਹਾਂ ਦੀ ਬਣਾ ਦਿੱਤੀ ਗਈ ਕਿ ਦਲਿਤ ਹਰ ਪੱਖੋ ਪੱਛੜਦੇ ਗਏ। ਜਿਸ ਪੰਜਾਬ ਵਿਚ ਦਲਿਤਾਂ ਨੂੰ 1919 ਤੋਂ ਪਹਿਲਾਂ ਜ਼ਮੀਨ ਦੇ ਮਾਲਕ ਬਣਨ ਦਾ ਅਧਿਕਾਰ ਨਹੀਂ ਸੀ। ਇੰਤਕਾਲ ਇਰਾਜ਼ੀ ਐਕਟ-1900 ਟੁੱਟਿਆ ਤੇ ਦਲਿਤਾਂ ਨੂੰ ਜ਼ਮੀਨਾਂ ਦੀ ਮਾਲਕੀ ਦਾ ਅਧਿਕਾਰ ਮਿਲਿਆ। ਉਨ੍ਹਾਂ ਲੋਕਾਂ ਦੀ ਆਰਥਿਕ ਹਾਲਤ ਭਲਾ ਕਿਵੇਂ ਚੰਗੀ ਹੋ ਸਕਦੀ ਹੈ। ਭੱਟੀ ਹੁਰਾਂ ਨੂੰ ਪੰਜਾਬੀ ਦੇ ਦਲਿਤ ਸਾਹਿਤ ਦਾ ਗਿਆਨ ਵੀ ਅਧੂਰਾ ਹੈ ਉਹ ਨਾਨਕ ਸਿੰਘ, ਗੁਰਦਿਆਲ ਸਿੰਘ, ਮੋਹਨਜੀਤ ਤੋਂ ਅੱਗੇ ਨਹੀਂ ਜਾਂਦੇ। ਅਜੋਕੇ ਸਮੇਂ ਵਿਚ ਲਿਖਿਆ ਜਾ ਰਿਹਾ ਦਲਿਤ ਸਾਹਿਤ ਉਨ੍ਹਾਂ ਦੀ ਦ੍ਰਿਸ਼ਟੀ ਤੋਂ ਬਾਹਰ ਹੈ। ਹਰ ਚਿੰਤਕ ਦੀ ਆਪਣੀ ਇਕ ਸੀਮਾ ਹੁੰਦੀ ਹੈ ਹਲਾਕਿ ਭੱਟੀ ਹੁਰੀਂ ਉੱਘੇ ਸਮੀਖਿਅਕ ਹਨ।

## ਮੇਰੇ ਹਿੱਸੇ ਦਾ ਪੰਜਾਬ (ਸਵੈ ਜੀਵਨੀ) ਹਰਿੰਦਰ ਸਿੰਘ ਚਹਿਲ ਆਈ. ਪੀ. ਐਸ.
## ਮੁੱਲ: 250 ਰੁਪਏ, ਪੰਨੇ: 216, ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ





ਕਿਸੇ ਪੁਲਿਸ ਅਫ਼ਸਰ ਵਲੋਂ ਲਿਖੀ ਪੰਜਾਬੀ ਵਿਚ ਇਹ ਪਹਿਲੀ ਸਵੈ ਜੀਵਨੀ ਹੈ। ਜਿਸ ਵਿਚ ਉਸ ਨੇ ਬੜੇ ਸਾਦੇ ਅੰਦਾਜ਼ ਵਿਚ ਆਪਣੇ ਜੀਵਨ ਤੇ ਕਿੱਤੇ ਨਾਲ ਸੰਬੰਧਤ ਲਿਖਿਆ ਹੈ। ਪੁਸਤਕ ਦੇ ਆਰੰਭ ਵਿਚ ਜਗਦੇਵ ਸਿੰਘ ਜੱਸੋਵਾਲ, ਬਲਵੰਤ ਸਿੰਘ ਰਾਮੂਵਾਲੀਆ, ਬਾਬੂ ਸਿੰਘ ਮਾਨ, ਨਿੰਦਰ ਘੁਗਿਆਣਵੀ, ਹਰਭਜਨ ਸਿੰਘ, ਮਾਹਲ ਸਿੰਘ ਭੁੱਲਰ, ਚੌਧਰੀ ਸੂਬੇ ਸਿੰਘ, ਬ੍ਰਹਮਜਗਦੀਸ਼ ਸਿੰਘ, ਬਲਬੀਰ ਸਿੰਘ ਆਦਿ ਨੇ ਚਾਹਿਲ ਦੀ ਸਖਸ਼ੀਅਤ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ। ਲੇਖਕ ਨੇ ਆਪਣੀ ਨੌਕਰੀ ਸਹਾਇਕ ਸਬ ਇੰਸਪੈਕਟਰ ਤੋਂ ਆਰੰਭ ਕੀਤੀ ਤੇ ਪੁਲਿਸ ਦੇ ਉੱਚ ਆਹੁਦੇ ਤੱਕ ਪਹੁੰਚਿਆ। ਪੰਜਾਬ ਦੀ ਤ੍ਰਾਸਦੀ ਬਾਰੇ ਵੀ ਉਨ੍ਹਾਂ ਪੁਸਤਕ ਵਿਚ ਜਿਕਰ ਕੀਤਾ ਹੈ। ਇਸ ਤੋਂ ਇਲਾਵਾਂ ਉਨ੍ਹਾਂ ਆਪਣੇ ਦਾਦਾ, ਦਾਦੀ, ਪਿਤਾ ਬਾਰੇ ਵੀ ਲਿਖਿਆ ਹੈ। ਪੰਜਾਬ ਤੇ ਕਾਲੇ ਦਿਨ' ਲੇਖ ਲੇਖਕ ਨੇ ਬੜਾ ਭਾਵੁਕ ਅੰਦਾਜ ਵਿਚ ਲਿਖਿਆ ਹੈ। ਆਪਣੀ ਸਵੈ ਜੀਵਨੀ ਵਿਚ ਕੁਦਰਤ ਨਾਲ ਮੋਹ, ਪੰਜਾਬੀਆਂ ਨੂੰ ਵੰਗਾਰ, ਸਭਿਆਚਾਰ, ਸਿਆਸਤ ਅਤੇ ਆਪਣੇ ਪਿੰਡ ਦਾ ਇਤਿਹਾਸ ਦਾ ਜ਼ਿਕਰ ਵੀ ਕੀਤਾ ਹੈ। ਸਿੱਖ (ਜੱਟ) ਹੈਜਮੋਨਿਕ ਕਲਚਰ ਦਾ ਜ਼ਿਕਰ ਪੁਸਤਕ ਵਿਚ ਥਾਂ ਥਾਂ ਹੈ। 'ਕੁਝ ਸਵਾਲ ਕੁੱਝ ਪੱਖ' ਲੇਖ ਵਿਚ ਜੀਵਨ ਤੇ ਪ੍ਰਬੰਧ ਨਾਲ ਜੁੜੇ ਮਸਲਿਆ ਬਾਰੇ ਜ਼ਿਕਰ ਵੀ ਕੀਤਾ ਹੈ। ਲੇਖਕ ਆਪਣੀ ਸਵੈ ਜੀਵਨੀ ਵਿਚ ਆਪਣੀ ਅਤੇ ਆਪਣੇ ਮਹੌਲ ਦੀ ਸਵੈ ਪੜਚੋਲ ਵੀ ਕਰਦਾ ਹੈ। ਪੁਸਤਕ ਪੜ੍ਹ ਕੇ ਪੰਜਾਬ ਦੇ ਸਮਾਜਿਕ ਸਥਿਤੀ ਬਾਰੇ ਪਤਾ ਚੱਲਦਾ ਹੈ।

## ਵਕਤ ਦੀ ਬੇੜੀ (ਅਭੁੱਲ ਯਾਦਾਂ) ਡਾ. ਹਰਕੇਸ ਸਿੰਘ ਸਿੱਧੂ ਆਈ. ਏ. ਐੱਸ.
## ਮੁੱਲ: 225 ਪੰਨੇ: 196, ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ


ਇਕ ਪ੍ਰਸ਼ਾਸ਼ਨਕ ਅਫ਼ਸਰ ਹੋ ਕੇ ਲੇਖਕ ਹੋਣਾ ਕਿਸੇ ਕਿਸੇ ਦੇ ਹਿੱਸੇ ਆਇਆ ਹੈ। ਉਨ੍ਹਾਂ ਵਿਚੋਂ ਸਿੱਧੂ ਇਕ ਹੈ ਉਸ ਨੇ ਵਾਰਤਕ ਦੀਆਂ ਅਨੇਕਾਂ ਪੁਸਤਕਾਂ ਹੁਣ ਤੀਕ ਪਾਠਕਾਂ ਨੂੰ ਦਿੱਤੀਆਂ ਹਨ। ਇਸ ਸੰਗਲੀ ਦੀ ਹਥਲੀ ਪੁਸਤਕ ਇਕ ਅਹਿਮ ਕੜੀ ਵਜੋਂ ਵਿਚਾਰੀ ਜਾਣੀ ਹੈ। ਆਮ ਧਾਰਨਾ ਇਹ ਹੈ ਕਿ ਅਫ਼ਸਰ ਲੇਖਕਾਂ ਦੀ ਲੋੜੋ ਵੱਧ ਤਰੀਫ ਹੋ ਜਾਂਦੀ ਹੈ। ਇਹਦੇ ਪਿਛੇ ਪ੍ਰਸ਼ੰਸ਼ਾ ਕਰਨ ਵਾਲੇ ਦੇ ਨਿੱਜੀ ਹਿੱਤ ਜੁੜੇ ਹੁੰਦੇ ਹਨ ਪਰ ਇਸ ਪੁਸਤਕ ਦਾ ਪਾਠ ਕਰਨ ਉਪਰੰਤ ਮੈਂ ਸੱਚੇ ਮਨੋ ਇਹ ਕਹਿ ਸਕਦਾ ਹਾਂ ਕਿ ਸਿੱਧੂ ਹੁਰਾਂ ਨੇ

ਇਨ੍ਹਾਂ ਵਾਰਤਕ ਲੇਖਾਂ ਵਿਚ ਅਨੇਕਾਂ ਹੀ ਸਮਾਜਿਕ ਮੁੱਦਿਆਂ ਨੂੰ ਬੜੇ ਤਰਕ ਨਾਲ ਉਠਾਇਆ ਹੈ। ਉਸ ਦੀ ਵਾਰਤਕ ਦਾ ਮੀਰੀ ਗੁਣ ਭਾਸ਼ਾ ਦਾ ਸਪਸ਼ਟ ਤੇ ਲੋਕ ਮੁਹਾਵਰੇ ਵਾਲੀ ਹੋਣਾ ਹੈ। ਇਨ੍ਹਾਂ ਲੇਖਾਂ ਵਿਚ ਉਸ ਦੀ ਜ਼ਿੰਦਗੀ ਦੇ ਤਜਰਬੇ, ਅਨੁਭਵ ਅਤੇ ਸਮਾਜਿਕ ਸਮਝ ਦੀ ਝਲਕ ਪੈਂਦੀ ਹੈ। ਇਸ ਪੁਸਤਕ ਵਿਚ ਪ੍ਰੇਮ, ਪਿਆਰ, ਟੈਕਸ ਚੋਰੀ ਦੇ ਰੁਝਾਨ, ਭਗਤ ਸਿੰਘ ਦੀ ਸੋਚ ਬਾਰੇ, ਨੌਕਰੀ ਦੌਰਾਨ ਵਿਚਰਦਿਆਂ ਯਾਦਗਾਰੀ ਘਟਨਾਵਾਂ ਅਤੇ ਉਨ੍ਹਾਂ ਨਾਲ ਜੁੜੇ ਆਮ ਲੋਕਾਂ ਦੀ ਸਮੱਸਿਆਵਾਂ ਵਿਚ ਵਿਚਰਦਿਆਂ ਕੁਝ ਲੋਕ ਪੱਖੀ ਧਾਰਨਾਵਾਂ ਪੇਸ਼ ਕੀਤੀਆਂ ਹਨ। ਹਰਕੇਸ਼ ਸਿੱਧੂ ਦੇ ਲੇਖ 'ਘੋੜੇ ਵਾਲਾ, ਲੱਲੂ ਕਰੇ ਕਵੱਲੀਆਂ, ਪਾਗਲਾਂ ਦੀ ਦੁਨੀਆਂ, ਹਾਲੈਂਡ ਵਿਚ ਭੁੱਲਿਆ ਰਾਹ, ਸੱਤ ਇਕਵੰਜਾ, ਸੰਤ ਸਿਪਾਹੀ, ਸੱਚੇ ਮਾਰਗ ਚਲਦਿਆਂ, ਪਦਾਰਥਵਾਦੀ ਆਦਰਸ਼ਵਾਦ ਅਤੇ ਯੱਭਲ ਪੁੱਤ ਨਾ ਜੰਮੀਏ ਆਦਿ ਲੇਖ ਬਹੁਤ ਹੀ ਉੱਚ ਪਾਏ ਦੇ ਹਨ।




**ਕਰੈਡਿਟ ਕਾਰਡ (ਕਹਾਣੀ ਸੰਗ੍ਰਹਿ) ਯਸ਼**
**ਮੁੱਲ: 180 ਰੁਪਏ, ਪੰਨੇ: 150 , ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਪਰਵਾਸੀ ਬੰਦੇ ਦੀ ਸੰਵੇਦਨਾ ਨੂੰ ਫੜਨ ਵਾਲਾ ਯਸ਼ ਇਕ ਤੀਖਣ ਬੁੱਧੀ ਦਾ ਕਹਾਣੀਕਾਰ ਹੈ। ਉਸ ਨੇ ਇਨ੍ਹਾਂ ਕਹਾਣੀਆਂ ਵਿਚ ਪੰਜਾਬੀ ਪਰਿਵਾਰਾਂ ਦੇ ਤਣਾਓ ਦੀਆਂ ਸੂਖਮ ਤੰਦਾਂ ਨੂੰ ਪਾਤਰਾਂ ਦੀ ਸੰਵਾਦਮੁੱਖੀ ਸ਼ੈਲੀ ਨਾਲ ਫੜਨ ਦਾ ਸਫ਼ਲ ਜਤਨ ਕੀਤਾ ਹੈ। ਪੀੜ੍ਹੀ ਪਾੜੇ ਦੀਆਂ ਅਤ੍ਰਿਪਤ ਖ਼ਾਹਿਸ਼ਾ ਨੂੰ ਯਸ਼ ਨੇ ਇਨ੍ਹਾਂ ਕਹਾਣੀਆਂ ਵਿਚ ਫੜਿਆ ਹੈ। ਉਸ ਨੇ ਇਨ੍ਹਾਂ ਕਹਾਣੀਆਂ ਵਿਚ ਉਨ੍ਹਾਂ ਵਿਸ਼ਿਆ ਨੂੰ ਲਿਆ ਹੈ ਜਿਹੜੇ ਪਰਵਾਸੀ ਸਾਹਿਤ 'ਚ ਬਹੁਤ ਘੱਟ ਦੇਖਣ ਨੂੰ ਮਿਲਦੇ ਹਨ। ਪਰਵਾਸ ਦੇ ਮਸਲੇ ਤੇ ਪੀੜ੍ਹੀਆਂ ਦੇ ਸਭਿਆਚਾਰਕ ਤਣਾਓ ਨੂੰ ਯਸ਼ ਨੇ ਆਪਣੀਆਂ ਕਹਾਣੀਆਂ 'ਕਰੈਡਿਟ ਕਾਰਡ', ਸੌ ਦਾ ਨੋਟ', 'ਕਾਲ ਗਰਲ', 'ਸ਼ੀਲਾ ਦਾ ਪੱਬ' ਕਹਾਣੀਆਂ ਵਿਚ ਫੜਨ ਦਾ ਸਫ਼ਲ ਯਤਨ ਕੀਤਾ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਕਰੈਡਿਟ ਕਾਰਡ' ਵਿਚ ਰੌਸ਼ਨ ਲਾਲ ਸ਼ਰਮਾ ਉਰਫ ਰੌਨੀ ਤੇ ਉਸ ਨਾਲ ਪਤਨੀ ਵਾਂਗ ਰਹਿ ਰਹੀ ਸ਼ੈਰਨ ਪਾਤਰਾਂ ਰਾਹੀਂ ਵੱਖਰੇ ਸਭਿਆਚਾਰਕ ਤਣਾਓ ਨੂੰ ਪੇਸ਼ ਕੀਤਾ ਹੈ। ਸ਼ੈਰਨ ਗੈਰ ਭਾਰਤੀ ਹੋਣ ਕਾਰਨ ਭਾਰਤੀ ਬਣਨ ਦਾ ਮਖੌਟਾ ਪਾਉਂਦੀ ਹੈ। ਇਹ ਜੋੜੀ ਕਹਾਣੀ ਦੀ ਇਕ ਹੋਰ ਜੋੜੀ ਦੀਪ ਤੇ ਸਰਲਾ ਨੂੰ ਗੁੰਮਰਾਹ ਕਰਦੇ ਹਨ। ਸ਼ੈਰਨ ਦਾ ਨਸ਼ੇ ਵਿਚ ਆ ਕੇ ਦੀਪ ਵੱਲ ਝੁਕਣਾ ਸਰੀਰਕ ਲੋੜ ਨਹੀਂ ਬਲਕਿ ਸਰਮਾਏ ਦੀ ਲੋੜ ਤੋਂ ਉਪਜੀ ਹੈ। ਯਸ਼ ਦੀ ਇਕ ਚੰਗੀ ਕਹਾਣੀ ਹੈ 'ਬਰਫ਼ ਦੀ ਬੇਟੀ' ਜਿਸ ਵਿਚ ਕਹਾਣੀ ਦੇ ਪਾਤਰ ਬਾਬ ਤੇ ਸਵਿਤਰੀ ਪਾਤਰਾਂ ਰਾਹੀਂ ਮਨੁੱਖੀ ਅਹਿਸਾਸਾਂ ਨੂੰ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ 'ਹਰੇ ਹਰੇ !!', 'ਪਿੱਲ', 'ਕਿਤੇ ਉਹ ਤਾਂ ਨਹੀਂ ਸੀ', 'ਹੋਰ', 'ਮਿੱਟੀ' ਅਤੇ ਸ਼ੀਲਾ ਦਾ ਪੱਬ' ਕਹਾਣੀਆਂ ਵਿਚ ਪਰਵਾਸੀ ਮਸਲਿਆ ਨੂੰ ਪੇਸ਼ ਕਰਦਾ ਹੈ। ਲੇਖਕ ਲੋੜ ਅਨੁਸਾਰ ਅੰਗਰੇਜ਼ੀ ਦੀ ਵਰਤੋ ਕਰਦਾ ਹੈ। ਕਿਉਂਕਿ ਇਹ ਪਾਤਰ ਇੰਗਲੈਂਡ ਵਿਚ ਵਿਚਰ ਰਹੇ ਹਨ ਇਸ ਲਈ ਸ਼ਰਾਬ ਦਾ ਸੇਵਨ ਹਰ ਕਹਾਣੀ ਵਿਚ ਖੁੱਲ ਕੇ ਹੋਇਆ ਹੈ। 'ਸ਼ੀਲਾ ਦਾ ਪੱਬ' ਕਹਾਣੀ ਦੋ ਭਰਾਵਾਂ ਕਰਮਾ







ਤੇ ਮੀਕਾ ਦੀ ਕਹਾਣੀ ਹੈ। ਮੀਕਾ ਉਥੇ ਇਕ ਪੱਬ ਚਲਾਉਂਦਾ ਹੈ। ਜਿਸ ਵਿਚ ਨਸ਼ੇ ਤੇ ਜਿਸਮ ਦਾ ਧੰਦਾ ਚੱਲਦਾ ਹੈ। ਕਰਮਾ ਦੀ ਪਤਨੀ ਮੀਕੇ ਵੱਲ ਖਿੱਚੀ ਜਾਂਦੀ ਹੈ ਜਿਥੋਂ ਸੰਕਟ ਪੈਦਾ ਹੁੰਦਾ ਹੈ । ਇਹ ਰਿਸ਼ਤਿਆਂ ਦੀ ਕਹਾਣੀ ਹੈ। ਜਿਸ ਵਿਚ ਸਰੀਰਕ ਭੁੱਖ ਤੇ ਪੈਸਾ ਪ੍ਰਧਾਨ ਹੈ।

**ਬਾਜ਼ੀਗਰ ਕਬੀਲਾ ਅਤੇ ਪੰਜਾਬੀ ਲੋਕਧਾਰਾ (ਆਲੋਚਨਾ) ਜਸਵਿੰਦਰ ਸ਼ਰਮਾ**
**ਮੁੱਲ : 200 ਰੁਪਏ, ਪੰਨੇ: 176**
**ਪ੍ਰਕਾਸ਼ਕ: ਮਾਤਾ ਭਗਵੰਤੀ ਸਾਹਿਤ ਸੇਵਾ ਸਮਿਤੀ, ਮਾਲੇਰਕੋਟਲਾ**

ਪੰਜਾਬੀ ਵਿਚ ਕਬੀਲਾ ਸਭਿਆਚਾਰ ਅਤੇ ਭਾਰਤੀ ਉਪ ਜਾਤਾਂ ਬਾਰੇ ਖੋਜ ਕਰਨ ਦਾ ਰੁਝਾਨ ਬਹੁਤ ਘੱਟ ਹੈ। ਇਹ ਕਾਰਜ ਕਠਿਨ ਹੈ ਕਿਉਂਕਿ ਖੋਜੀ ਨੂੰ ਲੋਕਾਂ ਵਿਚ ਵਿਚਰਨਾ ਪੈਂਦਾ ਹੈ। ਇਸ ਪੱਖ ਤੋਂ ਇਹ ਪੁਸਤਕ ਬਹੁਤ ਅਹਿਮ ਹੈ। ਜਿਸ ਵਿਚ ਜਸਵਿੰਦਰ ਨੇ ਬਾਜ਼ੀਗਰ ਕਬੀਲੇ ਦਾ ਬਹੁਪੱਖੀ ਵਿਸ਼ਲੇਸ਼ਣ ਕੀਤਾ ਹੈ। ਲੇਖਕ ਨੇ ਇਸ ਕਬੀਲੇ ਦਾ ਅਧਿਐਨ ਸਮਾਜ ਵਿਗਿਆਨ ਤੇ ਗਿਆਨ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਕੀਤਾ ਹੈ। ਲੇਖਕ ਨੇ ਇਸ ਕਬੀਲੇ ਦਾ ਵਿਸ਼ਲੇਸ਼ਣ ਕਰਨ ਲਈ ਵਿਗਿਆਨ ਤੇ ਪ੍ਰਚਲੱਤ ਵਿਧੀ ਅਪਣਾਈ ਹੈ। ਪੁਸਤਕ ਦੋ ਮੁੱਖ ਭਾਗਾਂ ਵਿਚ ਵੰਡੀ ਗਈ ਹੈ। ਪਹਿਲੇ ਭਾਗ ਵਿਚ ਇਸ ਕਬੀਲੇ ਦੇ ਇਤਿਹਾਸਕ ਤੇ ਸੱਭਿਆਚਾਰਕ ਪਰਿਪੇਖ ਦੇ ਸੰਦਰਭ ਵਿਚ ਕਬੀਲੇ ਦੀ ਪਰਿਭਾਸ਼ਾ, ਲੱਛਣ, ਇਤਿਹਾਸਕ ਪਿਛੋਕੜ, ਸਭਿਆਚਾਰਕ ਪਰਿਪੇਖ ਅਤੇ ਅਜੋਕੇ ਸਮੇਂ ਵਿਚ ਇਸ ਕਬੀਲੇ ਦੀ ਸਮਾਜਿਕ, ਰਾਜਨੀਤਿਕ ਅਤੇ ਸਮਾਜਿਕ ਸਥਿਤੀ ਕਿਹੋ ਜਿਹੀ ਹੈ ਆਦਿ ਵਿਚ ਕੀਤੇ ਗਏ ਡੈਟਾ ਤੇ ਅਧਾਰਤ ਅਧਿਐਨ ਕੀਤਾ ਗਿਆ ਹੈ। ਇਸ ਭਾਗ ਵਿਚ ਲੇਖਕ ਨੇ ਇਸ ਕਬੀਲੇ ਦੀ ਭਾਸ਼ਾ ਦੀ ਗੱਲ ਕੀਤੀ ਹੈ ਜਿਹੜੀ ਕਿ ਬਹੁਤ ਅਹਿਮ ਹੈ। ਇਸ ਸੰਦਰਭ ਵਿਚ ਉਹ ਤਿੰਨ ਤਰ੍ਹਾਂ ਦੀ ਭਾਸ਼ਾ ਦਾ ਜ਼ਿਕਰ ਕਰਦਾ ਹੈ। ਆਪਸੀ ਸੰਪਰਕ ਵਾਲੀ ਭਾਸ਼ਾ, ਦੂਜੀ ਗੁਪਤ ਭਾਸ਼ਾ ਤੇ ਤੀਜੀ ਜਨ ਸੰਪਰਕ ਦੀ ਭਾਸ਼ਾ। ਇਸ ਕਬੀਲੇ ਦੇ ਲੋਕ ਗੀਤ ਤੇ ਅਧਾਰਿਤ ਇਸ ਵੰਨਗੀ ਦਾ ਸਾਹਿਤਕ ਮੁਲਾਂਕਣ ਕੀਤਾ ਹੈ। ਲੇਖਕ ਨੇ ਮੂਲ ਰੂਪ ਵਿਚ ਕੁਝ ਗੀਤ ਵੰਨਗੀਆਂ ਦਿੱਤੀਆਂ ਹਨ ਜਿਸ ਰਾਹੀ ਉਸ ਇਸ ਕਬੀਲੇ ਬਾਰੇ ਕੁਝ ਧਾਰਨਾਵਾਂ ਦਿੰਦਾ ਹੈ। ਦੂਜੇ ਭਾਗ ਵਿਚ ਇਸ ਕਬੀਲੇ ਦੀ ਮੁੱਖ ਪਛਾਣ ਬਾਜ਼ੀ ਅਤੇ ਬਾਜ਼ੀਗਰੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਬਾਜ਼ੀ ਦੇ ਅਰਥ ਅਤੇ ਸੰਕਲਪ ਸੰਬੰਧੀ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ। ਅੱਗੇ ਬਾਜੀ ਦੇ ਉਪ ਅੰਗ ਹਾਜ਼ਰੀ ਦੀ ਛਾਲਾਂ, ਰੌਲੀਏ ਦਾ ਵਿਧੀ ਵਿਧਾਨ, ਅਖਾੜੇ ਦਾ ਜ਼ਿਕਰ ਹੈ। ਅੱਗੇ ਇਸ ਕਬੀਲੇ ਦੇ ਖਿਡਾਰੀ, ਲੋਕ ਨਾਚ, ਲੋਕ ਸਾਜ਼ ਅਤੇ ਲੋਕ ਕਲਾਕਾਰ ਦਾ ਜ਼ਿਕਰ ਕੀਤਾ ਗਿਆ ਹੈ। ਲੋਕ ਸਾਜ਼ਾਂ ਵਿਚੋਂ ਢੋਲ ਦਾ ਜ਼ਿਕਰ ਖਾਸ ਤੌਰ ਤੇ ਕੀਤਾ ਗਿਆ ਹੈ। ਢੋਲ ਇਸ ਕਬੀਲੇ ਦੀ ਪਛਾਣ ਦਾ ਮੁੱਖ ਅੰਗ ਹੈ। ਪੁਸਤਕ ਦੇ ਅੰਤ ਵਿਚ ਇਸ ਕਬੀਲੇ ਦੇ ਲੋਕ ਗਾਇਕਾ ਬਾਰੇ ਜ਼ਿਕਰ ਹੈ। ਪੁਸਤਕ ਵਿਚ ਇਸ ਕਬੀਲੇ ਦਾ ਸਮਾਜ ਸ਼ਾਸਤਰੀ ਅਤੇ ਇਤਿਹਾਸਕ ਪਰਿਪੇਖ 'ਤੋਂ ਅਧਿਐਨ ਘੱਟ ਹੋਇਆ ਹੈ। ਕੀ ਕਾਰਨ ਨੇ ਕਿ ਇਸ ਕਬੀਲੇ ਦੇ ਲੋਕ ਐਨੇ ਉਭਰ ਨਹੀਂ ਸਕੇ। ਏਥੋਂ ਤੀਕ ਕਿ ਖੇਡਾਂ ਵਿਚ ਕਿਨੇ ਕੁ ਖਿਡਾਰੀ ਹਨ। ਪੰਜਾਬ ਦੇ ਸਭਿਆਚਰਕ ਦਾ ਅਧਿਐਨ ਕਰਨ ਵਾਲੇ ਪਾਠਕਾਂ ਤੇ ਪੰਜਾਬ ਦੇ ਕਬੀਲਿਆਂ ਨੂੰ ਸਮਝਣ ਵਾਲਿਆਂ ਲਈ ਇਹ ਚੰਗੀ ਪੁਸਤਕ ਹੈ।



## ਅੰਬੇਡਕਰ ਦੀ ਵਿਚਾਰਧਾਰਾ ਦੇ ਅਜੋਕੇ ਸੰਦਰਭ
## ਸੰਪਾਦਕ: ਗੁਰਮੀਤ ਕੱਲਰਮਾਜਰੀ, ਗੁਰਨਾਮ ਸਿੰਘ ਅਕੀਦਾ
## ਪ੍ਰਕਾਸ਼ਕ: ਹਾਸ਼ੀਆ ਪਬਲੀਕੇਸ਼ਨ, ਪਟਿਆਲਾ, ਮੁੱਲ: 100 ਰੁਪਏ, ਪੰਨੇ: 200




ਜਿਸ ਵੇਲੇ ਕੁਝ ਅਖੌਤੀ ਸਿਆਸੀ ਕਿਸਮ ਦੇ ਵਿਦਵਾਨਾਂ ਨੇ ਅੰਬੇਡਕਾਰ ਦੀ ਵਿਚਾਰਧਾਰਾ ਪ੍ਰਤੀ ਧੁੰਦਲਕਾ ਪਾਇਆ ਹੈ, ਉਸੇ ਵੇਲੇ ਇਸ ਪੁਸਤਕ ਦਾ ਆਉਣਾ ਬਹੁਤ ਅਹਿਮੀਅਤ ਰੱਖਦਾ ਹੈ। ਕੁਝ ਖੜੂਸ ਕਿਸਮ ਦੇ ਬੁੱਧੀਜੀਵੀ ਜਿਸ ਤਰ੍ਹਾਂ ਅੰਬੇਡਕਰ ਦੀ ਵਿਚਾਰਧਾਰਾ ਨੂੰ ਰੱਦ ਕਰਨ ਤੇ ਤੁਲੇ ਹੋਏ ਹਨ ਉਨ੍ਹਾਂ ਨੂੰ ਰੱਦ ਤੇ ਕਊਂਟਰ ਸਵਾਲ ਪੈਦਾ ਕਰਨ ਵਾਲੀ ਇਹ ਮੁੱਲਵਾਨ ਪੁਸਤਕ ਹੈ। ਇਸ ਪੁਸਤਕ ਵਿਚ ਕੇ. ਸੀ. ਸੁਲੇਖ, ਡਾ. ਰੌਣਕੀ ਰਾਮ, ਡਾ. ਈਸ਼ ਕੁਮਾਰ ਗੰਗਾਨੀਆ, ਡਾ. ਅਜਮੇਰ ਸਿੰਘ ਕਾਜਲ, ਹਰਭਜਨ ਸਿੰਘ, ਵਿਵੇਕ ਕੁਮਾਰ, ਡਾ. ਬੀ. ਆਰ. ਅੰਬੇਡਕਰ, ਗਿਆਨ ਸਿੰਘ ਬੱਲ, ਸੁਸ਼ਮਾ ਯਾਦਵ ਤੇ ਗੁਰਮੀਤ ਕੱਲਰ ਮਾਜਰੀ ਨੇ ਅੰਬੇਡਕਰ ਦੀ ਵਿਚਾਰਧਾਰਾ ਦੇ ਵੱਖ ਵੱਖ ਮੁੱਦਿਆਂ ਤੇ ਸੰਵਾਦ ਰਚਾਇਆ ਹੈ। ਸਮੁੱਚਾ ਪ੍ਰਭਾਵ ਇਹ ਉਭਰਦਾ ਹੈ ਕਿ ਕੇਵਲ ਅੰਬੇਡਕਰ ਦੀ ਵਿਚਾਰਧਾਰਾ ਨਾਲ ਹੀ ਭਾਰਤੀ ਜਾਤੀ ਪਾਤੀ ਸਮਾਜ ਨੂੰ ਸਮਝਿਆ ਜਾ ਸਕਦਾ ਹੈ। ਡਾ. ਰੌਣਕੀ ਰਾਮ ਦਾ ਲੇਖ ਜਿਹੜਾ ਕਿ ਅੰਬੇਡਕਰ ਅਤੇ ਪੰਜਾਬੀ ਦਲਿਤ ਨਾਲ ਜੋੜ ਕੇ ਲਿਖਿਆ ਹੈ ਬਹੁਤ ਅਹਿਮ ਹੈ। ਜਿਸ ਵਿਚ ਉਨ੍ਹਾਂ ਪੰਜਾਬ ਦੇ ਦਲਿਤਾਂ ਦੇ ਅੰਬੇਡਕਰ ਦੀ ਵਿਚਾਰਧਾਰਾ ਤੇ ਪਏ ਪ੍ਰਭਾਵ ਨੂੰ ਪੇਸ਼ ਕਰਦਾ ਹੈ। ਕੁਝ ਵਿਦਵਾਨਾ ਨੇ ਅੰਬੇਡਕਰ ਨਾਲ ਜੋੜ ਕੇ ਸਾਹਿਤ ਦੀ ਗੱਲ ਵੀ ਕੀਤੀ ਹੈ। ਹਰਭਜਨ ਸਿੰਘ ਵੀ ਅੰਬੇਡਕਰਵਾਦ ਤੇ ਮਾਰਕਸਵਾਦ ਦੇ ਸੰਦਰਭ ਵਿਚ ਕਈ ਸਵਾਲ ਖੜੇ ਕਰਦਾ ਹੈ। ਬੁੱਧ ਧਰਮ ਦਾ ਕੀ ਰੋਲ ਹੈ ਇਹ ਮੁੱਦਾ ਵੀ ਪੁਸਤਕ ਵਿਚ ਗੰਭੀਰਤਾ ਨਾਲ ਲਿਆ ਗਿਆ ਹੈ। ਬੱਲ ਨੇ ਆਪਣੇ ਲੇਖ ਵਿਚ ਭਾਰਤੀ ਦਰਸ਼ਨ ਦੇ ਗਿਆਨ ਸਾਸ਼ਤਰੀ ਪਰੰਪਰਾ ਦੀ ਗੱਲ ਅੰਬੇਡਕਰੀ ਦਰਸ਼ਨ ਦੇ ਸੰਦਰਭ ਵਿਚ ਕੀਤੀ ਹੈ।

## ਅਮਰੀਕੀ ਪੰਜਾਬੀ ਕਹਾਣੀ ਇਕ ਪੁਨਰ ਮੁਲਾਂਕਣ (ਆਲੋਚਨਾ)
## ਸੰਪਾਦਕ : ਡਾ. ਜਸਵਿੰਦਰ ਸਿੰਘ ਤੇ ਪ੍ਰੋ. ਹਰਭਜਨ ਸਿੰਘ
## ਮੁੱਲ : 200 ਰੁਪਏ, ਪੰਨੇ : 224, ਪ੍ਰਕਾਸ਼ਕ : ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ




ਪਰਵਾਸੀ ਕਹਾਣੀ ਵਿਚ ਅਮਰੀਕਾ ਵਿਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਦਾ ਅਹਿਮ ਸਥਾਨ ਹੈ। ਇਸ ਮੁਲਾਂਕਣ ਪਹਿਲਾਂ ਭਾਵੇ ਨਿੱਠ ਕੇ ਨਹੀਂ ਹੋਇਆ। ਇਹ ਪੁਸਤਕ ਇਸੇ ਉਦੇਸ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਗਈ ਹੈ ਜਿਸ ਵਿਚ ਅਮਰੀਕੀ ਪੰਜਾਬੀ ਕਹਾਣੀ ਦਾ ਵੱਖ ਵੱਖ ਵਿਦਵਾਨਾਂ ਨੇ ਨਿੱਠ ਕੇ ਵਿਸ਼ਲੇਸ਼ਣ ਕੀਤਾ ਹੈ। ਪੁਸਤਕ ਵਿਚ ਗੁਰਬਚਨ ਸਿੰਘ ਭੁੱਲਰ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਰਾਜਿੰਦਰਪਾਲ ਸਿੰਘ ਬਰਾੜ, ਡਾ. ਸੁਖਦੇਵ ਸਿੰਘ, ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਬਲਕਾਰ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਸੁਰਜੀਤ ਬਰਾੜ, ਡਾ. ਸਰਬਜੀਤ ਸਿੰਘ, ਡਾ. ਗੁਰਮੁੱਖ ਸਿੰਘ, ਡਾ. ਲਕਸ਼ਮੀ ਨਰਾਇਣ ਭੀਖੀ, ਅਜਮੇਰ ਸਿੱਧੂ ਤੇ ਡਾ. ਮੋਹਨ ਤਿਆਗੀ




ਨੇ ਅਮਰੀਕੀ ਕਹਾਣੀ ਦੇ ਵੱਖਰੇ ਵੱਖਰੇ ਸੰਦਰਭਾ ਤੇ ਵਿਸ਼ਿਆ ਨੂੰ ਧਿਆਨ ਵਿਚ ਰੱਖ ਕੇ ਵਿਸ਼ਲੇਸ਼ਣ ਕੀਤਾ ਹੈ।

ਅਮਰੀਕੀ ਪੰਜਾਬੀ ਭਾਵੇਂ ਕਿ ਇੰਗਲੈਂਡ ਤੇ ਕੈਨੇਡਾ ਵਿਚ ਲਿਖੀ ਜਾ ਕਹਾਣੀ ਤੋਂ ਵਿਸ਼ਿਆ ਤੇ ਸਮੱਸਿਆਵਾਂ ਪੱਖੋ ਰਲਦੀ ਮਿਲਦੀ ਹੈ, ਪਰ ਉਥੋਂ ਦੇ ਪੰਜਾਬੀ ਪਾਰਵਾਸੀ ਦੀ ਫੀਲਿੰਗ ਕੁੱਝ ਵੱਖਰੀਆਂ ਹਨ। ਜਿਸ ਦੇ ਅਧਾਰ ਤੇ ਇਥੋਂ ਦੇ ਸਮਾਜ ਦੇ ਵੱਖ ਵੱਖ ਪਹਿਲੂਆਂ ਤੇ ਇਥੋਂ ਕੀ ਕਹਾਣੀ ਰੋਸ਼ਨੀ ਪਾਉਂਦੀ ਹੈ। ਪੀੜ੍ਹੀ ਪਾੜਾ, ਸਭਿਆਚਾਰਕ ਟਕਰਾਓ, ਵਿਤਕਰੇ, ਪਰਿਵਾਰਕ ਟੁੱਟ ਭੱਜ, ਰਾਜਸੀ ਸਥਿਤੀ, ਭੂ ਹੇਰਵਾ ਅਤੇ ਨਵੀਂ ਪੀੜ੍ਹੀ ਦੇ ਪੰਜਾਬੀ ਸਭਿਆਚਾਰਕ ਮੁੱਲਾਂ ਤੋਂ ਟੁੱਟਣਾ ਆਦਿ ਵਿਸ਼ੇ ਅਮਰੀਕੀ ਪਰਵਾਸੀ ਪੰਜਾਬੀ ਕਹਾਣੀ ਦੇ ਕੇਂਦਰੀ ਵਿਸ਼ੇ ਹਨ। ਵਿਦਵਾਨਾਂ ਨੇ ਇਸ ਸੰਦਰਭ ਵਿਚ ਏਥੋਂ ਦੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਹੈ। ਅਮਰੀਕੀ ਪੰਜਾਬੀ ਬਿਰਤਾਂਤ ਦੀਆਂ ਵੱਖਰਤਾ ਵਾਲੀਆਂ ਖੂਬੀਆਂ ਦਾ ਜ਼ਿਕਰ ਇਨ੍ਹਾਂ ਆਲੋਚਨਾ ਲੇਖਾਂ ਵਿਚ ਹੋਇਆ ਹੈ। ਇਸ ਪੁਸਤਕ ਦੇ ਆਲੋਚਨਾ ਲੇਖਾਂ ਵਿਚੋਂ ਇਹ ਗੱਲ ਵੀ ਉਭਰਵੇ ਰੂਪ ਵਿਚ ਦੇਖਣ ਨੂੰ ਮਿਲਦੀ ਹੈ ਕਿ ਅਮਰੀਕਾ ਦੀ ਪੰਜਾਬੀ ਕਹਾਣੀ 'ਚ ਵਿਚ ਰਾਜਸੀ ਅੰਸ਼, ਰਾਜਨੀਤਿਕ ਚੇਤਨਾ ਬਹੁਤ ਭਾਰੂ ਹੈ। ਪਰਵਾਸੀ ਕਹਾਣੀ ਨੂੰ ਸਮਝਣ ਲਈ ਇਹ ਸਾਰਥਕ ਉਪਰਾਲਾ ਹੈ।

**- ਭਗਵੰਤ ਰਸੂਲਪੁਰੀ**

---

## ਮੇਪਲ ਦੇ ਰੰਗ (ਕੈਨੇਡੀਅਨ ਪੰਜਾਬੀ ਕਹਾਣੀ) ਸੰਪਾਦਕ ਜਰਨੈਲ ਸਿੰਘ
## ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 214, ਮੁੱਲ 250 ਰੁਪਏ




'ਮੇਪਲ ਦੇ ਰੰਗ' ਕਹਾਣੀ ਸੰਗ੍ਰਹਿ ਵਿੱਚ ਕੁਲ ਚੌਦਾਂ ਕਹਾਣੀਆਂ ਹਨ, ਜੋ ਮੇਪਲ ਦੇ ਰੰਗਾਂ ਵਾਂਗ ਹੀ ਰੰਗ ਬਰੰਗੀਆਂ ਤੇ ਖਿੜੀਆਂ ਹੋਈਆਂ ਹਨ। ਸੰਪਾਦਕ ਨੇ ਚੋਣ ਕਰਨ ਵੇਲੇ ਇਸ ਗੱਲ ਦਾ ਖਾਸ ਖਿਆਲ ਰੱਖਿਆ ਹੈ ਕਿ ਕੋਈ ਕਹਾਣੀ ਅਜਿਹੀ ਨਾ ਸ਼ਾਮਿਲ ਕੀਤੀ ਜਾਵੇ ਜੋ ਇੱਕ ਹੀ ਵਿਸ਼ੇ ਦਾ ਦੁਹਰਾਓ ਪ੍ਰਤੀਤ ਹੋਵੇ। ਰਵਿੰਦਰ ਰਵੀ ਨੇ ਆਪਣੀ ਕਹਾਣੀ 'ਕੰਪਿਊਟਰ ਕਲਚਰ' ਅਧੀਨ ਇਹ ਦੱਸਣ ਦਾ ਜਤਨ ਕਰਦਾ ਹੈ ਕਿ ਯੂਰਪੀਨ ਸਭਿਅਤਾ ਵਿੱਚ ਨਿੱਜ ਦੀ ਆਜ਼ਾਦੀ ਦਾ ਕੀ ਅਰਥ ਹੈ?

ਜਰਨੈਲ ਸਿੰਘ ਗਰਚਾ ਦੀ ਕਹਾਣੀ ਦੀ ਪਾਤਰ 'ਪ੍ਰੀਤੀ' ਏਜੰਟਾਂ ਵਲੋਂ ਠੱਗੇ ਜਾਣ ਦੇ ਨਵੇਂ ਤਰੀਕਿਆਂ ਦਾ ਇਕ ਮੋਹਰਾ ਬਣਦੀ ਹੈ। ਇਹ ਕਹਾਣੀ ਨਾਟਕੀ ਤੇ ਫਿਲਮੀ ਢੰਗ ਨਾਲ ਬਦਲਾ ਲੈਣ ਵਾਲੀ ਹੈ। ਸਾਧੂ ਬਿਨਿੰਗ ਦੀ ਕਹਾਣੀ 'ਮੋਹ ਦੀਆਂ ਤੰਦਾਂ' ਬੜੇ ਸੂਖ਼ਮ ਭਾਵਾਂ ਵਾਲੀ ਕਹਾਣੀ ਹੈ। ਇਹ ਸਤਰਾਂ ਵਿਚਲੀ ਸਪੇਸ ਸਿਰਜਦੀ ਹੋਈ, ਆਪਣੇ ਜੜ੍ਹਾਂ ਮਜ਼ਬੂਤੀ ਨਾਲ ਉਨ੍ਹਾਂ ਮੁਲਕਾਂ ਵਿੱਚ ਜਮਾਉਣ ਵੱਲ ਸੰਕੇਤ ਕਰਦੀ ਹੈ। 'ਚੱਪਾ ਕੁ ਸੂਰਜ' ਤੇ 'ਲਾਲਾਂ ਦੀ ਜੋੜੀ' ਕਹਾਣੀਆਂ ਪ੍ਰਵਾਸ ਵਿੱਚ ਨੌਜਵਾਨ ਪੀੜ੍ਹੀ ਵਲੋਂ ਨਿੱਜੀ ਆਜ਼ਾਦੀ ਦੀ ਚਾਹ ਸੈਕਸੁਅਲ ਆਜ਼ਾਦੀ ਤੇ ਨਸ਼ੇ ਡਰੱਗ ਆਦਿ ਦੀ ਲੱਤ ਵੱਲ ਲੈਣ ਬਿਆਨ ਕਰਦੀ ਹੈ। ਬਲਬੀਰ ਕੌਰ ਸੰਘੇੜਾ ਤੇ ਇਕਬਾਲ ਅਰਪਨ ਦੀਆਂ ਕਹਾਣੀਆਂ ਉਥੋਂ ਦੀ ਜ਼ਿੰਦਗੀ ਤੇ ਜ਼ਿੰਦਗੀ ਦੇ ਤੌਰ ਦੀ ਇਕ ਕਰੂਰ ਯਥਾਰਥ ਨਾਲ ਪਾਠਕਾਂ ਦੀ ਜਾਣ ਪਛਾਣ ਕਰਵਾਉਂਦੀਆਂ ਹਨ। ਅਵਤਾਰ ਗਿੱਲ ਦੀ 'ਝੱਖੜ' ਕਹਾਣੀ ਘਰ ਵਿਚ ਇਕੱਲੀ ਔਰਤ ਦਾ ਕਿਸੇ ਹੋਰ ਪਾਸੇ ਝੁਕਣ ਦੇ ਡਰ ਵਿਚੋਂ ਉਪਜੀ ਕਹਾਣੀ ਹੈ। ਹਰਪ੍ਰੀਤ ਸੇਖਾ ਦੀ 'ਘੁੰਮਣਘੇਰੀ' ਵੀ ਉਥੇ ਭੇਜੀ ਇਕ ਧੀ ਦੀ ਦਾਸਤਾਨ ਹੈ ਜੋ ਸ਼ੱਕੀ ਮਾਸੀ ਦੇ ਘਰ ਵਿਚ ਸੁਰੱਖਿਆਤ ਨਹੀਂ ਰਹਿ ਸਕਦੀ। ਉਥੇ ਹਰ ਹਾਲਤ ਵਿੱਚ ਟਿਕੇ ਰਹਿਣ ਦਾ

ਦਬਾਓ ਉਸ ਕੁੜੀ ਨੂੰ ਸਮਲਿੰਗੀ ਰਿਸ਼ਤੇ ਵਿੱਚ ਬੰਨ੍ਹਣ ਲਈ ਮਜਬੂਰ ਕਰ ਜਾਂਦਾ ਹੈ।'ਡਾਇਮੰਡ ਰਿੰਗ' ਅਮਨਪਾਲ ਸਾਰਾ ਦੀ ਬਹੁਪਰਤੀ ਕਹਾਣੀ ਜੋ ਬ੍ਰਿਟਿਸ਼ ਸਭਿਅਤਾ ਤੇ ਭਾਰਤੀ ਸਭਿਅਤਾ ਵਿਚਕਾਰਲੀ ਦੂਰੀ ਵਿਚ ਵੀ ਸਤੁੰਲਨ ਕਾਇਮ ਕਰਦੀ ਹੈ।ਕੁਲਜੀਤ ਮਾਨ ਦੀ ਕਹਾਣੀ 'ਚਿੜੀ' ਕਹਾਣੀ ਵੀ ਦੋਵਾਂ ਸਭਿਆਤਵਾਂ ਵਿਚਕਾਰਲੇ ਗੈਪ ਨੂੰ ਭਰਨ ਦੀ ਕੋਸ਼ਿਸ਼ ਕਰਦੀ ਹੈ। ਸਾਧੂ ਸਿੰਘ ਦੀ 'ਪੁਰਸਲਾਤ' ਕੁਝ ਭਾਰਤੀ ਸੰਸਕਾਰਾਂ ਨੂੰ ਤੋੜਣ ਦਾ ਜਤਨ ਕਰਦੀ ਹੈ।'ਚਾਂਦੀ ਦੀ ਗੜਬੀ' ਮੇਜਰ ਮਾਂਗਟ ਇਸ ਅਨੁਵਾਨ ਰਾਹੀਂ ਵਿਖਾਵੇ ਭਰਪੂਰ ਜ਼ਿੰਦਗੀ, ਸਕੇ ਰਿਸ਼ਤਿਆਂ ਵਿਚੋਂ ਮੋਹ ਦੇ ਟੁੱਟਦੇ ਜਾਣ ਤੇ ਆਪਣੇ ਸਵਾਰਥ ਦੀ ਪ੍ਰਮੁੱਖਤਾ ਬਣੀ ਸੱਚਾਈ ਨੂੰ ਦਰਸਾਉਂਦੀ ਹੈ।ਜਰਨੈਲ ਸਿੰਘ ਦੀ ਕਹਾਣੀ 'ਟਾਵਰਜ਼' 9-11 ਦੇ ਹਾਦਸੇ ਤੇ ਅਮਰੀਕਾ ਈਰਾਕ ਯੁੱਧ ਵਿੱਚ ਮਾਰੇ ਜਾਂਦੇ ਅਮਰੀਕੀ ਪਰਿਵਾਰ ਦੇ ਨੌਜਵਾਨ ਦੀ ਮੌਤ ਮਗਰੋਂ ਉਸਦੇ ਮਾਪਿਆਂ ਦੇ ਦੁੱਖ ਨੂੰ ਉਜਾਗਰ ਕਰਦੀ ਹੈ। ਮਿੰਨੀ ਗਰੇਵਾਲ ਦੀ ਕਹਾਣੀ 'ਵਹਿੰਦੇ ਪਾਣੀਆਂ ਦੇ ਪਰਛਾਵੇਂ' ਵੀ ਇਕ ਬ੍ਰਿਟਿਸ ਇਸਤਰੀ ਦੇ ਦੁਖ ਨੂੰ ਬਿਆਨ ਕਰਦੀ ਹੈ। ਇਹ ਪੁਸਤਕ ਪੂਰਬੀ ਪੱਛਮੀ ਸਭਿਆਤਾਵਾਂ ਦੇ ਸਤੁੰਲਨ ਤੇ ਹਰ ਪਹਿਲੂ ਨੂੰ ਠੋਕ ਵਜਾ ਕੇ ਪ੍ਰਸਤੁਤ ਕਰਦੀ ਹੈ।

**ਮੈਂ ਅਜੇ ਨਾ ਵਿਹਲੀ (ਨਾਵਲ) ਜੋਰਾ ਸਿੰਘ ਸੰਧੂ**

**ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਮੁੱਲ 150 ਰੁਪਏ, ਪੰਨੇ 156**

ਜੋਰਾ ਸਿੰਘ ਸੰਧੂ ਦਾ ਪਲੇਠਾ ਨਾਵਲ ਹੈ। ਨਾਵਲ ਦਾ ਬਿਰਤਾਂਤ ਸਰਲ ਹੈ, ਕੋਈ ਬਹੁਤਾ ਗੁੰਝਲਦਾਰ ਨਹੀਂ। ਕੰਵਲ ਨੇ ਜਿਸ ਨੂੰ ਚਾਹਿਆ, ਉਸ ਨਾਲ ਉਸ ਦੀ ਸਹੇਲੀ ਭੁਪਿੰਦਰ ਨੇ ਵਿਆਹ ਕਰਵਾ ਲਿਆ। ਕੋਈ ਗਿਲਾ ਸ਼ਿਕਵਾ ਕਰਨ ਦੀ ਬਜਾਏ ਕੰਵਲ ਨੇ ਉਹ ਸ਼ਹਿਰ ਹੀ ਛੱਡ ਦਿੱਤਾ ਤੇ ਜਾਣ ਬੁਝ ਕੇ ਫਿਰੋਜ਼ਪੁਰ ਦੀ ਬਦਲੀ ਕਰਵਾ ਲਈ। ਉਸਨੇ ਸਾਰੀ ਉਮਰ ਵਿਆਹ ਨਾ ਕਰਵਾਇਆ ਤੇ ਭੈਣ ਦੇ ਬੱਚਿਆਂ ਨੂੰ ਪਾਲਿਆ। ਬੱਚੇ ਚਾਹੁੰਦੇ ਨੇ ਕਿ ਕੰਵਲ ਆਪਣਾ ਸਾਥੀ ਚੁਣ ਲਵੇ। ਪਰ ਉਹ ਆਪਣੇ ਵਿਆਹ ਲਈ ਵੀ 'ਅਜੇ ਵਿਹਲੀ ਨਹੀਂ' ਹੈ। ਉਧਰ ਕੰਵਲ ਬੱਚਿਆਂ ਦੇ ਵਿਆਹ ਤੋਂ ਬਾਅਦ ਹੀ ਸਾਥੀ ਲਈ ਹਾਮੀ ਭਰਨਾ ਚਾਹੁੰਦੀ ਹੈ ਪਰ ਬੱਚੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਵਿਆਹ ਵੇਲੇ ਉਨ੍ਹਾਂ ਨੂੰ ਮਾਂ ਬਾਪ ਦੋਵਾਂ ਦਾ ਅਸ਼ੀਰਵਾਦ ਪ੍ਰਾਪਤ ਹੋਏ। ਨਾਵਲ ਵਿੱਚ ਸੁਖਦ ਵਰਤਾਰਾ ਵਾਪਰਦਾ ਹੈ। ਹਾਲਾਂਕਿ ਕਿਧਰੇ ਕਿਧਰੇ ਈਰਖਾ ਤੇ





ਧੱਕਾਜ਼ੋਰੀ ਵੀ ਨਜ਼ਰ ਆਉਂਦੀ ਹੈ, ਜਿਵੇਂ ਕੰਵਲ ਦੇ ਭੂਆ ਦਾ ਲੜਕਾ ਉਸ ਦੀ ਵੱਡੀ ਸਾਰੀ ਕੋਠੀ ਦਾ ਝੱਟ ਹੀ ਮਾਲਕ ਬਣ ਬੈਠਦਾ ਹੈ ਤੇ ਉਸ ਨੂੰ ਕੋਠੀ ਦੇਣ ਤੋਂ ਇਨਕਾਰ ਕਰਦਾ ਹੈ ਪਰ ਉਦੋਂ ਵੀ ਕੰਵਲ ਦੇ ਹਿਮਾਇਤੀ ਗਿੱਲ ਸਾਹਿਬ ਇਸ ਮਾਮਲੇ ਨੂੰ ਆਸਾਨੀ ਨਾਲ ਨਿਪਟਾ ਦੇਂਦੇ ਹਨ। ਇਸੇ ਤਰ੍ਹਾਂ ਭੁਪਿੰਦਰ ਨੂੰ ਹਰ ਵੇਲੇ ਇਹੋ ਸ਼ਿਕਾਇਤ ਰਹਿੰਦੀ ਹੈ ਕਿ ਭਾਵੇਂ ਉਸ ਨੇ ਪ੍ਰੋਫੈਸਰ ਨਾਲ ਵਿਆਹ ਕਰਵਾ ਲਿਆ ਪਰ ਉਹ ਕਦੇ ਪ੍ਰੋਫੈਸਰ ਦਾ ਸੱਚਾ ਪਿਆਰ ਨਹੀਂ ਪਾ ਸਕੀ। ਉਨ੍ਹਾਂ ਦੇ ਦਿਲ ਹਿਰਦੇ ਵਿੱਚ ਸਦਾ ਕੰਵਲ ਹੀ ਵਸਦੀ ਰਹੀ। ਭੁਪਿੰਦਰ ਦੀ ਇਸ ਈਰਖਾ ਨੂੰ ਕੰਵਲ ਆਪਣੀ ਸਹਿਜ ਤੇ ਪਿਆਰ ਭਰੀ ਬਿਰਤੀ ਨਾਲ, ਉਸ ਨਾਲ ਗੱਲਾਂ ਕਰਕੇ ਉਸ ਦੇ ਇਸ ਵਿਚਾਰ ਨੂੰ ਜੜੋਂ ਪੁੱਟਣ ਦੀ ਸੰਜੀਦਗੀ ਨਾਲ ਉਪਰਾਲਾ ਕਰਦੀ ਹੈ ਤੇ ਕਾਮਯਾਬ ਵੀ ਹੋ ਜਾਂਦੀ ਹੈ। ਇਸੇ ਕਰਕੇ ਭੁਪਿੰਦਰ ਆਪਣੀ ਧੀ ਸ਼ਰਨ ਦਾ ਵਿਆਹ ਅੰਮ੍ਰਿਤ ਨਾਲ ਕਰਨ ਲਈ ਰਾਜੀ ਵੀ ਹੋ ਜਾਂਦੀ ਹੈ। ਜੋਰਾ ਸਿੰਘ ਸੰਧੂ ਸਾਹਮਣੇ ਪਾਤਰ ਤੇ ਕਥਾਨਕ ਇਕਦਮ ਸਾਫ ਤੇ ਸਪਸ਼ਟ ਹੁੰਦੇ ਹਨ ਤੇ ਇਸੇ ਕਰਕੇ ਉਹ ਕਿਧਰੇ ਨਾ ਕਿਧਰੇ ਜਲਦਬਾਜ਼ੀ ਕਰ ਜਾਂਦੇ ਹਨ।

**-ਡਾ. ਜਸਵਿੰਦਰ ਕੌਰ ਬਿੰਦਰਾ**



**ਇੰਡੀਅਨ ਇੰਸਟੀਚਿਊਟ ਆਫ ਦਲਿਤ ਸਟੱਡੀਜ਼ ਦੀ ਤ੍ਰੈ-ਮਾਸਿਕ ਮੈਗਜ਼ੀਨ**

**ਦਲਿਤ ਅਸਿਮਤਾ**




ਮੁੱਲ 30 ਰੁਪਏ, ਸਾਲਾਨਾ
ਚੰਦਾ 100 ਰੁਪਏ, ਪੰਨੇ 132
ਸੰਪਾਦਕ : ਵਿਮਲ ਥੌਰਾਟ
ਸਹਾਇਕ ਸੰਪਾਦਕ : ਸੂਰਜ ਬੜਤਿਆ
Editor : Dalit Asmita
Off.Indian Institute of Dalit Studies,D-2/1, Road No.4,
Anderug gung, New Delhi-110049, Ph.:9891438166 (M), 011 26251808,
e.mail:asmita@dalitstudies.org.in

ਭਾਰਤ ਪੱਧਰ ਦੀ ਦਲਿਤ ਸਾਹਿਤ ਤੇ ਸਮਾਜ 'ਤੇ ਖੋਜ ਕਰਨ ਤੇ ਕਰਵਾਉਣ ਵਾਲੀ ਸੰਸਥਾ ਇੰਡੀਅਨ ਇੰਸਟੀਚਿਊਟ ਆਫ ਦਲਿਤ ਸਟੱਡੀਜ਼ ਨੇ ਤ੍ਰੈ ਮਾਸਿਕ ਮੈਗਜ਼ੀਨ 'ਦਲਿਤ ਅਸਿਮਤਾ' ਪ੍ਰਕਾਸ਼ਤ ਕਰਕੇ ਹਿੰਦੀ ਪੱਤਰਕਾਰੀ ਵਿਚ ਨਿੱਗਰ ਕਾਰਜ ਕੀਤਾ ਹੈ। ਅਕਤੂਬਰ-ਦਸੰਬਰ, 2010 ਇਸ ਮੈਗਜ਼ੀਨ ਦਾ ਪਲੇਠਾ ਅੰਕ ਸੀ। ਹੁਣ ਤੀਕ ਇਸ ਦੇ ਦੋ ਅੰਕ ਪ੍ਰਕਾਸ਼ਤ ਹੋ ਚੁੱਕੇ ਹਨ। ਅੰਬੇਡਕਰੀ ਵਿਚਾਰਧਾਰਾ ਤੋਂ ਭਾਰਤੀ ਦਲਿਤ ਸਾਹਿਤ, ਦਲਿਤ ਸਮਾਜ ਅਤੇ ਦਲਿਤਾਂ 'ਤੇ ਹੋ ਰਹੀ ਖੋਜ ਨੂੰ ਇਕ ਮੰਚ 'ਤੇ ਪੇਸ਼ ਕਰਨਾ ਵਾਲਾ ਇਹ ਅਹਿਮ ਮੈਗਜ਼ੀਨ ਹੈ। ਦਲਿਤ ਜੀਵਨ ਨੂੰ ਚਿੱਤਰਨ ਵਾਲੇ ਚਿੱਤਰਕਾਰ ਸਵੀ ਸਵਰਕਰ ਦੀਆਂ ਪੇਂਟਿੰਗਜ਼ ਪਰਚੇ ਦੀ ਦਿੱਖ ਨੂੰ ਉਭਾਰਦੀਆਂ ਹਨ। ਸੰਪਾਦਕੀ ਅਮਲੇ ਦੀ ਦ੍ਰਿਸ਼ਟੀਗਤ ਸਪੱਸ਼ਟਤਾ ਪਰਚੇ ਵਿਚੋਂ ਸਾਫ ਝਲਕਦੀ ਹੈ। ਭਾਸ਼ਾਵਾਂ ਦੇ ਸਾਹਿਤ, ਚਿੰਤਨ ਤੇ ਕਬੀਲਿਆਂ ਦੀ ਸਟੱਡੀਜ਼ ਨੂੰ ਥਾਂ ਦਿੱਤੀ ਗਈ ਹੈ। ਪਹਿਲੇ ਅੰਕ ਵਿਚ ਓਮ ਪ੍ਰਕਾਸ਼ ਵਾਲਮੀਕਿ, ਚੌਥੇਰਾਮ ਯਾਦਵ, ਡਾ. ਸੁਰੇਆਨਰਾਇਣ ਰਣਸੁਭੇ ਦਲਿਤਾਂ ਦੇ ਭਖਵੇ ਮੁੱਦਿਆ ਤੇ ਲੇਖ ਹਨ। ਨਿਪਾਲ 'ਚ ਜਾਤੀ ਅਧਾਰਤ ਭੇਦਭਾਵ' ਵਿਸ਼ੇ ਤੇ ਖੋਜ ਹੈ। ਵਿਮਲ ਥੌਰਾਟ, ਡਾ. ਜੈ ਪ੍ਰਕਾਸ਼ ਕਰਦਮ ਅਤੇ ਸੁਰਜ ਬੜਤਿਆਂ, ਰਜਤ ਰਾਣੀ ਮੀਨੂ, ਕੌਸ਼ਲ ਪੰਵਾਰ, ਅਮਿਤ ਕੁਮਾਰ (ਸਾਰੀਆਂ ਹਿੰਦੀ), ਲਕਸ਼ਮਣ ਗਾਇਕਵਾੜ (ਮਰਾਠੀ), ਦੁਰਗਾਪੱਟੀ ਪਦੁਮਾਕਰ (ਤੇਲਗੂ), ਦੁਆਰਕਾ ਭਾਰਤੀ (ਪੰਜਾਬੀ), ਦਲਪਤ ਚੌਹਾਨ (ਗੁਜਰਾਤੀ), ਨਕੁਲ ਮਲਿਕ (ਬੰਗਲਾ) ਦੀਆਂ ਕਹਾਣੀਆਂ ਹਨ। ਡਾ. ਸੁਸ਼ੀਲਾ ਟਕਭੌਰੇ ਦੀ ਜੀਵਨੀ ਦਾ ਕਾਂਡ ਹੈ। ਤੁਲਸੀ ਰਾਮ ਨਾਲ ਮੁਲਾਕਾਤ ਹੈ। ਪੰਜਾਬੀ ਦੇ ਸ਼ਾਇਰ ਮੋਹਨ ਤਿਆਗੀ ਤੇ ਮਦਨ ਵੀਰਾ ਦੀਆਂ ਕਵਿਤਾਵਾਂ ਹਨ।

ਸੰਪਾਦਕੀ ਅਮਲੇ ਦਾ ਮੱਤ ਹੈ ਕਿ ਜਾਤੀ ਭੇਦਭਾਵ ਦੀ ਸਮਝ ਕੇਵਲ ਸਮਾਜ ਸ਼ਾਸਤਰੀ ਅਧਿਐਨ ਨਾਲ ਹੀ ਨਹੀਂ ਆਉਂਦੀ ਬਲਕਿ ਸਾਹਿਤ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਅੰਬੇਡਕਰਵਾਦੀ ਅੰਦੋਲਨ ਦਾ ਪ੍ਰਭਾਵ ਕੇਵਲ ਦਲਿਤ ਵਰਗ ਦੇ ਸਾਹਿਤ ਤੱਕ ਹੀ ਸੀਮਿਤ ਨਹੀਂ ਰਿਹਾ ਬਲਕਿ ਔਰਤ, ਦਲਿਤ ਔਰਤ, ਜਨ ਜਾਤੀਆਂ, ਕਬੀਲੇ, ਮੁਸਲਿਮ ਵਰਗ ਤੇ ਵੀ ਪਿਆ ਹੈ। ਇਨ੍ਹਾਂ ਵਰਗਾਂ ਵਿਚ ਅੰਬੇਡਕਰਵਾਦੀ ਸੋਚ ਵਾਲਾ ਸਾਹਿਤ ਉਭਰ ਕੇ ਸਾਹਮਣੇ ਆ ਰਿਹਾ ਹੈ। ਇਹ ਮੈਗਜ਼ੀਨ ਭਾਰਤ ਦੀਆਂ ਸਾਰੀਆਂ ਦਲਿਤ ਜਨ ਜਾਤੀਆਂ ਲਈ ਇਕ ਪਲੇਟਫਾਰਮ ਦਾ ਕਾਰਜ ਕਰੇਗਾ। ਨਿਪਾਲ ਤੇ ਸ਼੍ਰੀਲੰਕਾ ਵਿਚ ਹੋ ਰਹੇ ਜਾਤੀ ਅਧਾਰਤ ਭੇਦਭਾਵ ਨੂੰ ਪੇਸ਼ ਕਰਦੀਆਂ ਖੋਜ ਭਰਪੂਰ ਸਰਵੇ ਰਿਪੋਰਟ ਪਰਚੇ ਦੀ ਅਹਿਮ ਕੜੀ ਹੈ। ਇਸ ਪਰਚੇ ਰਾਹੀ ਵੱਖ ਵੱਖ ਭਾਰਤੀ ਭਾਸ਼ਾਵਾਂ ਦਾ ਸਾਹਿਤ ਅਤੇ ਉਥੋਂ ਦੀਆਂ ਸਰਗਮੀਆਂ ਪੜ੍ਹਨ ਨੂੰ ਮਿਲਣਗੀਆਂ। ਸੰਸਥਾਨ ਦਾ ਇਹ ਕਾਰਜ ਬਹੁਤ ਹੀ ਤਰੀਫ ਕਰਨ ਯੋਗ ਹੈ। ਇਹ ਸਮੇਂ ਦੀ ਮੰਗ ਵੀ ਹੈ। ਉਪਰੋਕਤ ਪਤੇ 'ਤੇ ਸੰਪਰਕ ਕਰਕੇ ਪਾਠਕ ਇਸ ਮੈਗਜ਼ੀਨ ਦੇ ਪਾਠਕ ਬਣ ਸਕਦੇ ਹਨ। **- ਭਗਵੰਤ ਰਸੂਲਪੁਰੀ**

Year: 6 Issue No. 22
'KAHANI DHARA'(PUNJABI QUARTERLY) July-Sep., 2011 R.N.I. Regd No. PUN PUN 2006 / 19971






# ਮਨਮੋਹਨ ਬਾਵਾ ਦਾ ਨਵਾਂ ਨਾਵਲ

## ਯੁੱਗ ਅੰਤ

ਇਸ ਨਾਵਲ 'ਚ ਮਨਮੋਹਨ ਬਾਵਾ ਨੇ ਪੰਜਾਬ 'ਚ ਖਾਲਸਾ ਰਾਜ ਦੀ ਸਥਾਪਤੀ ਅਤੇ ਉਸ ਦੇ ਅੰਤ ਦੇ ਕਾਰਨਾਂ, ਜ਼ੁੰਮੇਵਾਰਾਂ ਅਤੇ ਪ੍ਰਸਥਿਤੀਆਂ ਦਾ ਬੜੀ ਘੋਖਵੀ ਨਜ਼ਰ ਨਾਲ ਅਧਿਐਨ ਕਰਦਿਆਂ ਲੁਕੇ ਹੋਏ ਮੂਲ ਤੱਥਾਂ ਤੱਕ ਪਹੁੰਚਨ ਦਾ ਯਾਤਨ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਦੀਆਂ ਅਨੇਕਾ ਰਾਣੀਆਂ ਦੀ ਕੁੱਖੋਂ ਪੁੱਤਰਾਂ ਨੇ ਹੀ ਜਨਮ ਲਿਆ, ਕਿਸੇ ਧੀ ਨੇ ਨਹੀਂ? ਜੇ ਜਨਮ ਲਿਆ ਤਾਂ ਉਹ ਕੌਣ ਸੀ? ਇਹ ਵੀ ਇਸ ਨਾਵਲ ਦਾ ਇਕ ਅਨਿਖੜਵਾਂ ਅੰਗ ਹੈ।

## ਚੇਤਨਾ ਪ੍ਰਕਾਸ਼ਨ, ਲੁਧਿਆਣਾ

ਮੁੱਲ: 225, ਪੰਨੇ: 220


ਕਹਾਣੀ ਧਾਰਾ•ਜੁਲਾਈ-ਸਤੰਬਰ, 2011•